Thinking Real Estate?
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

Blue Diamond
BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924
Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com *Associate Broker*

Twenty-Second Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 31, July 31st, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਕਿਸਾਨ ਅੰਦੋਲਨ ਇਕ ਪੜਾਅ ਹੋਰ ਅੱਗੇ ਵਧਿਆ

■ 'ਕਿਸਾਨ ਸੰਸਦ' ਨਾਲ ਮੋਦੀ ਸਰਕਾਰ ਨੂੰ ਚੁਣੌਤੀ
■ ਸੰਘਰਸ਼ ਨੂੰ ਨਵੀਂ ਧਾਰ ਦੇਣ ਦੀ ਰਣਨੀਤੀ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਖੇਤੀ ਸੁਧਾਰਾਂ ਦੇ ਨਾਮ ਉਤੇ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਡਟੀਆਂ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਨੂੰ ਨਵੀਂ ਧਾਰ ਦੇਣ ਲਈ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ ਹੈ। ਸੰਯੁਕਤ ਕਿਸਾਨ ਮੋਰਚੇ ਨੇ ਜਿਥੇ ਸੰਸਦ ਦੇ ਇਜਲਾਸ ਦੇ ਨਾਲ-ਨਾਲ ਜੰਤਰ ਮੰਤਰ ਵਿਚ ਸਮਾਨੰਤਰ 'ਕਿਸਾਨ ਸੰਸਦ' ਚਲਾ ਕੇ ਨਵਾਂ ਇਤਿਹਾਸ ਲਿਖ ਦਿੱਤਾ ਹੈ, ਉਤੇ 2022 ਵਿਚ ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ ਵਿਚ ਭਾਜਪਾ ਨੂੰ ਰਗੜਾ ਲਾਉਣ ਲਈ 'ਮਿਸ਼ਨ ਯੂ.ਪੀ./ਉਤਰਾਖੰਡ' ਦਾ ਐਲਾਨ ਕਰਕੇ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਹਨ।

ਇਸ ਮਿਸ਼ਨ ਦੀ ਸ਼ੁਰੂਆਤ 5 ਸਤੰਬਰ ਨੂੰ ਮੁਜ਼ਫਰਨਗਰ 'ਚ ਮਹਾਂ ਰੈਲੀ ਤੋਂ ਹੋਵੇਗੀ। ਕਿਸਾਨ ਜਥੇਬੰਦੀਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਜੇਕਰ ਕੇਂਦਰ ਸਰਕਾਰ ਖੇਤੀ ਕਾਨੂੰਨ ਰੱਦ ਕਰਨ ਲਈ ਨਾ ਮੰਨੀ ਤਾਂ ਲਖਨਊ ਦਿੱਲੀ ਬਣ ਜਾਵੇਗਾ ਤੇ ਯੂ.ਪੀ. ਦੀ ਰਾਜਧਾਨੀ ਦੀਆਂ ਸੜਕਾਂ 5 ਸਤੰਬਰ ਮਗਰੋਂ ਜਾਮ ਕਰ ਦੇਣਗੇ। ਸਾਰੀਆਂ ਡਿਵੀਜ਼ਨਾਂ 'ਚ ਮਹਾਂ ਪੰਚਾਇਤਾਂ ਕੀਤੀਆਂ ਜਾਣਗੀਆਂ ਤੇ ਖੇਤੀ ਕਾਨੂੰਨਾਂ ਸਮੇਤ ਖਰੀਦ ਗਾਰੰਟੀ ਦੇ ਮੁੱਦੇ ਚੁੱਕੇ ਜਾਣਗੇ। ਇਸ ਮਿਸ਼ਨ ਦੇ ਪਹਿਲੇ ਪੜਾਅ 'ਚ ਸਰਗਰਮ ਯੂਨੀਅਨਾਂ ਨਾਲ ਤਾਲਮੇਲ ਬਣਾਇਆ ਜਾਵੇਗਾ ਤੇ ਦੂਜੇ ਪੜਾਅ ਤਹਿਤ ਡਿਵੀਜ਼ਨ ਪੱਧਰ ਦੀਆਂ ਕਿਸਾਨ ਕਨਵੈਨਸ਼ਨਾਂ ਤੇ ਜ਼ਿਲ੍ਹਾਵਾਰ ਬੈਠਕਾਂ, ਤੀਜੇ ਪੜਾਅ ਵਿਚ 5 ਸਤੰਬਰ ਦੀ ਰੈਲੀ ਤੇ ਚੌਥੇ ਪੜਾਅ 'ਚ ਸਾਰੇ ਹੈੱਡਕੁਆਰਟਰਾਂ 'ਤੇ ਮਹਾਂ ਪੰਚਾਇਤਾਂ ਹੋਣਗੀਆਂ। ਇਸ ਤੋਂ ਪਹਿਲਾਂ ਉਤਰ ਪ੍ਰਦੇਸ਼ ਤੋਂ ਪ੍ਰਦਰਸ਼ਨਕਾਰੀ ਕਿਸਾਨ 14 ਤੇ 15 ਅਗਸਤ ਨੂੰ ਟਰੈਕਟਰਾਂ ਰਾਹੀਂ ਗਾਜ਼ੀਪੁਰ ਦੀ

*(ਬਾਕੀ ਸਫਾ 6 ਉਤੇ)*



## ਮੋਦੀ ਸਰਕਾਰ ਦਾ ਰਟਿਆ-ਰਟਾਇਆ ਜਵਾਬ

ਵੱਡੇ ਪੱਧਰ ਉਤੇ ਵਿਰੋਧ ਦੇ ਬਾਵਜੂਦ ਮੋਦੀ ਸਰਕਾਰ ਸੰਸਦ ਵਿਚ ਖੇਤੀ ਕਾਨੂੰਨਾਂ ਬਾਰੇ ਰਟਿਆ-ਰਟਾਇਆ ਜਵਾਬ ਦੇ ਕੇ ਬੁੱਤਾ ਸਾਰਨ ਦੀਆਂ ਕੋਸ਼ਿਸ਼ਾਂ ਵਿਚ ਹੈ। ਲੋਕ ਸਭਾ ਵਿਚ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਮੁੜ ਖੇਤੀ ਕਾਨੂੰਨਾਂ ਦੇ ਸੋਹਲੇ ਗਾਉਂਦੇ ਨਜ਼ਰ ਆਏ। ਉਨ੍ਹਾਂ ਨੇ ਕਾਨੂੰਨਾਂ ਖਿਲਾਫ ਆਵਾਜ਼ ਚੁੱਕਣ ਵਾਲੀਆਂ ਸਿਆਸੀ ਧਿਰਾਂ ਨੂੰ ਕਿਸਾਨ ਦੋਖੀ ਗਰਦਾਨ ਦਿੱਤਾ। ਖੇਤੀ ਮੰਤਰੀ ਸੰਸਦ ਦੇ ਅੰਦਰ ਤੇ ਬਾਹਰ ਇਹੀ ਦਾਅਵਾ ਕਰਦੇ ਨਜ਼ਰ ਆਏ ਕਿ ਸਰਕਾਰ ਕਿਸਾਨਾਂ ਨਾਲ ਗੱਲਬਾਤ ਲਈ ਤਿਆਰ ਹੈ, ਪਰ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਗੱਲ ਨਾ ਕਰੋ। ਸੋਧਾਂ ਜਿੰਨੀਆਂ ਮਰਜ਼ੀ ਕਰਵਾ ਲਓ।

# ਪ੍ਰਧਾਨਗੀ ਮਿਲਣ ਪਿੱਛੋਂ ਸਿੱਧੂ ਨੇ 'ਮਿਸ਼ਨ 2022' ਲਈ ਸਰਗਰਮੀ ਵਧਾਈ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਵਿਧਾਨ ਸਭਾ ਚੋਣਾਂ ਲਈ ਤਿਆਰੀ ਵਿੱਢ ਦਿੱਤੀ ਹੈ। ਸਿੱਧੂ ਨੇ ਜਿਥੇ ਪੰਜਾਬ ਕਾਂਗਰਸ ਦੇ ਜਥੇਬੰਦਕ ਢਾਂਚੇ ਦਾ ਪੁਨਰਗਠਨ ਕਰਨ ਲਈ ਪਾਰਟੀ ਦੇ ਆਗੂਆਂ ਤੋਂ ਫੀਡਬੈਕ ਲੈਣੀ ਸ਼ੁਰੂ ਕੀਤੀ ਹੈ, ਉਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰਕੇ ਸਪਸ਼ਟ ਕਰ ਦਿੱਤਾ ਹੈ ਕਿ ਹੁਣ ਚੋਣ ਵਾਅਦੇ ਪੂਰੇ ਕੀਤੇ ਬਿਨਾ ਨਹੀਂ ਸਰਨਾ।



ਸਿੱਧੂ ਨੇ ਕੈਪਟਨ ਨਾਲ ਮੁਲਾਕਾਤ ਵਿਚ ਹਾਈਕਮਾਨ ਵੱਲੋਂ ਦਿੱਤੇ 18 ਨੁਕਤਿਆਂ ਵਿਚੋਂ ਪੰਜ 'ਤੇ ਤੁਰਤ ਕਾਰਵਾਈ ਲਈ ਆਖਿਆ ਹੈ। ਸਿੱਧੂ ਨੇ ਕੈਪਟਨ ਨੂੰ ਇਕ ਮੰਗ ਪੱਤਰ ਦਿੰਦੇ ਹੋਏ ਆਖਿਆ ਹੈ ਕਿ ਪੰਜਾਬ ਨੂੰ ਅੱਜ ਫੈਸਲੇ ਲੈਣ ਵਿਚ ਦਲੇਰ, ਦ੍ਰਿੜ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੀ ਲੀਡਰਸ਼ਿਪ ਦੀ ਲੋੜ ਹੈ ਜੋ ਹਰ ਪੰਜਾਬੀ ਦੀਆਂ ਜਾਇਜ਼ ਮੰਗਾਂ ਪੂਰੀਆਂ ਕਰਨ ਲਈ ਵਚਨਬੱਧ ਹੋਵੇ।

ਸਿੱਧੂ ਨੇ 18 ਨੁਕਤਿਆਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਨਸ਼ਾ ਤਸਕਰੀ, ਕਿਸਾਨੀ ਮਸਲੇ, ਬਿਜਲੀ ਖਰੀਦ ਸਮਝੌਤੇ ਤੇ ਮੁਲਾਜ਼ਮ ਜਥੇਬੰਦੀਆਂ ਦੇ ਮਸਲਿਆਂ ਦਾ ਤੁਰਤ ਹੱਲ ਕਰਨ ਲਈ ਆਖ ਦਿੱਤਾ ਹੈ। ਉਧਰ, ਸਿੱਧੂ ਦੀਆਂ ਇਨ੍ਹਾਂ ਸਰਗਰਮੀਆਂ ਤੋਂ ਕੈਪਟਨ ਧੜਾ ਫਿਕਰਮੰਦ ਨਜ਼ਰ ਆ ਰਿਹਾ ਹੈ। ਇਹੀ ਕਾਰਨ ਹੈ ਕਿ ਸਿੱਧੂ ਨਾਲ ਮੁਲਾਕਾਤ ਦੇ ਤੁਰਤ ਬਾਅਦ ਕੈਪਟਨ ਨੇ ਦਾਅਵਾ ਕਰ ਦਿੱਤਾ ਕਿ ਉਹ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਪਹਿਲਾਂ ਹੀ ਵੱਡੇ ਪੱਧਰ ਉਤੇ ਕੋਸ਼ਿਸ਼ ਕਰ ਰਹੇ ਹਨ। ਦੱਸ ਦਈਏ ਕਿ ਸਿੱਧੂ ਨੂੰ ਪ੍ਰਧਾਨਗੀ ਮਿਲਣ ਤੋਂ ਬਾਅਦ ਕੈਪਟਨ ਦੇ ਤੇਵਰ ਬਦਲੇ ਹੋਏ ਹਨ। ਖਾਸਕਰ ਕਿਸਾਨੀ ਮਸਲਿਆਂ ਬਾਰੇ ਕੈਪਟਨ ਵਿਚ ਨਵਾਂ ਜੋਸ਼ ਵਿਖਾਈ ਦੇ ਰਿਹਾ ਹੈ।

ਪੰਜਾਬ 'ਚ ਐਕਸਪ੍ਰੈੱਸ ਵੇਅ ਲਈ ਐਕੁਆਇਰ ਜਮੀਨ ਦੀ ਮੁਆਵਜ਼ਾ ਰਾਸ਼ੀ ਲਈ ਸੰਘਰਸ਼ੀ ਕਿਸਾਨਾਂ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਹਮਦਰਦੀ ਵੀ ਇਸੇ ਰਣਨੀਤੀ ਦਾ ਹਿੱਸਾ ਜਾਪ ਰਹੀ ਹੈ। ਹਜ਼ਾਰਾਂ ਕਿਸਾਨ ਲੰਮੇ ਅਰਸੇ ਤੋਂ ਪੰਜਾਬ ਵਿਚ ਲਗਾਤਾਰ ਇਸ ਮਾਮਲੇ 'ਤੇ ਸੰਘਰਸ਼ ਕਰ ਰਹੇ ਹਨ ਪਰ ਕਾਫੀ ਸਮੇਂ ਮਗਰੋਂ ਮੁੱਖ ਮੰਤਰੀ ਨੇ ਇਨ੍ਹਾਂ ਕਿਸਾਨਾਂ ਨੂੰ ਮੁਲਾਕਾਤ ਦਾ ਸਮਾਂ ਦਿੱਤਾ ਹੈ। ਉਨ੍ਹਾਂ ਨੇ ਮੁਆਵਜ਼ਾ ਰਾਸ਼ੀ ਦੇ ਮਾਮਲੇ ਉਤੇ ਕੇਂਦਰੀ ਸੜਕੀ ਆਵਾਜਾਈ ਅਤੇ ਮਾਰਗ ਮੰਤਰੀ ਨਿਤਿਨ ਗਡਕਰੀ ਨੂੰ ਮਿਲਣ ਦੀ ਗੱਲ ਆਖੀ ਹੈ।

ਯਾਦ ਰਹੇ ਕਿ ਕੈਪਟਨ ਸਰਕਾਰ ਚੋਣ

*(ਬਾਕੀ ਸਫਾ 6 ਉਤੇ)*

India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
*Restaurant-Fine Indian Cuisine*
12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

ਆਇਓਵਾ ਸਟੇਟ 'ਚ ਚੰਗੀਆਂ ਲੋਕੇਸ਼ਨਾਂ 'ਤੇ ਸਥਿਤ ਤੇ ਚੰਗੀ ਕਮਾਈ ਕਰਦੇ
ਦੋ ਗੈਸ ਸਟੇਸ਼ਨ ਵਿਕਾਊ ਹਨ
Two Gas Stations Are For Sale in State of IOWA with Property.
Both Stores have Liquor, Beer and Wine License. Real Estate Included In Sale Price.
*Owner is retiring after 30 years in this Business.*
For More Info.,
Call: (916) 254-9231

BIG BAZAAR
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery

ੴ Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਕਿਸਾਨ ਸੰਸਦ ਨੇ ਸੰਘਰਸ਼ੀ ਅਖਾੜਿਆਂ ਵਿਚ ਨਵੀਂ ਰੂਹ ਫੂਕੀ

**ਨਵੀਂ ਦਿੱਲੀ:** ਪੰਜਾਬ ਵਿਚ ਪਿਛਲੇ ਸਾਢੇ ਦਸ ਮਹੀਨਿਆਂ ਤੋਂ ਚੱਲ ਰਹੇ ਸੰਘਰਸ਼ੀ ਅਖਾੜਿਆਂ 'ਚ ਸੰਸਦ ਭਵਨ ਅੱਗੇ ਸ਼ੁਰੂ ਕੀਤੀ ਗਈ 'ਕਿਸਾਨ ਸੰਸਦ' ਨੇ ਨਵੀਂ ਰੂਹ ਫੂਕੀ ਹੈ। ਕਿਸਾਨਾਂ ਨੇ ਇਥੇ ਜੰਤਰ-ਮੰਤਰ 'ਤੇ ਕਿਸਾਨ ਸੰਸਦ ਦਾ ਪ੍ਰਬੰਧ ਕਰਕੇ ਕੇਂਦਰੀ ਹਕੂਮਤ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਕਾਲੇ ਖੇਤੀ ਕਾਨੂੰਨ ਰੱਦ ਕਰਵਾਏ ਬਿਨਾਂ ਦਿੱਲੀ ਦੇ ਬਾਰਡਰਾਂ ਤੋਂ ਆਪਣਾ ਅੰਦੋਲਨ ਖਤਮ ਨਹੀਂ ਕਰਨਗੇ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸੰਸਦ ਦੇ ਐਨ ਨਜ਼ਦੀਕ ਜੰਤਰ-ਮੰਤਰ 'ਤੇ ਕਿਸਾਨ ਸੰਸਦ ਦੌਰਾਨ ਕਿਸਾਨਾਂ ਨੇ ਕੇਂਦਰੀ ਮੰਤਰੀਆਂ ਦੇ ਕਾਨੂੰਨਾਂ ਬਾਰੇ ਖੋਖਲੇ ਦਾਅਵਿਆਂ ਨੂੰ ਨਕਾਰਿਆ।

ਕਿਸਾਨ ਸੰਸਦ ਵਿਚ ਹਿੱਸਾ ਲੈਣ ਵਾਲੇ ਮੈਂਬਰਾਂ ਨੇ ਏ.ਪੀ.ਐਮ.ਸੀ. (ਮੰਡੀਆਂ) ਸਬੰਧੀ ਐਕਟ ਬਾਰੇ ਵਿਚਾਰ ਵਟਾਂਦਰੇ ਦੌਰਾਨ ਕਈ ਨੁਕਤੇ ਉਠਾਏ ਅਤੇ ਕਿਹਾ ਕਿ ਇਹ ਗੈਰਲੋਕਤੰਤਰੀ ਹੈ। ਕਿਸਾਨਾਂ ਨੇ ਇਸ ਕਾਲੇ ਕਾਨੂੰਨ ਬਾਰੇ ਆਪਣੇ ਗੂੜ੍ਹੇ ਗਿਆਨ ਰਾਹੀਂ ਦੁਨੀਆਂ ਨੂੰ ਦੱਸਿਆ ਕਿ ਉਹ ਇਸ ਨੂੰ ਪੂਰੀ ਤਰ੍ਹਾਂ ਨਾਲ ਰੱਦ ਕਰਨ ਦੀ ਕਿਉਂ ਮੰਗ ਕਰ ਰਹੇ ਹਨ।

ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਜਦੋਂ 200 ਕਿਸਾਨ ਸਿੰਘੂ ਬਾਰਡਰ ਤੋਂ ਜੰਤਰ-ਮੰਤਰ ਲਈ ਰਵਾਨਾ ਹੋਏ ਤਾਂ ਰਸਤੇ ਵਿਚ ਪੁਲਿਸ ਨੇ ਉਨ੍ਹਾਂ ਨੂੰ ਸ਼ਨਾਖ਼ਤ ਕਰਨ ਦੇ ਨਾਮ ਹੇਠ ਰੋਕ ਲਿਆ। ਕਿਸਾਨ ਆਗੂਆਂ ਰਾਕੇਸ਼ ਟਿਕੈਤ, ਬਲਬੀਰ ਸਿੰਘ ਰਾਜੇਵਾਲ, ਯੋਗੇਂਦਰ ਯਾਦਵ ਅਤੇ ਹੋਰਾਂ ਵੱਲੋਂ ਵਿਰੋਧ ਕੀਤੇ ਜਾਣ 'ਤੇ ਉਨ੍ਹਾਂ ਦਾ ਕਾਫਲਾ ਭਾਰੀ ਸੁਰੱਖਿਆ ਹੇਠ ਪਾਰਲੀਮੈਂਟ ਸਟਰੀਟ ਪਹੁੰਚਿਆ ਅਤੇ ਜੰਤਰ-ਮੰਤਰ 'ਤੇ ਕਿਸਾਨ ਸੰਸਦ ਆਰੰਭ ਕੀਤੀ। ਜੰਤਰ-ਮੰਤਰ 'ਤੇ ਬਹੁ-ਪਰਤੀ ਸੁਰੱਖਿਆ ਦਾ ਪ੍ਰਬੰਧ ਕੀਤਾ ਗਿਆ ਸੀ। ਸਭ ਤੋਂ ਪਹਿਲਾਂ ਮੋਰਚੇ ਦੇ ਸ਼ਹੀਦ ਕਿਸਾਨਾਂ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਸੈਸ਼ਨ ਦੀ ਸ਼ੁਰੂਆਤ ਹਨਨ ਮੌਲਾ ਨੇ ਕਰਵਾਈ ਜਿਸ ਦੌਰਾਨ ਏ.ਪੀ.ਐਮ.ਸੀ. ਮੰਡੀਆਂ ਤੋੜਨ ਲਈ ਲਿਆਂਦੇ ਕਾਨੂੰਨ 'ਤੇ ਬਹਿਸ ਹੋਈ।

'ਕਿਸਾਨ ਸੰਸਦ' ਦੇ ਦੂਜੇ ਦਿਨ ਕਿਸਾਨਾਂ ਦੇ 200 ਨੁਮਾਇੰਦਿਆਂ ਵੱਲੋਂ ਇਸ ਸੰਸਦ ਦੇ ਥਾਪੇ ਗਏ ਖੇਤੀ ਮੰਤਰੀ ਰਵਨੀਤ ਸਿੰਘ ਬਰਾੜ ਨੂੰ ਅਸਤੀਫਾ ਦੇਣਾ ਪਿਆ ਕਿਉਂਕਿ ਉਹ ਪ੍ਰਾਈਵੇਟ ਮੰਡੀਆਂ ਅਤੇ 'ਏ.ਪੀ.ਐਮ.ਸੀ. ਮੰਡੀਆਂ' ਭੰਗ ਕਰਨ ਵਾਲੇ 'ਫਾਰਮਰਜ ਪ੍ਰੋਡਿਊਸ ਟਰੇਡ ਐਂਡ ਕਾਮਰਸ ਕਾਨੂੰਨ' ਤਹਿਤ ਤਸੱਲੀਬਖਸ਼ ਜਵਾਬ ਨਾ ਦੇ ਸਕੇ। ਕਿਸਾਨ ਸੰਸਦ ਦੀ ਇਸ ਸੰਕੇਤਕ ਕਾਰਵਾਈ ਰਾਹੀਂ ਕੇਂਦਰ ਸਰਕਾਰ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਕਿਸਾਨਾਂ ਦੀ ਤਿੰਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਮੰਨੀ ਜਾਵੇ। ਕਿਸਾਨ ਸੰਸਦ ਨੇ 'ਪੀਪਲਜ਼ ਵ੍ਹਿਪ' ਦੀ ਉਲੰਘਣਾ ਕਰਕੇ ਸੰਸਦ ਵਿਚੋਂ ਗੈਰਹਾਜ਼ਰ ਰਹਿ ਕੇ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਤਾਜਪੋਸ਼ੀ ਸਮਾਗਮ ਵਿਚ ਜਾਣ ਖਿਲਾਫ 'ਨਿਖੇਧੀ ਮਤਾ' ਵੀ ਪਾਸ ਕੀਤਾ ਗਿਆ।

**ਚੁੱਪ ਛਾਈ ਹੈ, ਕੋਈ ਹਰਕਤ ਹੋਣ ਵਾਲੀ ਹੈ:** ਭਾਰਤੀ ਕਿਸਾਨ ਯੂਨੀਅਨ (ਟਿਕੈਤ) ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ, 'ਦਿੱਲੀ ਦਾ ਸ਼ੇਰ ਚੁੱਪ ਬੈਠਾ ਹੈ, ਵੱਡੀ ਹਰਕਤ ਹੋਣ ਵਾਲੀ ਹੈ। ਇਸ ਲਈ ਪਿੰਡਾਂ ਵਾਲੇ ਸਾਵਧਾਨ ਰਹਿਣ।' ਉਨ੍ਹਾਂ ਨੇ ਇਹ ਟਿੱਪਣੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦੇ ਸੰਦਰਭ ਵਿਚ ਕੀਤੀ ਅਤੇ ਕਿਹਾ ਕਿ ਸਰਕਾਰ ਨਰਮ ਹੈ ਤਾਂ ਜ਼ਰੂਰ ਕੋਈ ਨਵੀਂ ਚਾਲ ਚੱਲੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਤਿਆਰ ਰਹਿਣ ਦੀ ਲੋੜ ਹੈ।



## ਰੁਲਦੂ ਸਿੰਘ ਮੋਰਚੇ ਵਿਚੋਂ 15 ਦਿਨ ਲਈ ਮੁਅੱਤਲ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਦੇ ਅਹਿਮ ਆਗੂ ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੂੰ 15 ਦਿਨ ਲਈ ਮੋਰਚੇ ਤੋਂ ਮੁਅੱਤਲ ਕੀਤਾ ਗਿਆ ਹੈ। ਸੀਨੀਅਰ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਰੁਲਦੂ ਸਿੰਘ ਵੱਲੋਂ ਬੀਤੇ ਦਿਨੀਂ ਸਟੇਜ ਤੋਂ ਭੜਕਾਊ ਭਾਸ਼ਣ ਦਿੱਤਾ ਗਿਆ ਸੀ। ਇਸ ਕਾਰਨ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਸਰਬਸੰਮਤੀ ਨਾਲ ਉਨ੍ਹਾਂ ਨੂੰ ਮੁਅੱਤਲ ਕਰਨ ਦਾ ਫੈਸਲਾ ਕੀਤਾ ਹੈ, ਜਿਸ ਵਿਚ ਸ੍ਰੀ ਰੁਲਦੂ ਸਿੰਘ ਮਾਨਸਾ ਦੀ ਯੂਨੀਅਨ ਦੇ ਆਗੂ ਵੀ ਸ਼ਾਮਲ ਸਨ।


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at
847-673-3825
EARLY BIRD SALE!!!!
Domestic fares available




KULJEET (KJ) SINGH
Managing Broker Realtor
GAYA Realty
Interested in:
Buying Selling
Investing Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ

Kuljeet Singh
Over 20 Years of Experience
Contact Information:
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs
Looking for new agents.



LAW OFFICES OF VIVEK MALIK
Follow us on :

ACCOMPLISHED IMMIGRATION Attorneys help FAMILIES REUNITE in the

UNITED STATES
Our Global & Nationwide Services in the field of U.S. Immigration & Nationality Law
Business Immigration & Worksite Compliance
ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ
Come talk to an experienced immigration attorney
Toll Free No. 866-424-4000
OUR OFFICES
• 432 S Emerson Ave, Suite 220, Greenwood, IN 46143 Phone: 317.560.4777
• 1067 N Mason Rd., Suite 4, St Louis, Missouri 63141 Phone: 314.416.8000
• 2440 W Shaw Ave., Suite 205, Fresno, California 93711 Phone: 559.578.4344
www.usa-immigrationlaw.com
Languages SPOKEN Punjabi | Hindi | Urdu | Spanish & English



Ph: 224-678-7070
BEST FLOORING & CARPET LTD
2761 W. Algonquin Rd., Algonquin, IL 60102
ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਅਲਗਾਨਕੁਇਨ, ਇਲੀਨਾਏ ਵਿਚ ਖੁੱਲ੍ਹ ਗਿਆ ਹੈ
ਨਵਾਂ ਕਾਰਪੈਟਸ ਸਟੋਰ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ
ਨਵੇਂ ਡਿਜ਼ਾਈਨ ਦੇ ਰੰਗ ਹਰ ਕਵਾਲਿਟੀ ਵਿਚ

ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ

ਸਪੈਸ਼ਲ ਸੇਲ
ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
ਕਾਰਪੈਟ ਰਿਪੇਅਰ ਵੀ ਕਰਦੇ ਹਾਂ
Carpet, Waterproof Laminate, Luxury Vinyl Plank, Solid Wood, Engineer Wood & all other kinds of Floor work.
Give us call for free estimate.
ਫਰੀ ਐਸਟੀਮੇਟ ਲਈ ਅੱਜ ਜੀ ਕਾਲ ਕਰੋ:
ਪਰਮਵੀਰ ਸਿੰਘ, ਫੋਨ: 773-956-0718
Fax: 224-678-7131; Bestflooring13@gmail.com

# ਕਿਸਾਨ ਬੀਬੀਆਂ ਨੇ 'ਸੰਸਦ' ਵਿਚ ਸਰਕਾਰ ਨੂੰ ਲਲਕਾਰਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਅੰਦੋਲਨ ਦੌਰਾਨ ਕਿਸਾਨ ਬੀਬੀਆਂ ਵੱਲੋਂ ਜੰਤਰ ਮੰਤਰ ਵਿਖੇ ਕਿਸਾਨ ਸੰਸਦ ਦੀ ਕਾਰਵਾਈ ਚਲਾਈ ਗਈ। ਕਿਸਾਨ ਸੰਸਦ 'ਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀਆਂ 200 ਮਹਿਲਾਵਾਂ ਸ਼ਾਮਲ ਹੋਈਆਂ।

ਕਿਸਾਨਾਂ ਨੇ ਨਾਅਰੇਬਾਜ਼ੀ ਕਰਦਿਆਂ ਕੇਂਦਰ ਸਰਕਾਰ ਵੱਲੋਂ ਪਿਛਲੇ ਵਰ੍ਹੇ ਬਣਾਏ ਗਏ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ। 'ਕਿਸਾਨ ਸੰਸਦ' ਜ਼ਰੂਰੀ ਵਸਤਾਂ (ਸੋਧ) ਕਾਨੂੰਨ 'ਤੇ ਕੇਂਦਰਤ ਕੀਤੀ ਗਈ। ਕਿਸਾਨਾਂ ਨੇ ਅਜਿਹਾ ਕਾਨੂੰਨ ਬਣਾਉਣ ਦੀ ਮੰਗ ਕੀਤੀ ਜੋ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦਿੰਦਾ ਹੋਵੇ।

ਔਰਤਾਂ ਦੀ ਕਿਸਾਨ ਸੰਸਦ ਦਾ ਸੰਚਾਲਨ ਸੂਬਾ ਆਗੂ ਅਤੇ ਬੁਲਾਰਾ ਸੁਭਾਸ਼ਿਨੀ ਅਲੀ ਕੀਤਾ। ਇਸ ਮੌਕੇ ਪਿਛਲੇ ਅੱਠ ਮਹੀਨਿਆਂ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸੁਭਾਸ਼ਿਨੀ ਅਲੀ ਨੇ ਕਿਹਾ, 'ਅੱਜ ਦੀ 'ਸੰਸਦ' ਵਿਚ ਔਰਤਾਂ ਦੀ ਸ਼ਕਤੀ ਦਿਖਾਈ ਦੇਵੇਗੀ। ਔਰਤਾਂ ਖੇਤੀ ਵੀ ਕਰ ਸਕਦੀਆਂ ਹਨ ਅਤੇ ਦੇਸ਼ ਵੀ ਚਲਾ ਸਕਦੀਆਂ ਹਨ ਅਤੇ ਇਥੇ ਹਰ ਵਿਅਕਤੀ ਨੇਤਾ ਹੈ। ਉਨ੍ਹਾਂ ਕਿਹਾ ਕਿ ਕਾਲੇ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਜਾਰੀ ਰਹੇਗੀ।' ਸੁਭਾਸ਼ਿਨੀ ਨੇ ਕਿਹਾ, 'ਸਰਕਾਰ ਸਾਨੂੰ ਅਤਿਵਾਦੀ ਤੇ ਖਾਲਿਸਤਾਨੀ ਆਦਿ ਨਾਂਵਾਂ ਨਾਲ ਸੰਬੋਧਨ ਕਰਨਾ ਜਾਰੀ ਪਰ ਜੇਕਰ ਉਸ ਵਿਚ ਤਾਕਤ ਹੈ ਤਾਂ ਉਸ ਨੂੰ ਇਨ੍ਹਾਂ ਅਤਿਵਾਦੀਆਂ ਤੇ ਖਾਲਿਸਤਾਨੀਆਂ ਵੱਲੋਂ ਪੈਦਾ ਕੀਤੇ ਅਨਾਜ ਨੂੰ ਨਹੀਂ ਖਾਣਾ ਚਾਹੀਦਾ।' ਮਹਿਲਾ ਕਿਸਾਨ ਆਗੂ ਨੀਤੂ ਖੰਨਾ ਨੇ ਕਿਹਾ, 'ਇਹ ਸ਼ਰਮਨਾਕ ਹੈ ਕਿ ਸਰਕਾਰ ਕਿਸਾਨਾਂ ਨਾਲ ਬਦਸਲੂਕੀ ਕਰ ਰਹੀ ਹੈ, ਜਦਕਿ ਉਹੀ ਹੀ ਸਾਰੇ ਦੇਸ਼ ਨੂੰ ਜਿੰਦਾ ਰੱਖ ਰਹੇ ਹਨ।' ਕਿਸਾਨ ਸੰਸਦ 'ਚ ਹਾਜਰ ਹੋਰ ਕਿਸਾਨ ਬੀਬੀਆਂ ਨੇ ਇਕੋ ਸੁਰ 'ਚ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਦੁਹਰਾਈ।

# ਸ਼ਹੀਦ ਕਿਸਾਨਾਂ ਦੇ ਵਾਰਸਾਂ ਨੂੰ ਨੌਕਰੀ ਦੇਣ ਦਾ ਅਮਲ ਸ਼ੁਰੂ

**ਮੋਗਾ:** ਚੋਣਾਂ ਵਿਚ ਕਿਸਾਨਾਂ ਦਾ ਦਿਲ ਜਿੱਤਣ ਲਈ ਪੰਜਾਬ ਸਰਕਾਰ ਨੇ ਚੁੱਪ ਚਪੀਤੇ ਦਿੱਲੀ ਮੋਰਚੇ 'ਚ ਸ਼ਹੀਦ ਸੂਬੇ ਦੇ ਕਿਸਾਨਾਂ ਦੇ ਵਾਰਸਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰਾਂ ਵੱਲੋਂ ਇਸ ਬਾਰੇ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

ਮੋਗਾ ਦੇ ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਕੋਈ ਹੁਕਮ ਨਹੀਂ ਮਿਲਿਆ। ਉਂਜ ਉਨ੍ਹਾਂ ਦੇ ਧਿਆਨ ਵਿਚ ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਇਸ ਬਾਬਤ ਕਾਰਵਾਈ ਸ਼ੁਰੂ ਕਰਨ ਦਾ ਪਤਾ ਲੱਗਾ ਹੈ। ਬੀ.ਕੇ.ਯੂ. ਏਕਤਾ ਉਗਰਾਹਾਂ ਸੂਬਾਈ ਆਗੂ ਬਲੌਰ ਸਿੰਘ ਘਾਲੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਬਠਿੰਡਾ ਅਤੇ ਲੁਧਿਆਣਾ ਡਿਪਟੀ ਕਮਿਸ਼ਨਰ ਵੱਲੋਂ ਮ੍ਰਿਤਕ ਕਿਸਾਨਾਂ ਦੇ ਵਾਰਸਾਂ ਨੂੰ ਸਰਕਾਰੀ ਨੌਕਰੀ ਦੇਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਹ ਅਗਲੇ ਹਫਤੇ ਮੋਗਾ ਡੀ.ਸੀ. ਨੂੰ ਵੀ ਮ੍ਰਿਤਕ ਕਿਸਾਨਾਂ ਦੀ ਸੂਚੀ ਸੌਂਪਣਗੇ। ਡਿਪਟੀ ਕਮਿਸ਼ਨਰ ਬਠਿੰਡਾ ਨੇ ਆਪਣੇ ਐਸ.ਡੀ.ਐਮਜ਼. ਨੂੰ ਲਿਖੇ ਪੱਤਰ ਵਿਚ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਕਿਸਾਨੀ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰ ਵਿਚੋਂ ਕਿਸੇ ਇਕ ਮੈਂਬਰ ਨੂੰ ਰਾਜ ਸਰਕਾਰ ਦੀਆਂ 21 ਨਵੰਬਰ 2002 ਦੀਆਂ ਹਦਾਇਤਾਂ ਮੁਤਾਬਕ ਵਿਦਿਅਕ ਯੋਗਤਾ ਦੇ ਆਧਾਰ 'ਤੇ ਗਰੁੱਪ ਸੀ ਅਤੇ ਡੀ ਦੀ ਨੌਕਰੀ ਦੇਣ ਦੀ ਤਜਵੀਜ਼ ਹੈ। ਇਸ ਸਬੰਧੀ ਮਾਨਯੋਗ ਵਿੱਤ ਕਮਿਸ਼ਨਰ (ਮਾਲ), ਪੰਜਾਬ ਵੱਲੋਂ 20 ਜੁਲਾਈ ਨੂੰ ਵੀਡੀਓ ਕਾਨਫਰੰਸ ਵਿਚ ਲੋੜੀਂਦੀ ਕਾਰਵਾਈ ਕਰਨ ਦੇ ਹੁਕਮ ਕੀਤੇ ਗਏ ਹਨ। ਮ੍ਰਿਤਕ ਦੇ ਕਿਸਾਨਾਂ ਦੇ ਵਾਰਸਾਂ ਕੋਲੋਂ ਮੌਤ ਦਾ ਸਰਟੀਫਿਕੇਟ, ਨੌਕਰੀ ਲੈਣ ਸਬੰਧੀ ਬੇਨਤੀ, ਆਮਦਨ ਸਬੰਧੀ ਸਵੈ ਘੋਸ਼ਣਾ ਪੱਤਰ, ਪਰਿਵਾਰਕ ਮੈਂਬਰਾਂ ਵੱਲੋਂ ਸਵੈ ਘੋਸ਼ਣਾ ਪੱਤਰ ਕਿ ਨੌਕਰੀ ਪਰਿਵਾਰ ਦੇ ਕਿਸ ਮੈਂਬਰ ਨੂੰ ਦਿੱਤੀ ਜਾਣੀ ਹੈ, ਮੰਗੇ ਗਏ ਹਨ।

## ਇੰਗਲੈਂਡ ਵਿਚ ਸੋਫੀਆ ਦਲੀਪ ਸਿੰਘ ਦਾ ਬੁੱਤ ਲਾਉਣ 'ਤੇ ਵਿਚਾਰ

**ਲੰਡਨ:** ਸਿੱਖ ਰਾਜ ਦੇ ਆਖਰੀ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੀ ਧੀ ਸੋਫੀਆ ਦਲੀਪ ਸਿੰਘ ਵੀ ਉਨ੍ਹਾਂ ਇਤਿਹਾਸਕ ਹਸਤੀਆਂ ਵਿਚ ਸ਼ਾਮਲ ਹੈ ਜਿਨ੍ਹਾਂ ਦੇ ਬੁੱਤ ਇੰਗਲੈਂਡ ਵਿਚ ਲਾਉਣ ਲਈ 'ਹਿਡਨ ਹੀਰੋਜ਼' ਨਾਂ ਦੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਪੂਰੇ ਮੁਲਕ 'ਚ ਯਾਦਗਾਰੀ ਬੁੱਤ ਲਾ ਕੇ ਨਸਲੀ ਭਿੰਨਤਾ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਰਾਜਕੁਮਾਰੀ ਸੋਫੀਆ ਜੋ ਮਹਾਰਾਣੀ ਵਿਕਟੋਰੀਆ ਦੀ 'ਗੌਡਡਾਟਰ' ਵਜੋਂ ਜਾਣੀ ਜਾਂਦੀ ਸੀ, ਨੇ 1900 ਵਿਚ ਔਰਤਾਂ ਨੂੰ ਬਰਤਾਨੀਆ 'ਚ ਵੋਟ ਦਾ ਹੱਕ ਦਿਵਾਉਣ ਲਈ ਸੰਘਰਸ਼ ਕੀਤਾ ਸੀ।

ਮੁਲਕ ਦੀ ਪਹਿਲੀ ਸਿੱਖ ਮਹਿਲਾ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਸੋਫੀਆ ਦਲੀਪ ਸਿੰਘ ਦਾ ਨਾਂ ਇਸ ਮੁਹਿੰਮ ਤਹਿਤ ਵਿਚਾਰਨ ਲਈ ਪੇਸ਼ ਕੀਤਾ। ਉਨ੍ਹਾਂ ਮੁਤਾਬਿਕ ਇਸ ਤਰ੍ਹਾਂ ਬਰਤਾਨੀਆ ਵਿਚ ਭਿੰਨਤਾ ਨੂੰ ਬਿਹਤਰ ਢੰਗ ਨਾਲ ਦਰਸਾਇਆ ਜਾ ਸਕੇਗਾ। ਪਿਛਲੇ ਕੁਝ ਸਾਲਾਂ ਵਿਚ ਮੁਲਕ ਵਿਚ ਫਿਰਕਾਪ੍ਰਸਤੀ ਵਧ ਗਈ ਹੈ। ਸੰਸਦ ਮੈਂਬਰ ਵਜੋਂ ਉਹ ਲੋਕਾਂ ਨੂੰ ਨੇੜੇ ਲਿਆਉਣਾ ਚਾਹੁੰਦੀ ਹੈ ਤੇ ਇਕਜੁੱਟਤਾ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦੀ ਹੈ। ਯਾਦ ਰਹੇ ਕਿ ਮੁਲਕ 'ਚ ਕੁੱਲ ਬੁੱਤਾਂ 'ਚੋਂ 3% ਤੋਂ ਵੀ ਘੱਟ ਗੈਰ-ਸ਼ਾਹੀ ਔਰਤਾਂ ਦੇ ਹਨ, ਹੋਰ ਵਰਗਾਂ ਦੀ ਨੁਮਾਇੰਦਗੀ ਕਾਫੀ ਘੱਟ ਹੈ।


# Matrimonials

### ਲੜਕੇ ਦੀ ਲੋੜ ਹੈ

Looking a match for a beautiful Jatt Sikh Punjabi Girl, family values oriented, 29yrs, 5'-5", US born, post masters degree in educational psychology and working as a school psychologist. Invite serious response preferably from West Coast, Jatt Sikh US Citizen or Permanent Resident boy. Please contact with photographs and bio-data: gorayads@Yahoo.com Or Call: 301-653-7029 *28-31*

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

### ਲੜਕੀ ਦੀ ਲੋੜ ਹੈ

Suitable match for Jatt Sikh boy, 5'-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668 *31-34*

ਸੈਣੀ ਸਿੱਖ ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 *29-32*

"Reputed Jatt Sikh family looking for a beautiful, tall (min. 5'-4") and slim girl for Canadian PR boy. Masters in engineering, 26 years, fair complexion, 5'-11". Working in M.N.C. Contact: 412-628-1644 or 91-98146-21221 *26-29*


# ਮਾਨਸੂਨ ਸੈਸ਼ਨ ਵਿਚ ਹੁਣ ਬਿਜਲੀ ਸੋਧ ਬਿੱਲ ਪਾਸ ਕਰਾਉਣ ਦੀ ਤਿਆਰੀ

**ਨਵੀਂ ਦਿੱਲੀ:** ਬਿਜਲੀ (ਸੋਧ) ਬਿੱਲ, 2021 ਅਗਲੇ ਕੁਝ ਦਿਨਾਂ 'ਚ ਕੇਂਦਰੀ ਕੈਬਨਿਟ ਅੱਗੇ ਮਨਜ਼ੂਰੀ ਲਈ ਰੱਖਿਆ ਜਾ ਸਕਦਾ ਹੈ। ਇਹ ਬਿੱਲ ਖਪਤਕਾਰਾਂ ਨੂੰ ਬਿਜਲੀ ਪੈਦਾ ਕਰਨ ਵਾਲੀਆਂ ਕਈ ਕੰਪਨੀਆਂ 'ਚੋਂ ਮਰਜ਼ੀ ਨਾਲ ਇਕ ਨੂੰ ਚੁਣਨ ਦੇ ਸਮਰੱਥ ਬਣਾਏਗਾ ਜਿਵੇਂ ਕਿ ਟੈਲੀਕਾਮ ਸੇਵਾਵਾਂ ਵਿਚ ਹੁੰਦਾ ਹੈ। ਇਕ ਸਰਕਾਰੀ ਸੂਤਰ ਮੁਤਾਬਕ ਸਰਕਾਰ ਬਿੱਲ ਨੂੰ ਮਾਨਸੂਨ ਇਜਲਾਸ ਵਿਚ ਰੱਖਣਾ ਚਾਹੁੰਦੀ ਹੈ ਜੋ ਕਿ 13 ਅਗਸਤ, 2021 ਤੱਕ ਚੱਲੇਗਾ।

ਲੋਕ ਸਭਾ ਦੇ ਬੁਲੇਟਿਨ ਮੁਤਾਬਕ ਸਰਕਾਰ ਨੇ ਇਸ ਬਿੱਲ ਨੂੰ ਉਨ੍ਹਾਂ 17 ਨਵੇਂ ਬਿੱਲਾਂ ਨਾਲ ਸੂਚੀਬੱਧ ਕੀਤਾ ਹੈ ਜੋ ਕਿ ਜਾਰੀ ਇਜਲਾਸ ਦੌਰਾਨ ਰੱਖੇ ਜਾਣ ਦੀ ਯੋਜਨਾ ਹੈ। ਜ਼ਿਕਰਯੋਗ ਹੈ ਕਿ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੇ ਕਿਸਾਨ ਬਿਜਲੀ (ਸੋਧ) ਬਿੱਲ ਦਾ ਵੀ ਵਿਰੋਧ ਕਰ ਰਹੇ ਹਨ। ਕਿਸਾਨਾਂ ਨੂੰ ਡਰ ਹੈ ਕਿ ਬਿਜਲੀ ਖੇਤਰ ਵਿਚ ਵੱਧ ਰਹੇ ਨਿੱਜੀਕਰਨ ਨਾਲ ਸਬਸਿਡੀਆਂ ਪ੍ਰਭਾਵਿਤ ਹੋਣਗੀਆਂ। ਕਿਸਾਨਾਂ ਵਿਚ ਬੇਯਕੀਨੀ ਹੈ ਕਿ ਇਸ ਬਿੱਲ ਦੇ ਲਾਗੂ ਹੋਣ ਪਿਛੋਂ ਸਰਕਾਰਾਂ ਸਬਸਿਡੀਆਂ ਸਮੇਂ ਸਿਰ ਨਹੀਂ ਦੇ ਸਕਣਗੀਆਂ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਬਿਆਨ ਜਾਰੀ ਕਰ ਕੇ ਕਹਿ ਚੁੱਕੇ ਹਨ ਕਿ ਬਿਜਲੀ ਸੋਧ ਬਿੱਲ ਸਿੱਧੇ ਤੌਰ 'ਤੇ ਕਿਸਾਨਾਂ ਦੇ ਹਿੱਤਾਂ ਦੇ ਖਿਲਾਫ ਹੈ। ਇਸ ਤੋਂ ਇਲਾਵਾ 'ਆਲ ਇੰਡੀਆ ਪਾਵਰ ਇੰਜੀਨੀਅਰਸ ਫੈਡਰੇਸ਼ਨ' ਵੀ ਸਰਕਾਰੀ ਬਿਜਲੀ ਕੰਪਨੀਆਂ ਵਿਚ ਨਿੱਜੀਕਰਨ ਦਾ ਵਿਰੋਧ ਕਰ ਰਹੀ ਹੈ। ਬੁਲੇਟਿਨ ਵਿਚ ਦੱਸਿਆ ਗਿਆ ਹੈ ਕਿ ਤਜਵੀਜ਼ਤ ਸੋਧਾਂ (ਬਿਜਲੀ ਐਕਟ 'ਚ) ਦਾ ਮਕਸਦ ਵੰਡ ਦੇ ਕਾਰੋਬਾਰ ਨੂੰ ਲਾਇਸੈਂਸ ਪ੍ਰਕਿਰਿਆ ਤੋਂ ਮੁਕਤ ਕਰਨਾ, ਮੁਕਾਬਲਾ ਵਧਾਉਣਾ, ਹਰੇਕ ਕਮਿਸ਼ਨ ਵਿਚ ਕਾਨੂੰਨੀ ਪਿਛੋਕੜ ਵਾਲੇ ਮੈਂਬਰ ਦੀ ਨਿਯੁਕਤੀ ਕਰਨਾ, ਅਪੀਲੀ ਟ੍ਰਿਬਿਊਨਲ ਨੂੰ ਮਜ਼ਬੂਤ ਕਰਨਾ, ਆਰ.ਪੀ.ਓ. ਦਾ ਪਾਲਣ ਨਾ ਕਰਨ ਵਾਲਿਆਂ ਨੂੰ ਜੁਰਮਾਨਾ ਲਾਉਣਾ ਹੈ।

ਦੱਸਣਯੋਗ ਹੈ ਕਿ 'ਆਰ.ਪੀ.ਓ' ਤਹਿਤ ਜ਼ਰੂਰੀ ਕੀਤਾ ਗਿਆ ਹੈ ਕਿ ਬਿਜਲੀ ਕੰਪਨੀਆਂ ਨੂੰ ਲੋੜ ਦਾ ਕੁਝ ਹਿੱਸਾ ਨਵਿਆਉਣਯੋਗ ਸਰੋਤਾਂ ਤੋਂ ਪੈਦਾ ਕਰਨਾ ਪਵੇਗਾ ਜਾਂ ਖਰੀਦਣਾ ਪਵੇਗਾ। ਇਸ ਤੋਂ ਪਹਿਲਾਂ ਕਈ ਮੌਕਿਆਂ ਉਤੇ ਬਿਜਲੀ ਮੰਤਰੀ ਕੰਪਨੀਆਂ ਵੱਲੋਂ ਆਰ.ਪੀ.ਓ. ਨੇਮਾਂ ਦੀ ਪਾਲਣਾ ਨਾ ਕਰਨ ਉਤੇ ਰੋਸ ਜਤਾ ਚੁੱਕੇ ਹਨ। ਇਸੇ ਮਹੀਨੇ ਕੇਂਦਰੀ ਬਿਜਲੀ ਮੰਤਰੀ ਆਰ.ਕੇ. ਸਿੰਘ ਨੇ ਕਿਹਾ ਸੀ ਕਿ ਬਿੱਲ ਬਿਜਲੀ ਵੰਡ ਨੂੰ ਡੀ-ਲਾਇਸੈਂਸ ਕਰੇਗਾ। ਉਨ੍ਹਾਂ ਕਿਹਾ ਕਿ ਵੰਡ ਨੂੰ ਵੀ ਬਿਜਲੀ ਉਤਪਾਦਨ ਵਾਂਗ ਸਰਕਾਰੀ ਕੰਟਰੋਲ ਤੋਂ ਮੁਕਤ ਕੀਤਾ ਜਾਵੇਗਾ। ਬਿੱਲ ਬਾਰੇ ਕੈਬਨਿਟ ਨੋਟ ਸਬੰਧਤ ਧਿਰਾਂ ਨੂੰ ਭੇਜ ਦਿੱਤਾ ਗਿਆ ਹੈ ਤੇ ਉਨ੍ਹਾਂ ਇਸ ਨੂੰ ਮਨਜ਼ੂਰ ਕਰ ਲਿਆ ਹੈ।

## ਬਿਜਲੀ ਬਿੱਲ ਸੂਬਿਆਂ ਦੇ ਅਧਿਕਾਰਾਂ 'ਤੇ ਡਾਕਾ: ਭਗਵੰਤ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਮੋਦੀ ਸਰਕਾਰ ਵੱਲੋਂ ਸੰਸਦ 'ਚ ਪੇਸ਼ ਕੀਤੇ ਜਾ ਰਹੇ ਬਿਜਲੀ ਸੋਧ ਬਿੱਲ-2021 ਨੂੰ ਕਿਸਾਨਾਂ ਅਤੇ ਗਰੀਬਾਂ 'ਤੇ ਇਕ ਹੋਰ ਵਿੱਤੀ ਹਮਲਾ ਅਤੇ ਰਾਜਾਂ ਦੇ ਅਧਿਕਾਰਾਂ 'ਤੇ ਸਿੱਧਾ ਡਾਕਾ ਕਰਾਰ ਦਿੱਤਾ ਹੈ। ਭਗਵੰਤ ਮਾਨ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ ਨੇ ਤਜਵੀਜ਼ਤ ਬਿਜਲੀ ਸੋਧ ਕਾਨੂੰਨ ਬਾਰੇ ਕਿਹਾ ਕਿ ਆਪਹੁਦਰੇਪਣ ਦੀਆਂ ਸਾਰੀਆਂ ਹੱਦਾਂ ਟੱਪਦੀ ਹੋਈ ਮੋਦੀ ਸਰਕਾਰ ਕਿਸਾਨਾਂ ਸਮੇਤ ਬਿਜਲੀ ਸਬਸਿਡੀ ਦਾ ਲਾਭ ਲੈਣ ਵਾਲੇ ਸਾਰੇ ਵਰਗਾਂ 'ਤੇ ਇਕ ਹੋਰ ਵਿੱਤੀ ਹਮਲਾ ਕਰਨ ਜਾ ਰਹੀ ਹੈ।

## ਸਿੱਖ ਕਤਲੇਆਮ: ਸ਼੍ਰੋਮਣੀ ਕਮੇਟੀ ਵੱਲੋਂ ਕਾਰਵਾਈ ਅੱਗੇ ਤੋਰਨ ਦਾ ਸਵਾਗਤ

**ਅੰਮ੍ਰਿਤਸਰ:** ਨਵੰਬਰ 1984 ਵਿਚ ਕਾਨਪੁਰ 'ਚ ਹੋਏ ਸਿੱਖ ਕਤਲੇਆਮ ਦੇ ਕੇਸਾਂ ਨਾਲ ਸਬੰਧਤ 'ਸਿਟ' ਵੱਲੋਂ ਸਬੂਤ ਇਕੱਠੇ ਕਰਕੇ ਕਾਰਵਾਈ ਅੱਗੇ ਤੋਰਨ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਮੰਗ ਕੀਤੀ ਕਿ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ। ਬੀਬੀ ਜਗੀਰ ਕੌਰ ਨੇ ਆਖਿਆ ਕਿ ਨਵੰਬਰ 1984 ਵਿਚ ਦਿੱਲੀ, ਕਾਨਪੁਰ, ਬੋਕਾਰੋ ਸਮੇਤ ਹੋਰਨਾਂ ਸ਼ਹਿਰਾਂ ਵਿਚ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ, ਪਰ ਲੰਮਾ ਸਮਾਂ ਬੀਤ ਜਾਣ ਮਗਰੋਂ ਵੀ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਜਦੋਂ ਕਿ ਸ਼੍ਰੋਮਣੀ ਕਮੇਟੀ ਨੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਲਗਾਤਾਰ ਪੈਰਵਾਈ ਕੀਤੀ ਹੈ, ਪਰ ਸਰਕਾਰਾਂ ਦੀ ਪੁਸ਼ਤਪਨਾਹੀ ਨਾਲ ਦੋਸ਼ੀ ਬਚਦੇ ਰਹੇ ਹਨ। ਉਨ੍ਹਾਂ ਉਮੀਦ ਪ੍ਰਗਟਾਈ ਕਿ ਹੁਣ ਕਾਨਪੁਰ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣਗੀਆਂ।

# ਗੁਰੂ ਰਾਮਦਾਸ ਸਰਾਂ ਢਾਹੁਣ ਦੇ ਫੈਸਲੇ ਦਾ ਵਿਰੋਧ

**ਅੰਮ੍ਰਿਤਸਰ:** ਸਿੱਖ ਸਦਭਾਵਨਾ ਦਲ ਨੇ ਸਿੱਖ ਵਿਰਾਸਤੀ ਤੇ ਇਤਿਹਾਸਕ ਇਮਾਰਤਾਂ ਦੀ ਸਾਂਭ ਸੰਭਾਲ ਸਬੰਧੀ ਇਕ ਅਗਸਤ ਨੂੰ ਅੰਮ੍ਰਿਤਸਰ ਵਿਚ ਇਕ ਪੰਥਕ ਇਕੱਠ ਸੱਦਣ ਦਾ ਐਲਾਨ ਕੀਤਾ ਹੈ। ਜਥੇਬੰਦੀ ਨੇ ਸਮੁੱਚੇ ਸਿੱਖ ਪੰਥ ਨੂੰ ਅਪੀਲ ਕੀਤੀ ਕਿ ਸਿੱਖ ਵਿਰਾਸਤ ਦੀਆਂ ਇਤਿਹਾਸਕ ਇਮਾਰਤਾਂ ਦੀ ਦਿੱਖ ਵਿਗਾੜਨ ਅਤੇ ਢਾਹੁਣ ਵਾਲੀਆਂ ਧਿਰਾਂ ਦਾ ਬਾਈਕਾਟ ਕੀਤਾ ਜਾਵੇ।

ਜਥੇਬੰਦੀ ਦੇ ਮੁਖੀ ਭਾਈ ਬਲਦੇਵ ਸਿੰਘ ਵਡਾਲਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਰਾਮਦਾਸ ਸਰਾਂ ਨੂੰ ਢਾਹੁਣ ਦੇ ਫੈਸਲੇ ਦਾ ਵਿਰੋਧ ਕੀਤਾ ਅਤੇ ਇਸ ਨੂੰ ਸਿੱਖੀ 'ਤੇ ਹਮਲਾ ਆਖਿਆ। ਇਸ ਦੌਰਾਨ ਉਨ੍ਹਾਂ ਸਮੁੱਚੇ ਪੰਥ ਨੂੰ ਇੱਕਠ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਤਾਂ ਕਿ ਸਿੱਖ ਪੰਥ ਦੀ ਰਾਏ ਮੁਤਾਬਕ ਅਗਲਾ ਪ੍ਰੋਗਰਾਮ ਉਲੀਕਿਆ ਜਾ ਸਕੇ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰ ਸਰਕਾਰ ਵਿਰੁੱਧ ਦਿੱਲੀ ਹਾਈ ਕੋਰਟ ਵਿਚ ਹਜ਼ਾਰ ਕਰੋੜ ਹਰਜਾਨੇ ਦਾ ਕੇਸ ਦਾਇਰ ਕੀਤਾ ਗਿਆ ਸੀ, ਜਿਸ ਦੇ ਸਬੂਤ ਵਜੋਂ ਇਹ ਸਰਾਂ ਆਖਰੀ ਨਿਸ਼ਾਨੀ ਹੈ। ਜਦੋਂ ਕਿ 1984 ਫੌਜੀ ਹਮਲੇ ਦੇ ਬਾਕੀ ਸਬੂਤ ਖਤਮ ਹੋ ਚੁੱਕੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇੰਨੇ ਵਰ੍ਹਿਆਂ ਮਗਰੋਂ ਇਹ ਰਕਮ 32 ਹਜ਼ਾਰ ਕਰੋੜ ਰੁਪਏ ਤੋਂ ਵੱਧ ਬਣਦੀ ਹੈ।

ਇਸ ਦੌਰਾਨ ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਸ਼੍ਰੋਮਣੀ ਕਮੇਟੀ ਚੁੱਪ-ਚਪੀਤੇ ਕੇਂਦਰ ਨਾਲ ਸਮਝੌਤਾ ਕਰ ਚੁੱਕੀ ਹੈ, ਜਿਸ ਲਈ ਸਰਾਂ ਨੂੰ ਬਚਾਉਣ ਜ਼ਰੂਰੀ ਹੈ। ਉਨ੍ਹਾਂ ਸਬੂਤ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਆਰ.ਟੀ.ਆਈ. ਰਾਹੀਂ ਲਈ ਜਾਣਕਾਰੀ ਦਾ ਦਸਤਾਵੇਜ਼ ਦਿਖਾਉਂਦਿਆਂ ਦਾਅਵਾ ਕੀਤਾ ਕਿ ਕਮੇਟੀ ਇਹ ਮੰਨ ਰਹੀ ਹੈ ਕਿ ਉਸ ਕੋਲ 1984 ਦੀ ਕੋਈ ਵੀਡੀਓਗ੍ਰਾਫੀ ਨਹੀਂ ਹੈ। ਇਸੇ ਤਹਿਤ ਉਨ੍ਹਾਂ ਸਿੱਖ ਸੰਗਤ ਨੂੰ 1984 ਨਾਲ ਸਬੰਧਤ ਵੀਡੀਓਜ ਸਾਂਭਣ ਦੀ ਅਪੀਲ ਕੀਤੀ।


# ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ**

**ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ**

**ਕਾਲ ਕਰੋ: ਮਿ. ਸਿੰਘ**

**ਫੋਨ: 515-291-1961**

*31-34*

# ਹਾਈਕਮਾਨ ਦੇ ਬੱਧੇ ਇਕ ਮੰਚ 'ਤੇ ਆਏ ਸਿੱਧੂ ਤੇ ਕੈਪਟਨ, ਨਾ ਦਿਲ ਮਿਲੇ, ਨਾ ਹੱਥ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਨਵਜੋਤ ਸਿੱਧੂ ਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਦਰਮਿਆਨ ਦਿਲਾਂ ਦੀ ਦੂਰੀ ਬਣੀ ਰਹੀ ਜਦੋਂਕਿ ਬਾਹਰੋਂ ਸਿਆਸੀ ਵਿੱਥਾਂ ਮਿਟਣ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਗਈ। ਤਾਜਪੋਸ਼ੀ ਸਮਾਗਮ ਜਿਥੇ ਕਾਂਗਰਸ ਪਾਰਟੀ ਦੀ ਅੰਦਰਲੀ ਪਾਟੋਧਾੜ ਨੂੰ ਬਾਹਰੋਂ 'ਸਭ ਅੱਛਾ' ਹੋਣ ਦਾ ਸੰਕੇਤ ਦੇ ਗਏ, ਉਥੇ ਅਮਰਿੰਦਰ ਸਿੰਘ ਤੇ ਨਵਜੋਤ ਸਿੱਧੂ 'ਚ ਅੰਦਰਲੀ ਖਿੱਚੋਤਾਣ ਵੀ ਢਕੀ ਨਹੀਂ ਰਹਿ ਸਕੀ।



ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਿਆਸੀ ਸੂਝ ਦਿਖਾਉਂਦੇ ਹੋਏ ਹਾਈਕਮਾਨ ਸਾਹਮਣੇ ਆਪਣਾ ਪੱਲਾ ਬੋਚ ਲਿਆ ਹੈ। ਸਮਾਗਮਾਂ ਨੂੰ ਸਮੁੱਚਤਾ 'ਚ ਦੇਖੀਏ ਤਾਂ ਨਵਜੋਤ ਸਿੱਧੂ ਸਮਾਰੋਹਾਂ ਵਿਚ ਤਾਂ ਛਾਏ ਰਹੇ ਪਰ ਸਿਆਸੀ ਪੈਂਤੜੇ ਤੇ ਨਜ਼ਾਕਤ ਦੇ ਮਾਮਲੇ 'ਚ ਮਾਰ ਖਾ ਗਏ। ਜਦੋਂ ਘਟਨਾਵਾਂ ਨੂੰ ਤਰਤੀਬ 'ਚ ਦੇਖਦੇ ਹਾਂ ਤਾਂ ਚਾਹ ਪਾਰਟੀ 'ਤੇ ਜਦੋਂ ਨਵਜੋਤ ਸਿੱਧੂ ਪੁੱਜੇ ਤਾਂ ਉਨ੍ਹਾਂ ਮੁੱਖ ਮੰਤਰੀ ਨੂੰ ਦੂਰੋਂ ਦੁਆ ਸਲਾਮ ਕੀਤੀ। ਜਦੋਂ ਅਮਰਿੰਦਰ ਨੇ ਕੋਲ ਆਉਣ ਲਈ ਆਖਿਆ ਤਾਂ ਉਹ ਟਲਦੇ ਨਜ਼ਰ ਆਏ। ਜਦੋਂ ਦੂਸਰੇ ਆਗੂਆਂ ਨੇ ਦਬਾਅ ਪਾਇਆ ਤਾਂ ਉਹ ਅਮਰਿੰਦਰ ਦੇ ਕੋਲ ਆ ਕੇ ਬੈਠ ਗਏ। ਮੁੱਖ ਮੰਤਰੀ ਦੇ ਪੈਰੀਂ ਹੱਥ ਲਾਉਣ ਵਾਲੇ ਨਵਜੋਤ ਸਿੱਧੂ ਅਮਰਿੰਦਰ ਦੇ ਕੋਲ ਬੈਠਣ ਨੂੰ ਤਿਆਰ ਨਹੀਂ ਜਾਪਦੇ ਸਨ। ਮਤਲਬ ਕਿ ਸਿੱਧੂ ਇਸ ਮੌਕੇ ਸਿਆਸੀ ਵਡੱਪਣ ਨਹੀਂ ਦਿਖਾ ਸਕੇ। ਪੰਜਾਬ ਭਵਨ 'ਚ ਚਾਹ ਪਾਰਟੀ ਦੇ ਚੱਲਦਿਆਂ ਹੀ ਨਵਜੋਤ ਸਿੱਧੂ ਇਕੱਲੇ ਹੀ ਕਾਂਗਰਸ ਭਵਨ ਵੱਲ ਰਵਾਨਾ ਹੋ ਗਏ। ਜਦੋਂ ਸੀਨੀਅਰ ਲੀਡਰਸ਼ਿਪ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਸਿੱਧੂ ਵਾਪਸ ਪੰਜਾਬ ਭਵਨ ਬੁਲਾਇਆ। ਸਿਆਸੀ ਹਲਕੇ ਆਖਦੇ ਹਨ ਕਿ ਨਵਜੋਤ ਸਿੱਧੂ ਅਮਰਿੰਦਰ ਦੇ ਕੋਲ ਬੈਠਣ ਨੂੰ ਤਿਆਰ ਨਹੀਂ ਸੀ ਜਿਸ ਵਿਚੋਂ ਪ੍ਰਧਾਨਗੀ ਦੀ ਹੈਂਕੜ ਦਾ ਮੁਢਲਾ ਪਰਛਾਵਾਂ ਦਿਸਿਆ। ਸਿਆਸੀ ਸਟੇਜ 'ਤੇ ਦੋਵੇਂ ਆਗੂ ਇਕੱਠੇ ਬੈਠੇ ਤਾਂ ਨਜ਼ਰ ਆਏ ਪਰ ਨਾ ਉਨ੍ਹਾਂ ਦੇ ਹੱਥ ਮਿਲੇ ਅਤੇ ਨਾ ਹੀ ਦਿਲ। ਅਮਰਿੰਦਰ ਨੇ ਸਟੇਜ ਤੋਂ ਨਵਜੋਤ ਸਿੱਧੂ ਨਾਲ ਗੱਲਬਾਤ ਕਰਨ ਵਿਚ ਥੋੜ੍ਹੀ ਦਿਲਚਸਪੀ ਦਿਖਾਈ।

ਅਮਰਿੰਦਰ ਸਿੰਘ ਨੇ ਆਪਣੇ ਭਾਸ਼ਣ 'ਚ ਵਾਰ-ਵਾਰ ਨਵਜੋਤ ਸਿੱਧੂ ਅਤੇ ਉਸ ਦੇ ਪਰਿਵਾਰ ਦੀ ਪ੍ਰਸ਼ੰਸਾ ਕੀਤੀ ਜਦੋਂ ਕਿ ਨਵਜੋਤ ਸਿੱਧੂ ਨੇ ਮੁੱਖ ਮੰਤਰੀ ਦਾ ਇਕ ਵਾਰ ਵੀ ਨਾਮ ਨਹੀਂ ਲਿਆ। ਇਥੋਂ ਤੱਕ ਕਿ ਭਾਸ਼ਣ ਦੌਰਾਨ ਸਿੱਧੂ ਨੇ ਸੁੱਖੀ ਰੰਧਾਵਾ, ਸੁਖ ਸਰਕਾਰੀਆ, ਸੁਨੀਲ ਜਾਖੜ ਆਦਿ ਦਾ ਨਾਮ ਤਾਂ ਲਿਆ ਪ੍ਰੰਤੂ ਅਮਰਿੰਦਰ ਸਿੰਘ ਦਾ ਨਾਮ ਜ਼ੁਬਾਨ 'ਤੇ ਨਹੀਂ ਲਿਆਂਦਾ। ਅਮਰਿੰਦਰ ਨੇ ਭਾਸ਼ਨ ਵਿਚ ਨਵਜੋਤ ਸਿੱਧੂ ਪ੍ਰਤੀ ਅਪਣੱਤ ਦਿਖਾਈ। ਸਿਆਸੀ ਮਾਹਿਰ ਆਖਦੇ ਹਨ ਕਿ ਨਵਜੋਤ ਸਿੱਧੂ ਨਵੇਂ ਅਹੁਦੇ ਦੀ ਮਰਿਆਦਾ ਰੱਖਣ ਵਿਚ ਖਤਾ ਖਾ ਗਿਆ। ਦੂਸਰੀ ਤਰਫ ਅਮਰਿੰਦਰ ਨੇ ਇਨ੍ਹਾਂ ਸਮਾਰੋਹਾਂ ਵਿਚ ਆ ਕੇ ਜਿਥੇ ਹਾਈਕਮਾਨ ਕੋਲ ਆਪਣੀ ਹਾਜ਼ਰੀ ਲਵਾ ਲਈ, ਉਥੇ ਬਹੁਗਿਣਤੀ ਵਿਧਾਇਕਾਂ ਦੇ ਨਵਜੋਤ ਸਿੱਧੂ ਦੇ ਪਾਲੇ ਵਿਚ ਖੜ੍ਹੇ ਹੋਣ ਕਰਕੇ ਅਮਰਿੰਦਰ ਨੇ ਆਪਣੀ ਸਿਆਸੀ ਭੱਲ ਵੀ ਇਸੇ ਸੂਝ ਨਾਲ ਬਚਾ ਲਈ। ਅਮਰਿੰਦਰ ਏਨਾ ਜਾਣਦੇ ਸਨ ਕਿ ਅਗਰ ਉਹ ਸਮਾਗਮਾਂ 'ਚ ਨਾ ਜਾਂਦੇ ਤਾਂ ਹਾਈਕਮਾਨ ਨੇ ਇਸ ਨੂੰ ਅਨੁਸ਼ਾਸਨਹੀਣਤਾ ਮੰਨਣਾ ਸੀ ਜਿਸ ਦਾ ਨਤੀਜਾ ਕੁਝ ਵੀ ਹੋ ਸਕਦਾ ਸੀ। ਸਭ ਜਾਣੂ ਹਨ ਕਿ ਪੰਜਾਬ ਦੀ ਸਾਢੇ ਚਾਰ ਵਰ੍ਹਿਆਂ ਦੀ ਕਾਰਗੁਜ਼ਾਰੀ 'ਤੇ ਵੱਡੇ ਸੁਆਲ ਖੜ੍ਹੇ ਹਨ ਪਰ ਬਤੌਰ ਪ੍ਰਧਾਨ ਨਵਜੋਤ ਸਿੱਧੂ ਨੇ ਆਪਣੀ ਪਾਰਟੀ ਨੂੰ ਹੀ ਰਗੜੇ ਲਾਏ ਹਨ।

ਇਸੇ ਦੌਰਾਨ ਕਾਂਗਰਸ ਦੇ ਕੌਮੀ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਪਾਰਟੀ ਦੀ ਪੰਜਾਬ ਇਕਾਈ ਦਾ ਕਲੇਸ਼ ਹੁਣ ਮੁੱਕ ਗਿਆ ਹੈ। ਸੰਸਦ ਦੇ ਬਾਹਰ ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ, ''ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਦੀ ਪਾਰਟੀ ਪ੍ਰਧਾਨ ਵਜੋਂ ਤਾਜਪੋਸ਼ੀ ਲਈ ਰੱਖੇ ਸਮਾਗਮ ਵਿਚ ਸ਼ਿਰਕਤ ਕੀਤੀ ਹੈ ਅਤੇ ਤੁਸੀਂ ਦੇਖ ਸਕਦੇ ਹੋ ਕਿ ਵਿਵਾਦ ਹੁਣ ਖਤਮ ਗਿਆ ਹੈ।''

## 'ਤਾਜਪੋਸ਼ੀ' ਦੇ ਜਸ਼ਨਾਂ 'ਚ ਰੋਲੀ ਕਿਸਾਨਾਂ ਦੀ ਅਪੀਲ: ਭਗਵੰਤ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪੰਜਾਬ ਦੇ ਸਾਰੇ ਕਾਂਗਰਸੀ ਸੰਸਦ ਮੈਂਬਰਾਂ ਦੀ ਸੰਸਦ 'ਚੋਂ ਮੁਕੰਮਲ ਗੈਰ-ਹਾਜ਼ਰੀ ਦੀ ਤਿੱਖੀ ਆਲੋਚਨਾ ਕਰਦੇ ਹੋਏ ਕਿਹਾ ਕਿ 'ਤਾਜਪੋਸ਼ੀ' ਦੇ ਜਸ਼ਨਾਂ ਵਿਚ ਕਾਂਗਰਸੀਆਂ ਨੇ ਕਿਸਾਨ ਸੰਗਠਨਾਂ ਦੀ ਅਪੀਲ ਨੂੰ ਰੋਲ ਕੇ ਰੱਖ ਦਿੱਤਾ ਹੈ। ਇਹ ਨਾ ਸਿਰਫ 'ਪੀਪਲਜ਼ ਵ੍ਹਿਪ' ਦੀ ਉਲੰਘਣਾ ਹੈ, ਸਗੋਂ ਦਿੱਲੀ ਦੀਆਂ ਹੱਦਾਂ 'ਤੇ ਕੁਰਬਾਨੀਆਂ ਦੇ ਰਹੇ ਅੰਨਦਾਤਾ ਦੀ ਤੌਹੀਨ ਵੀ ਹੈ। ਸ੍ਰੀ ਮਾਨ ਨੇ ਦੱਸਿਆ ਕਿ ਉਨ੍ਹਾਂ ਸੰਸਦ ਦੇ ਮਾਨਸੂਨ ਇਜਲਾਸ ਦੌਰਾਨ ਲਗਾਤਾਰ ਚੌਥੀ ਵਾਰ 'ਕੰਮ ਰੋਕੂ ਮਤਾ' ਸੰਸਦ ਵਿਚ ਪੇਸ਼ ਕੀਤਾ, ਪਰ ਕੇਂਦਰ ਸਰਕਾਰ ਨੇ ਕੰਮ ਰੋਕੂ ਮਤੇ ਨੂੰ ਰੱਦ ਕਰ ਦਿੱਤਾ ਜੋ ਮੰਦਭਾਗਾ ਹੈ।

## ਸੁਨੀਲ ਜਾਖੜ ਨੇ ਲਾਏ ਅਫਸਰਾਂ ਨੂੰ ਰਗੜੇ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਆਪਣਾ ਦਿਲ ਹੌਲਾ ਕਰਦਿਆਂ ਭਾਵੁਕ ਰੌਂਅ ਵਿਚ ਬੇਬਾਕੀ ਨਾਲ ਗੱਲ ਰੱਖੀ ਜਿਸ ਨੇ ਪੰਡਾਲ 'ਤੇ ਗਹਿਰਾ ਅਸਰ ਛੱਡਿਆ। ਜਾਖੜ ਨੇ ਅਫ਼ਸਰਸ਼ਾਹੀ 'ਤੇ ਜ਼ੋਰਦਾਰ ਹੱਲਾ ਬੋਲਦਿਆਂ ਕਿਹਾ, ''ਅਕਾਲੀਆਂ ਨੂੰ ਰੈੱਡ ਕਾਰਪੈਟ ਨੇ ਮਾਰਿਆ ਅਤੇ ਕਾਂਗਰਸ ਨੂੰ ਨੌਕਰਸ਼ਾਹੀ ਮਾਰ ਗਈ। ਹੁਣ ਜਦੋਂ ਤੱਕ ਵਰਕਰਾਂ ਨੂੰ ਪਤਾ ਨਹੀਂ ਲੱਗੂ ਕਿ ਪੰਜਾਬ ਵਿਚ ਅਫ਼ਸਰਸ਼ਾਹੀ ਦੀ ਨਹੀਂ ਬਲਕਿ ਉਨ੍ਹਾਂ ਦੀ ਆਪਣੀ ਸਰਕਾਰ ਹੈ, ਉਦੋਂ ਤੱਕ ਗੱਲ ਨਹੀਂਓ ਬਣਨੀ।'' ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਫ਼ਸਰਸ਼ਾਹੀ ਨੇ ਬਹੁਤ ਅੜਿੱਕੇ ਖੜ੍ਹੇ ਕੀਤੇ ਹਨ। ਉਨ੍ਹਾਂ ਹਾਈਕਮਾਨ ਨੂੰ ਕਿਹਾ ਕਿ ਜੇਕਰ ਕਾਂਗਰਸ ਨੇ ਮੁੜ ਉੱਠਣਾ ਹੈ ਤਾਂ ਇਸ ਦਾ ਰਸਤਾ ਪੰਜਾਬ ਵਿਚੋਂ ਦੀ ਜਾਂਦਾ ਹੈ ਅਤੇ ਕੋਟਕਪੂਰਾ/ਬਹਿਬਲ ਕਲਾਂ ਦੇ ਮੁੱਦੇ ਹੱਲ ਕਰਕੇ ਕਾਂਗਰਸ ਮੁੜ ਸੱਤਾ 'ਤੇ ਕਾਬਜ਼ ਹੋ ਸਕਦੀ ਹੈ।

## ਸਿਰਸਾ ਖਿਲਾਫ ਲੁਕਆਊਟ ਸਰਕੂਲਰ ਜਾਰੀ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਕਮੇਟੀ ਪ੍ਰਬੰਧ 'ਚ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਲੈ ਕੇ ਕਮੇਟੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਵੱਡਾ ਝਟਕਾ ਲੱਗਾ ਹੈ। ਦਿੱਲੀ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਵਲੋਂ ਸਿਰਸਾ ਖਿਲਾਫ ਲੁਕ ਆਊਟ ਸਰਕੂਲਰ (ਐਲ.ਓ.ਸੀ.) ਜਾਰੀ ਕਰ ਦਿੱਤਾ ਹੈ ਅਤੇ ਹੁਣ ਉਹ ਅਦਾਲਤ ਦੀ ਇਜਾਜ਼ਤ ਤੋਂ ਬਗੈਰ ਦੇਸ਼ 'ਚੋਂ ਬਾਹਰ ਨਹੀਂ ਜਾ ਸਕਣਗੇ।

ਦਰਅਸਲ ਕਮੇਟੀ ਪ੍ਰਬੰਧ 'ਚ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਪਟਿਆਲਾ ਹਾਊਸ ਕੋਰਟ ਨੇ ਦਿੱਲੀ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਨੂੰ 26 ਜੁਲਾਈ ਤੱਕ ਸਬੰਧਤ ਮਾਮਲੇ ਦੀ ਸਟੇਟਸ ਰਿਪੋਰਟ ਦਾਖਲ ਕਰਨ ਦਾ ਆਦੇਸ਼ ਦਿੱਤਾ ਸੀ ਅਤੇ ਆਰਥਿਕ ਅਪਰਾਧ ਸ਼ਾਖਾ ਵੱਲੋਂ ਸਟੇਟਸ ਰਿਪੋਰਟ ਦਾਖਲ ਕਰਦੇ ਹੋਏ ਇਸ ਮਾਮਲੇ 'ਚ ਸਿਰਸਾ ਖਿਲਾਫ ਲੁਕ ਆਊਟ ਸਰਕੂਲਰ ਜਾਰੀ ਕਰਨ ਦੀ ਜਾਣਕਾਰੀ ਦਿੱਤੀ ਹੈ।

ਹਾਲਾਂਕਿ ਇਸ ਮਾਮਲੇ 'ਚ ਸਿਰਸਾ ਵੱਲੋਂ ਸਾਰੇ ਦੋਸ਼ਾਂ ਨੂੰ ਝੂਠੇ ਕਰਾਰ ਦਿੱਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਪਿਛੋਕਤ 'ਚ ਇਸ ਮਾਮਲੇ ਦੇ ਸ਼ਿਕਾਇਤਕਰਤਾ ਨੇ ਮੁਲਜ਼ਮ ਦੇ ਦੇਸ਼ ਛੱਡਣ ਦਾ ਖਦਸ਼ਾ ਜਤਾਇਆ ਸੀ ਤਾਂ 9 ਜੁਲਾਈ ਨੂੰ ਪਿਛਲੀ ਸੁਣਵਾਈ ਦੌਰਾਨ ਅਦਾਲਤ ਵੱਲੋਂ ਆਰਥਿਕ ਅਪਰਾਧ ਸ਼ਾਖਾ ਨੂੰ ਇਸ ਮਾਮਲੇ 'ਚ ਕਾਰਵਾਈ ਕਰਨ ਤੇ 26 ਜੁਲਾਈ ਨੂੰ ਸਟੇਟਸ ਰਿਪੋਰਟ ਦਾਖਲ ਕਰਨ ਦਾ ਹੁਕਮ ਸੁਣਾਇਆ ਸੀ।

## ਕੈਪਟਨ ਤੇ ਸਿੱਧੂ ਦੇ ਸਮਰਥਕਾਂ ਵਿਚਾਲੇ ਪੋਸਟਰ ਜੰਗ

**ਬਟਾਲਾ:** ਸਰਹੱਦੀ ਜ਼ਿਲ੍ਹੇ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਕਾਂਗਰਸ ਕਮੇਟੀ ਦੇ ਨਵ-ਨਿਯੁਕਤ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਮਰਥਕਾਂ ਵਿਚਾਲੇ 'ਹੋਰਡਿੰਗ ਲੜਾਈ' ਸ਼ੁਰੂ ਹੋ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਹੋਰਡਿੰਗ ਲੜਾਈ ਵਰਕਰਾਂ ਤੋਂ ਲੈ ਕੇ ਵਿਧਾਇਕਾਂ ਵਿਚਾਲੇ ਦੇਖਣ ਨੂੰ ਮਿਲ ਰਹੀ ਹੈ। ਜ਼ਿਲ੍ਹੇ ਦੇ ਵਿਧਾਇਕ ਅਤੇ ਮੰਤਰੀ ਆਪੋ-ਆਪਣੇ ਆਗੂ ਦੇ ਵੱਧ ਤੋਂ ਵੱਧ ਹੋਰਡਿੰਗ ਲਗਾ ਰਹੇ ਹਨ।




ਵਿਧਾਇਕ ਬਲਵਿੰਦਰ ਸਿੰਘ ਲਾਡੀ ਦੇ ਹਲਕੇ ਸ੍ਰੀ ਹਰਿਗੋਬਿੰਦਪੁਰ, ਵਿਧਾਇਕ ਫਤਹਿਜੰਗ ਸਿੰਘ ਬਾਜਵਾ ਦੇ ਹਲਕੇ ਕਾਦੀਆਂ ਅਤੇ ਸੰਤੋਖ ਸਿੰਘ ਭਲਾਈਪੁਰ ਦੇ ਹਲਕੇ ਬਾਬਾ ਬਕਾਲਾ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਹੱਕ 'ਚ ਬੋਰਡ ਲਾਏ ਗਏ ਹਨ, ਜਿਨ੍ਹਾਂ 'ਤੇ 'ਸਾਡਾ ਸਾਂਝਾ ਨਾਅਰਾ, ਕੈਪਟਨ ਦੁਬਾਰਾ' ਅਤੇ 'ਕੈਪਟਨ ਫਾਰ 2022' ਦੇ ਨਾਅਰੇ ਲਿਖੇ ਹੋਏ ਹਨ।

ਇਸੇ ਤਰ੍ਹਾਂ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਹਲਕੇ ਫਤਹਿਗੜ੍ਹ ਚੂੜੀਆਂ, ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਹਲਕੇ ਡੇਰਾ ਬਾਬਾ ਨਾਨਕ ਅਤੇ ਪਾਹੜਾ ਦੇ ਹਲਕੇ ਗੁਰਦਾਸਪੁਰ ਵਿਚ ਨਵਜੋਤ ਸਿੱਧੂ ਦੇ ਹੱਕ ਵਿੱਚ ਬੋਰਡ ਲੱਗੇ ਹਨ। ਬਟਾਲਾ ਤੋਂ ਸਾਬਕਾ ਵਿਧਾਇਕ ਅਸ਼ਵਨੀ ਸੇਖੜੀ, ਜੋ ਕੈਪਟਨ ਖੇਮੇ 'ਚ ਹਨ, ਨੇ ਨਵੇਂ ਪ੍ਰਧਾਨ ਸਿੱਧੂ ਸਬੰਧੀ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

# ਨਵਜੋਤ ਸਿੰਘ ਸਿੱਧੂ ਵੱਲੋਂ ਪੰਜਾਬੀਆਂ ਦੇ ਸਭ ਉਲਾਂਭੇ ਲਾਹੁਣ ਦਾ ਵਾਅਦਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਨਵੀਂ ਸਿਆਸੀ ਪਾਰੀ ਦੀ ਸ਼ੁਰੂਆਤ ਕਰਦਿਆਂ ਪੰਜਾਬੀਆਂ ਨਾਲ ਵਾਅਦਾ ਕੀਤਾ ਕਿ ਉਨ੍ਹਾਂ ਦੀ ਪ੍ਰਧਾਨਗੀ ਦਾ ਮਿਸ਼ਨ ਸੂਬੇ ਦੇ ਵੱਡੇ ਮਸਲੇ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਮੁਲਕ ਦੇ ਕਿਸਾਨਾਂ ਵੱਲੋਂ ਦਿੱਲੀ 'ਚ ਕੀਤੇ ਜਾ ਰਹੇ ਸੰਘਰਸ਼ ਨੂੰ ਸਭ ਤੋਂ ਵੱਡਾ ਮਸਲਾ ਕਰਾਰ ਦਿੱਤਾ। ਸਿੱਧੂ ਨੇ ਬੇਅਦਬੀ ਦੇ ਮਾਮਲੇ ਨੂੰ ਵੀ ਜ਼ੋਰ-ਸ਼ੋਰ ਨਾਲ ਚੁੱਕਿਆ।

ਇਥੇ ਕਾਂਗਰਸ ਭਵਨ 'ਚ ਅਹੁਦਾ ਸੰਭਾਲ ਸਮਾਗਮ ਮੌਕੇ ਹੋਏ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਨਵਜੋਤ ਸਿੱਧੂ ਨੇ ਆਪਣੇ ਅੰਦਾਜ਼ 'ਚ ਕਿਹਾ ਕਿ ਉਹ ਪੰਜਾਬ ਦੇ ਕਲਿਆਣ ਲਈ ਸਾਰਿਆਂ ਨੂੰ ਨਾਲ ਲੈ ਕੇ ਚੱਲਣਗੇ। ਸਮਾਗਮ ਦੌਰਾਨ ਕੈਪਟਨ ਦੀ ਹਾਜ਼ਰੀ ਨੇ ਪਾਰਟੀ 'ਚ 'ਸਭ ਅੱਛਾ' ਹੋਣ ਦਾ ਪ੍ਰਭਾਵ ਦਿੱਤਾ। ਅਮਰਿੰਦਰ ਸਿੰਘ ਅਤੇ ਸਿੱਧੂ ਦੇ ਇਕ ਮੰਚ 'ਤੇ ਆਉਣ ਨੂੰ ਪਾਰਟੀ ਲਈ ਸ਼ੁਭ ਸੰਕੇਤ ਦੱਸਿਆ ਜਾ ਰਿਹਾ ਹੈ। ਪਾਰਟੀ ਦੇ ਵੱਡੇ ਚਿਹਰੇ ਇਕੋ ਫਰੇਮ 'ਚ ਦਿਖਾਈ ਦਿੱਤੇ।

ਸਾਰੇ ਆਗੂਆਂ ਨੇ ਅਗਲੀਆਂ ਚੋਣਾਂ ਨੂੰ ਲੈ ਕੇ ਆਪਣੇ ਭਾਸ਼ਣਾਂ 'ਚ ਪੂਰਾ ਤਾਣ ਲਾਇਆ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਾਢੇ ਚਾਰ ਵਰ੍ਹਿਆਂ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਦੀ ਚਰਚਾ ਕੀਤੀ ਤਾਂ ਨਵਜੋਤ ਸਿੱਧੂ ਨੇ ਸੂਬੇ ਦੇ ਮਸਲਿਆਂ ਦਾ ਢੇਰ ਸਟੇਜ 'ਤੇ ਲਾ ਦਿੱਤਾ। ਸਮਾਗਮਾਂ ਵਿਚ ਉਹ ਮੁੱਦੇ ਛਾਏ ਰਹੇ ਜਿਨ੍ਹਾਂ ਨੂੰ ਲੈ ਕੇ ਪੰਜਾਬੀਆਂ ਵੱਲੋਂ ਕੈਪਟਨ ਸਰਕਾਰ 'ਤੇ ਤਨਜ਼ ਕਸੇ ਜਾ ਰਹੇ ਸਨ।

ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਕਿ ਹਾਈਕਮਾਨ ਦੇ ਪੰਜਾਬ ਲਈ 18 ਨੁਕਾਤੀ ਏਜੰਡੇ ਲਈ ਕੰਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਹਰ ਵਰਕਰ ਪ੍ਰਧਾਨ ਬਣ ਗਿਆ ਹੈ ਅਤੇ ਪ੍ਰਧਾਨ ਤੇ ਵਰਕਰ ਵਿਚਲਾ ਫਾਸਲਾ ਮਿਟ ਗਿਆ ਹੈ। ਉਨ੍ਹਾਂ ਕਿਹਾ,''ਇਹ ਮਸਲਾ ਪ੍ਰਧਾਨਗੀ ਦਾ ਨਹੀਂ ਬਲਕਿ ਇਹ ਮਸਲਾ ਗੁਰੂ ਦਾ, ਕਿਸਾਨਾਂ ਦਾ, ਰੁਜ਼ਗਾਰ ਦਾ ਅਤੇ ਇਨਸਾਫ ਦਾ ਹੈ। ਅੱਜ ਪੰਜਾਬ ਦਾ ਕਿਸਾਨ ਦਿੱਲੀ ਬੈਠਾ ਹੈ ਅਤੇ ਪਵਿੱਤਰ ਸੰਘਰਸ਼ ਲੜ ਰਿਹਾ ਹੈ। ਇਸੇ ਸੰਘਰਸ਼ ਨੇ ਏਕੇ ਦਾ ਰਾਹ ਦਿਖਾਇਆ ਹੈ। ਕੇਂਦਰ ਦੇ ਕਾਲੇ ਕਾਨੂੰਨਾਂ ਨੇ ਇਹ ਦਿਨ ਦਿਖਾਏ ਹਨ।'' ਸਿੱਧੂ ਨੇ ਕਿਸਾਨ ਮੋਰਚੇ ਦੇ ਆਗੂਆਂ ਨੂੰ ਸੁਨੇਹਾ ਦਿੱਤਾ ਕਿ ਉਹ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਹਨ ਅਤੇ ਮੁਲਾਕਾਤ ਲਈ ਸਮਾਂ ਵੀ ਮੰਗਿਆ ਹੈ। ਉਨ੍ਹਾਂ ਪੁੱਛਿਆ ਕਿ ਸਰਕਾਰ ਦੀ ਤਾਕਤ ਕਿਸਾਨਾਂ ਦੇ ਕੰਮ ਕਿਵੇਂ ਆ ਸਕਦੀ ਹੈ। ਬੇਅਦਬੀ ਮਾਮਲਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ,''ਇਹ ਮਸਲਾ ਮੇਰੇ ਗੁਰੂ ਦਾ ਹੈ ਅਤੇ ਇਨ੍ਹਾਂ ਮਸਲਿਆਂ ਦਾ ਹੱਲ ਕਰਨ ਦੀਆਂ ਉਮੀਦਾਂ ਦੀ ਇਹ ਪ੍ਰਧਾਨਗੀ ਹੈ।'' ਸਿੱਧੂ ਨੇ ਬਿਜਲੀ ਦੇ ਵਧੇ ਰੇਟਾਂ ਅਤੇ ਬਿਜਲੀ ਸਮਝੌਤਿਆਂ ਦੀ ਗੱਲ ਵੀ ਕੀਤੀ। ਵਿਰੋਧੀਆਂ ਨੂੰ ਆੜੇ ਹੱਥੀਂ ਲੈਂਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸੁਆਲ ਪੁੱਛਦਾ ਹੈ ਕਿ ਮਾਵਾਂ ਦੀਆਂ ਕੁੱਖਾਂ ਉਜਾੜਨ ਵਾਲੇ ਕਿੱਥੇ ਨੇ। 'ਕਿੱਥੇ ਨੇ ਮਗਰਮੱਛ, ਉਨ੍ਹਾਂ ਨੂੰ ਢਾਹੁਣਾ ਪਵੇਗਾ। ਮੁੱਖ ਮੰਤਰੀ ਸਾਹਬ! ਏਹ ਮਸਲੇ ਹੱਲ ਕਰਨੇ ਨੇ।' ਸਿੱਧੂ ਨੇ ਈ.ਟੀ.ਟੀ. ਟੀਚਰਾਂ ਅਤੇ ਡਰਾਈਵਰਾਂ ਦੇ ਮੁੱਦੇ ਵੀ ਛੋਹੇ। ਇਹ ਵਚਨ ਵੀ ਕੀਤਾ ਕਿ ਉਹ ਪੰਜਾਬ ਦੇ ਵਰਕਰਾਂ ਅਤੇ ਲੋਕਾਂ ਨੂੰ ਉਨ੍ਹਾਂ ਦੀ ਤਾਕਤ ਵਾਪਸ ਕਰਨਗੇ।



ਸਿੱਧੂ ਨੇ ਅਸਿੱਧੇ ਤਰੀਕੇ ਨਾਲ ਬਾਦਲ ਤੇ ਮਜੀਠੀਆ ਪਰਿਵਾਰ ਨੂੰ ਵੀ ਨਿਸ਼ਾਨੇ 'ਤੇ ਲਿਆ। ਸਿੱਧੂ ਨੇ ਜੈਕਾਰਿਆਂ ਨਾਲ ਆਪਣਾ ਭਾਸ਼ਨ ਸਮਾਪਤ ਕੀਤਾ। ਨਵਜੋਤ ਸਿੱਧੂ ਨੇ ਆਪਣੇ ਪਿਤਾ ਦੇ ਸਿਆਸੀ ਸਫਰ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਆਪਣੇ ਭਾਸ਼ਣ 'ਚ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਰੋਨਾ ਕਾਲ ਦੌਰਾਨ ਕੀਤੇ ਗਏ ਕੰਮਾਂ ਅਤੇ ਸਿੱਖਿਆ ਦੇ ਖੇਤਰ ਵਿਚ ਮਾਰੀ ਮੱਲ੍ਹ ਨੂੰ ਉਭਾਰਿਆ ਅਤੇ ਇਨ੍ਹਾਂ ਦਾ ਸਿਹਰਾ ਬਲਬੀਰ ਸਿੰਘ ਸਿੱਧੂ, ਓ.ਪੀ. ਸੋਨੀ ਅਤੇ ਵਿਜੈਇੰਦਰ ਸਿੰਗਲਾ ਨੂੰ ਦਿੱਤਾ। ਕੈਪਟਨ ਨੇ ਬੇਅਦਬੀ ਅਤੇ ਬਹਿਬਲ ਕਲਾਂ ਦੇ ਮੁੱਦੇ 'ਤੇ ਕਿਹਾ ਕਿ ਇਹ ਮਾਮਲੇ ਕਾਨੂੰਨ ਨਾਲ ਸਬੰਧਤ ਹਨ ਅਤੇ ਉਨ੍ਹਾਂ ਦੀ ਸਰਕਾਰ ਨੇ ਸੀ.ਬੀ.ਆਈ. ਤੋਂ ਕੇਸ ਵਾਪਸ ਲਿਆ ਜਦੋਂ ਕਿ ਅਕਾਲੀਆਂ ਨੇ ਸੀ.ਬੀ.ਆਈ. ਨੂੰ ਇਹ ਮਾਮਲਾ ਦਿੱਤਾ ਸੀ। ਅਮਰਿੰਦਰ ਨੇ ਕਿਹਾ,''ਲੋਕਾਂ ਨੇ ਬੇਅਦਬੀ ਕਰਨ ਵਾਲਿਆਂ ਨੂੰ ਪਛਾਣ ਲਿਆ ਹੈ। ਅਗਲੀ ਚੋਣ ਵਿਚ ਨਾ ਕਿਧਰੇ ਬਾਦਲ ਦਿਸਣਗੇ ਅਤੇ ਨਾ ਹੀ ਮਜੀਠੀਏ। ਮੈਂ ਤੇ ਸਿੱਧੂ ਹੁਣ ਪੰਜਾਬ 'ਚ ਹੀ ਨਹੀਂ, ਦੇਸ਼ ਦੀ ਸਿਆਸਤ ਵਿਚ ਵੀ ਇਕੱਠੇ ਚੱਲਾਂਗੇ।'' ਉਨ੍ਹਾਂ ਸਿੱਧੂ ਦੇ ਪਿਤਾ ਨਾਲ ਪਰਿਵਾਰਕ ਸਾਂਝ ਨੂੰ ਚੇਤੇ ਕਰਦਿਆਂ ਕਿਹਾ ਕਿ ਨਵਜੋਤ ਦੇ ਪਿਤਾ ਨੇ ਉਨ੍ਹਾਂ ਨੂੰ ਸਿਆਸਤ ਲਈ ਪ੍ਰੇਰਿਆ। ਉਦੋਂ ਨਵਜੋਤ ਛੇ ਕੁ ਵਰ੍ਹਿਆਂ ਦਾ ਸੀ ਜਦੋਂ ਉਹ ਚੀਨ ਦੀ ਸਰਹੱਦ 'ਤੇ ਤਾਇਨਾਤ ਸਨ। ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਬੋਲਣ ਦਾ ਸਮਾਂ ਨਾ ਮਿਲਿਆ। ਮੁੱਖ ਮੰਤਰੀ ਨੇ ਆਪਣੇ ਭਾਸ਼ਣ ਦੌਰਾਨ ਨਵਜੋਤ ਸਿੱਧੂ ਦੀ ਵਾਰ ਵਾਰ ਗੱਲ ਕੀਤੀ ਜਦੋਂ ਕਿ ਨਵਜੋਤ ਸਿੱਧੂ ਨੇ ਆਪਣੇ ਭਾਸ਼ਣ ਵਿਚ ਮੁੱਖ ਮੰਤਰੀ ਦਾ ਨਾਮ ਲੈਣ ਤੋਂ ਗੁਰੇਜ਼ ਕੀਤਾ। ਸਟੇਜ 'ਤੇ ਦੋਵੇਂ ਆਗੂ ਬੇਸ਼ੱਕ ਨਾਲੋਂ ਨਾਲ ਬੈਠੇ ਸਨ ਪ੍ਰੰਤੂ ਉਨ੍ਹਾਂ 'ਚ ਦਿਲਾਂ ਦੀ ਦੂਰੀ ਸਾਫ ਝਲਕ ਰਹੀ ਸੀ।

## 'ਸਿੱਧੂ ਨੇ ਸ੍ਰੀ ਦਰਬਾਰ ਸਾਹਿਬ ਆ ਕੇ ਸ਼ਕਤੀ ਪ੍ਰਦਰਸ਼ਨ ਕੀਤਾ'

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੋਸ਼ ਲਾਇਆ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਬਣਨ ਮਗਰੋਂ ਨਵਜੋਤ ਸਿੰਘ ਸਿੱਧੂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆ ਕੇ ਸ਼ਕਤੀ ਪ੍ਰਦਰਸ਼ਨ ਕੀਤਾ ਹੈ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਸ਼੍ਰੋਮਣੀ ਕਮੇਟੀ ਦੇ ਸੋਸ਼ਲ ਮੀਡੀਆ ਮੰਚ ਤੋਂ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਅਜਿਹਾ ਸ਼ਕਤੀ ਪ੍ਰਦਰਸ਼ਨ ਕਰਨਾ ਸਿੱਖ ਮਰਿਆਦਾ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਇਹ ਕਾਰਕੁਨ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਅਤੇ ਉਸ ਦੇ ਅੰਦਰ ਇਕ ਜਲੂਸ ਦੇ ਰੂਪ ਵਿਚ ਆਏ।

## 'ਨਾਕਾਮੀਆਂ ਢਕਣ ਲਈ ਕਾਂਗਰਸ ਨੇ ਲੀਡਰਸ਼ਿਪ ਬਦਲੀ'

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਕਾਂਗਰਸ ਹਾਈ ਕਮਾਂਡ ਨੇ ਆਪਣੀ ਪੰਜਾਬ ਇਕਾਈ ਵਿਚ ਤਬਦੀਲੀ ਲਿਆ ਕੇ ਪਹਿਲਾਂ ਹੀ ਮੰਨ ਲਿਆ ਹੈ ਕਿ ਇਸ ਦੀ ਸਰਕਾਰ ਪੰਜਾਬੀਆਂ ਲਈ ਫੇਲ੍ਹ ਸਾਬਤ ਹੋਈ ਹੈ ਤੇ ਹੁਣ ਇਹ ਤਬਦੀਲੀਆਂ ਦੀ ਬਦੌਲਤ ਆਪਣੀ ਮਾੜੀ ਕਾਰਗੁਜ਼ਾਰੀ ਨੂੰ ਧੋਣਾ ਚਾਹੁੰਦੀ ਹੈ। ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਦੇ ਵਿਧਾਇਕਾਂ ਨੇ ਪਾਰਟੀ ਹਾਈ ਕਮਾਂਡ ਨੂੰ ਦੱਸਿਆ ਹੈ ਕਿ ਉਹ ਪਿੰਡਾਂ ਵਿਚ ਵੜਨ ਜੋਗੇ ਨਹੀਂ ਰਹੇ ਕਿਉਂਕਿ ਸੂਬੇ ਦੀ ਕਾਂਗਰਸ ਸਰਕਾਰ ਨੇ ਲੋਕਾਂ ਨਾਲ ਕੀਤਾ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ।

# ਪੈਗਾਸਸ ਜਸੂਸੀ ਦੇ ਮਾਮਲੇ ਉਤੇ ਬੁਰੀ ਫਸੀ ਮੋਦੀ ਸਰਕਾਰ

**ਨਵੀਂ ਦਿੱਲੀ:** ਮਾਨਸੂਨ ਸੈਸ਼ਨ ਚਲਾਉਣਾ ਸਰਕਾਰ ਲਈ ਵੱਡੀ ਚੁਣੌਤੀ ਬਣ ਗਿਆ ਹੈ। ਸਿਆਸਤਦਾਨਾਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ ਆਦਿ ਦੀ ਫੋਨਾਂ ਰਾਹੀਂ ਜਾਸੂਸੀ ਦੇ ਮਾਮਲੇ 'ਚ ਮੋਦੀ ਸਰਕਾਰ ਬੁਰੀ ਤਰ੍ਹਾਂ ਘਿਰੀ ਦਿਖਾਈ ਦੇ ਰਹੀ ਹੈ। ਕੇਂਦਰ ਸਰਕਾਰ ਵੱਲੋਂ ਇਸ ਮਾਮਲੇ ਨੂੰ ਦੇਸ਼ ਵਿਰੁੱਧ ਸਾਜ਼ਿਸ਼ ਕਰਾਰ ਦੇਣ ਦੀ ਰਣਨੀਤੀ ਕੰਮ ਕਰਦੀ ਦਿਖਾਈ ਨਹੀਂ ਦੇ ਰਹੀ। ਵਿਰੋਧੀ ਧਿਰਾਂ ਇਸ ਮਸਲੇ 'ਤੇ ਪ੍ਰਧਾਨ ਮੰਤਰੀ ਨੂੰ ਸਦਨ ਵਿਚ ਆਪਣਾ ਸਪੱਸ਼ਟੀਕਰਨ ਦੇਣ ਲਈ ਦਬਾਅ ਬਣਾ ਰਹੀਆਂ ਹਨ।

ਲੋਕ ਸਭਾ ਤੇ ਰਾਜ ਸਭਾ ਵਿਚ ਇਸ ਸਬੰਧੀ ਵਿਰੋਧੀ ਧਿਰਾਂ ਦੇ ਸਵਾਲਾਂ ਦੀ ਬੁਛਾੜ ਹੋਣ ਕਾਰਨ ਸਬੰਧਤ ਕੇਂਦਰੀ ਮੰਤਰੀਆਂ ਨੇ ਆਪਣੇ ਸਪੱਸ਼ਟੀਕਰਨ ਦਿੱਤੇ ਹਨ ਕਿ ਸਰਕਾਰ ਵੱਲੋਂ ਕੋਈ ਅਜਿਹੀ ਜਾਸੂਸੀ ਨਹੀਂ ਕੀਤੀ ਗਈ। ਪਰ ਵਿਰੋਧੀ ਧਿਰਾਂ ਦੇ ਆਗੂ ਇਸ ਦੀ ਸੁਪਰੀਮ ਕੋਰਟ ਰਾਹੀਂ ਜਾਂਚ ਕਰਾਉਣ ਦੀ ਮੰਗ 'ਤੇ ਅੜੇ ਹੋਏ ਹਨ। ਇਸ ਬਾਰੇ ਇਕ ਜਨਹਿਤ ਪਟੀਸ਼ਨ ਵੀ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਗਈ ਹੈ ਜਿਸ ਵਿਚ ਸਰਕਾਰ ਤੋਂ ਉਠੇ ਇਸ ਸਮੁੱਚੇ ਵਿਵਾਦ ਨੂੰ ਸਪੱਸ਼ਟ ਕਰਾਉਣ ਲਈ ਕਿਹਾ ਗਿਆ ਹੈ।

ਸੰਸਦ ਅੰਦਰ ਵਿਰੋਧੀ ਧਿਰ ਵੱਲੋਂ ਲਗਾਤਾਰ ਉਠਾਏ ਜਾ ਰਹੇ ਮੁੱਦੇ ਬਾਰੇ ਕੇਂਦਰੀ ਸੂਚਨਾ ਤੇ ਤਕਨਾਲੋਜੀ ਮੰਤਰੀ ਨੇ ਜਵਾਬ ਤਾਂ ਦਿੱਤਾ ਹੈ ਪਰ ਇਸ ਨਾਲ ਵਿਰੋਧੀ ਧਿਰ ਅਤੇ ਅਵਾਮ ਦੀ ਸੰਤੁਸ਼ਟੀ ਨਹੀਂ ਹੋਈ। ਸੂਚਨਾ ਤਕਨਾਲੋਜੀ ਸਬੰਧੀ ਪਾਰਲੀਮੈਂਟਰੀ ਕਮੇਟੀ ਦੇ ਮੁਖੀ ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਇਹ ਕਹਿ ਕੇ ਸਰਕਾਰ ਦੀ ਮੁਸ਼ਕਲ ਵਧਾ ਦਿੱਤੀ ਹੈ ਕਿ ਸੂਚਨਾ ਤਕਨੀਕ ਨਾਲ ਸਬੰਧਤ ਸੰਸਦੀ ਕਮੇਟੀ, ਗ੍ਰਹਿ ਵਿਭਾਗ ਅਤੇ ਸੂਚਨਾ ਤਕਨਾਲੋਜੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਤੋਂ ਪੈਗਾਸਸ ਬਾਰੇ ਪੁੱਛਗਿੱਛ ਕਰ ਸਕਦੀ ਹੈ।

ਦੂਸਰੇ ਪਾਸੇ ਫਰਾਂਸ ਨੇ ਇਸ ਮਾਮਲੇ ਵਿਚ ਜਾਂਚ ਸ਼ੁਰੂ ਕਰ ਦਿੱਤੀ ਹੈ। ਇਜ਼ਰਾਈਲ ਦੀ ਕੰਪਨੀ ਐਨ.ਐਸ.ਓ. ਜਿਸ ਨੇ ਇਹ ਸਾਫਟਵੇਅਰ ਵੱਖ-ਵੱਖ ਸਰਕਾਰੀ ਏਜੰਸੀਆਂ ਨੂੰ ਮੁਹੱਈਆ ਕਰਵਾਇਆ, ਦਾ ਕਹਿਣਾ ਹੈ ਕਿ ਸਾਫਟਵੇਅਰ ਦੀ ਇਨ੍ਹਾਂ ਏਜੰਸੀਆਂ ਦੁਆਰਾ ਦੁਰਵਰਤੋਂ ਕੀਤੇ ਜਾਣ ਨਾਲ ਉਸ ਦਾ ਕੋਈ ਸਬੰਧ ਨਹੀਂ ਹੈ; ਉਹ ਇਹ ਸਾਫਟਵੇਅਰ ਅਤਿਵਾਦੀਆਂ ਵਿਰੁੱਧ ਵਰਤਣ ਲਈ ਅਧਿਕਾਰਤ ਏਜੰਸੀਆਂ ਨੂੰ ਹੀ ਦਿੰਦੀ ਹੈ।

ਕੌਮਾਂਤਰੀ ਮੀਡੀਆ ਅਤੇ ਦੇਸ਼ ਅੰਦਰ ਕੁਝ ਮੀਡੀਆ ਸੰਸਥਾਵਾਂ ਵਲੋਂ ਪੈਗਾਸਸ ਸਪਾਈਵੇਅਰ ਸਬੰਧੀ ਕੀਤੇ ਗਏ ਖੁਲਾਸੇ ਹੈਰਾਨ ਕਰਨ ਵਾਲੇ ਹਨ। ਕੁਝ ਸਾਲ ਪਹਿਲਾਂ ਇਜ਼ਰਾਈਲ ਦੀ ਇਕ ਕੰਪਨੀ ਨੇ ਇਸ ਜਾਸੂਸੀ ਸਾਫਟਵੇਅਰ ਦੀ ਈਜਾਦ ਕੀਤੀ ਸੀ ਜਿਸ ਨੂੰ ਆਧੁਨਿਕ ਫੋਨਾਂ ਵਿਚ ਗੁਪਤ ਤੌਰ 'ਤੇ ਸਥਾਪਤ ਕਰਕੇ ਫੋਨ ਵਰਤੋਂਕਾਰ ਦੀ ਸਬੰਧਤ ਫੋਨ ਉਤੇ ਹਰ ਤਰ੍ਹਾਂ ਦੀ ਸਰਗਰਮੀ ਦੀ ਸੂਚਨਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਕੰਪਨੀ ਸਿਰਫ ਸਰਕਾਰਾਂ ਨੂੰ ਹੀ ਆਪਣਾ ਇਹ ਸਾਫਟਵੇਅਰ ਵੇਚਦੀ ਹੈ। ਮੁੱਖ ਤੌਰ 'ਤੇ ਇਸ ਦੀ ਈਜਾਦ ਅਤਿਵਾਦੀਆਂ ਦੀਆਂ ਯੋਜਨਾਵਾਂ ਦਾ ਆਗਾਮੀ ਤੌਰ 'ਤੇ ਪਤਾ ਲਾਉਣ ਲਈ ਕੀਤੀ ਗਈ ਸੀ। ਇਕ ਸੂਚਨਾ ਅਨੁਸਾਰ ਅੱਜ ਇਸ ਨੂੰ 45 ਦੇ ਲਗਭਗ ਦੇਸ਼ਾਂ ਵਿਚ ਵਰਤਿਆ ਜਾ ਰਿਹਾ ਹੈ। ਮਿਲੀਆਂ ਰਿਪੋਰਟਾਂ ਅਨੁਸਾਰ ਦੁਨੀਆਂ ਭਰ ਵਿਚ 50,000 ਦੇ ਕਰੀਬ ਲੋਕਾਂ ਦੀ ਇਸ ਖੁਫੀਆ ਸਾਫਟਵੇਅਰ ਰਾਹੀਂ ਜਾਸੂਸੀ ਕੀਤੀ ਗਈ ਹੈ ਜਾਂ ਇਸ ਮਕਸਦ ਲਈ ਉਨ੍ਹਾਂ ਦੇ ਫੋਨ ਨੰਬਰ ਚੁਣੇ ਗਏ ਹਨ। ਇਸੇ ਹੀ ਤਰ੍ਹਾਂ ਭਾਰਤ ਵਿਚ 1000 ਦੇ ਕਰੀਬ ਫੋਨਾਂ ਤੋਂ ਇਸ ਸਾਫਟਵੇਅਰ ਰਾਹੀਂ ਸੂਚਨਾ ਇਕੱਠੀ ਕੀਤੀ ਜਾ ਰਹੀ ਹੈ। ਇਸ ਸਬੰਧੀ ਸਾਹਮਣੇ ਆਏ ਨਾਂਵਾਂ ਵਿਚ ਰਾਹੁਲ ਗਾਂਧੀ ਸਮੇਤ ਕੁਝ ਹੋਰ ਸਿਆਸਤਦਾਨਾਂ ਦੇ, ਦਰਜਨਾਂ ਹੀ ਪੱਤਰਕਾਰਾਂ ਦੇ, ਵਪਾਰੀਆਂ ਦੇ ਅਤੇ ਇਥੋਂ ਤੱਕ ਕਿ ਮੋਦੀ ਸਰਕਾਰ ਦੇ ਕੁਝ ਆਪਣੇ ਮੰਤਰੀਆਂ ਦੇ ਨਾਂ ਵੀ ਸ਼ਾਮਲ ਹਨ। ਇਹ ਖਬਰਾਂ ਸਾਹਮਣੇ ਆਉਣ 'ਤੇ ਵਿਰੋਧੀ ਪਾਰਟੀਆਂ ਲਗਾਤਾਰ ਇਸ ਵਿਰੁੱਧ ਆਵਾਜ਼ ਚੁੱਕ ਰਹੀਆਂ ਹਨ।

ਕਸ਼ਮੀਰ ਵਾਦੀ ਨਾਲ ਸਬੰਧਤ 25 ਤੋਂ ਵੱਧ ਲੋਕਾਂ ਦੇ ਫੋਨ ਨੰਬਰ ਵੀ ਇਜ਼ਰਾਈਲੀ ਕੰਪਨੀ ਐਨ.ਐਸ.ਓ. ਦੇ ਸੌਫਟਵੇਅਰ 'ਪੈਗਾਸਸ' ਨਾਲ ਜਾਸੂਸੀ ਕਰਨ ਲਈ ਚੁਣੇ ਗਏ ਸਨ। ਫੌਰੈਂਸਿਕ ਸਬੂਤ ਦੱਸਦੇ ਹਨ ਕਿ 'ਪੈਗਾਸਸ' ਦੀ ਵਰਤੋਂ ਕਰਕੇ ਕਸ਼ਮੀਰ ਵਿਚ ਫੋਨ ਨੰਬਰਾਂ ਦੀ ਜਾਸੂਸੀ ਕਰਨ ਦੇ ਯਤਨ ਕੀਤੇ ਗਏ ਹਨ। ਦਿੱਲੀ ਅਧਾਰਿਤ ਇਕ ਕਸ਼ਮੀਰੀ ਪੱਤਰਕਾਰ ਤੇ ਇਕ ਉੱਘਾ ਸਮਾਜਿਕ ਕਾਰਕੁਨ ਵੀ ਜਾਸੂਸੀ ਦੇ ਘੇਰੇ ਵਿਚ ਆਇਆ ਹੈ ਜੋ ਕਿ ਜੰਮੂ ਕਸ਼ਮੀਰ ਬਾਰੇ ਸਰਕਾਰੀ ਨੀਤੀ ਦਾ ਆਲੋਚਕ ਰਿਹਾ ਹੈ। 25 ਤੋਂ ਵੱਧ ਨੰਬਰ ਅਜਿਹੇ ਹਨ ਜਿਨ੍ਹਾਂ ਨੂੰ 2017 ਤੋਂ 2019 ਦੇ ਅੰਧ ਤੱਕ 'ਪੈਗਾਸਸ' ਦੇ ਘੇਰੇ ਵਿਚ ਲਿਆਉਣ ਲਈ ਚੁਣਿਆ ਗਿਆ ਸੀ। ਇਨ੍ਹਾਂ ਦੀ ਚੋਣ ਕਿਸੇ ਭਾਰਤੀ ਏਜੰਸੀ ਨੇ ਕੀਤੀ ਸੀ ਜੋ ਕਿ ਐਨ.ਐਸ.ਓ. ਦੀਆਂ ਸੇਵਾਵਾਂ ਲੈਂਦੀ ਹੈ।



### ਜਾਸੂਸੀ ਦੇ ਦੋਸ਼ ਆਧਾਰਹੀਣ: ਨੱਡਾ

**ਪਣਜੀ:** ਭਾਜਪਾ ਪ੍ਰਧਾਨ ਜੇ.ਪੀ. ਨੱਡਾ ਨੇ ਪੈਗਾਸਸ ਰਾਹੀਂ ਜਾਸੂਸੀ ਕਰਾਉਣ ਦੇ ਸਰਕਾਰ 'ਤੇ ਲੱਗੇ ਦੋਸ਼ਾਂ ਨੂੰ ਆਧਾਰਹੀਣ ਕਰਾਰ ਦਿੱਤਾ ਹੈ। ਉਨ੍ਹਾਂ ਵਿਰੋਧੀ ਧਿਰ 'ਤੇ ਵਰ੍ਹਦਿਆਂ ਕਿਹਾ ਕਿ ਉਸ ਕੋਲ ਹੁਣ ਕੋਈ ਮੁੱਦਾ ਨਹੀਂ ਬਚਿਆ ਹੈ ਜਿਸ ਕਾਰਨ ਉਹ ਬੇਤੁਕੇ ਮੁੱਦੇ ਉਠਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵੱਖ-ਵੱਖ ਮੁੱਦਿਆਂ 'ਤੇ ਗੱਲਬਾਤ ਕਰਨ ਲਈ ਰਾਜ਼ੀ ਹੈ ਪਰ ਕਾਂਗਰਸ ਦੀ ਅਗਵਾਈ ਹੇਠ 'ਨਿਰਾਸ਼' ਅਤੇ 'ਮੁੱਦਾ ਰਹਿਤ' ਵਿਰੋਧੀ ਧਿਰ ਸੰਸਦ ਦੀ ਕਾਰਵਾਈ 'ਚ ਅੜਿੱਕੇ ਡਾਹ ਰਹੀ ਹੈ।

### ਚੀਨ ਵੱਲੋਂ ਪੈਗਾਸਸ ਜਾਸੂਸੀ ਸਾਰੇ ਦੇਸ਼ਾਂ ਲਈ ਚੁਣੌਤੀ ਕਰਾਰ

**ਪੇਈਚਿੰਗ:** ਚੀਨ ਨੇ ਸਾਈਬਰ ਨਿਗਰਾਨੀ ਕਵਾਇਦ ਦੀ ਕਰੜੀ ਨਿਖੇਧੀ ਕੀਤੀ ਅਤੇ ਇਸ ਨੂੰ ਸਾਈਬਰ ਸੁਰੱਖਿਆ ਖਤਰੇ ਵਜੋਂ ਸਾਰੇ ਦੇਸ਼ਾਂ ਲਈ ਇਕ ਆਮ ਚੁਣੌਤੀ ਕਰਾਰ ਦਿੱਤਾ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਝਾਓ ਲੀ ਜਿਆਨ ਨੇ ਇਕ ਮੀਡੀਆ ਗਰੁੱਪ ਦੀ ਜਾਂਚ ਰਿਪੋਰਟ 'ਤੇ ਪ੍ਰਤੀਕਿਰਿਆ ਦਿੰਦਿਆਂ ਇਹ ਟਿੱਪਣੀ ਕੀਤੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਜ਼ਰਾਈਲ ਅਧਾਰਤ ਐਨ.ਐਸ.ਓ. ਗਰੁੱਪ ਦੇ ਪੈਗਾਸਸ ਸਾਫਟਵੇਅਰ ਦੀ ਵਰਤੋਂ ਦੁਨੀਆਂ ਭਰ 'ਚ ਪੱਤਰਕਾਰਾਂ, ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਰਾਜਨੀਤਕ ਲੋਕਾਂ ਦੀ ਜਾਸੂਸੀ ਲਈ ਕੀਤੀ ਜਾ ਰਹੀ ਹੈ। ਝਾਓ ਨੇ ਕਿਹਾ, 'ਜੇਕਰ ਇਹ ਸੱਚ ਹੈ, ਤਾਂ ਚੀਨ ਇਸ ਦੀ ਨਿਖੇਧੀ ਕਰਦਾ ਹੈ।'

### ਪੈਗਾਸਸ ਰਾਹੀਂ ਜਾਸੂਸੀ ਦਾ ਅਮਰੀਕਾ ਵੱਲੋਂ ਵਿਰੋਧ

**ਵਾਸ਼ਿੰਗਟਨ:** ਅਮਰੀਕਾ ਨੇ ਕਿਹਾ ਹੈ ਕਿ ਉਹ ਲੋਕ ਜਥੇਬੰਦੀਆਂ, ਸੱਤਾ ਦੇ ਆਲੋਚਕਾਂ ਤੇ ਪੱਤਰਕਾਰਾਂ ਖਿਲਾਫ ਗੈਰਕਾਨੂੰਨੀ ਢੰਗ ਨਾਲ ਜਾਸੂਸੀ ਤਕਨੀਕ ਦੀ ਵਰਤੋਂ ਦੇ ਖਿਲਾਫ ਹੈ। ਹਾਲਾਂਕਿ ਅਮਰੀਕਾ ਨੇ ਅਮਰੀਕਾ ਨੇ ਇਹ ਸਪੱਸ਼ਟ ਕੀਤਾ ਹੈ ਕਿ ਉਸ ਨੂੰ ਭਾਰਤ 'ਚ ਚੱਲ ਰਹੇ ਪੈਗਾਸਸ ਵਿਵਾਦ ਸਬੰਧੀ ਕੋਈ ਖਾਸ ਡੂੰਘੀ ਜਾਣਕਾਰੀ ਨਹੀਂ ਹੈ। ਭਾਰਤ ਸਮੇਤ ਕਈ ਮੁਲਕਾਂ 'ਚ ਨੇਤਾਵਾਂ, ਪੱਤਰਕਾਰਾਂ, ਮਨੁੱਖੀ ਅਧਿਕਾਰ ਕਾਰਕੁਨਾਂ ਤੇ ਹੋਰਨਾਂ ਲੋਕਾਂ ਦੀ ਕਥਿਤ ਜਾਸੂਸੀ ਲਈ ਪੈਗਾਸਸ ਸਾਫਟਵੇਅਰ ਦੀ ਵਰਤੋਂ ਨਾਲ ਨਿੱਜਤਾ ਨਾਲ ਸਬੰਧਤ ਮੁੱਦੇ ਨੂੰ ਲੈ ਕੇ ਚਿੰਤਾ ਵਧੀ ਹੈ। ਇਕ ਕੌਮਾਂਤਰੀ ਮੀਡੀਆ ਗਰੁੱਪ ਅਨੁਸਾਰ ਇਜ਼ਰਾਇਲੀ ਕੰਪਨੀ ਐਨ.ਐਸ.ਓ. ਗਰੁੱਪ ਟੈਕਨਾਲੌਜੀ ਵੱਲੋਂ ਵੱਖ-ਵੱਖ ਸਰਕਾਰਾਂ ਨੂੰ ਵੇਚੇ ਗਏ ਸਪਾਈਵੇਅਰ ਦਾ ਨਿਸ਼ਾਨਾ ਬਣੇ ਲੋਕਾਂ 'ਚ ਨੇਤਾ, ਮਨੁੱਖੀ ਹੱਕਾਂ ਬਾਰੇ ਕਾਰਕੁਨ ਤੇ ਪੱਤਰਕਾਰ ਸ਼ਾਮਲ ਹਨ।

## 1400 ਵ੍ਹੱਟਸਐਪ ਵਰਤੋਂਕਾਰਾਂ ਨੂੰ ਵੀ ਪੈਗਾਸਸ ਰਾਹੀਂ ਨਿਸ਼ਾਨਾ ਬਣਾਇਆ

**ਵਾਸ਼ਿੰਗਟਨ:** ਦੁਨੀਆ ਦੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਨੇ ਐਨ.ਐਸ.ਓ. ਗਰੁੱਪ ਸਪਾਈਵੇਅਰ ਦੀ ਵਰਤੋਂ ਕਰਦਿਆਂ 2019 ਵਿਚ ਸੀਨੀਅਰ ਸਰਕਾਰੀ ਅਧਿਕਾਰੀਆਂ ਸਮੇਤ ਵ੍ਹੱਟਸਐਪ ਦੇ 1400 ਵਰਤੋਂਕਾਰਾਂ ਦੀ ਵੀ ਜਾਸੂਸੀ ਕਰਵਾਈ ਸੀ। ਵ੍ਹੱਟਸਐਪ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਵਿਲ ਕੈਥਕਾਰਟ ਨੇ ਇਹ ਖੁਲਾਸਾ ਕੀਤਾ ਹੈ।

'ਦਿ ਗਾਰਡੀਅਨ' ਦੀ ਰਿਪੋਰਟ ਮੁਤਾਬਕ ਵਿਲ ਕੈਥਕਾਰਟ ਨੇ ਕਿਹਾ ਕਿ ਸਾਲ 2019 ਵਿਚ ਵ੍ਹੱਟਸਐਪ ਵਰਤੋਂਕਾਰਾਂ 'ਤੇ ਹੋਏ ਹਮਲੇ ਪੈਗਾਸਸ ਪ੍ਰੋਜੈਕਟ ਨਾਲ ਮੇਲ ਖਾਂਦੇ ਹਨ ਅਤੇ ਉਨ੍ਹਾਂ ਐਨ.ਐਸ.ਓ. ਖਿਲਾਫ ਕੇਸ ਕੀਤਾ ਹੋਇਆ ਹੈ। ਉਸ ਸਮੇਂ ਕਈ ਅਹਿਮ ਹਸਤੀਆਂ ਦੇ ਵੱਡੇ ਪੱਧਰ 'ਤੇ ਅੰਕੜੇ ਲੀਕ ਹੋਣ ਦੇ ਦੋਸ਼ ਲੱਗੇ ਸਨ ਅਤੇ ਵਾਹਵਾ ਰੌਲਾ ਪਿਆ ਸੀ।

'ਦਿ ਗਾਰਡੀਅਨ' ਨੂੰ ਦਿੱਤੇ ਇੰਟਰਵਿਊ ਵਿਚ ਵਿਲ ਕੈਥਕਾਰਟ ਨੇ ਕਿਹਾ, "ਜਾਸੂਸੀ ਸਬੰਧੀ ਇਹ ਹਮਲੇ ਬਿਲਕੁਲ ਦੋ ਸਾਲ ਪਹਿਲਾਂ ਸਾਡੇ ਵਰਤੋਂਕਾਰਾਂ 'ਤੇ ਡੇਟਾ ਲੀਕ ਨਾਲ ਮੇਲ ਖਾਂਦੇ ਹਨ। ਉਸ ਸਮੇਂ ਅਸੀਂ ਜਾਸੂਸੀ ਖਿਲਾਫ ਆਵਾਜ਼ ਬੁਲੰਦ ਕੀਤੀ ਸੀ। ਇਸ ਬਾਰੇ ਵਿਸਥਾਰ ਸਹਿਤ ਜਾਂਚ ਹੋਣੀ ਚਾਹੀਦੀ ਹੈ।"

### ਰਾਹੁਲ ਗਾਂਧੀ ਨੇ ਮੋਦੀ 'ਤੇ ਲਾਇਆ ਦੇਸ਼ਧ੍ਰੋਹ ਦਾ ਦੋਸ਼

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੈਗਾਸਸ ਸੌਫਟਵੇਅਰ ਦੀ ਵਰਤੋਂ ਦੇਸ਼, ਇਸ ਦੀਆਂ ਸੰਸਥਾਵਾਂ ਅਤੇ ਲੋਕਤੰਤਰ ਖਿਲਾਫ ਕੀਤੀ ਹੈ, ਤੇ 'ਇਸ ਸਭ ਲਈ ਇਕੋ-ਇਕ ਸ਼ਬਦ ਹੈ ਦੇਸ਼ਧ੍ਰੋਹ।' ਉਨ੍ਹਾਂ ਕਿਹਾ ਕਿ ਜਿਹੜਾ ਵੀ ਫੋਨ ਉਨ੍ਹਾਂ ਵਰਤਿਆ, ਉਸ ਦੀ ਜਾਸੂਸੀ ਕੀਤੀ। ਸਾਬਕਾ ਕਾਂਗਰਸ ਪ੍ਰਧਾਨ ਨੇ ਇਸ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕਰਵਾਉਣ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਰਾਹੁਲ ਨੇ ਗ੍ਰਹਿ ਮੰਤਰੀ ਸ਼ਾਹ ਤੋਂ ਅਸਤੀਫਾ ਵੀ ਮੰਗਿਆ।

## ਮਹਾਰਾਸ਼ਟਰ ਵਿਚ ਮੀਂਹ ਨਾਲ ਤਬਾਹੀ; 150 ਤੋਂ ਵੱਧ ਮੌਤਾਂ

**ਮੁੰਬਈ:** ਮਹਾਰਾਸ਼ਟਰ 'ਚ ਭਾਰੀ ਮੀਂਹ ਕਾਰਨ ਵਾਪਰੀਆਂ ਘਟਨਾਵਾਂ, ਹੜ੍ਹਾਂ ਤੇ ਢਿੱਗਾਂ ਖਿਸਕਣ ਕਾਰਨ ਮਰਨ ਵਾਲੇ ਲੋਕਾਂ ਦੀ ਗਿਣਤੀ 150 ਤੋਂ ਪਾਰ ਹੋ ਗਈ ਹੈ ਜਦਕਿ 64 ਲੋਕ ਅਜੇ ਵੀ ਲਾਪਤਾ ਹਨ। ਸਤਾਰਾ ਅਤੇ ਰਾਏਗੜ੍ਹ ਜ਼ਿਲ੍ਹਿਆਂ 'ਚ 36 ਹੋਰ ਲਾਸ਼ਾਂ ਮਿਲੀਆਂ ਹਨ। ਇਨ੍ਹਾਂ ਹਾਦਸਿਆਂ 'ਚ 50 ਦੇ ਕਰੀਬ ਲੋਕ ਜਖਮੀ ਵੀ ਹੋਏ ਹਨ।

ਮੁੱਖ ਮੰਤਰੀ ਊਧਵ ਠਾਕਰੇ ਨੇ ਕੋਂਕਣ ਖੇਤਰ ਦੇ ਰਤਨਾਗਿਰੀ ਜ਼ਿਲ੍ਹੇ ਦੇ ਚਿਪਲੁਨ ਇਲਾਕੇ ਦਾ ਦੌਰਾ ਕਰਕੇ ਹਾਲਾਤ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਦਾ ਕਾਫਲਾ ਕੁਝ ਸਥਾਨਕ ਲੋਕਾਂ ਨੇ ਰੋਕ ਲਿਆ ਤੇ ਉਨ੍ਹਾਂ ਨੂੰ ਮੀਂਹ ਕਾਰਨ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ। ਮੁੱਖ ਮੰਤਰੀ ਨੇ ਸਥਾਨਕ ਵਸਨੀਕਾਂ, ਕਾਰੋਬਾਰੀਆਂ ਤੇ ਦੁਕਾਨਦਾਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਉਨ੍ਹਾਂ ਨੂੰ ਰਾਜ ਸਰਕਾਰ ਵੱਲੋਂ ਹਰ ਸੰਭਵ ਮਦਦ ਮੁਹੱਈਆ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਦੇ ਰਾਹਤ ਕਾਰਜਾਂ ਲਈ ਉਨ੍ਹਾਂ ਨੂੰ ਕੇਂਦਰੀ ਸਹਾਇਤਾ ਦੀ ਲੋੜ ਪਵੇਗੀ। ਉਨ੍ਹਾਂ ਕਿਹਾ ਕਿ ਮੀਂਹ ਕਾਰਨ ਹੋਏ ਨੁਕਸਾਨ ਦੇ ਅੰਕੜੇ ਤਿਆਰ ਕੀਤੇ ਜਾਣਗੇ। ਇਸੇ ਦੌਰਾਨ ਕੇਂਦਰੀ ਐਮ.ਐਸ.ਐਮ.ਈ. ਮੰਤਰੀ ਨਰਾਇਣ ਰਾਣੇ ਨੇ ਰਾਏਗੜ੍ਹ ਦੇ ਤਾਲੀਏ ਪਿੰਡ ਦਾ ਦੌਰਾ ਕੀਤਾ ਜਿਥੇ ਜ਼ਮੀਨ ਖਿਸਕਣ ਦੀ ਘਟਨਾ ਵਾਪਰੀ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਮੀਂਹ ਕਾਰਨ ਹੋਏ ਨੁਕਸਾਨ ਦੀ ਰਿਪੋਰਟ ਤਿਆਰ ਕਰਨ ਲਈ ਕਿਹਾ ਹੈ।

ਉਨ੍ਹਾਂ ਕਿਹਾ ਕਿ ਮੀਂਹ ਕਾਰਨ ਨੁਕਸਾਨੇ ਘਰਾਂ ਦਾ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਮੁੜ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਮੀਂਹ ਤੇ ਹੜ੍ਹ ਪੀੜਤਾਂ ਦੀ ਮਦਦ ਲਈ ਕੇਂਦਰੀ ਸਹਾਇਤਾ ਦਾ ਭਰੋਸਾ ਦਿੱਤਾ। ਮਹਾਰਾਸ਼ਟਰ ਤੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਰਾਜ ਵਿਧਾਨ ਪ੍ਰੀਸ਼ਦ 'ਚ ਵਿਰੋਧੀ ਧਿਰ ਦੇ ਆਗੂ ਪ੍ਰਵੀਨ ਦਾਰੇਕਰ ਉਨ੍ਹਾਂ ਦੇ ਨਾਲ ਸਨ।



### ਹਿਮਾਚਲ ਵਿਚ ਪਹਾੜ ਖਿਸਕਣ ਕਾਰਨ 9 ਮੌਤਾਂ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਦੇ ਕਿੰਨੌਰ ਜ਼ਿਲ੍ਹੇ 'ਚ ਪਹਾੜ ਖਿਸਕਣ ਦੀਆਂ ਵੱਖ-ਵੱਖ ਘਟਨਾਵਾਂ 'ਚ ਨੌਂ ਮੌਤਾਂ ਹੋ ਗਈਆਂ ਤੇ ਤਿੰਨ ਹੋਰ ਜਖਮੀ ਹੋ ਗਏ। ਸਾਂਗਲਾ-ਛਿਤਕੁਲ ਨੇੜੇ ਬਟਸੇਰੀ ਕੋਲ ਪਹਾੜ ਖਿਸਕਣ ਦੀਆਂ ਕਈ ਘਟਨਾਵਾਂ ਵਾਪਰੀਆਂ। ਪੁਲਿਸ ਨੇ ਦੱਸਿਆ ਕਿ ਇਕ ਟੈਂਪੂ 'ਤੇ ਭਾਰੀ ਚੱਟਾਨਾਂ ਡਿੱਗਣ ਕਾਰਨ ਉਸ 'ਚ ਸਵਾਰ 11 ਜਣਿਆਂ 'ਚੋਂ 9 ਦੀ ਮੌਤ ਹੋ ਗਈ ਤੇ ਦੋ ਜਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ 'ਚ ਇਸੇ ਤਰ੍ਹਾਂ ਦੀ ਇਕ ਹੋਰ ਘਟਨਾ 'ਚ ਇਕ ਵਿਅਕਤੀ ਜਖਮੀ ਹੋ ਗਿਆ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਕਿੰਨੌਰ ਹਾਦਸੇ 'ਚ ਹੋਈਆਂ ਮੌਤਾਂ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਜ਼ਾਹਿਰ ਕੀਤੀ ਹੈ।

## ਸਰਕਾਰ ਦੇ ਆਲੋਚਕ ਮੀਡੀਆ ਅਦਾਰਿਆਂ ਉਤੇ ਛਾਪਿਆਂ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਆਮਦਨ ਕਰ ਵਿਭਾਗ ਨੇ ਵੱਡੇ ਮੀਡੀਆ ਘਰਾਣੇ ਦੈਨਿਕ ਭਾਸਕਰ ਦੇ ਕਈ ਸੂਬਿਆਂ 'ਚ ਪੈਂਦੇ ਦਫਤਰਾਂ ਅਤੇ ਉਤਰ ਪ੍ਰਦੇਸ਼ ਆਧਾਰਿਤ ਟੀਵੀ ਚੈਨਲ ਭਾਰਤ ਸਮਾਚਾਰ 'ਤੇ ਟੈਕਸ ਚੋਰੀ ਦੇ ਦੋਸ਼ਾਂ ਹੇਠ ਛਾਪੇ ਮਾਰੇ। ਛਾਪਿਆਂ ਦੀ ਕਈ ਆਗੂਆਂ ਨੇ ਤਿੱਖੀ ਆਲੋਚਨਾ ਕੀਤੀ ਹੈ।

ਉਧਰ, ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਏਜੰਸੀਆਂ ਆਪਣਾ ਕੰਮ ਕਰ ਰਹੀਆਂ ਹਨ ਅਤੇ ਉਨ੍ਹਾਂ ਦੇ ਕੰਮ 'ਚ ਸਰਕਾਰ ਦੀ ਕੋਈ ਦਖਲਅੰਦਾਜ਼ੀ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਆਲੋਚਨਾ ਕਰਨ ਤੋਂ ਪਹਿਲਾਂ ਪੂਰੀ ਜਾਣਕਾਰੀ ਹਾਸਲ ਕਰਨ ਲੈਣੀ ਚਾਹੀਦੀ ਹੈ ਕਿਉਂਕਿ ਕਈ ਵਾਰ ਕੁਝ ਮੁੱਦੇ ਸਚਾਈ ਤੋਂ ਵੀ ਪਰ੍ਹਾਂ ਹੁੰਦੇ ਹਨ। ਕਾਂਗਰਸ ਨੇ ਦੋਸ਼ ਲਾਇਆ ਕਿ ਲੋਕ-ਤੰਤਰ ਦੀ ਆਵਾਜ਼ ਦਬਾਉਣ ਦੇ ਇਰਾਦੇ ਨਾਲ ਇਹ ਛਾਪੇ ਮਾਰੇ ਗਏ ਹਨ। ਜ਼ਿਕਰਯੋਗ ਹੈ ਕਿ ਦੈਨਿਕ ਭਾਸਕਰ ਅਤੇ ਭਾਰਤ ਸਮਾਚਾਰ ਨੇ ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਮੁਸ਼ਕਲ 'ਚ ਘਿਰੇ ਲੋਕਾਂ ਅਤੇ ਸਰਕਾਰਾਂ ਦੀ ਨਾਕਾਮੀ ਬਾਰੇ ਕਈ ਆਲੋਚਨਾਤਮਕ ਖਬਰਾਂ ਛਾਪੀਆਂ ਸਨ।

ਮਲਟੀ-ਮੀਡੀਆ ਦੈਨਿਕ ਭਾਸਕਰ ਗਰੁੱਪ ਦੇ ਭੁਪਾਲ, ਜੈਪੁਰ, ਅਹਿਮਦਾਬਾਦ ਅਤੇ ਨੋਇਡਾ ਸਮੇਤ 30 ਥਾਵਾਂ 'ਤੇ ਛਾਪੇ ਸਵੇਰੇ ਸਾਢੇ ਪੰਜ ਵਜੇ ਦੇ ਕਰੀਬ ਮਾਰੇ ਗਏ ਜੋ ਦੇਰ ਸ਼ਾਮ ਤੱਕ ਜਾਰੀ ਰਹੇ। ਦੈਨਿਕ ਭਾਸਕਰ ਦੀ 12 ਸੂਬਿਆਂ 'ਚ ਮੌਜੂਦਗੀ ਹੈ ਅਤੇ ਇਸ ਦੇ ਅਖਬਾਰ ਦੇ ਨਾਲ ਨਾਲ ਰੇਡੀਓ ਸਟੇਸ਼ਨ, ਵੈੱਬ ਪੋਰਟਲ ਅਤੇ ਮੋਬਾਈਲ ਫੋਨ ਐਪ ਵੀ ਹਨ। ਗਰੁੱਪ ਟੈਕਸਟਾਈਲਜ਼ ਅਤੇ ਮਾਈਨਿੰਗ ਕਾਰੋਬਾਰ ਨਾਲ ਵੀ ਜੁੜਿਆ ਹੋਇਆ ਅਤੇ ਇਕ ਅਧਿਕਾਰੀ ਨੇ ਕਿਹਾ ਕਿ ਆਮਦਨ ਕਰ ਵਿਭਾਗ ਇਨ੍ਹਾਂ ਕਾਰੋਬਾਰ 'ਚ ਹੋਏ ਲੈਣ-ਦੇਣ ਨੂੰ ਵੀ ਘੋਖ ਰਿਹਾ ਹੈ।

ਮੀਡੀਆ ਘਰਾਣਿਆਂ 'ਤੇ ਪਏ ਛਾਪੇ ਦਾ ਮੁੱਦਾ ਰਾਜ ਸਭਾ 'ਚ ਵੀ ਉਠਿਆ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਮੇਤ ਕਈ ਆਗੂਆਂ ਨੇ ਛਾਪਿਆਂ ਦੀ ਨਿਖੇਧੀ ਕੀਤੀ ਹੈ। ਮਮਤਾ ਨੇ ਮੀਡੀਆ ਨੂੰ ਮਜ਼ਬੂਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਇਕਜੁੱਟ ਰਹਿ ਕੇ ਤਾਨਾਸ਼ਾਹੀ ਤਾਕਤਾਂ ਨੂੰ ਅਸਫਲ ਬਣਾਇਆ ਜਾ ਸਕਦਾ ਹੈ। ਕੇਜਰੀਵਾਲ ਨੇ ਕਿਹਾ ਕਿ ਇਹ ਮੀਡੀਆ ਨੂੰ ਡਰਾਉਣ ਦੀ ਕੋਸ਼ਿਸ਼ ਹੈ। ਗਹਿਲੋਤ ਨੇ ਕਿਹਾ ਕਿ ਮੋਦੀ ਸਰਕਾਰ ਆਪਣੀ ਆਲੋਚਨਾ ਸਹਿਣ ਨਹੀਂ ਕਰ ਸਕਦੀ ਹੈ ਅਤੇ ਇਹ ਮੀਡੀਆ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਹੈ। ਮੱਧ ਪ੍ਰਦੇਸ਼ ਕਾਂਗਰਸ ਦੇ ਮੁਖੀ ਕਮਲ ਨਾਥ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲੋਕਤੰਤਰ ਦੇ ਚੌਥੇ ਥੰਮ੍ਹ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### ਐਡੀਟਰਜ਼ ਗਿਲਡ ਛਾਪਿਆਂ ਤੋਂ ਫਿਕਰਮੰਦ

**ਨਵੀਂ ਦਿੱਲੀ:** 'ਦਿ ਐਡੀਟਰਜ਼ ਗਿਲਡ ਆਫ ਇੰਡੀਆ' ਨੇ ਕਿਹਾ ਕਿ ਉਹ ਸਰਕਾਰੀ ਏਜੰਸੀਆਂ ਨੂੰ ਆਜ਼ਾਦ ਤੇ ਖੁਦਮੁਖਤਾਰ ਪੱਤਰਕਾਰੀ ਖਿਲਾਫ 'ਸਖਤੀ ਦੇ ਸੰਦ ਵਜੋਂ ਵਰਤੇ ਜਾਣ' ਤੋਂ ਫਿਕਰਮੰਦ ਹਨ। ਜ਼ਿਕਰਯੋਗ ਹੈ ਕਿ ਆਮਦਨ ਕਰ ਵਿਭਾਗ ਨੇ ਕੁਝ ਵੱਡੇ ਮੀਡੀਆ ਅਦਾਰਿਆਂ ਦੇ ਦਫਤਰਾਂ ਉਤੇ ਛਾਪੇ ਮਾਰੇ ਸਨ। ਗਿਲਡ ਨੇ ਕਿਹਾ ਕਿ ਦੇਸ਼ ਦੀ ਮੋਹਰੀ ਅਖਬਾਰ 'ਦੈਨਿਕ ਭਾਸਕਰ' ਤੇ ਲਖਨਊ ਦੇ ਨਿਊਜ਼ ਚੈਨਲ 'ਭਾਰਤ ਸਮਾਚਾਰ' ਦੇ ਦਫਤਰਾਂ ਉਤੇ ਛਾਪੇ ਫਿਕਰਮੰਦ ਕਰਨ ਵਾਲੇ ਹਨ। ਗਿਲਡ ਨੇ ਕਿਹਾ ਕਿ ਇਹ ਛਾਪੇ 'ਦੈਨਿਕ ਭਾਸਕਰ' ਵੱਲੋਂ ਕੋਵਿਡ ਮਹਾਮਾਰੀ ਬਾਰੇ ਗਹਿਰਾਈ ਨਾਲ ਕੀਤੀ ਗਈ ਰਿਪੋਰਟਿੰਗ ਤੋਂ ਬਾਅਦ ਮਾਰੇ ਗਏ ਹਨ ਤੇ ਇਨ੍ਹਾਂ ਰਿਪੋਰਟਾਂ ਨੇ ਸਰਕਾਰੀ ਤੇ ਪ੍ਰਸ਼ਾਸਕੀ ਪੱਧਰ ਉਤੇ ਵੱਡੀਆਂ ਖਾਮੀਆਂ ਨੂੰ ਸਾਹਮਣੇ ਲਿਆਂਦਾ ਸੀ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਥੇਦਾਰ ਵੱਲੋਂ ਬੇਅਦਬੀ ਤੇ ਧਰਮ ਪਰਿਵਰਤਨ ਨੂੰ ਠੱਲ੍ਹ ਪਾਉਣ ਲਈ ਇੱਕਜੁਟ ਹੋਣ ਦਾ ਸੱਦਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਹੇਠਾਂ ਹਾਲ ਵਿਚ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਬੇਅਦਬੀ ਮਾਮਲੇ ਦੇ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ, ਬੇਅਦਬੀ ਦੀਆਂ ਘਟਨਾਵਾਂ ਰੋਕਣ ਅਤੇ ਧਰਮ ਪਰਿਵਰਤਨ ਨੂੰ ਠੱਲ੍ਹ ਪਾਉਣ ਲਈ ਸਮੁੱਚੇ ਸਿੱਖ ਪੰਥ ਨੂੰ ਇੱਕਜੁਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਬੇਅਦਬੀ ਮਾਮਲਿਆਂ 'ਤੇ ਕਿਸੇ ਵੀ ਤਰ੍ਹਾਂ ਦੀ ਸਿਆਸਤ ਨਾ ਕਰਨ ਦੀ ਅਪੀਲ ਕੀਤੀ।

ਜਥੇਦਾਰ ਨੇ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਕਾਰਨ ਹਰ ਸਿੱਖ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਸਰਕਾਰ ਅਤੇ ਹੋਰ ਸੰਸਥਾਵਾਂ ਨੇ ਇਸ ਸਬੰਧੀ ਜਾਂਚ ਕੀਤੀ, ਮੁਲਜ਼ਮਾਂ ਵੱਲੋਂ ਇਨ੍ਹਾਂ ਘਟਨਾਵਾਂ ਦੀ ਜ਼ਿੰਮੇਵਾਰੀ ਲੈਣ ਦੇ ਬਿਆਨ ਵੀ ਸਾਹਮਣੇ ਆਏ ਪਰ ਮੁਲਜ਼ਮਾਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ ਜਾ ਰਹੀਆਂ। ਉਨ੍ਹਾਂ ਦੱਸਿਆ ਕਿ ਸਾਰੀਆਂ ਸਿੱਖ ਜਥੇਬੰਦੀਆਂ ਨੇ ਭਰੋਸਾ ਦਿੱਤਾ ਹੈ ਕਿ ਉਹ ਭਵਿੱਖ ਵਿਚ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਪਿੰਡ-ਪਿੰਡ ਤੇ ਘਰ-ਘਰ ਜਾ ਕੇ ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ ਕਰਨਗੇ। ਉਨ੍ਹਾਂ ਕਿਹਾ ਕਿ ਸਿੱਖ ਧਰਮ ਸਭ ਤੋਂ ਲਚਕੀਲਾ ਧਰਮ ਸੀ ਪਰ ਅੱਜ ਇਸ ਦੀਆਂ ਭਾਵਨਾਵਾਂ ਨੂੰ ਖਤਮ ਕਰ ਦਿੱਤਾ ਗਿਆ ਹੈ, ਜਿਸ ਕਾਰਨ ਅੱਜ ਕੋਈ ਵੀ ਸਿੱਖ ਆਪਣੇ ਘਰ ਵਿਚ ਪਾਵਨ ਸਰੂਪ ਰੱਖਣ ਤੋਂ ਵੀ ਡਰਦਾ ਹੈ। ਪੁਰਾਤਨ ਪ੍ਰਚਾਰ ਦੀ ਮਰਿਆਦਾ ਨੂੰ ਬਦਲ ਦਿੱਤਾ ਗਿਆ ਹੈ, ਇਸੇ ਕਰਕੇ ਅੱਜ ਧਰਮ ਤਬਦੀਲੀ ਦੀ ਸਮੱਸਿਆ ਪੇਸ਼ ਆ ਰਹੀ ਹੈ।

ਇਸ ਮੌਕੇ ਬੇਅਦਬੀ ਮਾਮਲੇ ਦੀ ਜਾਂਚ ਕਰਨ ਵਾਲੇ ਪੰਜਾਬ ਪੁਲਿਸ ਦੇ ਸਾਬਕਾ ਆਈ.ਜੀ. ਰਣਬੀਰ ਸਿੰਘ ਖਟੜਾ ਨੇ ਵੀ ਜਾਂਚ ਬਾਰੇ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਦਰਜ ਇਕ ਐਫ.ਆਈ.ਆਰ. ਵਿਚ ਡੇਰਾ ਸਿਰਸਾ ਦੇ ਮੁਖੀ ਦਾ ਨਾਂ ਵੀ ਸ਼ਾਮਲ ਹੈ। ਇਸ ਮਾਮਲੇ ਵਿਚ ਗ੍ਰਿਫਤਾਰ ਕੀਤੇ ਰਵਿੰਦਰ ਸਿੰਘ ਆਦਿ ਕੋਲੋਂ ਪਾਵਨ ਸਰੂਪ ਦੇ ਅੰਗ ਬਰਾਮਦ ਕੀਤੇ ਗਏ ਸਨ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸਿੱਖ ਜਥੇਬੰਦੀਆਂ ਨੂੰ ਆਖਿਆ ਕਿ ਉਹ ਸੁਚੇਤ ਹੋਣ ਅਤੇ ਪੰਥ ਦੋਖੀਆਂ ਦੀ ਸ਼ਨਾਖਤ ਕਰਨ।

# ਕੈਪਟਨ ਨੇ ਕਿਸਾਨੀ ਮਸਲਿਆਂ ਬਾਰੇ ਇਕਦਮ ਫੜੀ ਸਰਗਰਮੀ

**ਚੰਡੀਗੜ੍ਹ:** ਪੰਜਾਬ 'ਚ ਐਕਸਪ੍ਰੈੱਸਵੇਅ ਲਈ ਐਕੁਆਇਰ ਜ਼ਮੀਨ ਦੀ ਮੁਆਵਜ਼ਾ ਰਾਸ਼ੀ ਦੇ ਮਾਮਲੇ ਨੂੰ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੇਂਦਰੀ ਸੜਕੀ ਆਵਾਜਾਈ ਅਤੇ ਮਾਰਗ ਮੰਤਰੀ ਨਿਤਿਨ ਗਡਕਰੀ ਨੂੰ ਮਿਲਣਗੇ। ਹਜ਼ਾਰਾਂ ਕਿਸਾਨ ਕਾਫੀ ਅਰਸੇ ਤੋਂ ਪੰਜਾਬ ਵਿਚ ਲਗਾਤਾਰ ਇਸ ਮਾਮਲੇ 'ਤੇ ਸੰਘਰਸ਼ ਕਰਦੇ ਆ ਰਹੇ ਹਨ ਪਰ ਕਾਫੀ ਸਮੇਂ ਮਗਰੋਂ ਮੁੱਖ ਮੰਤਰੀ ਨੇ ਇਨ੍ਹਾਂ ਕਿਸਾਨਾਂ ਨੂੰ ਮੁਲਾਕਾਤ ਦਾ ਸਮਾਂ ਦਿੱਤਾ ਹੈ। ਮੀਟਿੰਗ 'ਚ ਕਿਸਾਨਾਂ ਨੇ ਮੁਆਵਜ਼ਾ ਰਾਸ਼ੀ ਨਿਗੂਣੀ ਹੋਣ ਦਾ ਮੁੱਦਾ ਉਠਾਇਆ ਅਤੇ ਧੱਕੇ ਨਾਲ ਜ਼ਮੀਨ ਐਕੁਆਇਰ ਕਰਨ ਦੀ ਗੱਲ ਵੀ ਰੱਖੀ।

ਮੁੱਖ ਮੰਤਰੀ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਹ ਕੇਂਦਰੀ ਮੰਤਰੀ ਨੂੰ ਮਿਲ ਕੇ ਕੌਮੀ ਹਾਈਵੇਅ ਅਥਾਰਿਟੀ ਆਫ ਇੰਡੀਆ ਵੱਲੋਂ 'ਭਾਰਤਮਾਲਾ' ਪ੍ਰੋਜੈਕਟ ਤਹਿਤ ਐਕੁਆਇਰ ਕੀਤੀ ਜਾਣ ਵਾਲੀ ਜ਼ਮੀਨ ਲਈ ਮੁਆਵਜ਼ੇ ਦੀ ਰਾਸ਼ੀ ਮੁੜ ਵਿਚਾਰਨ ਦੀ ਮੰਗ ਉਠਾਉਣਗੇ। ਚੇਤੇ ਰਹੇ, ਜ਼ਿਲ੍ਹਾ ਮਾਲ ਅਫਸਰਾਂ ਵੱਲੋਂ ਤੈਅ ਕੀਤੀ ਘੱਟ ਮੁਆਵਜ਼ਾ ਰਾਸ਼ੀ ਨੂੰ ਕਿਸਾਨ ਰੱਦ ਕਰ ਚੁੱਕੇ ਹਨ।

ਮੁੱਖ ਮੰਤਰੀ ਨੇ ਪ੍ਰਭਾਵਿਤ ਕਿਸਾਨਾਂ ਦੀ ਰੋਡ ਕਿਸਾਨ ਸੰਘਰਸ਼ ਕਮੇਟੀ ਨਾਲ ਇਥੇ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਵਿੱਤ ਕਮਿਸ਼ਨਰ ਮਾਲ ਨੂੰ ਕਿਸਾਨਾਂ ਦੀ ਇੱਛਾ ਦੇ ਉਲਟ ਉਨ੍ਹਾਂ ਦੇ ਖਾਤਿਆਂ 'ਚ ਮੁਆਵਜ਼ਾ ਰਾਸ਼ੀ ਨਾ ਪਾਉਣ ਲਈ ਤੁਰਤ ਵਿਸਥਾਰਤ ਹਦਾਇਤਾਂ ਜਾਰੀ ਕਰਨ ਲਈ ਆਖਿਆ। ਉਨ੍ਹਾਂ ਡੀ.ਜੀ.ਪੀ. ਨੂੰ ਕਿਸਾਨਾਂ ਦੀ ਜ਼ਮੀਨ ਧੱਕੇ ਨਾਲ ਕਬਜ਼ੇ 'ਚ ਨਾ ਲੈਣ ਨੂੰ ਵੀ ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ ਹਨ। ਪੰਜਾਬ ਦੇ 15 ਜ਼ਿਲ੍ਹਿਆਂ 'ਚ 25,000 ਹੈਕਟੇਅਰ ਜ਼ਮੀਨ ਐਕੁਆਇਰ ਕੀਤੇ ਜਾਣ ਨੂੰ ਲੈ ਕੇ ਕਿਸਾਨਾਂ 'ਚ ਤੌਖਲੇ ਹਨ ਕਿਉਂਕਿ ਇਸ ਪ੍ਰੋਜੈਕਟ ਤਹਿਤ ਜ਼ਮੀਨ ਐਕੁਆਇਰ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ ਜਿਸ ਤਹਿਤ ਕਈ ਐਕਸਪ੍ਰੈੱਸਵੇਅ ਸ਼ਾਮਲ ਹੋਣੇ ਹਨ। ਇਨ੍ਹਾਂ ਵਿਚ ਦਿੱਲੀ-ਜੰਮੂ-ਕੱਟੜਾ, ਯਮੁਨਾਨਗਰ-ਅੰਮ੍ਰਿਤਸਰ, ਲੁਧਿਆਣਾ-ਰੋਪੜ-ਬਠਿੰਡਾ-ਡਬਵਾਲੀ ਤੋਂ ਇਲਾਵਾ ਜਲੰਧਰ ਤੇ ਲੁਧਿਆਣਾ ਬਾਈਪਾਸ ਸ਼ਾਮਲ ਹਨ।

# ਕਿਸਾਨ ਅੰਦੋਲਨ ਇਕ ਪੜਾਅ ਹੋਰ ਅੱਗੇ ਵਧਿਆ

*(ਸਫਾ ਇਕ ਦੀ ਬਾਕੀ)*

ਸਰਹੱਦ 'ਤੇ ਜਾਣਗੇ ਤੇ 15 ਅਗਸਤ ਨੂੰ ਝੰਡਾ ਲਹਿਰਾਇਆ ਜਾਵੇਗਾ।

ਜਥੇਬੰਦੀਆਂ ਦੇ ਇਹ ਐਲਾਨ 2022 ਦੀਆਂ ਚੋਣਾਂ ਤੋਂ ਪਹਿਲਾਂ ਸਰਕਾਰ ਦੀ ਚੁਫੇਰਿਉਂ ਘੇਰੇਬੰਦੀ ਦੀ ਰਣਨੀਤੀ ਦਾ ਹਿੱਸਾ ਹਨ। ਕਿਸਾਨ ਜਥੇਬੰਦੀਆਂ ਹੁਣ ਇਹ ਮੰਨ ਕੇ ਚੱਲਣ ਲੱਗੀਆਂ ਹਨ ਕਿ ਸਿਆਸੀ ਸੇਕੇ ਬਿਨਾ ਮੋਦੀ ਸਰਕਾਰ ਦੀ ਜਾਗ ਖੁੱਲ੍ਹਣ ਵਾਲੀ ਨਹੀਂ ਹੈ। 26 ਜਨਵਰੀ ਨੂੰ ਹੋਈ ਹਿੰਸਾ ਦੇ 6 ਮਹੀਨੇ ਬਾਅਦ ਕਿਸਾਨ ਪਹਿਲੀ ਵਾਰ 'ਕਿਸਾਨ ਸੰਸਦ' ਲਈ ਦਿੱਲੀ ਵਿਚ ਦਾਖਲ ਹੋਏ ਹਨ।

ਭਾਰਤ ਵਿਚ ਇਹ ਪਹਿਲੀ ਵਾਰ ਹੈ ਕਿ ਕੋਈ ਲੋਕ ਸੰਸਦ ਲੋਕ ਹਿੱਤ ਦੇ ਮਾਮਲਿਆਂ ਨੂੰ ਇਸ ਤਰ੍ਹਾਂ ਉਭਾਰ ਰਹੀ ਹੈ। ਇਹ ਆਪਣੇ ਆਪ ਵਿਚ ਖੇਤੀ ਕਾਨੂੰਨ ਦੇ ਵਿਰੁੱਧ ਰੋਸ ਪ੍ਰਗਟਾਵਾ ਵੀ ਹੈ ਤੇ ਵੱਡੇ ਪੱਧਰ 'ਤੇ ਸੰਵਾਦ ਲਈ ਸੱਦਾ ਵੀ। ਕਿਸਾਨ ਸੰਸਦ ਨੇ ਤਿੰਨ ਸਪੀਕਰ ਅਤੇ ਤਿੰਨ ਡਿਪਟੀ ਸਪੀਕਰ ਬਣਾਏ ਹਨ। ਕਿਸਾਨ ਆਗੂਆਂ ਨੇ ਐਲਾਨ ਕੀਤਾ ਹੈ ਕਿ ਜਦ ਤੱਕ ਸੰਸਦ ਚੱਲੇਗੀ, ਤਦ ਤੱਕ ਕਿਸਾਨ ਜੰਤਰ ਮੰਤਰ ਵਿਚ ਕਿਸਾਨ ਸੰਸਦ ਚਲਾਉਣਗੇ।

ਸੰਸਦ ਦੇ ਇਜਲਾਸ 'ਤੇ ਕਿਸਾਨ ਅੰਦੋਲਨ ਤੇ ਕਿਸਾਨ ਸੰਸਦ ਦਾ ਪ੍ਰਭਾਵ ਦਿਖਾਈ ਦੇ ਰਿਹਾ ਹੈ। ਕਈ ਵਿਰੋਧੀ ਪਾਰਟੀਆਂ ਨੇ ਖੇਤੀ ਕਾਨੂੰਨਾਂ ਸਬੰਧੀ ਕੰਮ ਰੋਕੂ ਪ੍ਰਸਤਾਵ ਪੇਸ਼ ਕੀਤੇ ਹਨ। ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ ਤੇ ਹੋਰ ਪਾਰਟੀਆਂ ਦੀ ਲੋਕ ਸਭਾ ਤੇ ਰਾਜ ਸਭਾ ਵਿਚ ਨੁਮਾਇੰਦੇ ਸੰਸਦ ਦੇ ਬਾਹਰ ਕਿਸਾਨਾਂ ਦੇ ਹੱਕ ਵਿਚ ਪੋਸਟਰ ਲੈ ਕੇ ਖੜ੍ਹੇ ਹਨ। ਕਿਸਾਨ ਅੰਦੋਲਨ ਨੇ ਕੇਂਦਰੀ ਸਰਕਾਰ ਨੂੰ ਚੁਣੌਤੀ ਦੇ ਕੇ ਕੁਝ ਲੋਕਾਂ ਦੇ ਇਸ ਵਿਚਾਰ ਕਿ ਸਰਕਾਰ ਦੇ ਫੈਸਲੇ ਅੰਤਿਮ ਹਨ ਅਤੇ ਉਨ੍ਹਾਂ 'ਤੇ ਸਵਾਲ ਨਹੀਂ ਉਠਾਏ ਜਾ ਸਕਦੇ, ਨੂੰ ਗਲਤ ਸਿੱਧ ਕਰ ਦਿੱਤਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਖੇਤੀ ਕਾਨੂੰਨਾਂ ਬਾਰੇ ਮੋਦੀ ਸਰਕਾਰ ਦੀ ਅੜੀ ਦਾ ਸਭ ਤੋਂ ਵੱਡਾ ਕਾਰਨ ਹੀ ਇਹ ਹੈ ਕਿ ਉਹ ਆਪਣੇ ਪੈਰ ਪਿੱਛੇ ਖਿੱਚ ਕੇ ਪ੍ਰਭਾਵ ਨਹੀਂ ਦੇਣਾ ਚਾਹੁੰਦੀ ਕਿ ਕੋਈ ਇਸ ਦੇ 'ਅਟੱਲ ਫੈਸਲਿਆਂ' ਨੂੰ ਚੁਣੌਤੀ ਦੇ ਸਕਦਾ ਹੈ।

ਅਸਲ ਵਿਚ, ਮੋਦੀ ਸਰਕਾਰ ਹੁਣ ਤੱਕ ਨੋਟਬੰਦੀ, ਜੀ.ਐਸ.ਟੀ., ਧਾਰਾ 370 ਅਤੇ ਨਾਗਰਿਕਤਾ ਸੋਧ ਕਾਨੂੰਨ ਵਰਗੇ ਫੈਸਲਿਆਂ ਖਿਲਾਫ ਉਠੀ ਆਵਾਜ਼ ਨੂੰ ਸਫਲਤਾ ਨਾਲ ਦਬਾ ਕੇ ਇਹ ਪ੍ਰਭਾਵ ਦਿੰਦੀ ਰਹੀ ਹੈ ਕਿ ਉਸ ਨੇ ਜੋ ਕੀਤਾ, ਉਸ ਉਤੇ ਕਿੰਤੂ-ਪਰੰਤੂ ਦੀ ਕੋਈ ਗੁੰਜਾਇਸ਼ ਹੀ ਨਹੀਂ। ਹੁਣ ਕਿਸਾਨ ਅੰਦੋਲਨ ਨਾਲ ਮੋਦੀ ਸਰਕਾਰ ਦਾ ਇਹ ਭਰਮ ਤੋੜਨ ਵੱਲ ਵਧ ਰਿਹਾ ਹੈ।

ਦੱਸ ਦਈਏ ਕਿ ਦਿੱਲੀ ਦੀਆਂ ਬਰੂਹਾਂ ਉਤੇ ਕਿਸਾਨ ਅੰਦੋਲਨ ਦੇ ਅੱਠ ਮਹੀਨੇ ਪੂਰੇ ਹੋ ਚੁੱਕੇ ਹਨ। ਇਸ ਸਮੇਂ ਦੌਰਾਨ ਸਰਦੀ, ਬਰਸਾਤ, ਗਰਮੀ, ਪੁਲਿਸ ਦੀਆਂ ਰੋਕਾਂ, ਬਿਜਲੀ-ਪਾਣੀ ਉਤੇ ਕੱਟ ਸਮੇਤ ਤਮਾਮ ਮੁਸ਼ਕਿਲਾਂ ਦੇ ਬਾਵਜੂਦ ਅੰਦੋਲਨਕਾਰੀ ਸਬਰ ਦੀ ਪਰਖ ਲਈ ਦ੍ਰਿੜ੍ਹ ਹਨ। 26 ਨਵੰਬਰ ਨੂੰ 'ਦਿੱਲੀ ਚੱਲੋ' ਦੇ ਸੱਦੇ ਤਹਿਤ ਪੁਲਿਸ ਦੇ ਅੱਥਰੂ ਗੈਸ ਦੇ ਗੋਲੇ, ਪਾਣੀ ਦੀਆਂ ਬੁਛਾੜਾਂ ਤੇ ਸੜਕਾਂ ਉਤੇ ਪੁੱਟੀਆਂ ਖਾਈਆਂ ਦੀ ਪ੍ਰਵਾਹ ਨਾ ਕਰਦਿਆਂ ਕਿਸਾਨਾਂ ਦੇ ਜਥੇ ਦਿੱਲੀ ਤੱਕ ਪਹੁੰਚ ਗਏ ਸਨ। ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦ ਦੀ ਗਰੰਟੀ ਦਾ ਕਾਨੂੰਨ ਬਣਾਉਣ ਉਤੇ ਬਣੀ ਸਹਿਮਤੀ ਵਾਲੇ ਪੰਜਾਬ ਤੋਂ ਸ਼ੁਰੂ ਹੋਏ ਇਸ ਅੰਦੋਲਨ ਦਾ ਦਾਇਰਾ ਦੇਸ਼-ਵਿਦੇਸ਼ ਤੱਕ ਫੈਲ ਗਿਆ। ਅੰਦੋਲਨ ਵੱਲੋਂ ਭਾਈਚਾਰਕ ਸਾਂਝ ਵਧਾਉਣ, ਔਰਤਾਂ ਨੂੰ ਮੈਦਾਨ ਵਿਚ ਆਉਣ ਲਈ ਉਤਸ਼ਾਹਿਤ ਕਰਨ ਅਤੇ ਸ਼ਾਂਤਮਈ ਤਾਸੀਰ ਰੱਖਣ ਵਰਗੇ ਗੁਣਾਂ ਕਰਕੇ ਸਰਕਾਰ ਦੇ ਹਰ ਨਾਂਹ-ਪੱਖੀ ਪ੍ਰਾਪੇਗੰਡੇ ਦਾ ਸਫਲਤਾ ਨਾਲ ਜਵਾਬ ਦਿੱਤਾ।

ਕਿਸਾਨ ਅੰਦੋਲਨ ਨੇ ਫੈਡਰਲਿਜ਼ਮ ਦੇ ਮੁੱਦੇ ਨੂੰ ਬਾਖੂਬੀ ਉਭਾਰਿਆ ਹੈ। ਸਰਕਾਰ ਨਾਲ ਗੱਲਬਾਤ ਦੌਰਾਨ ਆਗੂਆਂ ਨੇ ਇਹ ਦਲੀਲ ਜ਼ੋਰਦਾਰ ਤਰੀਕੇ ਨਾਲ ਰੱਖੀ ਕਿ ਖੇਤੀ ਰਾਜਾਂ ਦਾ ਵਿਸ਼ਾ ਹੋਣ ਦੇ ਬਾਵਜੂਦ ਤਿੰਨ ਕਾਨੂੰਨ ਬਣਾ ਕੇ ਕੇਂਦਰ ਨੇ ਗੈਰ-ਸੰਵਿਧਾਨਕ ਕੰਮ ਕੀਤਾ ਹੈ। ਇਸ ਅੰਦੋਲਨ ਨੇ ਕਾਰਪੋਰੇਟ ਵਿਕਾਸ ਮਾਡਲ ਨੂੰ ਚੁਣੌਤੀ ਦਿੰਦਿਆਂ ਬਦਲਵੇਂ ਵਿਕਾਸ ਮਾਡਲ ਦੀ ਤਲਾਸ਼ ਦੀ ਚੇਤਨਾ ਪੈਦਾ ਕਰਨ ਵਿਚ ਭੂਮਿਕਾ ਨਿਭਾਈ ਹੈ। ਇਸੇ ਕਰਕੇ ਦੁਨੀਆਂ ਦੇ ਵੱਡੇ ਚਿੰਤਕ ਵੀ ਕਿਸਾਨ ਅੰਦੋਲਨ ਨੂੰ ਭਵਿੱਖ ਦੀ ਉਮੀਦ ਵਜੋਂ ਦੇਖ ਰਹੇ ਹਨ।

# 'ਆਪ' ਵੱਲੋਂ ਪੰਜਾਬ 'ਚ ਕਿਸੇ ਵੀ ਧਿਰ ਨਾਲ ਗੱਠਜੋੜ ਤੋਂ ਕੋਰੀ ਨਾਂਹ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ 2022 ਸਬੰਧੀ ਆਮ ਆਦਮੀ ਪਾਰਟੀ ਦੇ ਹੋਰਨਾਂ ਰਾਜਸੀ ਪਾਰਟੀਆਂ ਨਾਲ ਗੱਠਜੋੜ ਦੀ ਉੱਠ ਰਹੀਆਂ ਅਫਵਾਹਾਂ ਬਾਰੇ ਪੰਜਾਬ ਦੇ ਸਹਿ-ਇੰਚਾਰਜ ਅਤੇ ਕੌਮੀ ਬੁਲਾਰੇ ਰਾਘਵ ਚੱਢਾ ਅਤੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਸਾਫ ਕੀਤਾ ਕਿ ਪਾਰਟੀ ਵਿਧਾਨ ਸਭਾ ਚੋਣਾਂ ਇਕੱਲਿਆਂ ਲੜੇਗੀ। ਸਾਰੇ 117 ਵਿਧਾਨ ਸਭਾ ਹਲਕਿਆਂ 'ਚ ਆਪਣੇ ਉਮੀਦਵਾਰ ਉਤਾਰੇਗੀ ਅਤੇ ਆਪਣੇ ਬਲਬੂਤੇ 'ਤੇ ਸਰਕਾਰ ਬਣਾਵੇਗੀ। ਉਨ੍ਹਾਂ ਕਿਹਾ ਕਿ ਦੂਜੀਆਂ ਪਾਰਟੀਆਂ ਦੇ ਚੰਗੇ ਲੋਕਾਂ ਦਾ ਆਮ ਆਦਮੀ ਪਾਰਟੀ ਹਮੇਸ਼ਾ ਸਵਾਗਤ ਕਰਦੀ ਹੈ।

ਸ੍ਰੀ ਮਾਨ ਨੇ ਕਿਹਾ ਸੂਬੇ ਦੇ ਲੋਕ ਬਾਦਲਾਂ ਦੇ ਮਾਫੀਆ ਰਾਜ ਤੋਂ ਦੁਖੀ ਹੋ ਗਏ ਸਨ, ਹੁਣ ਕਾਂਗਰਸ ਦੀ ਮਾਫੀਆ ਸਰਕਾਰ ਤੋਂ ਹੋਰ ਵੀ ਅੱਕੇ ਪਏ ਹਨ, ਇਸ ਲਈ ਜਨਤਾ ਆਮ ਆਦਮੀ ਪਾਰਟੀ ਨੂੰ ਉਮੀਦ ਵਜੋਂ ਦੇਖ ਰਹੀ ਹੈ ਅਤੇ ਇਕ ਵਾਰ ਸਰਕਾਰ ਦੀ ਜ਼ਿੰਮੇਵਾਰੀ ਸੌਂਪਣ ਦਾ ਪੂਰਾ ਮਨ ਬਣਾ ਚੁੱਕੀ ਹੈ। ਉਨ੍ਹਾਂ ਕਿਹਾ ਕਿ 'ਆਪ' ਖੇਤੀ ਵਿਰੋਧੀ ਕਾਨੂੰਨਾਂ ਦਾ ਸੜਕ ਤੋਂ ਸੰਸਦ ਅਤੇ ਵਿਧਾਨ ਸਭਾ ਤੱਕ ਪੂਰੀ ਤਰ੍ਹਾਂ ਵਿਰੋਧ ਕਰ ਰਹੀ ਹੈ। 'ਆਪ' ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਇਕ ਹੋਰ ਬਿਜਲੀ ਸੋਧ ਬਿੱਲ-2021 ਲਿਆ ਕੇ ਰਾਜਾਂ ਦੇ ਅਧਿਕਾਰਾਂ 'ਤੇ ਡਾਕਾ ਅਤੇ ਕਿਸਾਨਾਂ ਸਮੇਤ ਹੋਰ ਵਰਗਾਂ ਨੂੰ ਮਿਲਦੀ ਬਿਜਲੀ ਸਬਸਿਡੀ ਖੋਹਣ ਜਾ ਰਹੀ ਹੈ। 'ਆਪ' ਵੱਲੋਂ ਇਸ ਦਾ ਵੀ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ।

# ਪੈਗਾਸਸ ਕਾਂਡ ਦੀ ਸੁਤੰਤਰ ਜਾਂਚ ਲਈ ਉਘੇ ਪੱਤਰਕਾਰ ਸੁਪਰੀਮ ਕੋਰਟ ਪੁੱਜੇ

**ਨਵੀਂ ਦਿੱਲੀ:** ਉਘੇ ਪੱਤਰਕਾਰਾਂ ਐੱਨ. ਰਾਮ ਅਤੇ ਸ਼ਸ਼ੀ ਕੁਮਾਰ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ ਜਿਸ ਵਿਚ ਅਪੀਲ ਕੀਤੀ ਗਈ ਹੈ ਕਿ ਇਜ਼ਰਾਈਲ ਦੇ ਸਪਾਈਵੇਅਰ ਪੈਗਾਸਸ ਦੀ ਵਰਤੋਂ ਕਰਕੇ ਸਰਕਾਰੀ ਏਜੰਸੀਆਂ ਵੱਲੋਂ ਦੇਸ਼ ਦੇ ਉਘੇ ਨਾਗਰਿਕਾਂ, ਸਿਆਸਤਦਾਨਾਂ ਅਤੇ ਪੱਤਰਕਾਰਾਂ ਦੀ ਜਾਸੂਸੀ ਕਰਨ ਦੀਆਂ ਰਿਪੋਰਟਾਂ ਦੀ ਸੁਤੰਤਰ ਜਾਂਚ ਕਿਸੇ ਮੌਜੂਦਾ ਜਾਂ ਸੇਵਾਮੁਕਤ ਜੱਜ ਤੋਂ ਕਰਵਾਈ ਜਾਵੇ। ਇਹ ਪਟੀਸ਼ਨ ਅਗਲੇ ਦਿਨਾਂ ਵਿਚ ਸੁਣਵਾਈ ਲਈ ਆਉਣ ਦੀ ਸੰਭਾਵਨਾ ਹੈ।

ਉਧਰ, ਪੈਗਾਸਸ ਜਾਸੂਸੀ ਕਾਂਡ ਦੇ ਮੁੱਦੇ 'ਤੇ ਕੇਂਦਰ ਨੂੰ ਘੇਰਨ ਵਾਲੀ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸਿਆਸਤਦਾਨਾਂ, ਅਧਿਕਾਰੀਆਂ ਅਤੇ ਪੱਤਰਕਾਰਾਂ ਦੀ ਜਾਸੂਸੀ ਦੀ ਜਾਂਚ ਲਈ ਦੋ ਮੈਂਬਰੀ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਹੈ। ਕਲਕੱਤਾ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਜਯੋਤਿਰਮਯ ਭੱਟਾਚਾਰੀਆ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਮਦਨ ਭੀਮਰਾਓ ਲੋਕੁਰ ਕਮਿਸ਼ਨ ਦੇ ਦੋ ਮੈਂਬਰ ਹੋਣਗੇ। ਮਮਤਾ ਨੇ ਕਿਹਾ, "ਕੈਬਨਿਟ ਨੇ ਪੱਛਮੀ ਬੰਗਾਲ 'ਚ ਵੱਖ ਵੱਖ ਵਿਅਕਤੀਆਂ ਦੇ ਮੋਬਾਈਲ ਫੋਨਾਂ ਦੀ ਜਾਸੂਸੀ ਦੇ ਮਾਮਲੇ ਦੀ ਜਾਂਚ ਕਮਿਸ਼ਨ ਐਕਟ, 1952 ਦੀ ਧਾਰਾ 3 ਤਹਿਤ ਮਿਲੀ ਤਾਕਤ ਦੀ ਵਰਤੋਂ ਕਰਦਿਆਂ ਜਾਂਚ ਕਮਿਸ਼ਨ ਦੀ ਨਿਯੁਕਤੀ ਨੂੰ ਪ੍ਰਵਾਨਗੀ ਦਿੱਤੀ ਹੈ।"

# ਪ੍ਰਧਾਨਗੀ ਮਿਲਣ ਪਿੱਛੋਂ ਸਿੱਧੂ ਨੇ ...

*(ਸਫਾ ਇਕ ਦੀ ਬਾਕੀ)*

ਵਾਅਦਿਆਂ ਤੋਂ ਭੱਜਣ ਦੇ ਮਾਮਲੇ ਉਤੇ ਚੁਫੇਰਿਉਂ ਘਿਰੀ ਹੋਈ ਹੈ। ਕਾਂਗਰਸੀ ਵਿਧਾਇਕ ਨਵਜੋਤ ਸਿੱਧੂ ਹਮੇਸ਼ਾ ਸਰਕਾਰ ਦੀਆਂ ਨਕਾਮੀਆਂ ਉਤੇ ਸਵਾਲ ਚੁੱਕਦੇ ਹਨ। ਹੁਣ ਚੋਣਾਂ ਤੋਂ ਪਹਿਲਾਂ ਸੱਤਾ ਦੇ ਬਚੇ 6-7 ਮਹੀਨਿਆਂ ਵਿਚ ਕਾਂਗਰਸ ਸਰਕਾਰ ਲੋਕਾਂ ਦੇ ਸਾਰੇ ਉਲਾਂਭੇ ਲਾਹੁਣ ਦੀਆਂ ਕੋਸ਼ਿਸ਼ਾਂ ਵਿਚ ਹੈ।

# ਮਨੁੱਖੀ ਅਧਿਕਾਰਾਂ ਦੇ ਕਾਰਕੁਨ ਰੌਬਰਟ ਮੌਜਿਜ ਨਹੀਂ ਰਹੇ

**ਹਾਲੀਵੁੱਡ (ਸੰਯੁਕਤ ਰਾਸ਼ਟਰ):** 1960ਵਿਆਂ ਵਿਚ ਅਮਰੀਕਾ ਦੇ ਦੱਖਣ ਵਿਚ ਸਿਆਹਫਾਮ ਲੋਕਾਂ ਲਈ ਵੋਟਰ ਰਜਿਸਟਰੇਸ਼ਨ ਦੇ ਅਧਿਕਾਰਾਂ ਸਬੰਧੀ ਵਿੱਢੇ ਸੰਘਰਸ਼ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਰੌਬਰਟ ਪੈਰਿਸ ਮੌਜਿਜ ਦਾ 86 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਬੌਬ ਦੇ ਨਾਮ ਨਾਲ ਜਾਣੇ ਜਾਂਦੇ ਰੌਬਰਟ ਮੌਜਿਜ ਨੇ ਮਨੁੱਖੀ ਅਧਿਕਾਰਾਂ ਸਬੰਧੀ ਵਿੱਢੀ ਲਹਿਰ ਦੌਰਾਨ ਵਿਦਿਆਰਥੀ ਅਹਿੰਸਾ ਤਾਲਮੇਲ ਕਮੇਟੀ ਲਈ ਮਿਸੀਸਿੱਪੀ ਦੇ ਫੀਲਡ ਡਾਇਰੈਕਟਰ ਵਜੋਂ ਸੇਵਾ ਨਿਭਾਉਂਦੇ ਹੋਏ ਭੇਦ-ਭਾਵ ਨੂੰ ਖਤਮ ਕਰਨ ਲਈ ਅਹਿਮ ਯੋਗਦਾਨ ਪਾਇਆ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਸੁਖਬੀਰ ਵੱਲੋਂ 2024 ਦੀਆਂ ਚੋਣਾਂ ਤੋਂ ਪਹਿਲਾਂ ਖੇਤਰੀ ਪਾਰਟੀਆਂ ਨੂੰ ਕੌਮੀ ਮੋਰਚਾ ਬਣਾਉਣ ਦਾ ਸੱਦਾ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਟੱਕਰ ਦੇਣ ਲਈ ਖੇਤਰੀ ਪਾਰਟੀਆਂ ਨੂੰ ਇਕ ਮੰਚ ਉਤੇ ਆਉਣਾ ਚਾਹੀਦਾ ਹੈ ਅਤੇ ਰਾਸ਼ਟਰੀ ਮੋਰਚਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਨੇ ਜੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੀ ਭਾਜਪਾ ਨਾਲ ਕਹਾਣੀ ਖਤਮ ਹੋ ਗਈ ਹੈ।



ਇਸ ਗੱਲ ਉਤੇ ਜੋਰ ਦਿੰਦਿਆਂ ਕਿ ਕਿਸਾਨਾਂ ਦੇ ਮੁੱਦੇ ਸ਼੍ਰੋਮਣੀ ਅਕਾਲੀ ਦਲ ਦੀ ਵਿਚਾਰਧਾਰਾ ਦਾ ਮੂਲ ਹਨ, ਸੁਖਬੀਰ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਨ੍ਹਾਂ 'ਤੇ ਕਦੇ ਸਮਝੌਤਾ ਨਹੀਂ ਕਰੇਗੀ ਅਤੇ ਇਸੇ ਲਈ 3 ਵਿਵਾਦਿਤ ਖੇਤੀ ਕਾਨੂੰਨਾਂ ਉਤੇ ਭਾਜਪਾ ਨਾਲ ਦਹਾਕਿਆਂ ਪੁਰਾਣਾ ਗੱਠਜੋੜ ਤੋੜ ਦਿੱਤਾ ਅਤੇ ਕੇਂਦਰ ਦੀ ਸਰਕਾਰ ਤੋਂ ਬਾਹਰ ਆ ਗਏ। ਸੁਖਬੀਰ ਸਿੰਘ ਬਾਦਲ ਨੇ ਇਕ ਇੰਟਰਵਿਊ ਦੌਰਾਨ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਦੀ ਪਾਰਟੀ ਹੈ ਅਤੇ ਉਨ੍ਹਾਂ ਦੇ ਮੁੱਦੇ ਸਾਡੀ ਵਿਚਾਰਧਾਰਾ ਦੇ ਮੂਲ 'ਚ ਹਨ। ਉਨ੍ਹਾਂ ਕਿਹਾ ਕਿ ਕੁਝ ਵੀ ਹੋਵੇ, ਸਾਨੂੰ ਕੋਈ ਵੀ ਕੀਮਤ ਚੁਕਾਉਣੀ ਪਵੇ, ਅਸੀਂ ਪੰਜਾਬ 'ਚ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਨਹੀਂ ਹੋਣ ਦਿਆਂਗੇ।

ਕੇਂਦਰ ਦੇ ਇਨ੍ਹਾਂ ਤਿੰਨਾਂ ਕਾਨੂੰਨਾਂ ਦਾ ਕਿਸਾਨਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਸਤੰਬਰ 'ਚ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ ਖੇਤੀ ਬਿੱਲਾਂ ਦੇ ਵਿਰੋਧ 'ਚ ਕੇਂਦਰ ਵਿਚੋਂ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਮਾਇਆਵਤੀ ਦੀ ਅਗਵਾਈ ਵਾਲੀ ਬਹੁਜਨ ਸਮਾਜ ਪਾਰਟੀ ਨਾਲ ਨਵੇਂ ਗੱਠਜੋੜ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਦੋਵੇਂ ਪਾਰਟੀਆਂ 'ਚ ਗੱਠਜੋੜ ਸਥਾਈ ਹੈ ਅਤੇ ਭਾਜਪਾ ਨਾਲ ਅਕਾਲੀ ਦਲ ਦੀ ਕਹਾਣੀ ਖਤਮ ਹੋ ਗਈ ਹੈ। ਪਾਰਟੀ ਦੀ ਭਵਿੱਖ ਦੀ ਰਣਨੀਤੀ ਬਾਰੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਖ-ਵੱਖ ਖੇਤਰੀ ਪਾਰਟੀਆਂ ਨਾਲ ਗੱਲ ਕਰ ਰਿਹਾ ਹੈ ਤਾਂ ਜੋ ਉਹ ਸਾਰੀਆਂ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਇਕ ਮੰਚ ਉਤੇ ਇਕੱਠੀਆਂ ਹੋ ਸਕਣ। ਉਨ੍ਹਾਂ ਕਿਹਾ ਕਿ ਖੇਤਰੀ ਪਾਰਟੀਆਂ ਦੇ ਇਕੱਠਿਆਂ ਹੋਣ ਦੀ ਜਰੂਰਤ ਹੈ। ਖੇਤਰੀ ਪਾਰਟੀਆਂ ਜਮੀਨ ਨਾਲ ਜਿਆਦਾ ਜੁੜੀਆਂ ਹੋਈਆਂ ਹਨ ਅਤੇ ਲੋਕਾਂ ਦੀ ਬਿਹਤਰ ਸਮਝ ਰੱਖਦੀਆਂ ਹਨ। ਉਨ੍ਹਾਂ ਕਿਹਾ ਕਿ ਖੇਤਰੀ ਪਾਰਟੀਆਂ ਨੂੰ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਇਕੱਠੀਆਂ ਹੋ ਕੇ ਇਕ ਮੋਰਚਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ 2024 ਤੋਂ ਪਹਿਲਾਂ ਇਹ ਮੋਰਚਾ ਇਕ ਮਜ਼ਬੂਤ ਤਾਕਤ ਵਜੋਂ ਉੱਭਰੇਗਾ। ਸੁਖਬੀਰ ਨੇ ਅੱਗੇ ਕਿਹਾ ਕਿ ਇਹ ਤੀਜੇ ਮੋਰਚੇ ਦੀ ਬਜਾਏ ਦੂਜਾ ਮੋਰਚਾ ਹੋਵੇਗਾ ਕਿਉਂਕਿ ਪ੍ਰਮੁੱਖ ਵਿਰੋਧੀ ਧਿਰ ਕਾਂਗਰਸ ਹੁਣ ਸਰਬ ਭਾਰਤੀ ਪਾਰਟੀ ਨਹੀਂ ਰਹੀ। ਉਨ੍ਹਾਂ ਕਿਹਾ ਕਿ ਭਾਜਪਾ ਨਵੇਂ ਫਰੰਟ ਦਾ ਮੁੱਖ ਨਿਸ਼ਾਨਾ ਹੋਵੇਗੀ। ਸੁਖਬੀਰ ਨੇ ਕਿਹਾ ਕਿ ਆ ਰਹੀਆਂ ਵਿਧਾਨ ਸਭਾ ਚੋਣਾਂ 'ਚ ਖੇਤੀ ਕਾਨੂੰਨ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਮੁੱਦਾ ਹੋਣਗੇ ਤੇ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ 'ਚ ਆਉਂਦੀ ਹੈ ਤਾਂ ਉਹ ਕਾਨੂੰਨਾਂ ਦੇ ਵਿਰੋਧ 'ਚ ਜਾਰੀ ਅੰਦੋਲਨ ਦੌਰਾਨ ਜਾਨ ਗੁਆਉਣ ਵਾਲੇ ਸਾਰੇ ਕਿਸਾਨਾਂ ਦੇ ਪਰਿਵਾਰ ਮੈਂਬਰ ਨੂੰ ਸਰਕਾਰੀ ਨੌਕਰੀ ਦੇਵੇਗੀ ਤੇ ਮਰਨ ਵਾਲੇ ਕਿਸਾਨਾਂ ਦੇ ਬੱਚਿਆਂ ਨੂੰ ਮੁਫਤ ਸਿੱਖਿਆ ਮੁਹੱਈਆ ਕਰਵਾਏਗੀ ਤੇ ਮਰਨ ਵਾਲੇ ਨੌਜਵਾਨਾਂ ਦੇ ਮਾਪਿਆਂ ਨੂੰ ਪੈਨਸ਼ਨ ਦਿੱਤੀ ਜਾਵੇਗੀ।


## ਏਅਰ ਇੰਡੀਆ ਲਈ 15 ਸਤੰਬਰ ਤੱਕ ਲੱਗੇਗੀ ਬੋਲੀ

**ਨਵੀਂ ਦਿੱਲੀ:** ਕੇਂਦਰ ਰਾਜ ਸ਼ਹਿਰੀ ਹਵਾਬਾਜ਼ੀ ਮੰਤਰੀ ਵੀਕੇ ਸਿੰਘ ਨੇ ਦੱਸਿਆ ਕਿ ਏਅਰ ਇੰਡੀਆ ਦੀ ਬੋਲੀ ਲਾਉਣ 'ਚ ਦਿਲਚਸਪੀ ਰੱਖਣ ਵਾਲੀਆਂ ਇਕਾਈਆਂ ਵੱਲੋਂ 15 ਸਤੰਬਰ ਤੱਕ ਵਿੱਤੀ ਬੋਲੀਆਂ ਭੇਜੀਆਂ ਜਾ ਸਕਦੀਆਂ ਹਨ। ਉਨ੍ਹਾਂ ਲੋਕ ਸਭਾ 'ਚ ਇਕ ਸਵਾਲ ਦਾ ਜਵਾਬ ਦਿੰਦਿਆਂ ਇਹ ਜਾਣਕਾਰੀ ਦਿੱਤੀ। ਕੇਂਦਰ ਸਰਕਾਰ ਨੇ 27 ਜਨਵਰੀ 2020 ਨੂੰ ਏਅਰ ਇੰਡੀਆ ਲਈ ਦਿਲਚਸਪੀ ਰੱਖਣ ਵਾਲੀਆਂ ਇਕਾਈਆਂ ਨੂੰ ਸੱਦਾ ਦਿੱਤਾ ਸੀ। ਕਰੋਨਾ ਮਹਾਮਾਰੀ ਕਾਰਨ ਕਈ ਵਾਰ ਇਸ ਦੀ ਸਮਾਂ ਸੀਮਾ ਵਧਾਈ ਗਈ ਤੇ ਬਾਅਦ ਵਿਚ ਇਹ ਸਮਾਂ ਸੀਮਾ 14 ਦਸੰਬਰ 2020 ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਲੈਣ-ਦੇਣ ਸਲਾਹਕਾਰ ਨੂੰ ਕਈ ਇਕਾਈਆਂ ਤੋਂ ਪੱਤਰ ਮਿਲੇ ਸਨ। 30 ਮਾਰਚ 2021 ਨੂੰ ਹਿੱਸੇਦਾਰੀ ਖਰੀਦ ਸਮਝੌਤੇ (ਐਸ.ਪੀ.ਏ.) ਦਾ ਖਰੜਾ ਤੇ ਤਜਵੀਜ਼ ਲਈ ਅਰਜ਼ੀ (ਆਰ.ਪੀ.ਐਫ.) ਬੋਲੀ 'ਚ ਹਿੱਸਾ ਲੈਣ ਲਈ ਖਾਹਿਸ਼ਮੰਦ ਇਕਾਈਆਂ ਨਾਲ ਸਾਂਝੀ ਕੀਤੀ ਗਈ ਸੀ ਤਾਂ ਜੋ ਉਹ ਇਨ੍ਹਾਂ ਮੁਤਾਬਕ ਆਪਣੀਆਂ ਵਿੱਤੀ ਬੋਲੀਆਂ ਸੌਂਪ ਸਕਣ।


Sistar Mortgage

Minimizing Cost, Maximizing Investment

www.SistarMortgage.com



Balbir (Bill) Grewal, Loan Officer (NMLS 353442)

*Residential & Commercial Loans*

(734) 330-8859 Mobile

(586) 802-7385 Fax

Balbir.Grewal@SistarMortgage.com

*Loans Available In Most States!*

*Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



A & I Transport Inc.

123 E Lee Rd, Watsonville, CA Ph: 831-763-7805

ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ


ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ


*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

• Class A Driver. • Clean driving record • Ability to pass DOT drug test.

*We offer the following benefits of employment*

• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.

*Signing bonus subject to terms and conditions.*

For More Information Call (24 hours) Armando or Vicente, Ph: (831) 763-7805

# ਗੁਰਦੁਆਰਾ ਪੈਲਾਟਾਈਨ: 'ਕਮਿਊਨਿਟੀ ਫੇਅਰ' ਇਕ ਸਾਰਥਕ ਉਪਰਾਲਾ

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਵਲੋਂ ਪਿਛਲੇ ਦਿਨੀਂ ਇਕ 'ਕਮਿਊਨਿਟੀ ਫੇਅਰ' ਕਰਵਾਇਆ ਗਿਆ, ਜਿਸ ਵਿਚ ਗੁਰਦੁਆਰਾ ਲਾਇਬ੍ਰੇਰੀ, ਗੁਰਮਤਿ ਸਕੂਲ, ਬੋਰਡ ਮੈਂਬਰ, ਯੂਥ ਤੇ ਸੰਗਤ ਦੇ 150 ਵਾਲੰਟੀਅਰਾਂ ਤੇ 400 ਦੇ ਕਰੀਬ ਮਹਿਮਾਨਾਂ ਨੇ ਸ਼ਿਰਕਤ ਕੀਤੀ। ਇਸ ਵਿਚ 20 ਸਿਖਿਆ ਦੇ ਸਟੇਸ਼ਨ ਅਤੇ 4 ਖਾਣੇ ਤੇ



ਖਿਡੌਣਿਆਂ ਦੇ ਬੂਥ ਸਨ, ਜਿਸ ਵਿਚ ਬੱਚਿਆਂ ਨੇ ਸਿੱਖ ਇਤਿਹਾਸ, ਪੰਜਾਬੀ ਵਿਚ ਗਿਣਤੀ, ਪੰਜਾਬੀ ਵਿਚ ਰੰਗਾਂ ਦੇ ਨਾਂ, ਪੇਂਟਿੰਗ, ਗਤਕਾ, ਆਰਟ ਤੇ ਕਰਾਫਟ ਅਤੇ ਤੀਰ-ਅੰਦਾਜ਼ੀ ਦੇ ਗੁਰ ਸਿੱਖੇ। ਆਏ ਮਹਿਮਾਨਾਂ ਨੂੰ ਸਿੱਖ ਵਿਰਸੇ ਅਤੇ ਪਰੰਪਰਾਵਾਂ ਸਬੰਧੀ ਜਾਣਕਾਰੀ ਦਿੱਤੀ ਗਈ। ਬਹੁਰੰਗੀ ਗਿਆਨ ਦੀ ਖੁਸ਼ਬੂ ਬਿਖੇਰਦੇ ਇਸ ਕਮਿਊਨਿਟੀ ਫੇਅਰ ਦੀ ਹਰ ਕਿਸੇ ਨੇ ਭਰਵੀਂ




ਪ੍ਰਸ਼ੰਸਾ ਕੀਤੀ।

ਇਹ ਅਲੌਕਿਕ ਸਮਾਗਮ ਕਰਨ ਦਾ ਵਿਚਾਰ ਲਾਇਬ੍ਰੇਰੀ ਤੇ ਗੁਰਮਤਿ ਸਕੂਲ ਦੇ ਐਜੂਕੇਸ਼ਨ ਇੰਚਾਰਜ ਦੇ ਮਨ ਵਿਚ ਆਇਆ, ਜਿਨ੍ਹਾਂ ਨੇ ਇਸ ਦਾ ਬਲਿਊ ਪ੍ਰਿੰਟ ਤਿਆਰ ਕੀਤਾ ਤੇ ਆਪਣਾ ਵਿਚਾਰ ਬਾਕੀਆਂ ਨਾਲ ਸਾਂਝਾ ਕੀਤਾ। ਸਭਨਾਂ ਵਲੋਂ ਇਸ ਉਪਰਾਲੇ ਨੂੰ ਭਰਪੂਰ ਹੁੰਗਾਰਾ ਤੇ ਸਹਿਯੋਗ ਮਿਲਿਆ। ਗੁਰਦੁਆਰੇ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਏ ਇਸ ਪ੍ਰੋਗਰਾਮ ਨੂੰ ਲਾਇਬ੍ਰੇਰੀ ਤੇ ਗੁਰਮਤਿ ਸਕੂਲ ਦੇ ਐਜੂਕੇਸ਼ਨ ਇੰਚਾਰਜ ਨੇ ਨਾ ਸਿਰਫ ਪ੍ਰਵਾਨ ਚੜ੍ਹਾਇਆ, ਸਗੋਂ ਸੰਗਤ ਦੇ ਮਨਾਂ ਵਿਚ ਸਾਰਥਿਕ ਪ੍ਰਭਾਵ ਦੇ ਨਾਲ ਨਾਲ ਇਹ ਪ੍ਰੋਗਰਾਮ ਨਵੀਂ ਪੀੜ੍ਹੀ ਲਈ ਨਿਵੇਕਲੀਆਂ ਪੈੜਾਂ ਵੀ ਛੱਡ ਗਿਆ।

ਪਹਿਲੇ ਸਟੇਸ਼ਨ 'ਤੇ ਰਜਿਸਟ੍ਰੇਸ਼ਨ ਕੀਤੀ ਜਾਂਦੀ, ਪ੍ਰੋਗਰਾਮ ਬਾਰੇ ਲੋੜੀਂਦੀ ਸੂਚਨਾ ਦਿੱਤੀ ਜਾਂਦੀ ਤੇ ਮਹਿਮਾਨ ਦੇ ਨਾਂ ਦਾ ਬੈਜ ਦਿੱਤਾ ਜਾਂਦਾ ਸੀ। ਖੁੱਲ੍ਹੇ ਮੈਦਾਨ ਵਿਚ ਦਾਖਲ ਹੁੰਦੇ ਮੈਦਾਨ ਦੇ ਐਨ ਵਿਚਕਾਰ ਨਿਸ਼ਾਨ ਸਾਹਿਬ ਝੂਲ ਰਹੇ ਸਨ, ਆਲੇ-ਦੁਆਲੇ ਥੋੜ੍ਹੇ ਥੋੜ੍ਹੇ ਫਾਸਲੇ 'ਤੇ ਟੈਂਟਾ ਥੱਲੇ ਸਬੰਧਿਤ ਸਟੇਸ਼ਨ ਲੱਗੇ ਹੋਏ ਸਨ। ਟੇਬਲ 'ਤੇ ਵੰਨ-ਸੁਵੰਨੇ ਪ੍ਰਤੀਕ ਬੜੇ ਸਲੀਕੇ ਨਾਲ ਟਿਕਾਏ ਹੋਏ ਸਨ ਅਤੇ ਟੈਂਟ ਉਪਰ ਲੱਗੇ ਬੈਨਰ 'ਤੇ ਉਸ ਦੀ ਸੂਚੀ ਦਿੱਤੀ ਹੋਈ ਸੀ। ਆਪੋ ਆਪਣੇ ਸਟੇਸ਼ਨ 'ਤੇ ਬੈਠਾ ਹਰ ਨੁਮਾਇੰਦਾ ਹਰ ਮਹਿਮਾਨ ਦਾ ਸੁਆਗਤ ਕਰ ਰਿਹਾ ਸੀ। ਆਸ-ਪਾਸ ਹੋਰ ਵਾਲੰਟੀਅਰ ਵੀ ਸਰਗਰਮ ਸਨ।

ਬੱਚੇ ਕਦੀ ਇਕ ਪਾਸੇ ਤੋਂ ਦੂਜੇ ਵਾਲੇ ਪਾਸੇ ਗੇੜੀ ਕੱਢਦੇ ਘੁੰਮ ਰਹੇ ਸਨ, ਬੱਚਿਆਂ ਦੇ ਚਿਹਰੇ 'ਤੇ ਰੌਣਕ ਸੀ। ਚਹਿਕਦੇ ਖੇਡਦੇ, ਗੰਭਰੀਤਾ ਤੇ ਉਤਸੁਕਤਾ ਨਾਲ ਗਿਆਨ ਹਾਸਲ ਕਰਦੇ ਨਜ਼ਰੀਂ ਪੈਂਦੇ ਸਨ। ਮਹਿਮਾਨ ਬੜੀ ਜਗਿਆਸਾ ਨਾਲ ਹਰ ਪਲ ਨੂੰ ਨਿੱਠ ਕੇ ਵੇਖ ਰਹੇ ਸਨ। ਹਰ ਪਾਸੇ ਖੁਸ਼ੀ, ਜਸ਼ਨ ਤੇ ਤਿਉਹਾਰ ਵਰਗਾ ਮਾਹੌਲ ਸੀ।

ਗੁਰਮਤਿ ਸੰਗੀਤ ਸਟੇਸ਼ਨ 'ਤੇ ਕੀਰਤਨ ਵਾਲੇ ਸਾਜ਼ ਹਾਰਮੋਨੀਅਮ, ਤਬਲਾ, ਦਿਲਰੁਬਾ ਪਏ ਸਨ। ਇਸ ਸਟੇਸ਼ਨ 'ਤੇ ਵਾਲੰਟੀਅਰ ਗੁਰਮਤਿ ਸੰਗੀਤ ਬਾਰੇ ਸਿਖਿਆ ਦੇ ਰਹੇ ਸਨ। ਬੱਚੇ ਪਰੰਪਰਾਗਤ ਸਾਜ਼ਾਂ ਬਾਰੇ ਜਾਣਕਾਰੀ ਹਾਸਲ ਕਰ ਰਹੇ ਸਨ। ਇਕ ਪੋਸਟਰ 'ਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਤੇ ਗੁਰਬਾਣੀ ਸ਼ਬਦਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ ਸੀ।

ਪੰਜਾਬੀ ਨੰਬਰ ਸਟੇਸ਼ਨ 'ਤੇ ਪੰਜਾਬੀ ਵਿਚ ਗਿਣਤੀ ਬੋਲਣ ਦਾ ਅਭਿਆਸ ਚੱਲ ਰਿਹਾ ਸੀ। ਪੰਜਾਬੀ ਨੰਬਰਾਂ ਵਾਲੇ ਵ੍ਹੀਲ ਨੂੰ ਘੁੰਮਾ ਕੇ ਬੱਚੇ ਗਿਆਨ ਹਾਸਿਲ ਕਰ ਰਹੇ ਸਨ। ਇਕ ਘੜੀ ਨਾਲ ਖਾਸ ਤੌਰ 'ਤੇ ਬੱਚਿਆਂ ਨੂੰ ਸਵਾ ਇਕ, ਢਾਈ, ਪੌਣੇ ਤਿੰਨ ਆਦਿ ਪੰਜਾਬੀ ਨੰਬਰਾਂ ਬਾਰੇ ਸਮਝਾਇਆ ਜਾ ਰਿਹਾ ਸੀ।

ਆਰਟ ਤੇ ਕਰਾਫਟ ਸਟੇਸ਼ਨ ਉਤੇ ਲੱਕੜੀ ਦੇ ਕੈਨਵਸ 'ਤੇ ਬੱਚੇ ਆਪਣਾ ਨਾਂ ਜਾਂ ਗੁਰਬਾਣੀ ਦੀਆਂ ਤੁਕਾਂ ਲਿਖਣ ਦੀ ਪ੍ਰੈਕਟਿਸ ਕਰ ਰਹੇ ਸਨ। ਭਿੰਨ ਭਿੰਨ ਅਕਾਰਾਂ ਵਿਚ ਪੇਂਟਿੰਗ ਜਾਂ ਵਿਭਿੰਨ ਚਿੱਤਰ ਵਿਚ ਰੰਗ ਭਰਨ ਲਈ ਬੜੀ ਗੰਭੀਰਤਾ ਨਾਲ ਜੁਟੇ ਹੋਏ ਸਨ। ਵੱਖਰੇ ਵੱਖਰੇ ਅਕਾਰ ਦੀਆਂ ਤਸਵੀਰਾਂ ਨੂੰ ਗੂੰਦ ਨਾਲ ਨਵੇਂ ਸਿਰੇ ਤੋਂ ਜੋੜ ਕੇ ਜਾਂ ਤਬਦੀਲ ਕਰਕੇ ਨਵਾਂ ਢਾਂਚਾ ਬਣਾਉਣ ਵਿਚ ਮਸ਼ਰੂਫ ਸਨ। ਹਸਤਕਲਾ ਨਮੂਨੇ ਵਿਚ ਬੱਚੇ ਆਪਣਾ ਨਾਂ ਲਿਖ ਕੇ ਖੁਸ਼ੀ ਦੀਆਂ ਭਾਵਨਾਵਾਂ ਜਾਹਰ ਕਰ ਰਹੇ ਸਨ।

ਗਤਕਾ ਪਾਰਟੀ ਗਤਕੇ ਦੇ ਜੌਹਰ ਦਿਖਾ ਰਹੀ ਸੀ। ਪੁਲਿਸ ਵਾਲੇ ਵੀ ਗਤਕੇ ਦੇ ਅਦਭੁਤ ਕਾਰਨਾਮਿਆਂ ਦੇ ਦ੍ਰਿਸ਼ ਦਾ ਅਨੰਦ ਮਾਣ ਰਹੇ ਸਨ। ਖਾਲਸਾ ਪੰਥ ਸ਼ਸਤਰਾਂ ਦੇ ਵੇਰਵੇ ਵਾਲੇ ਬੈਨਰ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਕ੍ਰਿਪਾਨ, ਦੋ ਧਾਰੀ ਖੰਜਰ, ਜੁਲਫਕਾਰ ਕ੍ਰਿਪਾਨ, ਕਟਾਰ, ਖੰਜਰ, ਆਦਿ ਸ਼ਸਤਰਾਂ ਦੀ ਇਮੇਜ਼ ਨੂੰ ਦਰਸਾਇਆ ਗਿਆ ਸੀ। ਗਤਕਾ ਸ਼ਸਤਰ ਵੀ ਸਜਾਏ ਹੋਏ ਸਨ, ਜੋ ਖਿੱਚ ਦਾ ਕੇਂਦਰ ਬਣੇ ਹੋਏ ਸਨ।

ਜੈਕਾਰਾ ਸਟੇਸ਼ਨ 'ਤੇ ਚੜ੍ਹਦੀ ਕਲਾ ਦਾ ਪ੍ਰਤੀਕ "ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਜੈਕਾਰੇ ਦੀ ਮਹੱਤਤਾ ਤੇ ਅਰਥ ਬਾਰੇ ਭਰਪੂਰ ਜਾਣਕਾਰੀ ਦਿੱਤੀ ਜਾ ਰਹੀ ਸੀ। ਜੰਗ ਸਮੇਂ ਜੈਕਾਰੇ ਦੀ ਫੌਜਾਂ ਵਲੋਂ ਵਰਤੋਂ ਬਾਰੇ ਦੱਸਿਆ ਗਿਆ। ਇਸ ਤੋਂ ਇਲਾਵਾ "ਜੈਕਾਰਾ ਲੀਡਰ" ਬੋਰਡ ਵੀ ਲਾਇਆ ਗਿਆ ਸੀ, ਜਿਸ 'ਤੇ ਉੱਚਾ ਜੈਕਾਰਾ ਬੋਲਣ ਵਾਲੇ ਦੇ ਨਾਂ ਦਰਜ ਕੀਤੇ ਜਾ ਰਹੇ ਸਨ। ਬੱਚੇ ਉੱਚੀ ਉੱਚੀ ਜੈਕਾਰੇ ਛੱਡ ਕੇ ਖੁਸ਼ੀ ਵਿਚ ਖੀਵੇ ਸਨ।

ਪੰਜ ਕੱਕਾਰ ਸਟੇਸ਼ਨ ਦੇ ਟੇਬਲ 'ਤੇ ਕੱਛਾ, ਕੜਾ, ਕ੍ਰਿਪਾਨ, ਕੰਘਾ ਸੁਸ਼ੋਭਿਤ ਸਨ। ਕੱਕਾਰ ਬਾਰੇ ਆਏ ਮਹਿਮਾਨਾਂ ਨੂੰ ਸਮਝਾਇਆ ਜਾ ਰਿਹਾ ਸੀ। ਪੁਲਿਸ ਵਾਲਿਆਂ ਨੂੰ ਵੀ ਪੰਜ ਕੱਕਾਰਾਂ ਦੀ ਬਖਸ਼ਿਸ਼ ਦਾ ਮੰਤਵ, ਇਸ ਨਾਲ ਇਖਲਾਕੀ ਤੇ ਅਧਿਆਤਮਕ ਵਿਕਾਸ ਅਤੇ ਹਰ ਇਕ ਕੱਕਾਰ ਨਾਲ ਜੁੜੇ ਉਦੇਸ਼ ਤੇ ਸਿਧਾਂਤ ਬਾਰੇ ਸਮਝਾਇਆ ਗਿਆ।

ਸਾਹਿਬਜ਼ਾਦੇ ਸਟੇਸ਼ਨ 'ਤੇ ਛੋਟੇ-ਵੱਡੇ ਸਾਹਿਬਜ਼ਾਦਿਆਂ ਤੇ ਉਨ੍ਹਾਂ ਦੀ ਸ਼ਹਾਦਤ, ਇਤਿਹਾਸਕ ਸਿੱਖ ਧਾਰਮਿਕ ਅਸਥਾਨ 'ਤੇ ਪੰਥ ਦੀ ਸ਼ਾਨ ਤੇ ਸ਼ਹੀਦੀ ਪਰੰਪਰਾ ਅਤੇ ਕਿਉਂ ਤੇ ਕਿਸ ਤਰ੍ਹਾਂ ਕੰਧਾਂ ਵਿਚ ਚਿਣ ਕੇ ਸ਼ਹੀਦ ਕਰਨ ਦੀ ਸਜ਼ਾ ਸੁਣਾਈ ਗਈ? ਬਾਰੇ ਵਿਸਥਾਰ ਨਾਲ ਜਾਣਕਾਰੀ ਦੇ ਰਹੇ ਸਨ। ਇਸ ਬੂਥ ਵਿਚ ਇਕ ਕੰਧ ਦਾ ਮਾਡਲ ਵੀ ਰੱਖਿਆ ਗਿਆ ਸੀ।



ਖੇਤੀਬਾੜੀ ਸਟੇਸ਼ਨ 'ਤੇ ਬਾਗਬਾਨੀ ਤੇ ਦਾਲਾਂ ਦੇ ਨਮੂਨੇ ਰੱਖੇ ਹੋਏ ਸਨ। ਦਾਲਾਂ ਦੇ ਪੈਕਟ ਰਾਹੀਂ ਦਾਲਾਂ ਦੇ ਨਾਂ ਦੱਸੇ ਗਏ। ਬੱਚਿਆਂ ਨੂੰ ਜਦ ਪੁੱਛਿਆ ਜਾਂਦਾ ਕਿ ਅੱਜ ਕੀ ਬਣਾਈਏ? ਉਹ ਝੱਟ ਕਹਿ ਦਿੰਦੇ, ਮੂੰਗੀ-ਮਸਰੀ ਜਾਂ ਮਾਂਹ ਦੀ ਦਾਲ ਚੁੱਲ੍ਹੇ 'ਤੇ ਰੱਖ ਲਈਏ! ਬਾਗਬਾਨੀ ਦੀ ਮਾਹਿਰ ਨੇ ਹਰ ਮੌਸਮ ਦੇ ਬੂਟਿਆਂ ਬਾਰੇ ਵੀ ਜਾਣਕਾਰੀ ਦਿੱਤੀ।

ਖਾਲਸਾ ਏਡ ਸਟੇਸ਼ਨ 'ਤੇ ਅਦੁੱਤੀ ਸੇਵਾ ਬਾਰੇ ਤੇ ਉਨ੍ਹਾਂ ਦੇ ਕਾਰਜਾਂ ਬਾਰੇ ਜਾਣਕਾਰੀ ਮਿਲ ਰਹੀ ਸੀ। ਗੁਰਮਤਿ ਦੀ ਸੇਧ, ਧਰਮ ਪ੍ਰਚਾਰ ਤੇ ਪੰਜਾਬੀ ਪ੍ਰਸਾਰ, ਅਦੁੱਤੀ ਸ਼ਖਸੀਅਤਾਂ ਤੇ ਧਾਰਮਿਕ ਜਾਣਕਾਰੀ ਬੱਚਿਆਂ ਨੂੰ ਦਿੱਤੀ ਗਈ। ਲਿਟਲ ਸਿੱਖ ਸਟੇਸ਼ਨ 'ਤੇ ਸਿੰਘ, ਕੌਰ ਤੇ ਪਰਾਊਡ ਟੂ ਬੀ ਸਿੱਖ ਨਾਂ ਵਾਲੀਆਂ ਟੀ-ਸ਼ਰਟਾਂ ਉਪਲਬਧ ਸਨ। ਤੀਰ-ਅੰਦਾਜ਼ੀ ਸਟੇਸ਼ਨ 'ਤੇ ਬੱਚੇ ਤੀਰ-ਅੰਦਾਜ਼ੀ ਦੇ ਗੁਰ ਸਿੱਖ ਰਹੇ ਸਨ ਅਤੇ ਤੀਰ ਨਾਲ ਟਾਰਗੇਟ 'ਤੇ ਨਿਸ਼ਾਨਾ ਲਾ ਕੇ ਆਪਣਾ ਸ਼ੌਕ ਪੂਰ ਰਹੇ ਸਨ।

ਖਾਣ-ਪੀਣ ਸਟੇਸ਼ਨ 'ਤੇ ਛੋਲੇ ਭਟੂਰੇ, ਜਲੇਬੀਆਂ, ਪੀਜਾ, ਫਰੂਟ, ਡੋਨਟ, ਕੇਕ, ਚਾਹ-ਪਕੌੜੇ ਆਦਿ ਮਹਿਮਾਨਾਂ ਲਈ ਹਾਜ਼ਰ ਸਨ। ਆਈਸ ਕ੍ਰੀਮ ਸਟੇਸ਼ਨ 'ਤੇ ਬੱਚਿਆਂ ਦੀ ਸਭ ਤੋਂ ਵੱਧ ਮਨਪਸੰਦ ਵੱਖ ਵੱਖ ਫਲੇਵਰ ਵਿਚ ਆਈਸਕ੍ਰੀਮ ਮੌਜੂਦ ਸੀ, ਬੱਚੇ ਤੇ ਸਿਆਣੇ ਵੀ ਆਈਸ ਕ੍ਰੀਮ ਦਾ ਲੁਤਫ ਲੈ ਰਹੇ ਸਨ। ਬੱਚਿਆਂ ਲਈ ਕਾਟਨ ਕੈਂਡੀ, ਫੂਡ ਐਂਡ ਡਰਿੰਕ, ਨਾਚੋ ਚਿਪਸ ਦਾ ਵੀ ਵਿਸ਼ੇਸ਼ ਪ੍ਰਬੰਧ ਸੀ। ਖੁੱਲ੍ਹੇ ਮੈਦਾਨ ਵਿਚ ਸਫਾਈ ਦਾ ਖਾਸ ਪ੍ਰਬੰਧ ਸੀ। ਵਾਲੰਟੀਅਰ ਨਾਲੋ ਨਾਲ ਸਫਾਈ ਕਰ ਰਹੇ ਸਨ।

ਖਾਲਸਾ ਬੇਕਰੀ ਸਟੇਸ਼ਨ ਨੇ ਸਭ ਦਾ ਧਿਆਨ ਆਪਣੇ ਵੱਲ ਖਿਚਿਆ। ਇਸ ਵਿਚ ਵਾਲੰਟੀਅਰਾਂ ਵਲੋਂ ਆਪਣੇ ਹੱਥਾਂ ਨਾਲ ਬਣਾਏ

***(ਬਾਕੀ ਅਗਲੇ ਸਫੇ 'ਤੇ)***

*(ਤਸਵੀਰਾਂ: ਇੰਦਰਮੋਹਨ ਸਿੰਘ ਛਾਬੜਾ)*


















## ਗੁਰਦੁਆਰਾ ਪੈਲਾਟਾਈਨ: 'ਕਮਿਊਨਿਟੀ ਫੇਅਰ' ਇਕ ਸਾਰਥਕ ਉਪਰਾਲਾ

(ਬਾਕੀ ਅਗਲੇ ਸਫੇ 'ਤੇ)

ਕੱਪ ਕੇਕ ਤੇ ਕੁੱਕੀਜ਼ ਦੀ ਵਿਸ਼ੇਸ਼ਤਾ ਇਹ ਸੀ ਕਿ ਪੂਰਨ ਹੁਨਰਮੰਦੀ ਨਾਲ ਤਿਆਰ ਕੀਤੇ ਗਏ ਸਨ। ਕੱਪ ਕੇਕ ਨੂੰ ਖਾਲਸਾ ਝੰਡੇ ਨਾਲ ਸਜਾਇਆ ਤੇ ਸ਼ਿੰਗਾਰਿਆ ਹੋਇਆ ਸੀ ਤੇ ਕੁੱਕੀਜ਼ ਦੇ ਪੈਕਟ 'ਤੇ ਚੜ੍ਹਦੀ ਕਲਾ ਤੇ ਖੰਡੇ ਦਾ ਨਿਸ਼ਾਨ ਉਨ੍ਹਾਂ ਦੀ ਲਾਜਵਾਬ ਕੌਸ਼ਲ ਕਲਾ ਦਾ ਨਮੂਨਾ ਸਭ ਨੂੰ ਅਚੰਭਿਤ ਕਰ ਰਿਹਾ ਸੀ।

"ਸਾਡੇ ਸਿਰ ਦਾ ਤਾਜ ਸਾਡੀ ਦਸਤਾਰ" ਇਸ ਸਟੇਸ਼ਨ 'ਤੇ ਦਸਤਾਰ ਤੇ ਕੇਸਕੀ ਬੰਨਣ ਦੀ ਸਿਖਿਆ ਦਿੱਤੀ ਜਾ ਰਹੀ ਸੀ। ਬਹੁਤ ਸਾਰੇ ਮਹਿਮਾਨਾਂ ਨੇ ਪਹਿਲੀ ਵਾਰ ਆਪਣੇ ਸਿਰ 'ਤੇ ਦਸਤਾਰ ਸਜਾਈ। ਕੁਝ ਪੁਲਿਸ ਵਾਲਿਆਂ ਨੇ ਵੀ ਦਸਤਾਰ ਸਜਾਈ। ਡਾਕਟਰੀ ਸਹਾਇਤਾ ਸਟੇਸ਼ਨ 'ਤੇ ਸਿਹਤ ਸਬੰਧੀ ਜਾਣਕਾਰੀ ਤੇ ਸੇਵਾ ਉਪਲਬਧ ਸੀ।

ਖੰਡੇ ਬਾਰੇ ਜਾਣਕਾਰੀ ਦਿੱਤੀ ਗਈ ਤੇ ਬੱਚੇ ਖੰਡੇ ਵਾਲੇ ਖਾਕੇ ਦੇ ਪੋਸਟਰ ਵਿਚ ਆਪਣੀ ਪਸੰਦ ਦੇ ਰੰਗ ਭਰ ਰਹੇ ਸਨ। ਫਰੇਮਿੰਗ ਵਿਚ ਭਿੰਨ ਭਿੰਨ ਰੰਗਾਂ ਨਾਲ ਸਜਾ ਕੇ ਮੁਕੰਮਲ ਬਣਾਉਣ ਨੂੰ ਗੰਭੀਰ ਸਨ। ਉਨ੍ਹਾਂ ਆਪਣੀ ਕਲਾ ਦਾ ਕਲਾਤਮਿਕ ਨਮੂਨਾ ਪੇਸ਼ ਕੀਤਾ। ਖੇਡਾਂ ਵਿਚ ਸ਼ਿਕਾਗੋ ਬੁੱਲ ਤੇ ਸ਼ਿਕਾਗੋ ਹਾਕ ਦੇ ਨਿਸ਼ਾਨ ਵੀ ਖੇਡਣ ਲਈ ਸਨ।

ਪੰਜਾਬੀ ਕਲਰ ਸਟੇਸ਼ਨ 'ਤੇ ਪੰਜਾਬੀ ਵਿਚ ਰੰਗਾਂ ਦੇ ਨਾਂ ਬੋਲਣ ਤੇ ਪਛਾਣ ਕਰਨ ਸਬੰਧੀ ਖੇਡ-ਖੇਡ ਵਿਚ ਬੱਚੇ ਰੰਗਾਂ ਬਾਰੇ ਆਪਣੇ ਗਿਆਨ ਵਿਚ ਵਾਧਾ ਕਰ ਰਹੇ ਸਨ। ਪੰਜਾਬੀ ਲਿਪੀ ਸਟੇਸ਼ਨ ਤੇ ਗੁਰਮੁਖੀ ਅੱਖਰ ਕਾਰਡ ਨਾਲ ਲਿਪੀ ਦੀ ਜਾਣਕਾਰੀ ਤੇ ਪੰਜਾਬੀ ਸ਼ਬਦ ਮੂੰਹੋਂ ਸਰਲ ਤਰੀਕੇ ਨਾਲ ਉਚਾਰਨ ਦਾ ਅਭਿਆਸ ਕਰਵਾਇਆ ਗਿਆ।

ਸਿੰਘ-ਕੌਰ ਖੇਡ ਨਾਲ ਬੜੇ ਹੀ ਉਸਾਰੂ ਢੰਗ ਨਾਲ ਸਿੱਖ ਹੈਰੀਟੇਜ ਨਾਲ ਬੱਚਿਆਂ ਦੀ ਸਾਂਝ ਪੁਆਈ ਗਈ। ਬੱਚਿਆਂ ਦੇ ਹਰ ਸਟੇਸ਼ਨ 'ਤੇ ਜਾਣ ਪਿਛੋਂ ਉਨ੍ਹਾਂ ਦਾ ਕਾਰਡ ਪੰਚ ਕੀਤਾ ਜਾਂਦਾ ਸੀ ਤੇ ਕਾਰਡ ਮੁਕੰਮਲ ਹੋਣ 'ਤੇ ਉਹ ਖਿਡੌਣੇ ਤੇ ਹੋਰ ਸਾਮਾਨ ਵੀ ਹਾਸਿਲ ਕਰ ਸਕਦੇ ਸਨ। ਹਰ ਸਟੇਸ਼ਨ 'ਤੇ ਬੈਠੇ ਬੱਚੇ ਹਰ ਕੰਮ ਵਿਉਂਤਬੰਦੀ ਨਾਲ ਕਰ ਰਹੇ ਸਨ।

ਸਟੇਸ਼ਨ ਦੇ ਨੁਮਾਇੰਦੇ ਕਈ ਘੰਟੇ ਤੇ ਕਈ ਵਿਜ਼ਿਟਰਾਂ ਨੂੰ ਮਿਲ ਕੇ ਤੇ ਜਾਣਕਾਰੀ ਦੇ ਕੇ ਵੀ ਥਕੇਵਾਂ ਮਹਿਸੂਸ ਨਹੀਂ ਸਨ ਕਰ ਰਹੇ। ਨਵੀਆਂ ਪੰਖੜੀਆਂ ਛੋਟੇ ਬੱਚੇ, ਸਕੂਲੀ ਬੱਚਿਆਂ ਵਲੋਂ ਨੌਜਵਾਨ ਪੀੜ੍ਹੀ ਲਈ ਆਦਰ ਭਾਵ ਪ੍ਰਗਟ ਕਰਨਾ ਤੇ ਨੌਜਵਾਨਾਂ ਦਾ ਆਪਣੇ ਤੋਂ ਵੱਡਿਆਂ ਤੇ ਬਜ਼ੁਰਗਾਂ ਨੂੰ ਸਤਿਕਾਰ ਦੇਣਾ ਇਕ ਸੁਖਾਵਾਂ ਵਾਤਾਵਰਣ ਪ੍ਰਤੀਤ ਹੁੰਦਾ ਸੀ। ਇੰਜ ਇਹ ਤਿੰਨ-ਚਾਰ ਪੁਸ਼ਤਾਂ ਦੇ ਸੁਮੇਲ ਦੀ ਪ੍ਰਸ਼ੰਸਾਮਈ ਝਲਕ ਸੀ। ਇਨ੍ਹਾਂ ਬੱਚਿਆਂ ਤੇ ਗੱਭਰੂਆਂ ਨੂੰ ਜੇ ਜੀਵਨ ਵਿਚ ਇਨ੍ਹਾਂ ਕਾਰਜਾਂ ਦੀ ਅਗਵਾਈ ਕਰਨ ਦਾ ਮੌਕਾ ਦਿੱਤਾ ਜਾਵੇ ਤਾਂ ਇਹ ਸੱਚਮੁੱਚ ਕਮਾਲ ਕਰ ਸਕਦੇ ਹਨ। ਨਵੀਆਂ ਬੁਲੰਦੀਆਂ ਨੂੰ ਛੂਹ ਸਕਦੇ ਹਨ।

ਪੈਲਾਟਾਈਨ ਤੇ ਪ੍ਰਾਸਪੈਕਟ ਹਾਈਟਸ ਦੀ ਪੁਲਿਸ ਟੀਮ ਨੇ ਇਸ ਕਮਿਊਨਿਟੀ ਫੇਅਰ ਵਿਚ ਸ਼ਿਰਕਤ ਕੀਤੀ ਤੇ ਉਨ੍ਹਾਂ ਨੇ ਤੀਰ-ਅੰਦਾਜ਼ੀ ਖੇਡ ਵਿਚ ਬੱਚਿਆਂ ਨਾਲ ਸ਼ਾਮਿਲ ਹੋ ਕੇ ਅਨੰਦ ਲਿਆ। ਇਸ ਮੌਕੇ ਰੱਸਾਕਸ਼ੀ ਦੀਆਂ ਆਪੋ ਬਣੀਆਂ ਟੀਮਾਂ ਨੇ ਮੈਚ ਖੇਡ ਕੇ ਜਿੱਤ ਲਈ ਜ਼ੋਰ ਅਜ਼ਮਾਈ ਕੀਤੀ। ਹਰ ਉਮਰ ਦੇ ਲੋਕ ਬੜੇ ਚਾਅ ਨਾਲ ਖੇਡ ਰਹੇ ਸਨ। ਕਈਆਂ ਨੇ ਵਾਲੀਬਾਲ ਖੇਡ ਕੇ ਆਪਣਾ ਦਮ ਖਮ ਅਜ਼ਮਾਇਆ। ਮੌਸਮ ਠੀਕ ਰਿਹਾ। ਮੀਂਹ ਦੀ ਸੰਭਾਵਨਾ ਤਾਂ ਸਵੇਰ ਤੋਂ ਹੀ ਸੀ, ਪਰ ਪ੍ਰੋਗਰਾਮ ਦੇ ਖਤਮ ਹੋਣ ਤੋਂ ਬਾਅਦ ਹੀ ਮੀਂਹ ਪਿਆ।

ਬਹੁਤੇ ਮਹਿਮਾਨਾਂ ਦੀ ਰਾਏ ਸੀ ਕਿ ਇਹ ਇਕ ਸਾਰਥਿਕ ਉਦਮ ਹੈ, ਜਿਸ ਨੇ ਹਰ ਕਿਸੇ ਦੇ ਮਨ-ਮਸਤਕ ਵਿਚ ਡੂੰਘਾ ਪ੍ਰਭਾਵ ਛੱਡਿਆ ਹੈ, ਪਰ ਖਾਸ ਕਰਕੇ ਬਾਲ ਮਨਾਂ 'ਤੇ ਆਪਣੇ ਧਰਮ, ਵਿਰਸੇ, ਪੰਜਾਬੀ ਮਾਂ ਬੋਲੀ ਪ੍ਰਤੀ ਪਿਆਰ ਤੇ ਆਧਿਆਤਮਕ ਬੱਲ ਹੋਰ ਮਜ਼ਬੂਤ ਹੋਵੇਗਾ।

ਮਹਿਮਾਨ ਪ੍ਰਬੰਧਕਾਂ ਨੂੰ ਵਧਾਈ ਦਿੰਦੇ ਕਹਿ ਰਹੇ ਸਨ ਕਿ ਇਹ ਸਕੂਲੀ ਬੱਚੇ ਤੁਹਾਡੇ ਰਾਹੀਂ ਅਨਮੋਲ ਖੁਸ਼ੀ ਪ੍ਰਾਪਤ ਕਰ ਰਹੇ ਹਨ, ਇਹ ਇਕ ਅਹਿਮ ਕਦਮ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜਿਹੇ ਸਮਾਗਮ ਕਰਨ ਲਈ ਬਹੁਤ ਸਾਰੀ ਮਿਹਨਤ, ਲਗਨ, ਸਿਰੜ ਤੇ ਉਦਮ ਦੀ ਲੋੜ ਹੁੰਦੀ ਹੈ, ਪਰ ਇਹੋ ਜਿਹੇ ਪ੍ਰੋਗਰਾਮ ਸਾਲ ਵਿਚ ਦੋ ਵਾਰ ਕਰਵਾਏ ਜਾਣੇ ਚਾਹੀਦੇ ਹਨ।

## ਜਰਮਨੀ ਦੇ ਰਾਜਦੂਤ ਸ੍ਰੀ ਦਰਬਾਰ ਸਾਹਿਬ ਨਤਮਸਤਕ

**ਅੰਮ੍ਰਿਤਸਰ:** ਭਾਰਤ ਵਿਚ ਜਰਮਨੀ ਦੇ ਰਾਜਦੂਤ ਵਾਲਟਰ ਜੇ ਲਿੰਡਨਰ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ ਅਤੇ ਕਰੋਨਾ ਕਾਲ ਵੇਲੇ ਸਿੱਖ ਭਾਈਚਾਰੇ ਵੱਲੋਂ ਕੀਤੀ ਗਈ ਸਮਾਜ ਸੇਵਾ ਦੀ ਸ਼ਲਾਘਾ ਕੀਤੀ। ਇਸ ਦੌਰਾਨ ਆਪਣੇ ਅਨੁਭਵ ਸਾਂਝੇ ਕਰਦਿਆਂ ਰਾਜਦੂਤ ਵਾਲਟਰ ਨੇ ਕਿਹਾ ਕਿ ਉਨ੍ਹਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸਕੂਨ ਮਿਲਿਆ ਹੈ।

ਸਿੱਖਾਂ ਦਾ ਇਹ ਧਾਰਮਿਕ ਅਸਥਾਨ ਸਮੁੱਚੀ ਮਾਨਵਤਾ ਨੂੰ ਏਕਤਾ, ਸਹਿਨਸ਼ੀਲਤਾ ਅਤੇ ਸ਼ਾਂਤੀ ਦਾ ਸੁਨੇਹਾ ਦਿੰਦਾ ਹੈ। ਅਜਿਹੀਆਂ ਕਦਰਾਂ-ਕੀਮਤਾਂ ਦੀ ਅੱਜ ਦੁਨੀਆਂ ਵਿਚ ਵੱਡੀ ਲੋੜ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਤੇ ਸਿੱਖ ਸਮਾਜ ਵੱਲੋਂ ਕੀਤੀਆਂ ਜਾ ਰਹੀਆਂ ਮਾਨਵ ਭਲਾਈ ਸੇਵਾਵਾਂ, ਕਰੋਨਾ ਦੌਰਾਨ ਲੰਗਰ ਸੇਵਾ ਅਤੇ ਆਕਸੀਜਨ ਦੇ ਕੀਤੇ ਪ੍ਰਬੰਧਾਂ ਦੀ ਭਰਵੀਂ ਸ਼ਲਾਘਾ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਭਿੱਟੇਵੱਡ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਓ.ਐਸ.ਡੀ. ਡਾ. ਅਮਰੀਕ ਸਿੰਘ ਲਤੀਫਪੁਰ ਨੇ ਜਰਮਨੀ ਦੇ ਰਾਜਦੂਤ ਦਾ ਕਮੇਟੀ ਦੇ ਦਫਤਰ ਵਿਚ ਪਹੁੰਚਣ 'ਤੇ ਸਵਾਗਤ ਕੀਤਾ। ਉਨ੍ਹਾਂ ਨੂੰ ਸਿਰੋਪਾਓ ਅਤੇ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ ਦੇ ਕੇ ਸਨਮਾਨਿਤ ਕੀਤਾ। ਸ੍ਰੀ ਭਿੱਟੇਵੱਡ ਨੇ ਕਿਹਾ ਕਿ ਦਰਬਾਰ ਸਾਹਿਬ ਸ਼ਾਂਤੀ ਦਾ ਸੋਮਾ ਹੈ ਅਤੇ ਇਥੋਂ ਸਾਂਝੀਵਾਲਤਾ ਦਾ ਸੁਨੇਹਾ ਜਾਂਦਾ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਜਰਮਨੀ ਦੇ ਰਾਜਦੂਤ ਨੂੰ ਸਿੱਖ ਇਤਿਹਾਸ ਅਤੇ ਦਰਬਾਰ ਸਾਹਿਬ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵੱਲੋਂ ਸਿੱਖ ਧਰਮ ਦੇ ਇਤਿਹਾਸ ਵਿਚ ਖਾਸ ਰੁਚੀ ਦਿਖਾਈ ਗਈ।

## ਮਨਪ੍ਰੀਤ ਸਿੰਘ ਬਾਦਲ ਦਾ ਵਿਰੋਧ ਕਰਨ ਵਾਲੇ ਠੇਕਾ ਮੁਲਾਜ਼ਮਾਂ 'ਤੇ ਲਾਠੀਚਾਰਜ

**ਬਠਿੰਡਾ:** ਇਥੇ ਐਡਵੋਕੇਟ ਰਾਜਨ ਗਰਗ ਨੂੰ ਜ਼ਿਲ੍ਹਾ ਯੋਜਨਾ ਬੋਰਡ ਬਠਿੰਡਾ ਦਾ ਚੇਅਰਮੈਨ ਨਿਯੁਕਤ ਕਰਨ ਆਏ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਵਿਰੋਧ ਕਰ ਰਹੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਕਾਰਕੁਨਾਂ 'ਤੇ ਪੁਲਿਸ ਨੇ ਲਾਠੀਚਾਰਜ ਕੀਤਾ। ਇਹ ਰੋਸ ਪ੍ਰਦਰਸ਼ਨ ਆਊਟਸੋਰਸਿੰਗ ਅਤੇ ਠੇਕਾ ਪ੍ਰਣਾਲੀ ਰਾਹੀਂ ਕੰਮ ਕਰਦੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਨਾ ਕਰਨ ਅਤੇ ਵੈੱਲਫੇਅਰ ਐਕਟ-2016 ਨੂੰ ਤੋੜ ਕੇ ਆਊਟਸੋਰਸਿੰਗ, ਕੰਪਨੀਆਂ, ਠੇਕਾ ਪ੍ਰਣਾਲੀ ਸਣੇ ਹੋਰਨਾਂ ਵਰਗਾਂ ਨੂੰ ਐਕਟ ਵਿਚੋਂ ਬਾਹਰ ਕਰਨ ਖਿਲਾਫ ਕੀਤਾ ਗਿਆ। ਇਸ ਦੌਰਾਨ ਪੁਲਿਸ ਨੇ ਧਰਨਾਕਾਰੀਆਂ ਨੂੰ ਹਿਰਾਸਤ ਵਿਚ ਲੈ ਕੇ ਥਾਣੇ ਬੰਦ ਕਰ ਦਿੱਤਾ। ਮੋਰਚੇ ਦੇ ਸੂਬਾਈ ਆਗੂ ਜਗਰੂਪ ਸਿੰਘ, ਗੁਰਵਿੰਦਰ ਸਿੰਘ ਪੰਨੂ, ਜਗਸੀਰ ਸਿੰਘ ਭੰਗੂ, ਸੇਵਕ ਸਿੰਘ ਦੰਦੀਵਾਲ ਤੇ ਸੰਦੀਪ ਖਾਨ ਨੇ ਕਿਹਾ ਕਿ ਸਰਕਾਰ ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਅਤੇ ਘਰ-ਘਰ ਨੌਕਰੀ ਦੇਣ ਦਾ ਵਾਅਦਾ ਕਰਕੇ ਸੱਤਾ ਵਿਚ ਆਈ ਸੀ, ਪਰ ਸਾਢੇ ਚਾਰ ਸਾਲ ਬੀਤਣ ਮਗਰੋਂ ਵੀ ਠੇਕਾ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਗਿਆ। ਉਪਰੋਂ ਹੱਕ ਮੰਗਣ ਵਾਲਿਆਂ 'ਤੇ ਡਾਂਗਾਂ ਵਰ੍ਹਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਵਾਂ ਵੈੱਲਫੇਅਰ ਐਕਟ ਲਿਆ ਕੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਰਾਹ ਬੰਦ ਕੀਤਾ ਜਾ ਰਿਹਾ ਹੈ। ਇਸ ਦੇ ਰੋਸ ਵਜੋਂ ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮ 3 ਅਤੇ 4 ਅਗਸਤ ਨੂੰ ਦੋ ਦਿਨਾਂ ਦੀ ਸਮੂਹਿਕ ਛੁੱਟੀ ਲੈ ਕੇ ਕੰਮ ਦਾ ਮੁਕੰਮਲ ਬਾਈਕਾਟ ਕਰਕੇ ਵਿਭਾਗਾਂ ਦੇ ਦਫਤਰਾਂ ਅੱਗੇ ਪਰਿਵਾਰਾਂ ਸਮੇਤ ਰੋਸ ਮੁਜ਼ਾਹਰਾ ਕਰਨਗੇ।

## ਜਥੇਦਾਰ ਨੇ ਮੁੱਖ ਮੰਤਰੀ ਦੇ ਸਵਾਗਤ ਮੌਕੇ ਮਰਿਆਦਾ ਉਲੰਘਣਾ ਦਾ ਨੋਟਿਸ ਲਿਆ

**ਅੰਮ੍ਰਿਤਸਰ:** ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਨਾਨਕ ਮਤਾ ਵਿਖੇ ਨਤਮਸਤਕ ਹੋਣ ਸਮੇਂ ਗੁਰਦੁਆਰੇ ਵਿਚ ਮਰਿਆਦਾ ਦੀ ਉਲੰਘਣਾ ਦਾ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਖਤ ਨੋਟਿਸ ਲਿਆ ਹੈ। ਉਨ੍ਹਾਂ ਇਸ ਮਾਮਲੇ ਦੀ ਜਾਂਚ ਵਾਸਤੇ ਤਿੰਨ ਮੈਂਬਰੀ ਜਾਂਚ ਕਮੇਟੀ ਬਣਾਈ ਹੈ, ਜੋ ਉਥੋਂ ਦਾ ਦੌਰਾ ਕਰਕੇ ਸਾਰੇ ਮਾਮਲੇ ਦੀ ਜਾਂਚ ਮਗਰੋਂ ਆਪਣੀ ਰਿਪੋਰਟ ਸੌਂਪੇਗੀ। ਅਕਾਲ ਤਖਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਅਨੁਸਾਰ ਜਾਂਚ ਕਮੇਟੀ ਵਿਚ ਸ੍ਰੀ ਅਕਾਲ ਤਖਤ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਹੈੱਡ ਪ੍ਰਚਾਰਕ ਸਰਬਜੀਤ ਸਿੰਘ ਅਤੇ ਧਰਮ ਪ੍ਰਚਾਰ ਕਮੇਟੀ ਤੋਂ ਅਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਉੱਤਰਾਖੰਡ ਦੇ ਨਵੇਂ ਬਣੇ ਮੁੱਖ ਮੰਤਰੀ ਧਾਮੀ ਇਤਿਹਾਸਕ ਗੁਰਦੁਆਰਾ ਸ੍ਰੀ ਨਾਨਕ ਮੱਤਾ ਵਿਖੇ ਮੱਥਾ ਟੇਕਣ ਲਈ ਗਏ ਸਨ। ਉਨ੍ਹਾਂ ਦੇ ਸਵਾਗਤ ਵਿਚ ਗੁਰੂ ਘਰ ਦੀ ਮਰਿਆਦਾ ਦੀ ਵੱਡੀ ਉਲੰਘਣਾ ਕੀਤੀ ਗਈ ਹੈ। ਉਨ੍ਹਾਂ ਦਾ ਸਵਾਗਤ ਕਰਨ ਲਈ ਗੁਰਦੁਆਰਾ ਕੰਪਲੈਕਸ ਅੰਦਰ ਕੁੜੀਆਂ ਤੋਂ ਰਵਾਇਤੀ ਪਹਾੜੀ ਪੁਸ਼ਾਕ ਵਿਚ ਨ੍ਰਿਤ ਕਰਵਾਇਆ ਗਿਆ। ਇਸ ਵੇਲੇ ਗੁਰਦੁਆਰੇ 'ਚ ਚੱਲ ਰਹੀ ਗੁਰਬਾਣੀ ਨੂੰ ਵੀ ਰੋਕ ਦਿੱਤਾ ਗਿਆ ਸੀ। ਗੁਰਦੁਆਰਾ ਕੈਂਪਸ ਵਿਚ ਹੀ ਭਾਜਪਾ ਜ਼ਿੰਦਾਬਾਦ ਦੇ ਨਾਅਰੇ ਵੀ ਲੱਗੇ ਸਨ।

ਵੇਰਵਿਆਂ ਮੁਤਾਬਕ ਗੁਰਦੁਆਰੇ ਵਿਚ ਮੱਥਾ ਟੇਕਣ ਵੇਲੇ ਮੁੱਖ ਮੰਤਰੀ ਨੂੰ ਸਿਰੋਪਾਉ ਤੇ ਸ੍ਰੀ ਸਾਹਿਬ ਦੇ ਨਾਲ ਚਾਂਦੀ ਦਾ ਮੁਕਟ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰਦੁਆਰੇ ਵਿਚ ਮਰਿਆਦਾ ਦੀ ਹੋਈ ਇਸ ਉਲੰਘਣਾ ਦੀ ਸਿੱਖਾਂ ਵੱਲੋਂ ਵੀ ਨਿੰਦਾ ਕੀਤੀ ਜਾ ਰਹੀ ਹੈ।



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

Indian Restaurant
Indianapolis, IN

ਇੰਡੀਅਨਐਪੋਲਿਸ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ
ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

Call, Manjit Nagra
Ph: 317-750-1900

Low Interest Rates in History
No Cost Refinancing Available!
Call Madan Khatri
Ph: 847-530-1550



Madan@MoonstarMortgage.com
IL and CA Mortgage Loan Licensee
We Works From Start to End!
Madan Khatri
NMLS # 1980752
Moonstar Mortgage Inc.
MOONSTAR Mortgage
953 Plum Grove Road, Unit B, Schaumburg, IL 60173

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email:
Homeomedicine@yahoo.com

# ਕਿਸਾਨ ਜਥੇਬੰਦੀਆਂ ਦੇ ਨਿਸ਼ਾਨੇ 'ਤੇ ਆਏ ਸਿੱਧੂ



**ਨਵੀਂ ਦਿੱਲੀ:** ਪੰਜਾਬ ਕਾਂਗਰਸ ਦੇ ਨਵ ਨਿਯੁਕਤ ਪ੍ਰਧਾਨ ਨਵਜੋਤ ਸਿੰਘ ਸਿੱਧੂ ਕਿਸਾਨ ਜਥੇਬੰਦੀਆਂ ਦੇ ਨਿਸ਼ਾਨੇ ਉਤੇ ਆ ਗਏ ਹਨ। ਜਥੇਬੰਦੀਆਂ ਨੇ ਨਵਜੋਤ ਸਿੱਧੂ ਦੇ ਖੁਦ ਨੂੰ ਖੂਹ ਤੇ ਕਿਸਾਨਾਂ ਨੂੰ ਪਿਆਸੇ ਕਹਿਣ ਵਾਲੇ ਬਿਆਨ ਨੂੰ ਹੰਕਾਰ ਨਾਲ ਭਰਿਆ ਹੋਇਆ ਕਰਾਰ ਦਿੱਤਾ ਹੈ। ਦੱਸ ਦਈਏ ਕਿ ਤਾਜਪੋਸ਼ੀ ਪਿੱਛੋਂ ਸਿੱਧੂ ਨੇ ਕਿਸਾਨਾਂ ਨੂੰ ਮੁਲਾਕਾਤ ਦਾ ਸੱਦਾ ਦਿੰਦੇ ਹੋਏ ਕਿਹਾ ਸੀ ਕਿ ਪਿਆਸਾ ਖੂਹ ਕੋਲ ਆਉਂਦਾ ਹੈ, ਨਾ ਕਿ ਖੂਹ ਪਿਆਸੇ ਕੋਲ।

ਜਥੇਬੰਦੀਆਂ ਨੇ ਕਿਹਾ ਹੈ ਕਿ ਨਵਜੋਤ ਸਿੱਧੂ ਸਿਰਫ ਪਾਰਟੀ ਪ੍ਰਧਾਨ ਬਣੇ ਹਨ ਨਾ ਕਿ ਕਿਸੇ ਸੰਵਿਧਾਨਕ ਅਹੁਦੇ 'ਤੇ ਬੈਠੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਵੋਟਰਜ ਵ੍ਹਿਪ ਦੀ ਉਲੰਘਣਾ ਕਰਕੇ ਖੁਦ ਨੂੰ ਬੀ.ਜੇ.ਪੀ. ਦੇ ਖੇਮੇ 'ਚ ਖੜ੍ਹਾ ਕਰ ਲਿਆ ਹੈ ਅਤੇ ਹੁਣ ਕਾਂਗਰਸੀ ਸੰਸਦ ਮੈਂਬਰਾਂ ਦੇ ਵੀ ਘਿਰਾਓ ਕੀਤੇ ਜਾਣਗੇ।

ਇਸ ਤੋਂ ਪਹਿਲਾਂ ਗੁਰਦੁਆਰਾ ਕਤਲਗੜ੍ਹ ਸਾਹਿਬ ਨਤਮਸਤਕ ਹੋਣ ਪੁੱਜੇ ਸਿੱਧੂ ਅਤੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਬੱਸ ਸਟੈਂਡ ਨੇੜੇ ਕਿਸਾਨਾਂ ਨੇ ਵਿਰੋਧ ਕੀਤਾ ਤੇ ਉਨ੍ਹਾਂ ਖਿਲਾਫ ਨਾਅਰੇਬਾਜ਼ੀ ਕੀਤੀ। ਕਿਸਾਨਾਂ ਨੇ ਉਨ੍ਹਾਂ ਨੂੰ ਕਾਲੇ ਝੰਡੇ ਵੀ ਦਿਖਾਏ। ਕਿਸਾਨ ਯੂਨੀਅਨ ਕਾਦੀਆਂ ਦੇ ਜਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਜੱਸੜਾਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦਾ ਅਜਿਹਾ ਕੋਈ ਫੈਸਲਾ ਨਹੀਂ ਕਿ ਉਹ ਕਾਂਗਰਸੀ ਆਗੂਆਂ ਦਾ ਵਿਰੋਧ ਕਰਨ, ਪਰ ਆਮ ਲੋਕਾਂ ਵਿਚ ਖੇਤੀ ਕਾਨੂੰਨਾਂ ਸਬੰਧੀ ਐਨਾ ਰੋਸ ਹੈ ਕਿ ਉਹ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੂੰ ਪਿੰਡਾਂ ਵਿਚ ਵਿਚਰਨ ਨਹੀਂ ਦੇਣਾ ਚਾਹੁੰਦੇ।

ਕਿਸਾਨ ਆਗੂਆਂ ਨੇ ਕਿਹਾ ਕਿ ਨਵਜੋਤ ਸਿੱਧੂ ਦੀ ਪ੍ਰਧਾਨਗੀ ਦੀ ਹਵਾ ਬਣਾ ਕੇ ਕਾਂਗਰਸ ਅਤੇ ਪ੍ਰਸ਼ਾਂਤ ਕਿਸ਼ੋਰ ਲੋਕਾਂ ਨੂੰ ਮੂਰਖ ਬਣਾਉਣਾ ਚਾਹੁੰਦੇ ਹਨ। ਕਿਸਾਨਾਂ ਦੇ ਕਰਜ਼ੇ ਮੁਆਫ ਕਰਨ, ਘਰ ਘਰ ਨੌਕਰੀ ਅਤੇ ਚਾਰ ਹਫਤਿਆਂ 'ਚ ਪੰਜਾਬ 'ਚੋਂ ਨਸ਼ਾ ਖਤਮ ਕਰਨ ਦਾ ਵਾਅਦਾ ਕੈਪਟਨ ਨੇ ਕੀਤਾ ਸੀ ਅਤੇ ਅਹੁਦਾ ਸੁਨੀਲ ਜਾਖੜ ਤੋਂ ਖੋਹਿਆ ਗਿਆ ਹੈ। ਉਨ੍ਹਾਂ ਕਿਹਾ ਕਿ ਦੁਕਾਨ ਵੀ ਓਹੀ, ਦੁਕਾਨਦਾਰ ਵੀ ਓਹੀ, ਸੌਦਾ ਵੀ ਉਹੀ ਅਤੇ ਰੇਟ ਵੀ ਉਹੀ। ਫਿਰ ਗਾਹਕ ਦਾ ਭਲਾ ਕਿਵੇਂ ਹੋਵੇਗਾ?"

ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਸਿੱਧੂ ਜਦੋਂ ਸਥਾਨਕ ਸਰਕਾਰਾਂ ਅਤੇ ਸੈਰ ਸਪਾਟਾ ਮੰਤਰੀ ਵੀ ਸਨ ਤਾਂ ਉਸ ਵੇਲੇ ਉਨ੍ਹਾਂ ਦੀ ਕਾਰਗੁਜ਼ਾਰੀ ਨਖਿੱਧ ਰਹੀ ਸੀ।

## ਸਿੱਧੂ ਨਸ਼ਾ ਤਸਕਰਾਂ ਸਬੰਧੀ ਰਿਪੋਰਟ ਜਨਤਕ ਕਰਵਾਉਣ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵੇਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਘੇਰਨ ਦੀਆਂ ਤਿਆਰੀਆਂ ਖਿੱਚ ਲਈਆਂ ਹਨ। ਪਾਰਟੀ ਨੇ ਕਾਂਗਰਸ ਕੋਲੋਂ ਨਸ਼ਾ ਤਸਕਰੀ ਨਾਲ ਸਬੰਧਤ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਵੱਲੋਂ ਤਿਆਰ ਕੀਤੀ ਜਾਂਚ ਰਿਪੋਰਟ ਜਨਤਕ ਕਰਨ ਦੀ ਮੰਗ ਕੀਤੀ ਹੈ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਐਸ.ਟੀ.ਐਫ. ਦੀ ਸੀਲਬੰਦ ਰਿਪੋਰਟ 1 ਫਰਵਰੀ 2018 ਤੋਂ ਹਾਈ ਕੋਰਟ 'ਚ ਧੂੜ ਫੱਕ ਰਹੀ ਹੈ। ਇਸ ਦੌਰਾਨ ਉਨ੍ਹਾਂ ਕਾਂਗਰਸ ਦੇ ਨਵੇਂ ਪ੍ਰਧਾਨ ਨਵਜੋਤ ਸਿੱਧੂ ਤੋਂ ਮੰਗ ਕੀਤੀ ਕਿ ਦੋ ਹਫਤਿਆਂ 'ਚ ਰਿਪੋਰਟ ਜਨਤਕ ਕਰਵਾਈ ਜਾਵੇ।

# ਸਾਡੀ ਆਵਾਜ਼ ਨਾ ਚੁੱਕਣ ਵਾਲੇ ਸੰਸਦ ਮੈਂਬਰਾਂ ਦਾ ਵਿਰੋਧ ਕਰਾਂਗੇ: ਟਿਕੈਤ



**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕਿਸਾਨ ਸੰਸਦ ਦੌਰਾਨ ਕਿਹਾ ਕਿ ਜੇਕਰ ਸੰਸਦ ਮੈਂਬਰਾਂ ਨੇ ਮੌਜੂਦਾ ਮਾਨਸੂਨ ਸੈਸ਼ਨ ਦੌਰਾਨ ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਨਾ ਕੀਤੀ ਤਾਂ ਉਨ੍ਹਾਂ ਦਾ ਸਖਤ ਵਿਰੋਧ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਅਜਿਹੇ ਸੰਸਦ ਮੈਂਬਰ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ, ਕਿਸਾਨ ਉਨ੍ਹਾਂ ਦੇ ਹਲਕਿਆਂ ਵਿਚ ਜਾ ਕੇ ਵਿਰੋਧ ਕਰਨਗੇ। ਸ੍ਰੀ ਟਿਕੈਤ ਨੇ ਵਿਰੋਧੀ ਧਿਰਾਂ ਵੱਲੋਂ ਪੁਖਤਗੀ ਨਾਲ ਸੰਸਦ ਵਿਚ ਆਵਾਜ਼ ਨਾ ਉਠਾਉਣ 'ਤੇ ਕਿਹਾ ਕਿ ਦੇਸ਼ ਦੇ ਕਿਸਾਨ ਉਨ੍ਹਾਂ ਨੂੰ ਦੇਖ ਰਹੇ ਹਨ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰਾਂ ਨੂੰ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ (ਸੰਸਦ ਭਵਨ) ਵਿਚ ਕਿਸਾਨਾਂ ਦੀ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ ਜਾਵੇ।

ਟਿਕੈਤ ਨੇ ਕਿਹਾ ਕਿ ਕੇਂਦਰ ਸਰਕਾਰ ਮੰਨ ਚੁੱਕੀ ਹੈ ਕਿ ਮੋਰਚਿਆਂ 'ਤੇ ਬੈਠੇ ਕਿਸਾਨ ਹੀ ਹਨ ਪਰ ਉਹ ਜ਼ਿਆਦਾ ਹੀ ਸਖਤੀ ਦਿਖਾ ਰਹੀ ਹੈ। ਇਸ ਲਈ ਲੋਕਾਂ ਵੱਲੋਂ ਕਿਸੇ ਨੂੰ ਐਨੀ ਤਾਕਤ ਨਹੀਂ ਦਿੱਤੀ ਜਾਣੀ ਚਾਹੀਦੀ ਕਿ ਉਹ ਹੋਸ਼ ਗਵਾ ਬੈਠੇ। ਉਨ੍ਹਾਂ ਉਦਾਹਰਨ ਦਿੱਤੀ, 'ਜਦੋਂ ਪਿੰਡ ਵਿਚ ਮੱਝ ਨੂੰ ਵੱਧ ਤਾਕਤ ਮਿਲ ਜਾਂਦੀ ਹੈ ਤਾਂ ਉਹ ਉਸ ਖੁਰਲੀ ਨੂੰ ਹੀ ਪਹਿਲਾਂ ਢਾਹੁੰਦੀ ਹੈ ਜਿਸ ਵਿਚ ਚਾਰਾ ਖਾਂਦੀ ਹੈ। ਕੇਂਦਰ ਸਰਕਾਰ ਵੀ ਇਸੇ ਤਰਜ਼ 'ਤੇ ਕੰਮ ਕਰ ਰਹੀ ਹੈ। ਉਹ ਉਨ੍ਹਾਂ ਨੂੰ ਹੀ ਮਾਰ ਰਹੀ ਹੈ ਜਿਨ੍ਹਾਂ ਨੇ ਵੋਟਾਂ ਦੇ ਕੇ ਉਸ ਨੂੰ ਜਿਤਾਇਆ।'

## ਕਿਸਾਨ ਪ੍ਰਦਰਸ਼ਨ ਖਤਮ ਕਰਕੇ ਗੱਲ ਕਰਨ: ਤੋਮਰ

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਸਾਨਾਂ ਨੂੰ ਮੁੜ ਸੱਦਾ ਦਿੱਤਾ ਹੈ ਕਿ ਉਹ ਅੰਦੋਲਨ ਦਾ ਰਾਹ ਛੱਡ ਕੇ ਗੱਲਬਾਤ ਲਈ ਅੱਗੇ ਆਉਣ। ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਦੇ ਕਿਸਾਨਾਂ ਨੇ ਤਿੰਨੋਂ ਖੇਤੀ ਕਾਨੂੰਨਾਂ ਦੀ ਹਮਾਇਤ ਕੀਤੀ ਹੈ। ਜੰਤਰ-ਮੰਤਰ 'ਤੇ ਕਿਸਾਨ ਸੰਸਦ ਬਾਰੇ ਪੁੱਛੇ ਜਾਣ 'ਤੇ ਤੋਮਰ ਨੇ ਕਿਹਾ ਕਿ ਜੇਕਰ ਕਿਸਾਨ ਖੇਤੀ ਕਾਨੂੰਨਾਂ 'ਚ ਕੋਈ ਖਾਮੀਆਂ ਲੈ ਕੇ ਆਉਂਦੇ ਹਨ ਤਾਂ ਸਰਕਾਰ ਉਨ੍ਹਾਂ 'ਤੇ ਗੱਲਬਾਤ ਲਈ ਰਾਜ਼ੀ ਹੈ। 'ਜੇਕਰ ਕਿਸਾਨ ਆਪਣੀ ਤਜਵੀਜ਼ ਲੈ ਕੇ ਆਉਂਦੇ ਹਨ ਤਾਂ ਅਸੀਂ ਉਸ 'ਤੇ ਚਰਚਾ ਕਰਨ ਲਈ ਤਿਆਰ ਹਾਂ।' ਕਿਸਾਨਾਂ ਪ੍ਰਤੀ ਸਰਕਾਰ ਦੇ ਸੰਵੇਦਨਸ਼ੀਲ ਹੋਣ ਦਾ ਦਾਅਵਾ ਕਰਦਿਆਂ ਮੰਤਰੀ ਨੇ ਕਿਹਾ ਕਿ ਪਿਛਲੇ ਸੱਤ ਸਾਲਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਖੇਤੀ ਸੈਕਟਰ 'ਚ ਕਈ ਵੱਡੇ ਕਦਮ ਪੁੱਟੇ ਗਏ ਹਨ ਜਿਨ੍ਹਾਂ ਦਾ ਲਾਭ ਦੇਸ਼ ਦੇ ਕਾਸ਼ਤਕਾਰਾਂ ਨੂੰ ਹੋ ਰਿਹਾ ਹੈ।

## ਚੜੂਨੀ ਵੱਲੋਂ ਦਿੱਲੀ ਸੰਘਰਸ਼ 'ਚ ਵੱਧ ਤੋਂ ਵੱਧ ਸ਼ਮੂਲੀਅਤ ਦਾ ਸੱਦਾ

**ਮੋਰਿੰਡਾ:** ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਮੋਦੀ ਸਰਕਾਰ ਨੂੰ ਰੱਜ ਕੇ ਕੋਸਿਆ ਤੇ ਦਿੱਲੀ ਵਿਚ ਚੱਲ ਰਹੇ ਕਿਸਾਨੀ ਸੰਘਰਸ਼ ਵਿਚ ਵੱਧ ਤੋਂ ਵੱਧ ਕਿਸਾਨਾਂ ਨੂੰ ਹਿੱਸਾ ਲੈਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਉਹ ਆਪਣੇ ਸਟੈਂਡ 'ਤੇ ਕਾਇਮ ਹਨ। ਉਹ ਸੰਯੁਕਤ ਕਿਸਾਨ ਮੋਰਚੇ ਵਿਚ ਰਹਿ ਕੇ ਕਿਸਾਨਾਂ ਦੀ ਬਿਹਤਰੀ ਲਈ ਕੰਮ ਕਰਦੇ ਰਹਿਣਗੇ। ਸੰਯੁਕਤ ਕਿਸਾਨ ਮੋਰਚਾ ਉਨ੍ਹਾਂ ਦੇ ਸੁਝਾਅ ਨੂੰ ਮੰਨੇ ਚਾਹੇ ਨਾ ਪਰ ਉਹ ਆਪਣੇ ਸਟੈਂਡ 'ਤੇ ਕਾਇਮ ਰਹਿਣਗੇ, ਭਾਵੇਂ ਕਿਸਾਨ ਉਨ੍ਹਾਂ ਨੂੰ ਮੋਰਚੇ ਵਿਚ ਰੱਖਣ ਚਾਹੇ ਕੱਢਣ, ਉਹ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਰਨਗੇ। ਗੁਰਨਾਮ ਸਿੰਘ ਚੜੂਨੀ ਨੇ ਗੁਰਦੁਆਰਾ ਸ਼ਹੀਦਗੰਜ ਮੋਰਿੰਡਾ ਵਿਖੇ ਮੱਥਾ ਟੇਕਿਆ, ਜਿਥੇ ਕਿਸਾਨਾਂ ਨੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਰੋਪੜ ਦੇ ਸੀਨੀਅਰ ਐਡਵੋਕੇਟ ਰਜਿੰਦਰ ਸਿੰਘ ਰਾਜੂ ਨੇ ਕਿਸਾਨਾਂ ਦੇ ਕੇਸ ਮੁਫਤ ਲੜਨ ਦਾ ਐਲਾਨ ਵੀ ਕੀਤਾ।

# ਦਿੱਲੀ ਪੁਲਿਸ ਨੂੰ ਗ੍ਰਿਫਤਾਰੀ ਲਈ ਮਿਲੀਆਂ ਵਿਸ਼ੇਸ਼ ਤਾਕਤਾਂ

**ਨਵੀਂ ਦਿੱਲੀ:** ਦਿੱਲੀ ਦੇ ਉਪ ਰਾਜਪਾਲ ਵੱਲੋਂ ਦਿੱਲੀ ਪੁਲਿਸ ਕਮਿਸ਼ਨਰ ਨੂੰ 18 ਅਕਤੂਬਰ ਤੱਕ ਕੌਮੀ ਸੁਰੱਖਿਆ ਐਕਟ (ਐਨ.ਐਸ.ਏ.) ਤਹਿਤ ਕਿਸੇ ਨੂੰ ਵੀ ਗ੍ਰਿਫਤਾਰ ਕਰਨ ਦੀਆਂ ਤਾਕਤਾਂ ਦਿੱਤੀਆਂ ਗਈਆਂ ਹਨ। ਇਹ ਹੁਕਮ ਆਜ਼ਾਦੀ ਦਿਵਸ ਅਤੇ ਜੰਤਰ-ਮੰਤਰ 'ਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਵੱਲੋਂ ਕੀਤੀ ਜਾ ਰਹੀ 'ਕਿਸਾਨ-ਸੰਸਦ' ਦੌਰਾਨ ਜਾਰੀ ਕੀਤੇ ਗਏ ਹਨ, ਜਿਸ ਨੂੰ ਦਿੱਲੀ ਪੁਲਿਸ ਵੱਲੋਂ ਆਮ ਵਾਂਗ ਦਿੱਤੇ ਹੁਕਮ ਦੱਸਿਆ ਜਾ ਰਿਹਾ ਹੈ। ਇਕ ਸਰਕਾਰੀ ਨੋਟੀਫਿਕੇਸ਼ਨ ਵਿਚ ਦੱਸਿਆ ਗਿਆ ਹੈ ਕਿ ਦਿੱਲੀ ਦੇ ਉਪ ਰਾਜਪਾਲ ਅਨਿਲ ਬੈਜਲ ਨੇ ਦਿੱਲੀ ਪੁਲਿਸ ਕਮਿਸ਼ਨਰ ਬਾਲਾਜੀ ਸ੍ਰੀਵਾਸਤਵ ਨੂੰ 18 ਅਕਤੂਬਰ ਤੱਕ ਕਿਸੇ ਨੂੰ ਵੀ ਐਨ.ਐਸ.ਏ. ਤਹਿਤ ਨਜ਼ਰਬੰਦ ਕਰਨ ਦਾ ਅਧਿਕਾਰ ਦਿੱਤਾ ਹੈ। ਪੁਲਿਸ ਸੂਤਰਾਂ ਮੁਤਾਬਕ ਜੇਕਰ ਪੁਲਿਸ ਅਧਿਕਾਰੀ ਇਹ ਮਹਿਸੂਸ ਕਰੇ ਕਿ ਕੋਈ ਵਿਅਕਤੀ ਦੇਸ਼ ਦੀ ਸੁਰੱਖਿਆ ਤੇ ਕਾਨੂੰਨ ਵਿਵਸਥਾ ਲਈ ਖਤਰਾ ਹੈ ਤਾਂ ਉਸ ਨੂੰ ਐਨ.ਐਸ.ਏ. ਤਹਿਤ ਕਈ ਮਹੀਨਿਆਂ ਤੱਕ ਹਿਰਾਸਤ ਵਿਚ ਰੱਖਣ ਦੀ ਆਗਿਆ ਹੁੰਦੀ ਹੈ। ਦੂਜੇ ਪਾਸੇ ਪੁਲਿਸ ਦਾ ਦਾਅਵਾ ਹੈ ਇਹ ਇਕ ਆਮ ਹੁਕਮ ਹਨ ਤੇ ਇਸ ਦਾ ਕਿਸਾਨਾਂ ਦੇ ਵਿਰੋਧ ਨਾਲ ਕੋਈ ਸਬੰਧ ਨਹੀਂ ਹੈ। ਜਿਕਰਯੋਗ ਹੈ ਬੀਤੇ ਸਾਲ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਪ੍ਰਦਰਸ਼ਨਾਂ ਦੌਰਾਨ ਵੀ ਪੁਲਿਸ ਨੂੰ ਅਜਿਹੀਆਂ ਤਾਕਤਾਂ ਦਿੱਤੀਆਂ ਗਈਆਂ ਸਨ।

## ਕਿਸਾਨ ਕਿਸੇ ਸਖਤੀ ਤੋਂ ਡਰਨ ਵਾਲੇ ਨਹੀਂ: ਰਾਕੇਸ਼ ਟਿਕੈਤ

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ (ਟਿਕੈਤ) ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਦਿੱਲੀ-ਜੈਪੁਰ ਹਾਈਵੇਅ ਉਪਰ ਖੇੜਾ ਹੱਦ 'ਤੇ ਚੱਲ ਰਹੇ ਕਿਸਾਨ ਮੋਰਚੇ ਉਤੇ ਕਿਸਾਨਾਂ ਦਾ ਹੌਸਲਾ ਵਧਾਉਂਦਿਆਂ ਸਪੱਸ਼ਟ ਕੀਤਾ ਕਿ ਕਿਸਾਨ ਕਿਸੇ ਵੀ ਸਖਤੀ ਤੋਂ ਡਰਨ ਵਾਲੇ ਨਹੀਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅੜੀ ਹੋਈ ਹੈ ਜਿਸ ਕਰਕੇ ਕਿਸਾਨ ਵੀ ਅਗਲੇ 35 ਮਹੀਨੇ ਅੰਦੋਲਨ ਜਾਰੀ ਰੱਖਣਗੇ। ਸ੍ਰੀ ਟਿਕੈਤ ਨੇ ਕਿਹਾ ਕਿ ਸਰਕਾਰ ਹਾਲਤਾਂ ਬਾਰੇ ਗੱਲ ਕਰਨਾ ਚਾਹੁੰਦੀ ਹੈ ਜਦੋਂ ਕਿ ਕਿਸਾਨ ਖੇਤੀ ਕਾਨੂੰਨ ਰੱਦ ਕੀਤੇ ਜਾਣ ਤੋਂ ਬਿਨਾਂ ਕੁਝ ਵੀ ਸਵੀਕਾਰ ਨਹੀਂ ਕਰਨਗੇ। ਹਰਿਆਣਾ ਸਰਕਾਰ ਵੱਲੋਂ ਕਿਸਾਨਾਂ 'ਤੇ ਸਖਤੀ ਬਾਰੇ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਕਿਸਾਨ ਕਿਸੇ ਵੀ ਹਾਲਤ ਵਿਚ ਡਰਨ ਵਾਲੇ ਨਹੀਂ ਹਨ।

## ਅਮਰੀਕਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਭੁਲੱਥ:** ਪਿੰਡ ਭਦਾਸ ਦੇ ਨੌਜਵਾਨ ਦੀ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਵਿਚ ਮੌਤ ਹੋ ਗਈ। ਇਸ ਸਬੰਧੀ ਪਿੰਡ ਦੇ ਸਰਪੰਚ ਨਿਸ਼ਾਨ ਸਿੰਘ ਬੱਲੇਆਣੀਆ ਨੇ ਦੱਸਿਆ ਕਿ ਦੋ ਕੁ ਮਹੀਨੇ ਪਹਿਲਾਂ ਪਿਤਾ ਦੀ ਮੌਤ ਦਾ ਸੋਗ ਅਜੇ ਘਰੋਂ ਮੁੱਕਿਆ ਨਹੀਂ ਸੀ ਕਿ ਅੱਠ ਸਾਲ ਪਹਿਲਾਂ ਅਮਰੀਕਾ ਗਏ ਸਰਬਜੀਤ ਸਿੰਘ (25) ਪੁੱਤਰ ਸ਼ਮਸ਼ੇਰ ਸਿੰਘ ਦੀ ਮੌਤ ਦੀ ਸੂਚਨਾ ਮਿਲ ਗਈ। ਉਨ੍ਹਾਂ ਦੱਸਿਆ ਕਿ ਪਿਛਲੇ ਤਿੰਨ ਚਾਰ ਦਿਨਾਂ ਤੋਂ ਪਰਿਵਾਰ ਦਾ ਸਰਬਜੀਤ ਨਾਲ ਸੰਪਰਕ ਨਹੀਂ ਸੀ ਹੋ ਰਿਹਾ। ਇਸ ਦੌਰਾਨ ਅੱਧੀ ਰਾਤ ਨੂੰ ਅਮਰੀਕਾ ਤੋਂ ਡਾਕਟਰਾਂ ਨੇ ਦੱਸਿਆ ਕਿ ਸਰਬਜੀਤ ਬਿਮਾਰ ਸੀ, ਦੀ ਹਸਪਤਾਲ ਵਿਚ ਮੌਤ ਹੋ ਗਈ।

# ਸੰਘਰਸ਼ੀ ਅਖਾੜਿਆਂ ਵਿਚ ਨਿਸ਼ਾਨੇ 'ਤੇ ਆਏ ਭਾਜਪਾ ਆਗੂ

**ਚੰਡੀਗੜ੍ਹ:** ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਜਾਰੀ ਧਰਨਿਆਂ ਦੌਰਾਨ ਬੁਲਾਰਿਆਂ ਦੇ ਨਿਸ਼ਾਨੇ 'ਤੇ ਭਾਜਪਾ ਅਤੇ ਕਾਂਗਰਸ ਦੇ ਆਗੂ ਰਹੇ।



ਬੁਲਾਰਿਆਂ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਹੱਠਧਰਮੀ ਅਪਣਾਈ ਹੋਈ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਖੇਤੀ ਮੰਤਰੀ ਵੱਲੋਂ ਕਿਸਾਨੀ ਅੰਦੋਲਨ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਕਿਸਾਨਾਂ ਦਾ ਕੋਈ ਅੰਕੜਾ ਨਾ ਹੋਣਾ ਮਨੁੱਖਤਾ ਅਤੇ ਸੰਵਿਧਾਨ ਵਿਰੋਧੀ ਹੈ। ਉਨ੍ਹਾਂ ਕਿਹਾ ਕਿ ਪੰਜਾਬ, ਹਰਿਆਣਾ, ਉਤਰਾਖੰਡ ਅਤੇ ਉਤਰ ਪ੍ਰਦੇਸ਼ ਨਾਲ ਸਬੰਧਤ 600 ਤੋਂ ਵੱਧ ਕਿਸਾਨ ਆਪਣੀਆਂ ਜਾਨਾਂ ਅੰਦੋਲਨ ਦੇ ਲੇਖੇ ਲਾ ਚੁੱਕੇ ਹਨ ਪਰ ਕੇਂਦਰੀ ਮੰਤਰੀ ਵੱਲੋਂ ਕਿਸਾਨਾਂ ਦੀਆਂ ਕੁਰਬਾਨੀਆਂ ਪ੍ਰਤੀ ਅੱਖਾਂ ਮੀਚਣ ਤੋਂ ਸਾਬਤ ਹੁੰਦਾ ਹੈ ਕਿ ਇਹ ਪਾਰਟੀ ਭਾਰਤ ਵਰਗੇ ਮੁਲਕ 'ਤੇ ਰਾਜ ਕਰਨ ਦੇ ਕਾਬਲ ਨਹੀਂ ਹੈ। ਬੁਲਾਰਿਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸਮੇਤ ਭਾਜਪਾ ਆਗੂਆਂ ਦਾ ਰਵੱਈਆ ਤਾਨਾਸ਼ਾਹ ਵਾਲਾ ਬਣਿਆ ਹੋਇਆ ਹੈ। ਖੇਤੀ ਮੰਤਰੀ ਦਾ ਬਿਆਨ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੇ ਜਖਮਾਂ ਉਪਰ ਲੂਣ ਛਿੜਕਣ ਤੋਂ ਘੱਟ ਨਹੀਂ ਹੈ। ਸ਼ਹੀਦ ਹੋਏ ਕਿਸਾਨਾਂ ਬਾਰੇ ਅੰਕੜੇ, ਸੰਯੁਕਤ ਕਿਸਾਨ ਮੋਰਚੇ ਦੇ ਬਲੌਗ ਸਮੇਤ, ਕਈ ਸਰੋਤਾਂ ਤੋਂ ਲਏ ਜਾ ਸਕਦੇ ਸਨ ਪਰ ਸਰਕਾਰ ਦੀ ਨੀਅਤ ਸਾਫ ਨਹੀਂ।

ਆਗੂਆਂ ਨੇ ਕਿਹਾ ਕਿ ਜੇਕਰ ਲੋਕ ਕੁਰਸੀ 'ਤੇ ਬਿਠਾ ਸਕਦੇ ਹਨ ਤਾਂ ਕੁਰਸੀ ਤੋਂ ਲਾਹ ਵੀ ਸਕਦੇ ਹਨ ਤੇ ਦੁਨੀਆਂ ਦੇ ਵੱਡੇ ਤੋਂ ਵੱਡੇ ਤਾਨਾਸ਼ਾਹ ਦਾ ਹਸ਼ਰ ਵੀ ਅੰਤ ਨੂੰ ਮਾੜਾ ਹੀ ਹੋਇਆ ਹੈ। ਬੁਲਾਰਿਆਂ ਨੇ ਕਿਹਾ ਕਿ ਕਿਸਾਨਾਂ ਵੱਲੋਂ ਜਾਰੀ 'ਲੋਕ ਵ੍ਹਿਪ' ਨੂੰ ਨਜ਼ਰਅੰਦਾਜ਼ ਕਰਕੇ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਨਵਜੋਤ ਸਿੰਘ ਸਿੱਧੂ ਦੇ ਤਾਜਪੋਸ਼ੀ ਸਮਾਰੋਹ ਨੂੰ ਤਰਜੀਹ ਦਿੱਤੀ, ਜਿਸ ਤੋਂ ਕਾਂਗਰਸ ਦੀ ਕਿਸਾਨ ਵਿਰੋਧੀ ਸੋਚ ਸਪੱਸ਼ਟ ਹੋ ਗਈ ਹੈ।

## ਭਾਜਪਾ ਆਗੂ ਵਿਜੈ ਸਾਂਪਲਾ ਦਾ ਵਿਰੋਧ

ਫਗਵਾੜਾ ਵਿਚ ਭਾਰਤੀ ਜਨਤਾ ਪਾਰਟੀ ਦੇ ਆਗੂ ਵੱਲੋਂ ਖੋਲ੍ਹੇ ਜਾ ਰਹੇ ਸ਼ੋਅਰੂਮ ਦੇ ਉਦਘਾਟਨ ਮੌਕੇ ਮਾਹੌਲ ਉਸ ਵੇਲੇ ਤਣਾਅਪੂਰਨ ਹੋ ਗਿਆ, ਜਦੋਂ ਸਾਬਕਾ ਕੇਂਦਰੀ ਮੰਤਰੀ ਤੇ ਕੌਮੀ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਦੇ ਇਥੇ ਪੁੱਜਣ ਦੀ ਭਿਣਕ ਕਿਸਾਨਾਂ ਦੇ ਕੰਨੀਂ ਪੈ ਗਈ। ਕਿਸਾਨਾਂ ਨੇ ਇਕੱਠੇ ਹੋ ਕੇ ਭਾਜਪਾ ਆਗੂ ਦੇ ਪ੍ਰੋਗਰਾਮ ਦਾ ਵਿਰੋਧ ਕੀਤਾ, ਜਿਸ ਮਗਰੋਂ ਭਾਜਪਾ ਆਗੂ ਤੇ ਕਿਸਾਨ ਆਹਮੋ-ਸਾਹਮਣੇ ਹੋ ਗਏ। ਜਾਣਕਾਰੀ ਮੁਤਾਬਕ ਭਾਜਪਾ ਯੁਵਾ ਮੋਰਚਾ ਦੇ ਆਗੂ ਅਸ਼ੋਕ ਦੁੱਗਲ ਦੇ ਨਵੇਂ ਸੈਨੇਟਰੀ ਸ਼ੋਅਰੂਮ ਦਾ ਵਿਜੈ ਸਾਂਪਲਾ ਤੇ ਸੋਮ ਪ੍ਰਕਾਸ਼ ਨੇ ਉਦਘਾਟਨ ਕਰਨਾ ਸੀ। ਸੂਹ ਮਿਲਦਿਆਂ ਹੀ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਬੈਨਰ ਹੇਠ ਕਿਸਾਨ ਇਕੱਠੇ ਹੋਣੇ ਸ਼ੁਰੂ ਹੋ ਗਏ ਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

## ਖੇਤੀਬਾੜੀ ਮੰਤਰੀ ਤੋਮਰ ਮੁਆਫੀ ਮੰਗਣ: ਹਰਸਿਮਰਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮੋਦੀ ਸਰਕਾਰ ਵੱਲੋਂ ਦਿੱਲੀ ਦੀਆਂ ਹੱਦਾਂ 'ਤੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ 550 ਕਿਸਾਨਾਂ ਦੀ ਸ਼ਹਾਦਤ ਹੋਣ ਨੂੰ ਮਨੁੱਖੀ ਤ੍ਰਾਸਦੀ ਮੰਨਣ ਤੋਂ ਇਨਕਾਰ ਕਰਨ ਦੀ ਨਿਖੇਧੀ ਕੀਤੀ ਹੈ। ਪਾਰਟੀ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਸ ਮਾਮਲੇ 'ਤੇ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਕਿਸਾਨ ਭਾਈਚਾਰੇ ਤੇ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਤੋਂ ਮੁਆਫੀ ਮੰਗਣ। ਉਨ੍ਹਾਂ ਕਿਹਾ ਕਿ ਐਨ.ਡੀ.ਏ. ਸਰਕਾਰ ਦਾ ਕਿਸਾਨ ਵਿਰੋਧੀ ਰਵੱਈਆ ਹੀ ਕਿਸਾਨਾਂ ਦੀ ਇਸ ਹਾਲਤ ਲਈ ਜ਼ਿੰਮੇਵਾਰ ਹੈ।

# ਆਕਸੀਜਨ ਦੀ ਕਮੀ ਨਾਲ ਮੌਤਾਂ ਨਾ ਹੋਣ ਦੇ ਦਾਅਵੇ ‘ਤੇ ਘਿਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਦੇਸ਼ ਵਿਚ ਆਕਸੀਜਨ ਦੀ ਕਮੀ ਨਾਲ ਕੋਈ ਵੀ ਮੌਤ ਨਾ ਹੋਣ ਦੇ ਦਾਅਵੇ ਉਤੇ ਵੱਡੇ ਸਵਾਲ ਖੜ੍ਹੇ ਹੋ ਗਏ ਹਨ। ਸੰਸਦ ਦੇ ਮਾਨਸੂਨ ਇਜਲਾਸ ਦੌਰਾਨ ਸਰਕਾਰ ਦੇ ਕਰੋਨਾ ਦੀ ਦੂਸਰੀ ਲਹਿਰ ਸਮੇਂ ਦੇਸ਼ ਭਰ ਵਿਚ ਆਈ ਆਕਸੀਜਨ ਦੀ ਭਾਰੀ ਕਮੀ ਕਾਰਨ ਕੋਈ ਵੀ ਮੌਤ ਨਾ ਹੋਣ ਦਾਅਵੇ ਪਿੱਛੋਂ ਵਿਰੋਧੀ ਧਿਰਾਂ ਦਾ ਪਾਰਾ ਵੀ ਚੜ੍ਹ ਗਿਆ ਹੈ।

ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਆਕਸੀਜਨ ਦੀ ਘਾਟ ਦਾ ਸੱਚ ਛੁਪਾਉਣ ਲਈ ਦਿੱਲੀ ਸਰਕਾਰ ਨੂੰ ਆਡਿਟ ਕਮੇਟੀ ਨਹੀਂ ਬਣਾਉਣ ਦਿੱਤੀ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਕੋਲ ਆਕਸੀਜਨ ਦੀ ਘਾਟ ਕਾਰਨ ਹੋਈਆਂ ਮੌਤਾਂ ਬਾਰੇ ਕੋਈ ਅੰਕੜਾ ਨਹੀਂ ਹੈ ਕਿਉਂਕਿ ਕੇਂਦਰ ਨੇ ਲੋਕਾਂ ਦੀ ਮੌਤ ਦੇ ਕਾਰਨਾਂ ਦੀ ਜਾਂਚ ਲਈ ਕਮੇਟੀ ਨਹੀਂ ਬਣਾਉਣ ਦਿੱਤੀ ਸੀ। ਇਕ ਸਵਾਲ ਦੇ ਜਵਾਬ ਵਿਚ ਸ੍ਰੀ ਸਿਸੋਦੀਆ ਨੇ ਕਿਹਾ ਕਿ ਦਿੱਲੀ ਸਰਕਾਰ ਨੇ ਆਕਸੀਜਨ ਦੀ ਘਾਟ ਕਾਰਨ ਹੋਈਆਂ ਮੌਤਾਂ ਦੀ ਜਾਂਚ ਸਬੰਧੀ ਕਮੇਟੀ ਦਾ ਗਠਨ ਕਰਨ ਤੇ ਉਨ੍ਹਾਂ ਨੂੰ ਮੁਆਵਜ਼ੇ ਵਜੋਂ ਪੰਜ ਲੱਖ ਰੁਪਏ ਦੇਣ ਦਾ ਫੈਸਲਾ ਲਿਆ ਸੀ ਪਰ ਕੇਂਦਰ ਨੇ ਉਨ੍ਹਾਂ ਨੂੰ ਅਜਿਹਾ ਨਹੀਂ ਕਰਨ ਦਿੱਤਾ। ਉਪ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰੀ ਸਚਾਈ ਛੁਪਾਉਣਾ ਚਾਹੁੰਦੀ ਹੈ। ਉਧਰ, ਦਿੱਲੀ ਦੇ ਸਿਹਤ ਮੰਤਰੀ ਸਤਿੰਦਰ ਜੈਨ ਨੇ ਕਿਹਾ ਕਿ ਦਿੱਲੀ ਤੇ ਦੇਸ਼ ਭਰ ਵਿਚ ਹੋਰ ਥਾਵਾਂ ‘ਤੇ ਆਕਸੀਜਨ ਦੀ ਘਾਟ ਕਾਰਨ



ਬਹੁਤ ਸਾਰੀਆਂ ਮੌਤਾਂ ਹੋਈਆਂ ਹਨ ਅਤੇ ਇਹ ਕਹਿਣਾ ਪੂਰੀ ਤਰ੍ਹਾਂ ਗਲਤ ਹੈ ਕਿ ਕਿਸੇ ਦੀ ਵੀ ਜਾਨ ਆਕਸੀਜਨ ਦੀ ਘਾਟ ਕਾਰਨ ਨਹੀਂ ਗਈ। ਕਾਂਗਰਸੀ ਆਗੂ ਪ੍ਰਿਅੰਕਾ ਗਾਂਧੀ ਨੇ ਕੋਵਿਡ-19 ਦੀ ਦੂਜੀ ਲਹਿਰ ਦੌਰਾਨ ਆਕਸੀਜਨ ਦੀ ਘਾਟ ਕਾਰਨ ਕੋਈ ਮੌਤ ਨਾ ਹੋਣ ਸਬੰਧੀ ਬਿਆਨ ‘ਤੇ ਕੇਂਦਰ ਸਰਕਾਰ ਨੂੰ ਲੰਬੇ ਹੱਥੀਂ ਲਿਆ। ਉਨ੍ਹਾਂ ਦੋਸ਼ ਲਗਾਇਆ ਕਿ ਮਹਾਮਾਰੀ ਵਾਲੇ ਸਾਲ ਵਿਚ ਸਰਕਾਰ ਵੱਲੋਂ ਆਕਸੀਜਨ ਦੀ ਬਰਾਮਦ ਵਧਾਏ ਜਾਣ ਅਤੇ ਇਸ ਦੀ ਢੋਆ-ਢੁਆਈ ਲਈ ਟੈਂਕਰਾਂ ਦਾ ਪ੍ਰਬੰਧ ਨਾ ਕੀਤੇ ਜਾਣ ਕਾਰਨ ਮੌਤਾਂ ਹੋਈਆਂ ਸਨ। ਸਰਕਾਰ ‘ਤੇ ਨਿਸ਼ਾਨਾ ਸੇਧਦਿਆਂ ਪ੍ਰਿਅੰਕਾ ਗਾਂਧੀ ਨੇ ਕਿਹਾ, ”ਮਹਾਮਾਰੀ ਵਾਲੇ ਸਾਲ ਵਿਚ ਮੌਤਾਂ ਇਸ ਕਰ ਕੇ ਹੋਈਆਂ ਸਨ ਕਿਉਂ ਕਿ ਸਰਕਾਰ ਨੇ ਆਕਸੀਜਨ ਦੀ ਬਰਾਮਦ ਕਰੀਬ 700 ਫੀਸਦ ਵਧਾ ਦਿੱਤੀ ਸੀ।“ ਉਨ੍ਹਾਂ ਦੋਸ਼ ਲਾਇਆ ਕਿ ਮੌਤਾਂ ਇਸ ਵਾਸਤੇ ਹੋਈਆਂ ਸਨ ਕਿਉਂਕਿ ਸਰਕਾਰ ਨੇ ਆਕਸੀਜਨ ਦੀ ਢੋਆ-ਢੁਆਈ ਲਈ ਟੈਂਕਰਾਂ ਦਾ ਇੰਤਜ਼ਾਮ ਨਹੀਂ ਸੀ ਕੀਤਾ ਅਤੇ ਉੱਚ ਤਾਕਤੀ ਸਮੂਹਾਂ ਤੇ ਇਕ ਸੰਸਦੀ ਕਮੇਟੀ ਦੀ ਸਲਾਹ ਨੂੰ ਅਣਗੌਲਿਆ ਕੀਤਾ ਗਿਆ। ਹਸਪਤਾਲਾਂ ਵਿਚ ਆਕਸੀਜਨ ਪਲਾਂਟ

### *ਗਲਤ ਫੈਸਲਿਆਂ ਕਾਰਨ 50 ਲੱਖ ਜਾਨਾਂ ਗਈਆਂ: ਰਾਹੁਲ*

**ਨਵੀਂ ਦਿੱਲੀ:** ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ ‘ਤੇ ਹਮਲਾ ਕਰਦਿਆਂ ਕਿਹਾ ਕਿ ਕਰੋਨਾ ਵਾਇਰਸ ਦੀ ਦੂਜੀ ਲਹਿਰ ਦੌਰਾਨ ਸਰਕਾਰ ਦੇ ਗਲਤ ਫੈਸਲਿਆਂ ਕਾਰਨ 50 ਲੱਖ ਜਾਨਾਂ ਚੱਲੀਆਂ ਗਈਆਂ। ਸ੍ਰੀ ਗਾਂਧੀ ਨੇ ਟਵੀਟ ਕੀਤਾ, ”ਸੱਚ ਹੈ, ਕਰੋਨਾ ਵਾਇਰਸ ਦੀ ਦੂਜੀ ਲਹਿਰ ਦੌਰਾਨ ਭਾਰਤ ਸਰਕਾਰ ਦੇ ਗਲਤ ਫੈਸਲਿਆਂ ਨੇ ਸਾਡੇ 50 ਲੱਖ ਭਰਾਵਾਂ, ਭੈਣਾਂ, ਮਾਵਾਂ ਤੇ ਪਿਤਾ ਦੀ ਹੱਤਿਆ ਕਰ ਦਿੱਤੀ।“ ਉਨ੍ਹਾਂ ਇਸ ਟਵੀਟ ਦੇ ਨਾਲ ਵਾਸ਼ਿੰਗਟਨ ਆਧਾਰਿਤ ਇਕ ਮਸ਼ਹੂਰ ਸੰਸਥਾ ਸੈਂਟਰ ਫਾਰ ਗਲੋਬਲ ਡਿਵੈਲਪਮੈਂਟ ਦੀ ਇਕ ਰਿਪੋਰਟ ਵੀ ਨੱਥੀ ਕੀਤੀ।

ਸਥਾਪਤ ਕਰਨ ਦਾ ਉਪਰਾਲਾ ਨਹੀਂ ਕੀਤਾ। ਸ਼ਿਵ ਸੈਨਾ ਦੇ ਸੰਸਦ ਮੈਂਬਰ ਸੰਜੈ ਰਾਊਤ ਨੇ ਕਿਹਾ ਕਿ ਉਹ ਲੋਕ ਜਿਨ੍ਹਾਂ ਦੇ ਸਕੇ-ਸਬੰਧੀਆਂ ਦੀ ਮੌਤ ਆਕਸੀਜਨ ਦੀ ਘਾਟ ਕਾਰਨ ਹੋਈ ਹੈ, ਉਹ ਕੇਂਦਰ ਸਰਕਾਰ ਨੂੰ ਅਦਾਲਤ ਵਿਚ ਲੈ ਕੇ ਜਾਣ।

ਦੱਸ ਦਈਏ ਕਿ ਕਰੋਨਾ ਦੀ ਦੂਜੀ ਲਹਿਰ ਦੌਰਾਨ ਆਕਸੀਜਨ ਦੀ ਕਮੀ ਦੇ ਚੱਲਦਿਆਂ ਅਨੇਕਾਂ ਹੀ ਮੌਤਾਂ ਹੋਈਆਂ, ਜਿਨ੍ਹਾਂ ਦੇ ਵਿਸਥਾਰ ਦੂਜੀ ਲਹਿਰ ਦੌਰਾਨ ਲਗਾਤਾਰ ਅਖਬਾਰਾਂ ਵਿਚ ਅਤੇ ਹੋਰ ਬਿਜਲਈ ਅਤੇ ਡਿਜੀਟਲ ਮੀਡੀਆ ਵਿਚ ਵੀ ਸਾਹਮਣੇ ਆਉਂਦੇ ਰਹੇ ਹਨ, ਪਰ ਇਸ ਸਬੰਧੀ ਕੇਂਦਰ ਸਰਕਾਰ ਵਲੋਂ ਸੰਸਦ ਵਿਚ ਪੇਸ਼ ਕੀਤੇ ਗਏ ਤੱਥ ਬੇਹੱਦ ਹੈਰਾਨ ਕਰਨ ਵਾਲੇ ਹਨ।

ਕੇਂਦਰੀ ਸਿਹਤ ਰਾਜ ਮੰਤਰੀ ਭਾਰਤੀ ਪ੍ਰਵੀਨ ਪਵਾਰ ਦਾ ਸਦਨ ਵਿਚ ਇਹ ਕਹਿਣਾ ਕਿ ਕਰੋਨਾ ਮਹਾਮਾਰੀ ਦੀ ਦੂਸਰੀ ਲਹਿਰ ਦੌਰਾਨ ਦੇਸ਼ ਵਿਚ ਆਕਸੀਜਨ ਦੀ ਕਮੀ ਕਾਰਨ ਕਿਸੇ ਦੀ ਜਾਨ ਨਹੀਂ ਗਈ, ਨੇ ਇਕ ਵਾਰ ਫਿਰ ਵੱਡੇ ਵਿਵਾਦਾਂ ਨੂੰ ਜਨਮ ਦਿੱਤਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਹਾਮਾਰੀ ਦੇ ਦੂਜੇ ਹਮਲੇ ਦੌਰਾਨ ਆਕਸੀਜਨ ਦੀ ਮੰਗ ਇੰਨੀ ਵਧ ਗਈ ਸੀ ਕਿ ਉਸ ਨੂੰ ਪੂਰਾ ਕੀਤਾ ਜਾਣਾ ਮੁਸ਼ਕਲ ਸੀ। ਪਹਿਲੀ ਲਹਿਰ ਵਿਚ ਜਿਥੇ 3000 ਮੀਟ੍ਰਿਕ ਟਨ ਰੋਜ਼ਾਨਾ ਆਕਸੀਜਨ ਦੀ ਜ਼ਰੂਰਤ ਪਈ ਸੀ। ਦੂਸਰੀ ਲਹਿਰ ਵਿਚ ਇਹ 9000 ਮੀਟ੍ਰਿਕ ਟਨ ਪ੍ਰਤੀ ਦਿਨ ਉਤੇ ਪਹੁੰਚ ਗਈ ਸੀ। ਉਸ ਸਮੇਂ ਦੇਸ਼ ਵਿਚ ਇਕਦਮ ਅਫਰਾ-ਤਫਰੀ ਫੈਲ ਗਈ ਸੀ। ਬਹੁਤ ਸਾਰੇ ਹਸਪਤਾਲਾਂ ਨੇ ਆਕਸੀਜਨ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਸੀ। ਵੱਖ-ਵੱਖ ਰਾਜਾਂ ਨੇ ਵੀ ਕੇਂਦਰ ਨੂੰ ਇਹ ਮੰਗ ਪੂਰੀ ਕਰਨ ਦੀਆਂ ਅਪੀਲਾਂ ਕੀਤੀਆਂ ਸਨ। ਕੀਤੇ ਗਏ ਵੱਡੇ ਯਤਨਾਂ ਨਾਲ ਜਦੋਂ ਤੱਕ ਇਸ ਦੀ ਪੂਰਤੀ ਕੀਤੀ ਗਈ ਉਦੋਂ ਤੱਕ ਇਸ ਦੀ ਘਾਟ ਕਾਰਨ ਅਨੇਕਾਂ ਹੀ ਜਾਨਾਂ ਜਾਣ ਦੀਆਂ ਸੂਚਨਾਵਾਂ ਸਾਹਮਣੇ ਆ ਚੁੱਕੀਆਂ ਸਨ।

## ਕਰੋਨਾ ਮਹਾਮਾਰੀ ਦੌਰਾਨ 119000 ਭਾਰਤੀ ਬੱਚਿਆਂ ਨੇ ਮਾਪੇ ਗੁਆਏ

**ਵਾਸ਼ਿੰਗਟਨ:** ਨੈਸ਼ਨਲ ਇੰਸਟੀਚਿਊਟ ਆਨ ਡਰੱਗ ਅਬਿਊਜ਼ (ਐਨ.ਆਈ.ਡੀ.ਏ.) ਅਤੇ ਨੈਸ਼ਨਲ ਇੰਸਟੀਚਿਊਟ ਆਫ ਹੈਲਥ (ਐਨ.ਆਈ.ਐਚ.) ਨੇ ਆਪਣੇ ਅਧਿਐਨ ਵਿਚ ਕਿਹਾ ਹੈ ਕਿ ਕਰੋਨਾ ਵਾਇਰਸ ਮਹਾਮਾਰੀ ਦੇ ਪਹਿਲੇ 14 ਮਹੀਨਿਆਂ ਦੌਰਾਨ ਭਾਰਤ ਵਿਚ 1,19,000 ਬੱਚਿਆਂ ਸਣੇ 21 ਦੇਸ਼ਾਂ ਵਿਚ 15 ਲੱਖ ਤੋਂ ਵੱਧ ਬੱਚਿਆਂ ਨੇ ਆਪਣੇ ਮਾਤਾ-ਪਿਤਾ ਜਾਂ ਸਰਪ੍ਰਸਤ ਗੁਆ ਲਏ। ਅਧਿਐਨ ਮੁਤਾਬਕ ਭਾਰਤ ਵਿਚ ਕੋਵਿਡ-19 ਕਾਰਨ 25,500 ਬੱਚਿਆਂ ਨੇ ਆਪਣੀਆਂ ਮਾਵਾਂ, 90,751 ਬੱਚਿਆਂ ਨੇ ਆਪਣੇ ਪਿਤਾ ਅਤੇ 12 ਬੱਚਿਆਂ ਨੇ ਆਪਣੇ ਮਾਂ-ਪਿਉ ਦੋਵੇਂ ਗੁਆ ਦਿੱਤੇ।

ਇਸ ਅਧਿਐਨ ਅਨੁਸਾਰ ਦੁਨੀਆਂ ਵਿਚ 11,34,000 ਬੱਚਿਆਂ ਨੇ ਕੋਵਿਡ-19 ਕਾਰਨ ਆਪਣੇ ਮਾਪਿਆਂ ਜਾਂ ਦੇਖ ਭਾਲ ਕਰਨ ਵਾਲੇ ਦਾਦਾ-ਦਾਦੀ /ਨਾਨਾ-ਨਾਨੀ ਨੂੰ ਗੁਆ ਦਿੱਤਾ ਹੈ। ਇਨ੍ਹਾਂ ਵਿਚੋਂ, 10,42,000 ਬੱਚਿਆਂ ਨੇ ਆਪਣੀ ਮਾਂ, ਪਿਤਾ ਜਾਂ ਦੋਵੇਂ ਗੁਆਏ। ਬਹੁਤੇ ਬੱਚਿਆਂ ਨੇ ਆਪਣੇ ਮਾਪਿਆਂ ਵਿਚੋਂ ਇਕ ਗੁਆ ਦਿੱਤਾ ਹੈ।

## *ਅੱਗੇ ਦਾ ਰਸਤਾ 1991 ਨਾਲੋਂ ਜ਼ਿਆਦਾ ਚੁਣੌਤੀਪੂਰਨ: ਮਨਮੋਹਨ ਸਿੰਘ*

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 1991 ਦੇ ਇਤਿਹਾਸਕ ਬਜਟ ਦੇ 30 ਸਾਲ ਪੂਰੇ ਹੋਣ ‘ਤੇ ਕਿਹਾ ਕਿ ਕਰੋਨਾ ਵਾਇਰਸ ਮਹਾਮਾਰੀ ਕਾਰਨ ਪੈਦਾ ਹੋਏ ਹਾਲਾਤ ਦੇ ਮੱਦੇਨਜਰ ਅੱਗੇ ਦਾ ਰਸਤਾ ਉਸ ਸਮੇਂ ਦੇ ਮੁਕਾਬਲੇ ਜਿਆਦਾ ਚੁਣੌਤੀਪੂਰਨ ਹੈ ਅਤੇ ਅਜਿਹੇ ਵਿਚ ਇਕ ਰਾਸ਼ਟਰ ਦੇ ਤੌਰ ‘ਤੇ ਭਾਰਤ ਨੂੰ ਆਪਣੀਆਂ ਤਰਜੀਹਾਂ ਨੂੰ ਪੁਨਰ ਨਿਰਧਾਰਤ ਕਰਨਾ ਹੋਵੇਗਾ। ਉਨ੍ਹਾਂ ਚੇਤੇ ਕੀਤਾ ਕਿ 1991 ਵਿਚ ਵਿੱਤ ਮੰਤਰੀ ਹੁੰਦਿਆਂ ਉਨ੍ਹਾਂ ਆਪਣਾ ਬਜਟ ਭਾਸ਼ਣ ਵਿਕਟਰ ਹੁਗੋ ਦੇ ਹਵਾਲੇ ਨਾਲ ਇਹ ਕਹਿ ਕੇ ਸਮਾਪਤ ਕੀਤਾ ਸੀ, ”ਧਰਤੀ ‘ਤੇ ਕੋਈ ਤਾਕਤ ਉਸ ਵਿਚਾਰ ਨੂੰ ਨਹੀਂ ਰੋਕ ਸਕਦੀ ਜਿਸ ਦਾ ਸਮਾਂ ਆ ਗਿਆ ਹੈ।“

ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ, ‘‘30 ਸਾਲ ਬਾਅਦ, ਇਕ ਰਾਸ਼ਟਰ ਵਜੋਂ ਸਾਨੂੰ ਰੌਬਰਟ ਫਰੌਸਟ ਦੀ ਕਵਿਤਾ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਾਨੂੰ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਤੇ ਮੀਲਾਂ ਦਾ ਸਫਰ ਤੈਅ ਕਰਨ ਤੋਂ ਬਾਅਦ ਹੀ ਆਰਾਮ ਕਰਨਾ ਹੈ।’’ ਸ੍ਰੀ ਸਿੰਘ ਨੇ ਇਕ ਬਿਆਨ



ਵਿਚ ਕਿਹਾ, ‘‘ਇਹ ਸਮਾਂ ਖੁਸ਼ ਹੋਣ ਦਾ ਨਹੀਂ ਹੈ ਬਲਕਿ ਆਤਮ ਪੜਚੋਲ ਤੇ ਸੋਚ-ਵਿਚਾਰ ਕਰਨ ਦਾ ਹੈ। ਅੱਗੇ ਦਾ ਰਸਤਾ 1991 ਦੇ ਸੰਕਟ ਨਾਲੋਂ ਜਿਆਦਾ ਚੁਣੌਤੀਪੂਰਨ ਹੈ। ਇਕ ਰਾਸ਼ਟਰ ਵਜੋਂ ਸਾਨੂੰ ਆਪਣੀਆਂ ਤਰਜੀਹਾਂ ਨੂੰ ਪੁਨਰ ਨਿਰਧਾਰਤ ਕਰਨਾ ਹੋਵੇਗਾ ਤਾਂ ਜੋ ਹਰੇਕ ਭਾਰਤੀ ਲਈ ਤੰਦਰੁਸਤ ਤੇ ਮਾਣ ਵਾਲੀ ਜ਼ਿੰਦਗੀ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ 30 ਸਾਲ ਪਹਿਲਾਂ 1991 ਵਿਚ ਅੱਜ ਦੇ ਦਿਨ ਕਾਂਗਰਸ ਪਾਰਟੀ ਨੇ ਭਾਰਤੀ ਅਰਥਚਾਰੇ ਵਿਚ ਮਹੱਤਵਪੂਰਨ ਸੁਧਾਰਾਂ ਦੀ ਸ਼ੁਰੂਆਤ ਕੀਤੀ ਸੀ ਅਤੇ ਦੇਸ਼ ਦੀ ਆਰਥਿਕ ਨੀਤੀ ਲਈ ਇਕ ਨਵਾਂ ਰਾਹ ਤਿਆਰ ਕੀਤਾ ਸੀ।

## ਸਟੈਨ ਸਵਾਮੀ ਦੀ ਮੌਤ ਦੇ ਮਾਮਲੇ ਦੀ ਹਾਈ ਕੋਰਟ ਦੀ ਨਿਗਰਾਨੀ ਹੇਠ ਜਾਂਚ ਮੰਗੀ

**ਮੁੰਬਈ:** ਸੀਨੀਅਰ ਵਕੀਲ ਮਿਹਰ ਦੇਸਾਈ ਨੇ ਬੰਬੇ ਹਾਈ ਕੋਰਟ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦਿਆਂ ਐਲਗਾਰ ਪਰਿਸ਼ਦ-ਮਾਓਵਾਦੀ ਸਬੰਧਾਂ ਦੇ ਮਾਮਲੇ ‘ਚ ਮਰਹੂਮ ਸਟੈਨ ਸਵਾਮੀ ਦੀ ਮੌਤ ਦੀ ਮੈਜਿਸਟਰੇਟੀ ਜਾਂਚ ਦੀ ਨਿਗਰਾਨੀ ਕਰੇ। ਸਟੈਨ ਸਵਾਮੀ ਦਾ 5 ਜੁਲਾਈ ਨੂੰ ਸ਼ਹਿਰ ਦੇ ਨਿੱਜੀ ਹਸਪਤਾਲ ‘ਚ ਇਲਾਜ ਦੌਰਾਨ ਦੇਹਾਂਤ ਹੋ ਗਿਆ ਸੀ। ਹਾਈ ਕੋਰਟ ਦੇ ਨਿਰਦੇਸ਼ਾਂ ‘ਤੇ ਸਟੈਨ ਸਵਾਮੀ ਨੂੰ ਤਲੋਜਾ ਜੇਲ੍ਹ ਤੋਂ ਹਸਪਤਾਲ ‘ਚ ਦਾਖਲ ਕਰਵਾਇਆ ਗਿਆ ਸੀ। ਵਕੀਲ ਨੇ ਕਿਹਾ ਕਿ ਸਮਾਜਿਕ ਕਾਰਕੁਨ ਦਾ ਦੇਹਾਂਤ ਹੋ ਚੁੱਕਾ ਹੈ ਅਤੇ ਹੁਣ ਉਨ੍ਹਾਂ ਨੂੰ ਜ਼ਮਾਨਤ ਦਿੱਤੇ ਜਾਣ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ ਹੈ। ਇਸ ਕਰਕੇ ਉਨ੍ਹਾਂ ਦੀ ਜ਼ਮਾਨਤ ਦੀ ਬਕਾਇਆ ਪਟੀਸ਼ਨ ‘ਤੇ ਵਿਚਾਰ ਕਰਨ ਦੀ ਲੋੜ ਨਹੀਂ ਹੈ।

ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਅਜਿਹੇ ਫੈਸਲੇ ਹਨ ਜਿਨ੍ਹਾਂ ‘ਚ ਕਿਹਾ ਗਿਆ ਹੈ ਕਿ ਹਾਈ ਕੋਰਟ ‘ਆਪਣੀਆਂ ਵਿਸ਼ੇਸ਼ ਤਾਕਤਾਂ’ ਦੀ ਵਰਤੋਂ ਕਰ ਸਕਦਾ ਹੈ ਜਾਂ ਅਜਿਹੇ ਅਰਜੀਕਾਰਾਂ ਲਈ



ਮਾਪਿਆ ਵਜੋਂ ਭੂਮਿਕਾ ਨਿਭਾਅ ਸਕਦਾ ਹੈ ਜੋ ਖੁਦ ਫੈਸਲੇ ਲੈਣ ਦੀ ਹਾਲਤ ‘ਚ ਨਹੀਂ ਹਨ। ਵਕੀਲ ਨੇ ਸੀ.ਆਰ.ਪੀ.ਸੀ. ਦੀ ਧਾਰਾ 176 ਤਹਿਤ ਹਾਈ ਕੋਰਟ ਨੂੰ ਸਵਾਮੀ ਦੇ ਸਹਿਯੋਗੀ ਪਾਦਰੀ ਫਰੇਜ਼ਰ ਮਸਕਰੈਨਹਸ ਨੂੰ ਜਾਂਚ ‘ਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਇਸ ਮਾਮਲੇ ਦੀ ਜਾਂਚ ਕਰਨ। ਇਸ ਮਾਮਲੇ ਦੀ ਅਗਲੀ ਸੁਣਵਾਈ 4 ਅਗਸਤ ਨੂੰ ਹੋਵੇਗੀ।

## *ਬੂਥਾਂ ‘ਤੇ ਕਬਜ਼ੇ ਨੂੰ ਸਖਤੀ ਨਾਲ ਨਜਿੱਠੇ ਜਾਣ ਦੀ ਲੋੜ: ਸੁਪਰੀਮ ਕੋਰਟ*

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਚੋਣਾਂ ਦੌਰਾਨ ਬੂਥਾਂ ‘ਤੇ ਕਬਜ਼ੇ ਜਾਂ ਜਾਅਲੀ ਵੋਟਿੰਗ ਦੀ ਕੋਸ਼ਿਸ਼ ਨੂੰ ਸਖਤੀ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਕਾਨੂੰਨ ਦੇ ਸ਼ਾਸਨ ਅਤੇ ਲੋਕਤੰਤਰ ‘ਤੇ ਮਾੜਾ ਅਸਰ ਪੈਂਦਾ ਹੈ। ਸਿਖਰਲੀ ਅਦਾਲਤ ਨੇ ਝਾਰਖੰਡ ‘ਚ ਬੂਥ ‘ਤੇ ਦੰਗਾ ਕਰਨ ਦੇ ਦੋਸ਼ੀ ਦੀ ਅਪੀਲ ਖਾਰਜ ਕਰਦਿਆਂ ਇਹ ਟਿੱਪਣੀ ਕੀਤੀ। ਪਹਿਲਾਂ ਸੁਣਾਏ ਗਏ ਫੈਸਲਿਆਂ ਦਾ ਜਿਕਰ ਕਰਦਿਆਂ ਬੈਂਚ ਨੇ ਕਿਹਾ ਕਿ ਵੋਟ ਪਾਉਣ ਦੀ ਆਜ਼ਾਦੀ, ਪ੍ਰਗਟਾਵੇ ਦੀ ਆਜ਼ਾਦੀ ਦਾ ਹਿੱਸਾ ਹੈ। ਬੈਂਚ ਨੇ ਕਿਹਾ,”ਆਪਣੇ ਹੱਕ ਦੀ ਵਰਤੋਂ ਯਕੀਨੀ ਬਣਾਉਣ ਲਈ ਵੋਟਰਾਂ ਦੀ ਆਜ਼ਾਦੀ ਯਕੀਨੀ ਬਣਾਉਣਾ ਹੀ ਚੋਣ ਪ੍ਰਣਾਲੀ ਦਾ ਸਾਰ ਹੋਣਾ ਚਾਹੀਦਾ ਹੈ।

ਇਸ ਲਈ ਬੂਥ ਕੈਪਚਰਿੰਗ ਜਾਂ ਜਾਅਲੀ ਵੋਟਿੰਗ ਦੀ ਕਿਸੇ ਵੀ ਕੋਸ਼ਿਸ਼ ਨੂੰ ਸਖਤੀ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ ਕਿਉਂਕਿ ਅਖੀਰ ਇਹ ਕਾਨੂੰਨ ਦੇ ਸ਼ਾਸਨ ਅਤੇ ਲੋਕਤੰਤਰ ਨੂੰ ਢਾਹ ਲਾਉਂਦੀ ਹੈ।“ ਸੁਪਰੀਮ ਕੋਰਟ ਨੇ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਵੋਟਿੰਗ ਗੁਪਤ



ਰੱਖਣਾ ਜਰੂਰੀ ਹੈ। ਬੈਂਚ ਨੇ ਕਿਹਾ,”ਲੋਕਤੰਤਰ ਅਤੇ ਨਿਰਪੱਖ ਚੋਣਾਂ ਸੰਵਿਧਾਨ ਦਾ ਬੁਨਿਆਦੀ ਢਾਂਚਾ ਹਨ। ਚੋਣਾਂ ਲੋਕਾਂ ਦੀ ਇੱਛਾ ਦੀ ਨੁਮਾਇੰਦਗੀ ਕਰਦੀਆਂ ਹਨ। ਕਿਸੇ ਨੂੰ ਵੀ ਆਜ਼ਾਦ ਅਤੇ ਨਿਰਪੱਖ ਚੋਣਾਂ ਦੇ ਹੱਕ ਤੋਂ ਲਾਂਭੇ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਹੈ।“

## ਜਬਰ ਜਨਾਹ ਕੇਸ: ਹਾਈ ਕੋਰਟ ਵੱਲੋਂ ਬੈਂਸ ਦੀ ਪਟੀਸ਼ਨ ਖਾਰਜ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਹੁਣ ਜਬਰ ਜਨਾਹ ਦੇ ਮਾਮਲੇ ਵਿਚ ਹਾਈ ਕੋਰਟ ਨੇ ਝਟਕਾ ਦਿੱਤਾ ਹੈ। ਇਸ ਮਾਮਲੇ ਵਿਚ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਪਟੀਸ਼ਨ ਖਾਰਜ ਕਰ ਦਿੱਤੀ ਹੈ, ਜਿਸ ਤੋਂ ਬਾਅਦ ਹੁਣ ਪੀੜਤ ਮਹਿਲਾ ਨੇ ਵਿਧਾਇਕ ਬੈਂਸ ਦੀ ਗ੍ਰਿਫਤਾਰੀ ਮੰਗੀ ਹੈ।



ਇਸ ਮਾਮਲੇ ਸਬੰਧੀ ਅਦਾਲਤ ਦੇ ਹੁਕਮਾਂ ‘ਤੇ ਲੁਧਿਆਣਾ ਦੇ ਥਾਣਾ ਡਿਵੀਜ਼ਨ ਨੰਬਰ 6 ‘ਚ ਪੁਲਿਸ ਨੇ ਵਿਧਾਇਕ ਸਿਮਰਜੀਤ ਬੈਂਸ ਸਣੇ 7 ਲੋਕਾਂ ਖਿਲਾਫ ਸਾਜ਼ਿਸ਼ ਤਹਿਤ ਜਬਰ ਜਨਾਹ, ਛੇੜਛਾੜ ਅਤੇ ਧਮਕਾਉਣ ਦਾ ਕੇਸ ਦਰਜ ਕੀਤਾ ਹੈ। ਮਾਮਲੇ ‘ਚ ਦਰਜ ਐਫ.ਆਈ.ਆਰ. ਨੂੰ ਰੱਦ ਕਰਵਾਉਣ ਲਈ ਵਿਧਾਇਕ ਨੇ ਹਾਈ ਕੋਰਟ ‘ਚ ਪਟੀਸ਼ਨ ਦਾਖਲ ਕੀਤੀ ਸੀ, ਜਿਸ ਨੂੰ ਖਾਰਜ ਕਰ ਦਿੱਤਾ ਗਿਆ ਹੈ।

ਵਿਧਾਇਕ ਬੈਂਸ ‘ਤੇ ਜਬਰ ਜਨਾਹ ਦੀ ਐਫ.ਆਈ.ਆਰ. ਦਰਜ ਕਰਵਾਉਣ ਵਾਲੀ ਔਰਤ ਇਕ ਵਾਰ ਫਿਰ ਪੁਲਿਸ ਕਮਿਸ਼ਨਰ ਦਫਤਰ ਪੁੱਜੀ ਤੇ ਉਸ ਨੇ ਮੰਗ ਕੀਤੀ ਕਿ ਵਿਧਾਇਕ ਬੈਂਸ ਨੂੰ ਗ੍ਰਿਫਤਾਰ ਕੀਤਾ ਜਾਵੇ। ਔਰਤ ਨੇ ਕਿਹਾ ਕਿ ਐਫ.ਆਈ.ਆਰ. ਦਰਜ ਹੋਣ ਦੇ ਬਾਵਜੂਦ ਸੱਤਾਧਾਰੀਆਂ ਦੀ ਸ਼ਹਿ ‘ਤੇ ਵਿਧਾਇਕ ਬੈਂਸ ਨੂੰ ਗ੍ਰਿਫਤਾਰ ਨਹੀਂ ਕਰ ਰਹੀ ਹੈ। ਹੁਣ ਹਾਈ ਕੋਰਟ ਵੱਲੋਂ ਵਿਧਾਇਕ ਬੈਂਸ ਦੀ ਪਟੀਸ਼ਨ ਰੱਦ ਕੀਤੇ ਜਾਣ ਮਗਰੋਂ ਔਰਤ ਨੇ ਕਿਹਾ ਕਿ ਉਸ ਨੂੰ ਆਸ ਹੈ ਕਿ ਇਸ ਮਾਮਲੇ ਵਿਚ ਹੁਣ ਕੋਈ ਨਾ ਕੋਈ ਗ੍ਰਿਫਤਾਰੀ ਜਰੂਰ ਹੋਵੇਗੀ। ਉਸ ਨੇ ਇਸ ਸਬੰਧੀ ਪੁਲਿਸ ਕਮਿਸ਼ਨਰ ਨੂੰ ਚਿੱਠੀ ਵੀ ਭੇਜੀ ਹੈ ਕਿ ਜਲਦੀ ਹੀ ਉਸ ਨੂੰ ਇਨਸਾਫ ਦਿਵਾਇਆ ਜਾਏ।

## *ਕਰਨਾਟਕ ਦੇ ਮੁੱਖ ਮੰਤਰੀ ਵੱਲੋਂ ਅਸਤੀਫਾ*

**ਬੰਗਲੂਰੂ:** ਬੀ.ਐਸ. ਯੇਦੀਯੁਰੱਪਾ ਨੇ ਕਰਨਾਟਕ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਰਾਜਪਾਲ ਥਾਵਰਚੰਦ ਗਹਿਲੋਤ ਨੂੰ ਸੌਂਪ ਦਿੱਤਾ ਹੈ। ਰਾਜਪਾਲ ਨੇ ਉਨ੍ਹਾਂ ਦਾ ਅਸਤੀਫਾ ਸਵੀਕਾਰ ਕਰ ਲਿਆ ਹੈ। ਯੇਦੀਯੁਰੱਪਾ ਨੇ ਰਾਜ ਭਵਨ ਵਿਚ ਆਪਣਾ ਅਸਤੀਫਾ ਰਾਜਪਾਲ ਗਹਿਲੋਤ ਨੂੰ ਸੌਂਪਿਆ।

ਯੇਦੀਯੁਰੱਪਾ ਨੇ ਕਿਹਾ ਕਿ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਕਰ ਲਿਆ ਗਿਆ ਹੈ। ਇਸ ਤੋਂ ਕੁਝ ਘੰਟੇ ਪਹਿਲਾਂ ਆਪਣੀ ਸਰਕਾਰ ਦੇ ਕਾਰਜਕਾਲ ਦੇ ਦੋ ਸਾਲ ਪੂਰੇ ‘ਤੇ 78 ਸਾਲਾ ਭਾਜਪਾ ਨੇਤਾ ਨੇ ਵਿਧਾਨ ਸਭਾ ‘ਚ ਕਿਹਾ ਸੀ ਕਿ ਉਹ ਦੁਪਹਿਰ ਦੇ ਖਾਣੇ ਤੋਂ ਬਾਅਦ ਰਾਜਪਾਲ ਨੂੰ ਆਪਣਾ ਅਸਤੀਫਾ ਸੌਂਪ ਦੇਣਗੇ।

ਯੇਦੀਯੁਰੱਪਾ ਨੇ ਭਾਵੁਕ ਹੁੰਦਿਆਂ ਕਿਹਾ ਸੀ, ‘ਮੇਰੀ ਗੱਲ ਨੂੰ ਐਵੇਂ ਨਾ ਸਮਝਿਓ , ਤੁਹਾਡੀ ਆਗਿਆ ਨਾਲ ਮੈਂ ਫੈਸਲਾ ਕੀਤਾ ਹੈ ਕਿ ਮੈਂ ਦੁਪਹਿਰ ਦੇ ਖਾਣੇ ਤੋਂ ਬਾਅਦ ਰਾਜ ਭਵਨ ਜਾਵਾਂਗਾ ਅਤੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਰਾਜਪਾਲ ਨੂੰ ਸੌਂਪਾਂਗਾ।’ ਉਨ੍ਹਾਂ ਕਿਹਾ ਸੀ, ‘ਮੈਂ ਇਹ ਉਦਾਸੀ ਕਰਕੇ ਨਹੀਂ, ਬਲਕਿ ਖੁਸ਼ੀ ਨਾਲ ਕਰ ਰਿਹਾ ਹਾਂ।’

ਪੰਜਾਬ ਟਾਈਮਜ਼

*ਸਨਿਚਰਵਾਰ, 31 ਜੁਲਾਈ 2021*

## ਕਿਸਾਨਾਂ ਦੀ ਸਿਆਸਤ

ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਉਠਿਆ ਅੰਦੋਲਨ ਵੱਖ-ਵੱਖ ਪੜਾਅ ਤੈਅ ਕਰਦਾ ਹੋਇਆ ਹੁਣ 'ਕਿਸਾਨ ਸੰਸਦ' ਤੱਕ ਅੱਪੜ ਗਿਆ ਹੈ। ਇਹ ਕਿਸਾਨ ਸੰਸਦ ਕਿਸਾਨਾਂ ਨੇ ਮੁਲਕ ਦੀ ਸੰਸਦ ਦੇ ਐਨ ਬਰਾਬਰ ਲਾਈ ਹੈ ਜਿਸ ਵਿਚ ਵੱਖ-ਵੱਖ ਮਸਲੇ ਬੜੀ ਸੰਜੀਦਗੀ ਨਾਲ ਵਿਚਾਰੇ ਜਾ ਰਹੇ ਹਨ। ਇਹ ਉਸ ਸੰਸਦ ਨੂੰ ਇਕ ਤਰ੍ਹਾਂ ਨਾਲ ਵੰਗਾਰ ਹੈ ਜਿਸ ਵਿਚ ਵਿਚਾਰ-ਵਟਾਂਦਰਾ ਕੀਤੇ ਬਗੈਰ ਮੋਦੀ ਸਰਕਾਰ ਨੇ ਪਹਿਲਾਂ ਖੇਤੀ ਆਰਡੀਨੈਂਸ ਜਾਰੀ ਕੀਤੇ ਅਤੇ ਫਿਰ ਬਹੁਤ ਚੁਸਤੀ ਨਾਲ ਸੰਸਦ ਵਿਚੋਂ ਇਹ ਪਾਸ ਵੀ ਕਰਵਾ ਲਏ। ਜਦੋਂ ਤੋਂ ਕਿਸਾਨ ਅੰਦੋਲਨ ਸ਼ੁਰੂ ਹੋਇਆ ਹੈ, ਇਸ ਨੇ ਬਹੁਤ ਸਾਰੇ ਉਤਰਾਅ-ਚੜ੍ਹਾਅ ਦੇਖੇ ਹਨ। ਇਸ ਅੰਦੋਲਨ ਦਾ ਆਰੰਭ ਪੰਜਾਬ ਵਿਚ ਉਸ ਵਕਤ ਹੋਇਆ ਸੀ ਜਿਸ ਵਕਤ ਸਰਕਾਰਾਂ ਵੱਲੋਂ ਕਰੋਨਾ ਵਾਇਰਸ ਦੇ ਫੈਲਾਏ ਖੌਫ ਕਾਰਨ ਲੋਕ ਆਪੋ-ਆਪਣੇ ਘਰਾਂ ਅੰਦਰ ਦੜੇ ਬੈਠੇ ਸਨ ਪਰ ਉਨ੍ਹਾਂ ਔਖੇ ਹਾਲਾਤ ਵਿਚ ਵੀ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਅਤੇ ਇਨ੍ਹਾਂ ਦੇ ਆਗੂਆਂ ਨੇ ਖੇਤੀ ਆਰਡੀਨੈਂਸਾਂ ਖਿਲਾਫ ਲਾਮਬੰਦੀ ਸ਼ੁਰੂ ਕੀਤੀ। ਪਹਿਲਾਂ-ਪਹਿਲ ਪੰਜਾਬ ਸਰਕਾਰ ਨੇ ਕਿਸਾਨਾਂ ਦੀਆਂ ਸਰਗਰਮੀ ਨੂੰ ਦਬਾਉਣ ਦਾ ਯਤਨ ਕੀਤਾ ਤੇ ਕਿਸਾਨ ਆਗੂਆਂ ਅਤੇ ਕਾਰਕੁਨਾਂ ਖਿਲਾਫ ਪਰਚੇ ਵੀ ਦਰਜ ਕੀਤੇ ਪਰ ਕਿਸਾਨਾਂ ਨੇ ਸਰਗਰਮੀ ਜਾਰੀ ਰੱਖੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਸਰਕਾਰ ਨੂੰ ਕਿਸਾਨਾਂ ਦੇ ਅੰਦੋਲਨ ਅੱਗੇ ਝੁਕਣਾ ਪਿਆ, ਕੇਸ ਵੀ ਰੱਦ ਕਰਨੇ ਪਏ ਅਤੇ ਫਿਰ ਕਿਸਾਨਾਂ ਦੇ ਹੱਕ ਵਿਚ ਆਵਾਜ਼ ਵੀ ਬੁਲੰਦ ਕਰਨੀ ਪਈ। ਇਹੀ ਨਹੀਂ, ਜਿਹੜਾ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਖੇਤੀ ਆਰਡੀਨੈਂਸਾਂ ਦੀ ਤਾਰੀਫ ਕਰਦਾ ਸੀ ਤੇ ਇਨ੍ਹਾਂ ਆਰਡੀਨੈਂਸਾਂ ਨੂੰ ਕਿਸਾਨਾਂ ਦੇ ਹੱਕ ਵਿਚ ਦੱਸਦਾ ਸੀ, ਨੂੰ ਕਿਸਾਨ ਅੰਦੋਲਨ ਦੇ ਦਬਾਅ ਹੇਠ ਮੋਦੀ ਵਜ਼ਾਰਤ ਵਿਚੋਂ ਅਸਤੀਫਾ ਹੀ ਨਹੀਂ ਦੇਣਾ ਪਿਆ ਸਗੋਂ ਸੱਤਾਧਾਰੀ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਤੋਂ ਵੀ ਬਾਹਰ ਆਉਣਾ ਪਿਆ।

ਇਹ ਉਹ ਸਮਾਂ ਸੀ ਜਦੋਂ ਕਿਸਾਨਾਂ ਦਾ ਅੰਦੋਲਨ ਪੰਜਾਬ ਤੋਂ ਬਾਹਰ ਫੈਲਣਾ ਸ਼ੁਰੂ ਹੋਇਆ ਅਤੇ ਕਿਸਾਨ ਜਥੇਬੰਦੀਆਂ ਨੇ ਦਿੱਲੀ ਵਿਚ ਦੋ ਦਿਨਾ ਰੋਸ ਧਰਨਾ ਲਾਉਣ ਦਾ ਐਲਾਨ ਕਰ ਦਿੱਤਾ। ਉਧਰ, ਮੋਦੀ ਸਰਕਾਰ ਵੱਲੋਂ ਆਮ ਕਰਕੇ ਅਤੇ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਖਾਸ ਕਰਕੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਰੋਕਾਂ ਲਾ ਦਿੱਤੀ ਪਰ ਕਿਸਾਨਾਂ ਨੇ ਸਭ ਰੋਕਾਂ ਤੋੜ ਸੁੱਟੀਆਂ। ਇਸ ਕਾਰਜ ਵਿਚ ਪਹਿਲ ਹਰਿਆਣਾ ਦੇ ਕਿਸਾਨਾਂ ਨੇ ਕੀਤੀ ਅਤੇ ਕਿਸਾਨ ਦਿੱਲੀ ਦੀਆਂ ਬਰੂਹਾਂ ਉਤੇ ਜਾ ਡਟੇ। ਦਿੱਲੀ ਦੇ ਬਾਰਡਰਾਂ ਉਤੇ ਡੇਰੇ ਲਾ ਕੇ ਬੈਠੇ ਕਿਸਾਨਾਂ ਨੂੰ ਖਦੇੜਨ ਲਈ ਮੋਦੀ ਨੇ ਹਰ ਹਰਬਾ ਵਰਤਣ ਦੀ ਕੋਸ਼ਿਸ਼ ਕੀਤੀ ਪਰ ਦਿੱਲੀ ਦੀਆਂ ਬਰੂਹਾਂ ਉਤੇ ਕਿਸਾਨਾਂ ਦੀ ਗਿਣਤੀ ਲਗਾਤਾਰ ਵਧਦੀ ਗਈ। ਪੰਜਾਬ ਅਤੇ ਹਰਿਆਣਾ ਦੇ ਲੋਕਾਂ ਦੇ ਹੁਲਾਰੇ ਕਾਰਨ ਇਹ ਅੰਦੋਲਨ ਉਤਰ ਭਾਰਤ ਦੇ ਹੋਰ ਸੂਬਿਆਂ ਦੇ ਨਾਲ-ਨਾਲ ਸੰਸਾਰ ਪੱਧਰ ਉਤੇ ਵੀ ਚਰਚਾ ਦੇ ਕੇਂਦਰ ਵਿਚ ਆ ਗਿਆ। ਰਾਜਸਥਾਨ, ਉਤਰ ਪ੍ਰਦੇਸ਼, ਉੜੀਸਾ, ਕਰਨਾਟਕ, ਮੱਧ ਪ੍ਰਦੇਸ਼ ਵਰਗੇ ਸੂਬੇ ਵੀ ਇਸ ਮਿਸਾਲੀ ਕਿਸਾਨ ਅੰਦੋਲਨ ਵਿਚ ਹਿੱਸਾ ਪਾਉਣ ਲੱਗ ਪਏ। ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਮੁਲਕ ਦੇ ਹਰ ਮਸਲੇ ਨੂੰ ਧਰਮ ਨਾਲ ਜੋੜ ਕੇ ਲੋਕਾਂ ਨੂੰ ਆਪਸ ਵਿਚ ਲੜਾ ਦਿੰਦੀ ਸੀ ਪਰ ਕਿਸਾਨਾਂ ਦੇ ਅੰਦੋਲਨ ਨੂੰ ਉਹ ਕਿਸੇ ਵੀ ਧਰਮ ਜਾਂ ਜਾਤ ਨਾਲ ਜੋੜਨ ਵਿਚ ਬੁਰੀ ਤਰ੍ਹਾਂ ਨਾਕਾਮ ਹੋ ਗਈ ਅਤੇ ਇਹੀ ਇਕਜੁਟਤਾ ਕਿਸਾਨ ਅੰਦੋਲਨ ਦੀ ਤਾਕਤ ਬਣ ਗਈ। ਪੰਜਾਬ ਦੇ ਕੁਝ ਧੜਿਆਂ ਨੇ ਭਾਵੇਂ ਇਸ ਨੂੰ ਪੰਜਾਬੀ ਜਾਂ ਸਿੱਖ ਕਿਸਾਨਾਂ ਦਾ ਅੰਦੋਲਨ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਇਸ ਸੌੜੇ ਏਜੰਡੇ ਵਿਚ ਕਾਮਯਾਬ ਨਹੀਂ ਹੋ ਸਕੇ ਅਤੇ ਕਿਸਾਨ ਦਿਨ-ਰਾਤ ਅਗਾਂਹ ਤੋਂ ਅਗਾਂਹ ਵਧਦਾ ਗਿਆ।

ਇਸ ਅੰਦੋਲਨ ਦੀ ਇਕ ਹੋਰ ਗੱਲ ਵੀ ਬਹੁਤ ਵਿਲੱਖਣ ਹੋ ਨਿੱਬੜੀ। ਕਿਸਾਨ ਆਗੂਆਂ ਨੇ ਕੇਂਦਰੀ ਮੰਤਰੀਆਂ ਨਾਲ ਚੱਲੇ ਗੱਲਬਾਤ ਦੇ 11 ਗੇੜਾਂ ਦੌਰਾਨ ਮੰਤਰੀਆਂ ਨੂੰ ਲਾਜਵਾਬ ਕਰ ਦਿੱਤਾ ਅਤੇ ਆਪਣੀ ਹਰ ਗੱਲ ਅਤੇ ਤੱਥ ਬਹੁਤ ਜ਼ੋਰਦਾਰ ਤਰੀਕੇ ਨਾਲ ਸਰਕਾਰ ਅੱਗੇ ਰੱਖੇ। ਇਸ ਤੋਂ ਬਾਅਦ ਸਰਕਾਰ ਨੇ 26 ਜਨਵਰੀ ਨੂੰ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਚਾਲ ਚੱਲੀ ਅਤੇ ਲਾਲ ਕਿਲ੍ਹੇ ਵਾਲੀ ਘਟਨਾ ਵਾਪਰ ਲੈਣ ਦਿੱਤੀ ਹਾਲਾਂਕਿ ਸਰਕਾਰ ਦੇ ਹਲਕੇ ਜਿਹੇ ਦਖਲ ਨਾਲ ਇਸ ਘਟਨਾ ਤੋਂ ਬਚਿਆ ਜਾ ਸਕਦਾ ਸੀ ਪਰ ਸਰਕਾਰ ਦਾ ਅਸਲ ਮਨਸ਼ਾ ਇਸ ਘਟਨਾ ਰਾਹੀਂ ਕਿਸਾਨ ਅੰਦੋਲਨ ਨੂੰ ਪਹਿਲਾਂ ਬਦਨਾਮ ਕਰਨਾ ਅਤੇ ਫਿਰ ਖਦੇੜਨਾ ਸੀ। ਉਂਜ, ਕਿਸਾਨ ਆਗੂਆਂ ਦੀ ਸਿਆਣਪ ਅਤੇ ਲੋਕਾਂ ਦੇ ਸੰਜਮ ਕਾਰਨ ਸਰਕਾਰ ਦਾ ਇਹ ਹੱਲਾ ਵੀ ਨਾਕਾਮ ਹੋ ਕੇ ਕੇ ਰਹਿ ਗਿਆ ਅਤੇ ਅੱਜ ਕਿਸਾਨ ਠਾਠਾਂ ਮਾਰ ਰਿਹਾ ਹੈ। ਹੁਣ ਸਰਕਾਰ ਲਈ ਕਿਸਾਨ ਅੰਦੋਲਨ ਇਕ ਤਰ੍ਹਾਂ ਨਾਲ ਗਲੇ ਦੀ ਹੱਡੀ ਬਣ ਗਿਆ ਹੈ ਅਤੇ ਕਿਸਾਨ ਦਿੱਲੀ ਦੀਆਂ ਬਰੂਹਾਂ 'ਤੇ ਹੀ ਨਹੀਂ ਡਟੇ ਹੋਏ ਸਗੋਂ ਮੁਲਕ ਦੇ ਵੱਖ-ਵੱਖ ਹਿੱਸਿਆਂ ਅੰਦਰ ਵੀ ਆਪਣੀਆਂ ਸਰਗਰਮੀਆਂ ਚਲਾ ਰਹੇ ਹਨ ਅਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਵੰਗਾਰ ਰਹੇ ਹਨ। ਅਸਲ ਵਿਚ, ਇਸ ਅੰਦੋਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਧਰਮ ਆਧਾਰਿਤ ਸਿਆਸਤ ਨੂੰ ਵੰਗਾਰਨਾ ਹੀ ਹੈ। ਕਿਸਾਨ ਅੰਦੋਲਨ ਤੋਂ ਪਹਿਲਾਂ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਆਪਣੀਆਂ ਮਰਮਰਜ਼ੀਆਂ ਕਰਦੀ ਸੀ, ਹਜੂਮੀ ਕਤਲਾਂ ਦਾ ਬੋਲਬਾਲਾ ਸੀ ਅਤੇ ਹਰ ਪਾਸੇ ਸਰਕਾਰ ਦਾ ਦਾਬਾ ਸੀ। ਕਿਸਾਨ ਅੰਦੋਲਨ ਨੇ ਇਹ ਸਭ ਤੋੜ ਸੁੱਟਿਆ ਅਤੇ ਲੋਕਾਂ ਅੱਗੇ ਇਸ ਅੰਦੋਲਨ ਨਾਲ ਜੁੜੇ ਮਸਲੇ ਜ਼ੋਰਦਾਰ ਢੰਗ ਨਾਲ ਉਠਾਉਣੇ ਆਰੰਭ ਕਰ ਦਿੱਤੇ। ਕਿਸਾਨ ਅੱਜ ਪੂਰੇ ਜਲੌਅ ਵਿਚ ਆਪਣੇ ਅੰਦੋਲਨ ਵਿਚ ਹਿੱਸਾ ਲੈ ਰਹੇ ਹਨ ਅਤੇ ਸਰਕਾਰ ਨੂੰ ਵੰਗਾਰ ਹਨ। ਅਸਲ ਵਿਚ, ਹੁਣ ਇਹ ਅੰਦੋਲਨ ਜਿਸ ਮੁਕਾਮ 'ਤੇ ਪੁੱਜ ਗਿਆ ਹੈ, ਉਸ ਅੰਦਰ ਮੁਲਕ ਦੀ ਸਮੁੱਚੀ ਸਿਆਸਤ ਨੂੰ ਮੋੜਾ ਦੇਣ ਦੀ ਤਾਕਤ ਭਰ ਗਈ ਹੈ। ਆਉਣ ਵਾਲੇ ਦਿਨਾਂ ਵਿਚ ਕਿਸਾਨ ਅੰਦੋਲਨ ਦੇ ਸਿਆਸੀ ਪ੍ਰਭਾਵ ਪ੍ਰਤੱਖ ਹੋ ਜਾਣਗੇ ਅਤੇ ਸਰਕਾਰ ਲਈ ਇਹ ਵੱਡੀ ਚੁਣੌਤੀ ਖੜ੍ਹੀ ਕਰਨਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਛੱਜ ਪ੍ਰਧਾਨਗੀ ਦਾ!*


ਇਓਂ ਸਮਝਦਾ ਆਮ ਤੋਂ ਖਾਸ ਬਣਿਆ, ਹੁੱਬ ਹੁੱਬ ਕੇ 'ਸ਼ੇਖੀਆਂ' ਮਾਰਦਾ ਐ।
'ਸ਼ਾਨਦਾਰ ਭਵਿੱਖ' ਦੇ ਕਰੇ ਦਾਅਵੇ, ਖੀਵਾ ਖੁਸ਼ੀ ਵਿਚ ਮੁੱਛਾਂ ਸਵਾਰਦਾ ਐ।
ਮੇਰੀ ਛਤਰੀ 'ਤੇ ਬੈਠਿਆਂ 'ਮੁੱਲ' ਪੈਣਾ, 'ਵਿੰਗੇ ਦਿਸਦਿਆਂ' ਤਾਈਂ ਚਿਤਾਰਦਾ ਐ।
ਭਾਵੇਂ ਪਾਰਟੀ 'ਤੀਜੇ ਥਾਂਹ' ਪਹੁੰਚ ਜਾਵੇ, ਸੌ ਸੌ ਲਾਹਨਤਾਂ 'ਹੱਸ' ਸਹਾਰਦਾ ਐ।
ਬੇਸਿਰ ਪੈਰ ਦੀ ਕਰਕੇ ਬਿਆਨਬਾਜੀ, ਭਰਮ ਪਾਲਦਾ 'ਲੋਕ-ਪ੍ਰਵਾਨਗੀ' ਦਾ
ਵਾਂਗੂੰ ਹਿਰਨ ਦੇ ਚੁੰਗੀਆਂ ਭਰਨ ਲਗਦਾ, ਜਿਸ ਨੂੰ ਬੱਝਦਾ ਛੱਜ 'ਪ੍ਰਧਾਨਗੀ' ਦਾ!

# ਸਿੱਧੂ ਨਵਾਂ ਪ੍ਰਧਾਨ ਜਾਂ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ?

***ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਨਾਲ ਪੰਜਾਬ ਦੀ ਸਿਆਸਤ ਅੰਦਰ ਹਲਚਲ ਜਿਹੀ ਤਾਂ ਹੋਈ ਹੈ ਪਰ ਇਸ ਦੇ ਕਾਂਗਰਸ ਲਈ ਕੀ ਨਤੀਜੇ ਹੋਣਗੇ, ਉਨ੍ਹਾਂ ਬਾਰੇ ਚਰਚਾ ਉਘੇ ਪੱਤਰਕਾਰ ਅਭੈ ਕੁਮਾਰ ਦੂਬੇ ਨੇ ਇਸ ਲੇਖ ਵਿਚ ਕੀਤੀ ਹੈ। ਨਵਜੋਤ ਸਿੱਧੂ ਦੀ ਸਿਆਸੀ ਸੰਜੀਦਗੀ ਉਤੇ ਹਰ ਕੋਈ ਸਵਾਲੀਆ ਨਿਸ਼ਾਨ ਲਗਾ ਰਿਹਾ ਹੈ। ਉਸ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਦੇ ਮਾਮਲੇ 'ਤੇ ਤਾਂ ਸਿਆਸੀ ਵਿਸ਼ਲੇਸ਼ਣਕਾਰ ਪਾਰਟੀ ਦੀ ਕੌਮੀ ਲੀਡਰਸ਼ਿਪ ਨੂੰ ਵੀ ਸਵਾਲਾਂ ਦੇ ਘੇਰੇ ਵਿਚ ਲਿਆ ਰਹੇ ਹਨ।***







**ਅਭੈ ਕੁਮਾਰ ਦੂਬੇ**

ਨਵਜੋਤ ਸਿੰਘ ਸਿੱਧੂ ਕੀ ਕਰ ਰਹੇ ਹਨ ਅਤੇ ਕਾਂਗਰਸ ਦੀ ਹਾਈਕਮਾਨ ਉਨ੍ਹਾਂ ਨੂੰ ਕੀ ਕਰਨ ਦੇ ਰਹੀ ਹੈ ਜਾਂ ਉਨ੍ਹਾਂ ਤੋਂ ਕੀ ਕਰਵਾ ਰਹੀ ਹੈ? ਮੇਰੇ ਇਕ ਮਿੱਤਰ ਜੋ ਇਕ ਵੱਡੇ ਟੀ.ਵੀ. ਚੈਨਲ 'ਤੇ ਐਂਕਰ ਹਨ, ਦਾ ਮੰਨਣਾ ਹੈ ਕਿ ਸਿੱਧੂ ਦੇ ਰੂਪ ਵਿਚ ਕਾਂਗਰਸ ਦੀ ਹਾਈਕਮਾਨ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਮੁੱਖ ਮੰਤਰੀ ਦੇ ਅਹੁਦੇ ਦਾ ਬਦਲਵਾਂ ਉਮੀਦਵਾਰ ਤਿਆਰ ਕਰ ਰਹੀ ਹੈ। ਇਸ ਰਾਏ ਵਿਚ ਦਮ ਲਗਦਾ ਹੈ। ਕਾਰਨ ਇਹ ਹੈ ਕਿ ਜੇਕਰ ਸਿੱਧੂ ਨੂੰ ਸਿਰਫ ਜਥੇਬੰਦੀ ਦੀ ਕਮਾਨ ਦੇਣ ਦਾ ਇਰਾਦਾ ਹੁੰਦਾ ਤਾਂ ਫਿਰ ਉਹ ਵਿਧਾਇਕਾਂ ਦਾ ਸਮਰਥਨ ਆਪਣੇ ਪੱਖ ਵਿਚ ਜੁਟਾਉਣ ਦੀ ਮੁਹਿਮ ਕਿਉਂ ਚਲਾਉਂਦੇ? ਸਿੱਧੂ ਦੀਆਂ ਸਰਗਰਮੀਆਂ ਦੇਖ ਕੇ ਅਜਿਹਾ ਲਗਦਾ ਹੈ, ਜਿਵੇਂ ਵਿਧਾਇਕ ਦਲ ਦੇ ਨੇਤਾ ਦੀ ਚੋਣ ਹੋ ਰਹੀ ਹੋਵੇ। ਜੋ ਵਿਧਾਇਕ ਸਿੱਧੂ ਦੇ ਨਾਲ ਜੱਫੀਆਂ ਪਾਉਂਦੇ ਦਿਸ ਰਹੇ ਹਨ, ਉਨ੍ਹਾਂ ਨੂੰ ਇਹ ਪੱਕੀ ਉਮੀਦ ਹੋਵੇਗੀ ਕਿ ਅਜਿਹਾ ਕਰਕੇ ਉਹ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਇਕ ਵਾਰ ਫਿਰ ਟਿਕਟ ਮਿਲਣ ਦੀ ਗਾਰੰਟੀ ਹਾਸਲ ਕਰ ਰਹੇ ਹਨ।

ਦਰਅਸਲ, ਉਹ ਸਿੱਧੂ ਅੰਦਰ ਇਕੱਠੀਆਂ ਤਿੰਨ ਖੂਬੀਆਂ ਦੇਖ ਰਹੇ ਹਨ। ਪਹਿਲੀ, ਉਹ ਕਾਂਗਰਸ ਹਾਈਕਮਾਨ ਦੇ ਖਾਸਮ-ਖਾਸ ਹਨ। ਉਨ੍ਹਾਂ ਦੇ ਤਾਰ ਸਿੱਧੇ ਪ੍ਰਿਯੰਕਾ ਗਾਂਧੀ, ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਨਾਲ ਜੁੜੇ ਹੋਏ ਹਨ। ਦੂਜਾ, ਪ੍ਰਧਾਨ ਦੇ ਰੂਪ ਵਿਚ ਪਾਰਟੀ ਦਾ ਚੋਣ ਚਿੰਨ੍ਹ ਕਿਸੇ ਵੀ ਉਮੀਦਵਾਰ ਨੂੰ ਸਿੱਧੂ ਦੀ ਮੋਹਰ ਅਤੇ ਦਸਤਖਤਾਂ ਤੋਂ ਬਿਨਾ ਨਹੀਂ ਮਿਲੇਗਾ। ਤੀਜਾ, ਜੇਕਰ ਕਾਂਗਰਸ ਫਿਰ ਤੋਂ ਚੋਣਾਂ ਜਿੱਤਦੀ ਹੈ ਤਾਂ ਪਾਰਟੀ ਅੰਦਰ ਅਮਰਿੰਦਰ ਸਿੰਘ ਨੂੰ ਵਿਧਾਇਕ ਦਲ ਦੇ ਨੇਤਾ ਸਿੱਧੂ ਦੇ ਜ਼ਰੀਏ ਹੀ ਚੁਣੌਤੀ ਦਿਵਾਈ ਜਾਵੇਗੀ। ਜਿਸ ਤਰ੍ਹਾਂ ਦਾ ਹਾਈਕਮਾਨ ਸਭਿਆਚਾਰ ਕਾਂਗਰਸ ਵਿਚ ਹੈ, ਉਸ ਤੋਂ ਕੋਈ ਵੀ ਅੰਦਾਜ਼ਾ ਲਗਾ ਸਕਦਾ ਹੈ ਕਿ ਅਗਲੀ ਵਾਰ ਅਮਰਿੰਦਰ ਸਿੰਘ ਲਈ ਸਿੱਧੂ ਨੂੰ ਰੋਕਣਾ ਬਹੁਤ ਮੁਸ਼ਕਿਲ ਹੋਵੇਗਾ। ਇਹ ਸਹੀ ਹੈ ਕਿ ਪੰਜਾਬ ਦੇ ਜ਼ਿਆਦਾਤਰ ਕਾਂਗਰਸੀ ਸੰਸਦ ਮੈਂਬਰ ਸਿੱਧੂ ਦੇ ਨਾਲ ਨਹੀਂ ਹਨ ਪਰ ਸਿੱਧੂ ਨੂੰ ਇਸ ਦੀ ਪ੍ਰਵਾਹ ਨਹੀਂ ਹੈ। ਲੋਕ ਸਭਾ ਚੋਣਾਂ ਅਜੇ ਬਹੁਤ ਦੂਰ ਹਨ। ਜਦੋਂ ਆਉਣਗੀਆਂ, ਉਦੋਂ ਦੇਖੀ ਜਾਵੇਗੀ।

ਸਿਆਸੀ ਸਮੀਖਿਆਕਾਰਾਂ ਨੂੰ ਇਹ ਦੇਖ ਕੇ ਅਫਸੋਸ ਦੇ ਨਾਲ-ਨਾਲ ਹੈਰਾਨੀ ਹੋ ਰਹੀ ਹੋਵੇਗੀ ਕਿ ਜੋ ਕਾਂਗਰਸ ਕੌਮੀ ਪੱਧਰ 'ਤੇ ਲੰਮੇ ਅਰਸੇ ਤੋਂ ਆਪਣਾ ਪ੍ਰਧਾਨ ਨਹੀਂ ਬਣਾ ਸਕੀ, ਉਸ ਨੇ ਪੰਜਾਬ ਵਿਚ ਇਕ ਪ੍ਰਧਾਨ ਅਤੇ ਚਾਰ ਕਾਰਜਕਾਰੀ ਪ੍ਰਧਾਨ ਬਣਾ ਦਿੱਤੇ ਹਨ!

ਪੰਜਾਬ ਨੂੰ ਜੇਕਰ ਹਾਂਡੀ ਦੇ ਇਕ ਚੌਲ ਵਾਂਗ ਟੋਹਿਆ ਜਾਵੇ ਤਾਂ ਪਤਾ ਲੱਗ ਸਕਦਾ ਹੈ ਕਿ ਕਾਂਗਰਸ ਦੇ ਅੰਦਰ ਕੀ ਪੱਕ ਰਿਹਾ ਹੈ। ਕਾਂਗਰਸ ਦੇ ਅੰਦਰ ਆਪਣੇ ਹੀ ਜ਼ਖਮਾਂ 'ਤੇ ਮੱਲ੍ਹਮ ਲਗਾਉਣ ਦਾ ਰੁਝਾਨ ਹੈ। ਖੁਸ਼ਕਿਸਮਤੀ ਹੈ ਕਿ ਬੇਰੋਕ-ਟੋਕ ਚੱਲ ਰਹੇ ਅੰਦਰੂਨੀ ਕਲੇਸ਼ ਦੇ ਬਾਵਜੂਦ ਇਸ ਸਮੇਂ ਕਾਂਗਰਸ, ਅਕਾਲੀ ਦਲ ਤੋਂ ਬਹੁਤ ਅੱਗੇ ਹੈ; ਨਹੀਂ ਤਾਂ ਪਾਰਟੀ ਹਾਈਕਮਾਨ ਨੇ ਆਪਣੀ ਹੀ ਸਰਕਾਰ ਅਤੇ ਪਾਰਟੀ ਦਾ ਕਬਾੜਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਪੰਜਾਬ ਦਾ ਇਹ ਅੰਦਰੂਨੀ ਕਲੇਸ਼ ਖਿੱਥੋਂ ਆਇਆ? ਇਸ ਦਾ ਨਿਰਮਾਣ ਪੰਜਾਬ ਵਿਚ ਨਹੀਂ ਬਲਕਿ ਦਿੱਲੀ ਤੋਂ ਹੋਇਆ ਹੈ। ਕੌਣ ਨਹੀਂ ਜਾਣਦਾ ਕਿ ਨਵਜੋਤ ਸਿੰਘ ਸਿੱਧੂ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਸਾਹਮਣੇ ਇਕ ਪਲ ਨਹੀਂ ਟਿਕ ਸਕਦੇ, ਜੇ ਉਨ੍ਹਾਂ ਦੀ ਪਿੱਠ 'ਤੇ ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਅਤੇ ਸੋਨੀਆ ਗਾਂਧੀ ਦਾ ਹੱਥ ਨਾ ਹੋਵੇ। ਸਿੱਧੂ ਜਦੋਂ ਅੰਮ੍ਰਿਤਸਰ ਤੋਂ ਭਾਜਪਾ ਦੇ ਸੰਸਦ ਮੈਂਬਰ ਸਨ ਤਾਂ ਉਨ੍ਹਾਂ ਦੀ ਹੈਸੀਅਤ ਕੀ ਸੀ? ਕੀ ਉਹ ਪੰਜਾਬ ਭਾਜਪਾ ਦੇ ਕੋਈ ਵੱਡੇ ਨੇਤਾ ਸਨ? ਉਹ ਸਿਰਫ ਇਕ ਮੁੱਖ ਨੇਤਾ ਸਨ ਜੋ ਆਕਰਸ਼ਕ ਸ਼ਬਦਾਵਲੀ ਰਾਹੀਂ ਆਪਣੇ ਵੱਲ ਧਿਆਨ ਖਿੱਚਦੇ ਸਨ। ਉਨ੍ਹਾਂ ਦਾ ਇਕ ਹੋਰ ਆਕਰਸ਼ਨ ਉਨ੍ਹਾਂ ਦਾ ਸਾਬਕਾ ਕ੍ਰਿਕਟਰ ਹੋਣਾ ਅਤੇ ਟੀ.ਵੀ. 'ਤੇ ਹਿੰਦੀ-ਅੰਗਰੇਜ਼ੀ ਵਿਚ ਦਿਲਚਸਪ ਕੁਮੈਂਟਰੀ ਕਰਨਾ ਵੀ ਸੀ। ਇਸ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਸਿਆਸੀ ਪੂੰਜੀ ਨਹੀਂ ਸੀ।

ਭਾਜਪਾ ਨੇ ਜਦੋਂ ਉਨ੍ਹਾਂ ਦਾ ਟਿਕਟ ਕੱਟਿਆ, ਤਾਂ ਸਿੱਧੂ ਨਾਰਾਜ਼ ਹੋ ਗਏ। ਉਨ੍ਹਾਂ ਨੇ ਇਹ ਪ੍ਰਵਾਹ ਵੀ ਨਹੀਂ ਕੀਤੀ ਕਿ ਇਹ ਟਿਕਟ ਉਸ ਬੰਦੇ ਨੂੰ ਦਿੱਤੀ ਗਈ ਹੈ ਜਿਸ ਨੂੰ ਉਹ ਆਪਣਾ ਸਿਆਸੀ ਗੁਰੂ ਮੰਨਦੇ ਸਨ, ਭਾਵ ਅਰੁਣ ਜੇਤਲੀ ਨੂੰ। ਇਸ ਤੋਂ ਬਾਅਦ ਉਨ੍ਹਾਂ ਨੇ ਆਮ ਆਦਮੀ ਪਾਰਟੀ ਵਿਚ ਜਾਣ ਦੀ ਕੋਸ਼ਿਸ਼ ਕੀਤੀ। ਜਦੋਂ ਉੱਥੇ ਵੀ ਉਨ੍ਹਾਂ ਦੀ ਗੱਲ ਨਹੀਂ ਬਣੀ ਤਾਂ ਉਹ ਕਾਂਗਰਸ ਵਿਚ ਚਲੇ ਗਏ। ਕਾਂਗਰਸ ਦੀ ਹਾਈਕਮਾਨ ਅਮਰਿੰਦਰ ਸਿੰਘ ਦੀ ਖੁਦਮੁਖਤਾਰੀ ਤੋਂ ਔਖੀ ਹੈ। ਇਸ ਲਈ ਉਸ ਨੇ ਸਿੱਧੂ ਨੂੰ ਸ਼ਹਿ ਦੇਣੀ ਸ਼ੁਰੂ ਕਰ ਦਿੱਤੀ। ਕਿਹਾ ਜਾਂਦਾ ਹੈ ਕਿ ਸਿੱਧੂ ਪ੍ਰਿਯੰਕਾ ਗਾਂਧੀ ਦੀ ਨਿੱਜੀ ਪਸੰਦ ਹਨ। ਇਹ ਦੇਖ ਕੇ ਅਮਰਿੰਦਰ ਸਿੰਘ ਵਿਰੋਧੀ ਖੇਮਾ ਵੀ ਸਿੱਧੂ ਦੇ ਨਾਲ ਜੁੜ ਗਿਆ (ਇਹ ਵੱਖਰੀ ਗੱਲ ਹੈ ਕਿ ਨਵੇਂ ਹਾਲਾਤ ਵਿਚ ਸਾਬਕਾ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਅਮਰਿੰਦਰ ਸਿੰਘ ਨਾਲ ਖੜ੍ਹੇ ਹੋ ਗਏ ਹਨ)। ਹੁਣ ਹਾਲਤ ਇਹ ਹੈ ਕਿ ਸਿੱਧੂ ਦਿੱਲੀ ਜਾਂਦੇ ਹਨ, ਗਾਂਧੀ ਪਰਿਵਾਰ ਨੂੰ ਮਿਲਣ ਤੋਂ ਪਹਿਲਾਂ ਪ੍ਰੈੱਸ ਨਾਲ ਗੱਲ ਕਰਦੇ ਹਨ ਤੇ ਮਿਲਣ ਤੋਂ ਬਾਅਦ ਫਿਰ ਪ੍ਰੈੱਸ ਨਾਲ ਗੱਲ ਕਰਦੇ ਹਨ। ਇਹ ਸਿਆਸੀ ਚੱਕਰ ਲਗਾਤਾਰ ਚੱਲ ਰਿਹਾ ਹੈ। ਕਾਂਗਰਸ ਆਪਣੀਆਂ ਸੰਭਾਵਨਾਵਾਂ ਕਮਜ਼ੋਰ ਕਰ ਰਹੀ ਹੈ। ਪੰਜਾਬ ਦੇ ਵੋਟਰ ਹੈਰਾਨ ਹਨ ਕਿ ਇਹ ਕੀ ਹੋ ਰਿਹਾ ਹੈ? ਜੇ ਪੰਜਾਬ ਦੀਆਂ ਚੋਣਾਂ ਵਿਚ ਕਾਂਗਰਸ ਜਿੱਤਦੀ-ਜਿੱਤਦੀ ਰਹਿ ਗਈ ਤਾਂ ਇਸ ਦਾ ਠੀਕਰਾ ਅਮਰਿੰਦਰ ਸਿੰਘ ਦੇ ਸਿਰ ਨਹੀਂ ਸਗੋਂ ਹਾਈਕਮਾਨ ਦੇ ਸਿਰ 'ਤੇ ਭੱਜੇਗਾ।

ਇਸ ਹਾਲਾਤ ਨੂੰ ਦੇਖਣ ਤੋਂ ਬਾਅਦ ਇਹ ਵੀ ਲੱਗਦਾ ਹੈ ਕਿ ਕਾਂਗਰਸ ਦੀ ਕਾਰਜਕਾਰੀ ਪ੍ਰਧਾਨ ਦੇ ਰੂਪ ਵਿਚ ਸੋਨੀਆ ਗਾਂਧੀ ਪੂਰੀ ਤਰ੍ਹਾਂ ਆਪਣੀ ਧੀ ਅਤੇ ਪੁੱਤਰ ਦੀ ਰਾਏ ਨਾਲ ਚੱਲ ਰਹੀ ਹੈ। ਕੌਣ ਨਹੀਂ ਜਾਣਦਾ ਕਿ ਅਮਰਿੰਦਰ ਸਿੰਘ ਅਤੇ ਸੋਨੀਆ ਗਾਂਧੀ ਵਿਚਾਲੇ ਬਹੁਤ ਚੰਗੇ ਸਬੰਧ ਰਹੇ ਹਨ। 2014 ਵਿਚ ਜਦੋਂ ਅਰੁਣ ਜੇਤਲੀ ਨੂੰ ਸਿੱਧੂ ਦੀ ਜਗ੍ਹਾ ਅੰਮ੍ਰਿਤਸਰ ਤੋਂ ਟਿਕਟ ਮਿਲੀ ਤਾਂ ਸੋਨੀਆ ਗਾਂਧੀ ਨੇ ਅਮਰਿੰਦਰ ਸਿੰਘ ਨੂੰ ਫੋਨ ਕੀਤਾ ਕਿ ਉਹ ਉਥੋਂ ਲੋਕ ਸਭਾ ਚੋਣ ਲੜਨ। ਹਾਲਾਂਕਿ ਇਸ ਤੋਂ ਪਹਿਲਾਂ ਅਮਰਿੰਦਰ ਸਿੰਘ ਲੋਕ ਸਭਾ ਦੀ ਚੋਣ ਨਾ ਲੜਨ ਦਾ ਮਨ ਬਣਾ ਚੁੱਕੇ ਸਨ, ਫਿਰ ਵੀ ਸੋਨੀਆ ਗਾਂਧੀ ਦੀ ਅਪੀਲ ਦਾ ਆਦਰ ਕਰਦਿਆਂ ਉਹ ਤਿਆਰ ਹੋ ਗਏ ਅਤੇ ਜੇਤਲੀ ਨੂੰ ਹਰਾ ਦਿੱਤਾ ਪਰ ਹੁਣ ਉਨ੍ਹਾਂ ਨੂੰ ਸਾਫ ਦਿਖਾਈ ਦੇ ਰਿਹਾ ਹੈ ਕਿ ਸੋਨੀਆ ਗਾਂਧੀ ਵੀ ਉਸ ਤਰ੍ਹਾਂ ਨਾਲ ਉਨ੍ਹਾਂ ਦੇ ਨਾਲ ਨਹੀਂ ਰਹਿ ਗਈ। ਦਿੱਲੀ ਵਿਚ ਸੋਨੀਆ ਗਾਂਧੀ ਨੂੰ ਮਿਲਣ ਤੋਂ ਬਾਅਦ ਹੀ ਉਹ ਇਹ ਸਮਝ ਗਏ ਸਨ ਕਿ ਹੁਣ ਸਿੱਧੂ ਨੂੰ ਪਾਰਟੀ ਪ੍ਰਧਾਨ ਬਣਨ ਤੋਂ ਨਹੀਂ ਰੋਕਿਆ ਜਾ ਸਕਦਾ। ਜੋ ਵੀ ਹੋਵੇ, ਅਮਰਿੰਦਰ ਸਿੰਘ ਨੂੰ ਇਸ ਸਮੇਂ ਇਹ ਨਹੀਂ ਪਤਾ ਕਿ ਚੋਣਾਂ ਤੋਂ ਬਾਅਦ ਹਾਈਕਮਾਨ ਵਲੋਂ ਉਨ੍ਹਾਂ ਦੇ ਪੱਖ ਵਿਚ ਸੰਦੇਸ਼ ਆਵੇਗਾ ਜਾਂ ਉਨ੍ਹਾਂ ਦਾ ਤਾਜ ਸਿੱਧੂ ਨੂੰ ਪਹਿਨਾ ਦਿੱਤਾ ਜਾਵੇਗਾ।

ਇਕ ਅਜਿਹੇ ਸਮੇਂ ਵਿਚ ਜਦੋਂ ਹਰ ਚੋਣ ਵਾਲੇ ਸੂਬੇ ਅੰਦਰ ਕਾਂਗਰਸ ਦੀਆਂ ਸ਼ਕਤੀਆਂ ਨੂੰ ਪੂਰੀ ਤਰ੍ਹਾਂ ਨਾਲ ਇਕਜੁੱਟ ਹੋਣਾ ਚਾਹੀਦਾ ਹੈ, ਪੰਜਾਬ ਵਿਚ ਉਸ ਦੇ ਉਲਟ ਹੋ ਰਿਹਾ ਹੈ। ਜਿਸ ਹਰੀਸ਼ ਰਾਵਤ ਨੂੰ ਉਤਰਾਖੰਡ ਵਿਚ ਕਾਂਗਰਸ ਲਈ ਉੱਜਲ ਸੰਭਾਵਨਾਵਾਂ ਤਲਾਸ਼ਣ ਵਿਚ ਲੱਗੇ ਹੋਣਾ ਚਾਹੀਦਾ ਹੈ, ਉਹ ਪੰਜਾਬ ਵਿਚ ਮੱਚ ਰਹੀ ਅੱਗ 'ਤੇ ਪਾਣੀ ਪਾਉਣ ਵਿਚ ਰੁੱਝੇ ਹੋਏ ਹਨ। ਕਾਂਗਰਸ ਜੇਕਰ ਆਪਣੇ ਦਾਅ ਠੀਕ ਤਰ੍ਹਾਂ ਖੇਡੇ ਤਾਂ ਇਨ੍ਹਾਂ ਸੂਬਿਆਂ ਵਿਚ ਚੰਗਾ ਪ੍ਰਦਰਸ਼ਨ ਕਰਕੇ ਆਪਣਾ ਆਤਮ-ਵਿਸ਼ਵਾਸ ਵਧਾ ਸਕਦੀ ਹੈ। ਗੁਜਰਾਤ, ਉਤਰਾਖੰਡ, ਪੰਜਾਬ, ਹਿਮਾਚਲ ਅਤੇ ਗੋਆ ਵਿਚ ਉਹ ਦੋ ਮੁੱਖ ਤਾਕਤਾਂ ਵਿਚੋਂ ਇਕ ਹੈ। ਇਨ੍ਹਾਂ ਵਿਚੋਂ ਉਨ੍ਹਾਂ ਨੂੰ ਚਾਰ ਚੋਣਾਂ ਜਿੱਤਣ ਦਾ ਟੀਚਾ ਮਿੱਥਣਾ ਚਾਹੀਦਾ ਹੈ। ਗੁਜਰਾਤ ਵਿਚ ਸਖਤ ਚੁਣੌਤੀ ਪੇਸ਼ ਕਰਨੀ ਚਾਹੀਦੀ ਹੈ। ਉਤਰ ਪ੍ਰਦੇਸ਼ ਵਿਚ ਉਹ ਬਹੁਤ ਪਿੱਛੇ ਹੈ ਪਰ ਚਲਾਕ ਰਣਨੀਤੀ ਰਾਹੀਂ ਉਹ ਭਾਜਪਾ ਦੇ ਉੱਚੀਆਂ ਜਾਤੀਆਂ ਦੇ ਆਧਾਰ ਨੂੰ ਖਿੱਚ ਕੇ ਉਸ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਹੁਣ ਕਾਂਗਰਸ 'ਕਰੋ ਜਾਂ ਮਰੋ' ਦੇ ਦੌਰ ਵਿਚ ਪਹੁੰਚ ਚੁੱਕੀ ਹੈ। ਰਾਹੁਲ ਗਾਂਧੀ ਨੇ ਕਿਹਾ ਹੈ ਕਿ ਜੋ ਲੋਕ ਭਾਜਪਾ ਵਿਚ ਜਾਣਾ ਚਾਹੁੰਦੇ ਹਨ, ਉਹ ਚਲੇ ਜਾਣ; ਇਹ ਗੱਲ ਠੀਕ ਹੈ ਪਰ ਜੋ ਲੋਕ ਭਾਜਪਾ ਵਿਚ ਨਹੀਂ ਜਾਣਾ ਚਾਹੁੰਦੇ, ਪਾਰਟੀ ਵਿਚ ਹੀ ਰਹਿਣਾ ਚਾਹੁੰਦੇ ਹਨ, ਉਨ੍ਹਾਂ ਲਈ ਪਾਰਟੀ ਦੇ ਅਣ-ਐਲਾਨੇ ਮੁਖੀ ਦੇ ਰੂਪ ਵਿਚ ਰਾਹੁਲ ਗਾਂਧੀ ਦੇ ਕੋਲ ਕੀ ਹੈ? ਇਸ ਸਵਾਲ ਦਾ ਜਵਾਬ ਕੌਣ ਦੇਵੇਗਾ?

ਪੰਜਾਬ ਦੀਆਂ ਚੋਣਾਂ ਕਿਸਾਨ ਅੰਦੋਲਨ ਸਾਹਮਣੇ ਵੀ ਦੁਬਿਧਾ ਪੇਸ਼ ਕਰਨ ਵਾਲੀਆਂ ਹਨ। ਇਸ ਅੰਦੋਲਨ ਨੇ ਪੰਜਾਬ ਵਿਚ ਭਾਜਪਾ ਨੂੰ ਪੂਰੀ ਤਰ੍ਹਾਂ ਸਿਫਰ ਕਰ ਦਿੱਤਾ ਹੈ ਪਰ ਦੋਵਾਂ ਮੁੱਖ ਪਾਰਟੀਆਂ (ਕਾਂਗਰਸ ਤੇ ਅਕਾਲੀ ਦਲ) ਖੁਦ ਨੂੰ ਇਸ ਅੰਦੋਲਨ ਦੇ ਸਮਰਥਕ ਦੇ ਰੂਪ ਵਿਚ ਪੇਸ਼ ਕਰਦੀਆਂ ਹਨ। ਪੱਛਮੀ ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿਚ ਤਾਂ ਕਿਸਾਨ ਭਾਜਪਾ ਦਾ ਵਿਰੋਧ ਕਰਕੇ ਆਪਣੀ ਹਾਜ਼ਰੀ ਦਰਜ ਕਰਵਾਉਣਗੇ ਪਰ ਪੰਜਾਬ ਵਿਚ ਭਾਜਪਾ ਕੋਈ ਤਾਕਤ ਹੀ ਨਹੀਂ ਹੈ। ਇਸ ਤਰ੍ਹਾਂ ਸਮਰਥਨ ਦੇਣ ਦੇ ਸਵਾਲ 'ਤੇ ਅੰਦੋਲਨ ਵਿਚ ਕੁਝ ਮਤਭੇਦ ਵੀ ਪੈਦਾ ਹੋ ਸਕਦੇ ਹਨ।

# ਜਾਸੂਸੀ ਦਾ ਜਾਲ ਅਤੇ ਨਾਗਰਿਕਾਂ ਦੀ ਨਿੱਜਤਾ

***ਭਾਰਤ ਵਿਚ ਜਾਸੂਸੀ ਦੇ ਮਸਲੇ ਨੇ ਮੋਦੀ ਸਰਕਾਰ ਦੇ ਮਨਸ਼ੇ ਜ਼ਾਹਿਰ ਕਰ ਦਿੱਤੇ ਹਨ। ਸਰਕਾਰ ਭਾਵੇਂ ਜਾਸੂਸੀ ਤੋਂ ਇਨਕਾਰ ਕਰ ਰਹੀ ਹੈ ਪਰ ਤੱਥ ਇਹ ਹੈ ਕਿ ਸਬੰਧਤ ਕੰਪਨੀ ਵਲੋਂ ਜਾਸੂਸੀ ਸਾਫਟਵੇਅਰ ਪੈਗਾਸਸ ਸਿਰਫ ਤੇ ਸਿਰਫ ਸਰਕਾਰੀ ਏਜੰਸੀਆਂ ਨੂੰ ਹੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਅਸਲ ਵਿਚ ਸਰਕਾਰ ਚਾਹੁੰਦੀ ਹੈ ਕਿ ਕਿਸੇ ਨਾ ਕਿਸੇ ਢੰਗ ਨਾਲ ਅਸਹਿਮਤੀ ਦੀ ਹਰ ਆਵਾਜ਼ ਨੂੰ ਨਕੇਲ ਪਾ ਲਈ ਜਾਵੇ ਅਤੇ ਇਸ ਤਰ੍ਹਾਂ ਆਪਣੇ ਰਾਜਭਾਗ ਵਿਚ ਵਾਧਾ ਕੀਤਾ ਜਾਵੇ। ਇਹ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀਆਂ ਤਾਨਾਸ਼ਾਹ ਰੁਚੀਆਂ ਦਾ ਹੀ ਨਤੀਜਾ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਇਸ ਜਾਸੂਸੀ ਕਾਂਡ ਦੇ ਕੁਝ ਅਣਛੋਹੇ ਪੱਖਾਂ ਬਾਰੇ ਚਰਚਾ ਕੀਤੀ ਹੈ।***

**ਬੂਟਾ ਸਿੰਘ**
**ਫੋਨ: +91-94634-74342**

ਹਾਲ ਹੀ ਵਿਚ ਹੋਏ ਖੁਲਾਸੇ ਗੰਭੀਰ ਚਿਤਾਵਨੀ ਹਨ ਕਿ ਇਜ਼ਰਾਇਲੀ ਜਾਸੂਸੀ ਸਾਫਟਵੇਅਰ 'ਪੈਗਾਸਸ' ਜ਼ਰੀਏ ਸਟੇਟ ਅਤੇ ਹੋਰ ਏਜੰਸੀਆਂ ਨਾਪਸੰਦ ਬੰਦੇ ਦੀ ਨਿੱਜਤਾ ਨੂੰ ਜਦੋਂ ਚਾਹੁਣ, ਨਿਸ਼ਾਨਾ ਬਣਾ ਸਕਦੀਆਂ ਹਨ। ਜਿਸ ਫੋਨ ਜਾਂ ਕੰਪਿਊਟਰ ਨੂੰ ਨਿਸ਼ਾਨਾ ਬਣਾਉਣਾ ਹੋਵੇ, ਉਸ ਵਿਚ ਸਾਫਟਵੇਅਰ ਭੇਜ ਦਿੱਤਾ ਜਾਂਦਾ ਹੈ। ਫੋਨ ਵਰਤੋਂਕਾਰ ਵੱਲੋਂ ਬਿਨਾ ਕਲਿੱਕ ਕੀਤੇ ਹੀ ਇਹ ਆਪਣੇ ਆਪ ਚਾਲੂ ਹੋ ਜਾਂਦਾ ਹੈ ਅਤੇ ਡਿਜੀਟਲ ਯੰਤਰ ਪੂਰੀ ਤਰ੍ਹਾਂ ਜਾਸੂਸੀ ਕਰਨ ਵਾਲੀ ਏਜੰਸੀ ਦੇ ਕੰਟਰੋਲ 'ਚ ਆ ਜਾਂਦਾ ਹੈ। ਇਹ ਫੋਨ ਦਾ ਸਮੁੱਚਾ ਡੇਟਾ ਚੁਰਾਉਣ ਦੇ ਨਾਲ-ਨਾਲ ਫੋਨ ਦੇ ਕੈਮਰੇ ਅਤੇ ਮਾਈਕ ਨੂੰ ਆਪਣੇ ਆਪ ਚਲਾ ਕੇ ਵਾਇਸ ਅਤੇ ਵੀਡੀਓ ਕਾਲ ਦੀ ਲਾਈਵ ਰਿਕਾਰਡਿੰਗ ਕਰਨ ਦੇ ਸਮਰੱਥ ਹੈ। ਇਉਂ, ਨਾਗਰਿਕਾਂ ਦੀ ਨਿੱਜਤਾ ਪੂਰੀ ਤਰ੍ਹਾਂ ਸਾਫਟਵੇਅਰ ਖਰੀਦਦਾਰ ਦੇ ਕੰਟਰੋਲ 'ਚ ਹੈ; ਖਰੀਦਦਾਰ ਚਾਹੇ ਸਟੇਟ ਹੋਵੇ ਜਾਂ ਕੋਈ ਹੋਰ ਤਾਕਤਵਰ ਏਜੰਸੀ।

ਪੈਗਾਸਸ ਬਣਾਉਣ ਵਾਲੀ ਇਜ਼ਰਾਇਲੀ ਕੰਪਨੀ ਵੱਲੋਂ ਇਜ਼ਰਾਇਲ ਹਕੂਮਤ ਦੀ ਮਨਜ਼ੂਰੀ ਨਾਲ ਇਹ ਸਾਫਟਵੇਅਰ ਸਿਰਫ ਸਰਕਾਰਾਂ ਨੂੰ ਵੇਚਿਆ ਜਾਂਦਾ ਹੈ ਅਤੇ ਇਸ ਨੂੰ ਯੁੱਧ ਦਾ ਹਥਿਆਰ ਕਿਹਾ ਜਾਂਦਾ ਹੈ। ਵੈਸੇ ਵੀ ਇਹ ਐਨਾ ਜ਼ਿਆਦਾ ਮਹਿੰਗਾ ਹੈ ਕਿ ਇਸ ਨੂੰ ਸਰਕਾਰ ਅਤੇ ਬੜੇ ਕਾਰੋਬਾਰੀ ਹੀ ਖਰੀਦ ਸਕਦੇ ਹਨ। ਇਸ ਸਾਫਟਵੇਅਰ ਨੂੰ ਲਗਾਉਣ ਦੀ ਮੁਢਲੀ ਫੀਸ ਸਾਢੇ ਤਿੰਨ ਕਰੋੜ ਰੁਪਏ ਹਨ। 10 ਐਂਡਰੌਇਡ ਜਾਂ ਆਈਫੋਨਾਂ ਦੀ ਜਾਸੂਸੀ ਕਰਨ ਦਾ ਖਰਚਾ ਪੰਜ ਕਰੋੜ ਇਸ ਤੋਂ ਵੱਖਰਾ ਹੈ। ਇਉਂ 136 ਭਾਰਤੀ ਨਾਗਰਿਕਾਂ ਦੀ ਜਾਸੂਸੀ ਉਪਰ ਲੱਗਭੱਗ 100 ਕਰੋੜ ਖਰਚੇ ਜਾਣ ਦਾ ਅੰਦਾਜ਼ਾ ਹੈ। ਨਿਰਸੰਦੇਹ, ਸਰਕਾਰਾਂ ਜਾਂ ਖੁਫੀਆ ਏਜੰਸੀਆਂ ਹੀ ਇਸ ਦੀ ਵਰਤੋਂ ਕਰ ਸਕਦੀਆਂ ਹਨ। ਭਾਰਤ ਦੇ ਮੌਜੂਦਾ ਹੁਕਮਰਾਨ ਆਪਣੇ ਸੌੜੇ ਸਵਾਰਥਾਂ ਲਈ ਇਸ ਸਾਫਟਵੇਅਰ ਦੀ ਵਿਆਪਕ ਪੈਮਾਨੇ 'ਤੇ ਦੁਰਵਰਤੋਂ ਕਰਨ ਦੀ ਸਿਰਫ ਤਾਕਤ ਹੀ ਨਹੀਂ ਰੱਖਦੇ, ਉਨ੍ਹਾਂ ਦੇ ਡਿਜੀਟਲ ਲਸ਼ਕਰ (ਟਰੋਲ ਆਰਮੀ) ਤਾਂ ਪਹਿਲਾਂ ਹੀ ਆਪਣੇ ਏਜੰਡੇ ਅਨੁਸਾਰ ਸਮਾਜ ਦੀ ਭੰਨਘੜ ਕਰਨ ਅਤੇ ਨਾਪਸੰਦ ਖਿਆਲਾਂ ਨੂੰ ਨਿਸ਼ਾਨਾ ਬਣਾਉਣ ਦਾ ਕੰਮ ਜ਼ੋਰ-ਸ਼ੋਰ ਨਾਲ ਕਰ ਰਹੇ ਹਨ। ਜੁਡੀਸ਼ਰੀ, ਚੋਣ ਕਮਿਸ਼ਨ, ਵਿਰੋਧੀ ਧਿਰ, ਕੈਬਨਿਟ ਮੰਤਰੀ ਅਤੇ ਮੀਡੀਆ ਸਭ ਦੀ ਜਾਸੂਸੀ ਹੋ ਰਹੀ ਹੈ। ਉਥੇ ਪੱਤਰਕਾਰਾਂ ਤੋਂ ਲੈ ਕੇ ਸਰਕਾਰ ਦੇ ਚਹੇਤੇ ਕਾਰਪੋਰੇਟਾਂ, ਮੋਦੀ ਦੇ ਚਹੇਤੇ ਸੀਨੀਅਰ ਸੀ.ਬੀ.ਆਈ. ਅਫਸਰਾਂ ਅਤੇ ਹਿੰਦੂਤਵ ਆਗੂ ਪ੍ਰਵੀਨ ਤੋਗੜੀਆ ਤੱਕ ਦੀ ਜਾਸੂਸੀ ਤੋਂ ਸਪਸ਼ਟ ਹੈ ਕਿ ਜਿਸ ਦਾ ਵਤੀਰਾ ਸਰਕਾਰ ਵਿਰੋਧੀ ਹੈ ਜਾਂ ਜਿਸ ਦੀ ਸੱਤਾ ਪ੍ਰਤੀ ਵਫਾਦਾਰੀ ਉਪਰ ਸ਼ੱਕ ਹੈ ਜਾਂ ਜਿਸ ਕੋਲ ਸਰਕਾਰ ਬਣਾਉਣ ਉਪਰ ਅਸਰਅੰਦਾਜ਼ ਹੋਣ ਦੀ ਤਾਕਤ ਹੈ, ਉਹ ਸਾਰੇ ਪੈਗਾਸਸ ਦੇ ਨਿਸ਼ਾਨੇ 'ਤੇ ਹਨ।

2019 ਵਿਚ ਯੂਨੀਵਰਸਿਟੀ ਆਫ ਟੋਰਾਂਟੋ ਦੀ ਸਿਟੀਜ਼ਨ ਲੈਬ ਦੇ ਖੁਲਾਸੇ ਨੇ ਦੁਨੀਆ ਨੂੰ ਚੌਕਸ ਕੀਤਾ ਸੀ ਕਿ 2016-2018 ਦੇ ਦੋ ਸਾਲ ਦੇ ਅਰਸੇ ਵਿਚ ਕੈਨੇਡਾ, ਬਰਾਜ਼ੀਲ ਅਤੇ ਭਾਰਤ ਸਮੇਤ 45 ਮੁਲਕਾਂ ਵਿਚ ਪੈਗਾਸਸ ਰਾਹੀਂ ਨਾਗਰਿਕਾਂ ਦੀ ਨਿੱਜਤਾ ਨੂੰ ਨਿਸ਼ਾਨਾ ਬਣਾਇਆ ਗਿਆ। ਵ੍ਹੱਟਸਐਪ ਰਾਹੀਂ ਸੰਨ੍ਹ ਲਗਾ ਕੇ ਦੁਨੀਆ ਭਰ ਦੇ 1400 ਵਰਤੋਂਕਾਰਾਂ ਦੀ ਡਿਜੀਟਲ ਜਾਸੂਸੀ ਕੀਤੀ ਗਈ ਸੀ। ਭਾਰਤ ਦੇ ਅੱਠ ਮੋਬਾਈਲ ਨੈੱਟਵਰਕ ਨੂੰ ਇਸਤੇਮਾਲ ਕਰਕੇ 121 ਜਣਿਆਂ ਦੇ ਫੋਨਾਂ ਵਿਚ ਘੁਸਪੈਠ ਕੀਤੀ ਗਈ। ਇਨ੍ਹਾਂ ਵਿਚੋਂ 20 ਦੇ ਕਰੀਬ ਸ਼ਖਸੀਅਤਾਂ ਨੂੰ ਵ੍ਹੱਟਸਐਪ ਅਤੇ ਸਿਟੀਜ਼ਨ ਲੈਬ, ਦੋਨਾਂ ਵੱਲੋਂ ਸੰਪਰਕ ਕਰਕੇ ਇਸ ਬਾਰੇ ਚੁਕੰਨੇ ਕੀਤਾ ਗਿਆ ਸੀ। ਹਾਲ ਹੀ ਵਿਚ 'ਪੈਗਾਸਸ ਪ੍ਰੋਜੈਕਟ' ਤਹਿਤ 10 ਮੁਲਕਾਂ ਦੀਆਂ 17 ਮੀਡੀਆ ਸੰਸਥਾਵਾਂ, ਜਿਨ੍ਹਾਂ ਵਿਚ ਭਾਰਤ ਦਾ ਸੁਤੰਤਰ ਨਿਊਜ਼ ਪੋਰਟਲ 'ਦਿ ਵਾਇਰ' ਵੀ ਸ਼ਾਮਿਲ ਹੈ, ਦੇ 80 ਪੱਤਰਕਾਰਾਂ ਵੱਲੋਂ ਐਮਨੈਸਟੀ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਜੋ ਛਾਣ-ਬੀਣ ਕੀਤੀ ਗਈ ਹੈ, ਉਸ ਨੇ ਡਿਜੀਟਲ ਜਾਸੂਸੀ ਦੀਆਂ ਹੋਰ ਬਹੁਤ ਸਾਰੀਆਂ ਪਰਤਾਂ ਸਾਹਮਣੇ ਲਿਆਂਦੀਆਂ ਹਨ। ਇਸ ਪ੍ਰੋਜੈਕਟ ਦੀ ਤਾਲਮੇਲ ਕਰਤਾ ਫਰਾਂਸ ਦੀ ਸੁਤੰਤਰ ਮੀਡੀਆ ਸੰਸਥਾ 'ਫਾਰਬਿਡਨ ਸਟੋਰੀਜ਼' ਹੈ ਜੋ ਸੈਂਸਰਸ਼ਿਪ ਤੋਂ ਬੇਪ੍ਰਵਾਹ ਹੋ ਕੇ ਸੰਵੇਦਨਸ਼ੀਲ ਮੁੱਦਿਆਂ ਉਪਰ ਖੋਜੀ ਪੱਤਰਕਾਰਾਂ ਦੀਆਂ ਖੋਜ ਰਿਪੋਰਟਾਂ ਛਾਪਦੀ ਹੈ। ਇਸ ਪ੍ਰੋਜੈਕਟ ਨੇ 50 ਹਜ਼ਾਰ ਫੋਨ ਨੰਬਰਾਂ ਦੇ ਲੀਕ ਹੋਏ ਡੇਟਾਬੇਸ ਦੀ ਛਾਣ-ਬੀਣ ਕੀਤੀ ਹੈ ਜੋ ਇਸ ਸਪਾਈਵੇਅਰ ਰਾਹੀਂ ਜਾਸੂਸੀ ਦਾ ਨਿਸ਼ਾਨਾ ਬਣੇ ਹੋ ਸਕਦੇ ਹਨ। ਇਨ੍ਹਾਂ ਵਿਚੋਂ 10 ਮੁਲਕਾਂ ਦੇ 1500 ਤੋਂ ਵਧੇਰੇ ਨੰਬਰਾਂ ਦੇ ਮਾਲਕਾਂ ਦੀ ਸ਼ਨਾਖਤ ਕੀਤੀ ਜਾ ਚੁੱਕੀ ਹੈ। ਫੋਨ ਦੀ ਫਾਰੈਂਸਿਕ ਜਾਂਚ ਕਰਨ 'ਤੇ ਹੀ ਇਹ ਪਤਾ ਲੱਗਦਾ ਹੈ ਕਿ ਡੇਟਾਬੇਸ ਵਿਚ ਸ਼ਾਮਿਲ ਕਿਹੜੇ ਨੰਬਰ ਨੂੰ ਹੈਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਾਂ ਇਹ ਕੋਸ਼ਿਸ਼ ਕਾਮਯਾਬ ਰਹੀ। ਜੋ ਨੰਬਰ ਡੇਟਾਬੇਸ ਸੂਚੀ ਵਿਚ ਹੈ ਪਰ ਜਿਸ ਦੇ ਫੋਨ ਦੀ ਫਾਰੈਂਸਿਕ ਜਾਂਚ ਨਹੀਂ ਕੀਤੀ ਗਈ, ਉਹ ਸੰਭਾਵੀ ਨਿਸ਼ਾਨਾ ਵੀ ਹੋ ਸਕਦਾ ਹੈ।

'ਦਿ ਵਾਇਰ' ਅਤੇ ਐਮਨੈਸਟੀ ਇੰਟਰਨੈਸ਼ਨਲ ਨੇ 136 ਜਣਿਆਂ ਦੀ ਸੂਚੀ ਨਸ਼ਰ ਕੀਤੀ ਹੈ ਜੋ ਨਿਸ਼ਾਨਾ ਬਣੇ ਜਾਂ ਨਿਸ਼ਾਨਾ ਬਣੇ ਹੋ ਸਕਦੇ ਹਨ (ਇਸ ਸੂਚੀ ਵਿਚ ਨਵੇਂ ਨਾਂ ਜੁੜ ਰਹੇ ਹਨ)। ਇਨ੍ਹਾਂ ਵਿਚ ਘੱਟੋ-ਘੱਟ 40 ਭਾਰਤੀ ਪੱਤਰਕਾਰ ਸ਼ਾਮਿਲ ਹਨ ਜਿਨ੍ਹਾਂ ਵਿਚੋਂ ਕਈਆਂ ਦੇ ਫੋਨਾਂ ਉਪਰ ਪੈਗਾਸਸ ਦੀ ਮੌਜੂਦਗੀ ਸਾਬਤ ਹੋ ਚੁੱਕੀ ਹੈ। ਸੀਨੀਅਰ ਪੱਤਰਕਾਰਾਂ ਐਮ.ਕੇ.ਵੇਨੂ, ਸਿਧਾਰਥ ਵਰਧਰਾਜਨ, ਸੁਸ਼ਾਂਤ ਸਿੰਘ, ਪਰੰਜੋ ਗੁਹਾ ਠਾਕੁਰਤਾ, ਐਸ.ਐਨ.ਐਮ. ਅਬਦੀ, ਵਿਜੇਤਾ ਸਿੰਘ, ਸਮਿਤਾ ਸ਼ਰਮਾ ਦੇ ਫੋਨਾਂ ਉਪਰ ਸਪਾਈਵੇਅਰ ਦੀ ਪੁਸ਼ਟੀ ਹੋਈ ਹੈ। ਸੂਚੀ ਵਿਚ ਜੋ ਹੋਰ ਸੀਨੀਅਰ ਪੱਤਰਕਾਰਾਂ ਦੇ ਨਾਂ ਸ਼ਾਮਿਲ ਹਨ, ਜਿਵੇਂ ਰੋਹਿਨੀ ਸਿੰਘ, ਪ੍ਰਸ਼ਾਂਤ ਝਾਅ, ਪ੍ਰੇਮ ਸ਼ੰਕਰ ਝਾਅ, ਮੁਜ਼ਾਮਿਲ ਜਲੀਲ, ਜੇ. ਗੋਪੀਕ੍ਰਿਸ਼ਨ, ਸੈਕਤ ਦੱਤਾ, ਇਫਤਿਖਾਰ ਗਿਲਾਨੀ, ਜਸਪਾਲ ਸਿੰਘ ਹੇਰਾਂ (ਮੁੱਖ ਸੰਪਾਦਕ ਰੋਜ਼ਾਨਾ ਪਹਿਰੇਦਾਰ), ਰੂਪੇਸ਼ ਕੁਮਾਰ ਸਿੰਘ ਆਦਿ, ਉਹ ਵੀ ਨਿਸ਼ਾਨੇ 'ਤੇ ਸਨ। ਪੱਤਰਕਾਰਾਂ ਤੋਂ ਇਲਾਵਾ, ਉਘੇ ਮੁੱਖਧਾਰਾ ਸਿਆਸਤਦਾਨਾਂ ਅਤੇ ਸੀ.ਬੀ.ਆਈ. ਦੇ ਸੀਨੀਅਰ ਅਧਿਕਾਰੀਆਂ, ਵਿਗਿਆਨੀਆਂ, ਨਾਗਾ ਤੇ ਕਸ਼ਮੀਰੀ ਆਗੂਆਂ ਅਤੇ ਉਤਰ-ਪੂਰਬ ਦੀਆਂ ਹੋਰ ਸ਼ਖਸੀਅਤਾਂ ਦੇ ਨਾਂ ਵੀ ਸੂਚੀ ਵਿਚ ਹਨ। ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ 'ਚ ਜੇਲ੍ਹਾਂ 'ਚ ਡੱਕੇ ਬੁੱਧੀਜੀਵੀਆਂ ਵਿਚੋਂ ਨੌਂ ਸ਼ਖਸੀਅਤਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਉਨ੍ਹਾਂ ਦੇ ਵਕੀਲਾਂ, ਹੋਰ ਉਘੇ ਕਾਰਕੁਨਾਂ ਅਤੇ ਜੇ.ਐਨ.ਯੂ. ਦੇ ਤਿੰਨ ਸਾਬਕਾ ਵਿਦਿਆਰਥੀ ਆਗੂਆਂ ਦੇ ਨਾਂ ਵੀ ਸ਼ਾਮਿਲ ਹਨ। ਇਸ ਦਾ ਭਾਵ ਇਹ ਹੈ ਕਿ ਇਨ੍ਹਾਂ ਸਾਰਿਆਂ ਉਪਰ ਸਰਕਾਰ ਦੇ ਆਲੋਚਕ ਹੋਣ ਕਾਰਨ ਨਜ਼ਰ ਰੱਖੀ ਜਾ ਰਹੀ ਸੀ। ਰੱਖਿਆ ਮਾਮਲਿਆਂ ਦੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਦੀ ਜਾਸੂਸੀ ਤੋਂ ਜ਼ਾਹਿਰ ਹੈ ਕਿ ਰਾਫੇਲ ਘੁਟਾਲੇ ਨਾਲ ਜੁੜੀਆਂ ਖਬਰਾਂ ਉਪਰ ਨਜ਼ਰ ਰੱਖੀ ਜਾ ਰਹੀ ਸੀ। ਮੋਦੀ ਦੇ ਚਹੇਤੇ ਸੀ.ਬੀ.ਆਈ. ਦੇ ਸੀਨੀਅਰ ਅਫਸਰਾਂ ਦੀ ਜਾਸੂਸੀ ਤੋਂ ਸਪਸ਼ਟ ਹੈ ਕਿ ਉਨ੍ਹਾਂ ਦੀ ਵਫਾਦਾਰੀ ਉਪਰ ਵੀ ਨਜ਼ਰ ਰੱਖੀ ਜਾ ਰਹੀ ਸੀ। ਸੀ.ਬੀ.ਆਈ. ਦੇ ਤੱਤਕਾਲੀ ਨਿਰਦੇਸ਼ਕ ਆਲੋਕ ਵਰਮਾ ਅਤੇ ਉਸ ਦੇ ਪਰਿਵਾਰ ਦੇ ਅੱਠ ਜੀਆਂ ਦੀ ਜਾਸੂਸੀ ਬਿਨਾ ਵਜ੍ਹਾ ਕਿਵੇਂ ਹੋ ਸਕਦੀ ਹੈ? ਅਨਿਲ ਅੰਬਾਨੀ, ਰਾਫੇਲ ਜਹਾਜ਼ ਨਿਰਮਾਤਾ ਕੰਪਨੀ ਦੇ ਨੁਮਾਇੰਦੇ ਵੈਂਕਟ ਰਾਓ, ਸਾਬ ਇੰਡੀਆ ਦੇ ਮੁਖੀ ਇੰਦਰਜੀਤ ਸਿਆਲ ਅਤੇ ਬੋਇੰਗ ਇੰਡੀਆ ਦੇ ਮੁਖੀ ਪ੍ਰਤਿਊਸ਼ ਕੁਮਾਰ, ਫਰਾਂਸ ਦੀ ਕੰਪਨੀ ਐਨਰਜੀ ਈ.ਡੀ.ਐਫ. ਦੇ ਮੁਖੀ ਹਰਮਨਜੀਤ ਨੇਗੀ ਆਦਿ ਵੱਡੇ ਕਾਰੋਬਾਰੀਆਂ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਦੇ ਫੋਨ ਨੰਬਰ ਵੀ ਲੀਕ ਹੋਏ ਡੇਟਾ ਵਿਚ ਮਿਲੇ। ਜ਼ਾਹਿਰ ਹੈ ਕਿ ਖਾਸ ਮਨੋਰਥ ਤਹਿਤ ਉਨ੍ਹਾਂ ਦੀ ਜਾਸੂਸੀ ਵੀ ਕਰਵਾਈ ਜਾ ਰਹੀ ਸੀ। ਅਨਿਲ ਅੰਬਾਨੀ ਅਤੇ ਉਸ ਦੇ ਅਧਿਕਾਰੀ ਇਸ ਲਈ ਨਿਗਰਾਨੀ ਹੇਠ ਸਨ ਕਿ ਉਹ ਰਾਫੇਲ ਘੁਟਾਲੇ ਵਿਚ ਕੋਈ ਬਿਆਨ ਦੇ ਕੇ ਮੋਦੀ ਵਜ਼ਾਰਤ ਲਈ ਕੋਈ ਮੁਸੀਬਤ ਖੜ੍ਹੀ ਨਾ ਕਰ ਦੇਣ।



ਆਰ.ਐਸ.ਐਸ.-ਬੀ.ਜੇ.ਪੀ. ਸਰਕਾਰ ਇਹ ਝੂਠ ਬੋਲ ਕੇ ਵਕਤ ਲੰਘਾਉਣ ਦੀ ਕੋਸ਼ਿਸ 'ਚ ਹੈ ਕਿ ਇਸ ਦਾ ਜਾਸੂਸੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਸਲ ਸਵਾਲ ਤੋਂ ਧਿਆਨ ਹਟਾਉਣ ਲਈ ਬਹੁਤ ਹੀ ਚਲਾਕੀ ਨਾਲ ਇਹ ਮੁੱਦਾ ਉਛਾਲਿਆ ਜਾ ਰਿਹਾ ਹੈ ਕਿ ਇਹ ਵਿਰੋਧੀ ਧਿਰ ਦੀ ਸਰਕਾਰ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਜਾਅਲੀ ਖਬਰਾਂ ਅਤੇ ਅਫਵਾਹਾਂ ਦਾ ਮਾਹਿਰ ਸੰਘ ਬ੍ਰਿਗੇਡ ਇਨ੍ਹਾਂ ਖੁਲਾਸਿਆਂ ਨੂੰ 'ਪੀਲੀ ਪੱਤਰਕਾਰੀ' ਦੱਸ ਰਿਹਾ ਹੈ ਪਰ ਉਹ ਇਸ ਸਵਾਲ ਦਾ ਜਵਾਬ ਨਹੀਂ ਦੇ ਰਹੇ ਕਿ ਇਹ ਸਾਫਟਵੇਅਰ ਜਣੇ-ਖਣੇ ਦੀ ਪਹੁੰਚ ਵਿਚ ਨਹੀਂ ਹੈ, ਇਹ ਸਿਰਫ ਸਰਕਾਰਾਂ ਨੂੰ ਹੀ ਵੇਚਿਆ ਜਾਂਦਾ ਹੈ। ਇਜ਼ਰਾਇਲੀ ਕੰਪਨੀ ਅਨੁਸਾਰ ਤਾਂ ਕੇਂਦਰ ਸਰਕਾਰ ਤੋਂ ਬਿਨਾ ਇਸ ਨੂੰ ਕੋਈ ਖਰੀਦ ਹੀ ਨਹੀਂ ਸਕਦਾ। ਫਿਰ ਉਹ ਕਿਹੜੀ ਏਜੰਸੀ ਹੈ ਜਿਸ ਨੇ ਭਾਰਤ ਸਰਕਾਰ ਦੀ ਮਨਜ਼ੂਰੀ ਤੋਂ ਬਿਨਾ ਹੀ ਇਹ ਸਾਫਟਵੇਅਰ ਖਰੀਦ ਕੇ ਐਨੇ ਲੋਕਾਂ ਦੀ ਜਾਸੂਸੀ ਕੀਤੀ ਅਤੇ ਉਸ ਦਾ ਮਨੋਰਥ ਕੀ ਸੀ? ਜੇ ਸਰਕਾਰ ਦੀ ਇਸ ਵਿਚ ਭੂਮਿਕਾ ਅਤੇ ਮਿਲੀਭੁਗਤ ਨਹੀਂ ਹੈ ਤਾਂ ਦੋ ਸਾਲ ਪਹਿਲਾਂ 2019 ਵਿਚ ਸਾਹਮਣੇ ਆਏ ਐਨੇ ਸੰਵੇਦਨਸ਼ੀਲ ਮਾਮਲੇ, ਜਿਸ ਦੀ ਸੂਚੀ ਤਾਜ਼ਾ ਖੁਲਾਸਿਆਂ ਨਾਲ ਦਿਨੋ-ਦਿਨ ਵਧਦੀ ਜਾ ਰਹੀ ਹੈ, ਦੀ ਜਾਂਚ ਕਿਉਂ ਨਹੀਂ ਕਰਵਾਈ ਜਾ ਰਹੀ? ਫਰਾਂਸ ਨੇ ਇਸ ਦੀ ਪਾਰਲੀਮੈਂਟਰੀ ਜਾਂਚ ਦਾ ਆਦੇਸ਼ ਦਿੱਤਾ ਹੈ; ਜਰਮਨੀ ਦੇ ਚਾਂਸਲਰ ਨੇ ਇਸ ਸਾਫਟਵੇਅਰ ਦੇ ਵਪਾਰ ਉਪਰ ਬੰਦਸ਼ਾਂ ਲਾਉਣ ਦਾ ਸੱਦਾ ਦਿੱਤਾ ਹੈ; ਹੰਗਰੀ ਨੇ ਵੀ ਜਾਂਚ ਕਰਾਉਣ ਦਾ ਐਲਾਨ ਕੀਤਾ ਹੈ, ਫਿਰ ਭਾਰਤ ਸਰਕਾਰ ਇਸ ਦੀ ਜਾਂਚ ਕਰਾਉਣ ਤੋਂ ਕਿਉਂ ਭੱਜ ਰਹੀ ਹੈ?

***ਕੋਈ ਵੀ ਬਹਾਨਾ ਬਣਾ ਕੇ ਭਾਰਤੀ ਰਾਜ ਨਾਗਰਿਕਾਂ ਦੀ ਨਿੱਜਤਾ ਦੇ ਹੱਕ ਉਪਰ ਹਮਲੇ ਦੀ ਜਵਾਬਦੇਹੀ ਤੋਂ ਨਹੀਂ ਬਚ ਸਕਦਾ ਕਿਉਂਕਿ ਨਾਗਰਿਕਾਂ ਦੀ ਨਿੱਜਤਾ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਸੰਵਿਧਾਨਕ ਜ਼ਿੰਮਾ ਸਰਕਾਰਾਂ ਦਾ ਹੈ ਅਤੇ ਜਮਹੂਰੀ ਮੁੱਲਾਂ ਦੀ ਸਰਵਵਿਆਪਕ ਪ੍ਰਵਾਨਗੀ ਦੇ ਜ਼ਮਾਨੇ ਵਿਚ ਨਾਗਰਿਕਾਂ ਦੀ ਡਿਜੀਟਲ ਜਾਸੂਸੀ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਮੂਹ ਨਾਗਰਿਕਾਂ ਨੂੰ ਇਸ ਖਤਰਨਾਕ ਵਰਤਾਰੇ ਤੋਂ ਸੁਚੇਤ ਹੋਣਾ ਹੋਵੇਗਾ, ਕਿਉਂਕਿ ਜੇ ਇਸ ਵਿਰੁੱਧ ਵਿਆਪਕ ਲੋਕ ਰਾਇ ਤਿਆਰ ਕਰਕੇ ਇਸ ਨੂੰ ਰੋਕਿਆ ਨਹੀਂ ਜਾਂਦਾ ਤਾਂ ਆਉਣ ਵਾਲੇ ਸਮੇਂ ਵਿਚ ਇਸ ਨੂੰ ਲੋਕ ਹਿੱਤਾਂ ਲਈ ਸੰਘਰਸ਼ਸ਼ੀਲ ਤਾਕਤਾਂ ਅਤੇ ਸੰਘਰਸ਼ਾਂ ਵਿਰੁੱਧ ਵਿਆਪਕ ਪੈਮਾਨੇ 'ਤੇ ਵਰਤਿਆ ਜਾਵੇਗਾ।***

ਭਾਰਤ ਵਰਗੇ ਮੁਲਕਾਂ 'ਚ ਜਿੱਥੇ ਨਾਗਰਿਕਾਂ ਦੀ ਨਿੱਜਤਾ ਦੀ ਸੁਰੱਖਿਆ ਲਈ ਭਰੋਸੇਯੋਗ ਸੰਵਿਧਾਨਕ ਵਿਵਸਥਾ ਨਹੀਂ ਹੈ ਅਤੇ ਸੰਵਿਧਾਨ ਦੀਆਂ ਸਭ ਤੋਂ ਵੱਧ ਧੱਜੀਆਂ ਹਕੂਮਤ ਵੱਲੋਂ ਉਡਾਈਆਂ ਜਾਂਦੀਆਂ ਹਨ, ਉਥੇ ਕੇਂਦਰ ਸਰਕਾਰ ਵੱਲੋਂ ਆਪਣੀ ਕਿਸੇ ਖੁਫੀਆ ਏਜੰਸੀ ਰਾਹੀਂ ਨਾਗਰਿਕਾਂ ਦੀ ਨਿੱਜਤਾ 'ਚ ਸੰਨ੍ਹ ਲਾਉਣੀ ਬਹੁਤ ਸੌਖੀ ਹੈ ਅਤੇ ਸਰਕਾਰ ਦੀ ਕੋਈ ਜਵਾਬਦੇਹੀ ਵੀ ਨਹੀਂ ਹੈ। ਏਸ਼ੀਆ ਟਾਈਮਜ਼ ਦੀ 2019 ਦੀ ਰਿਪੋਰਟ ਅਨੁਸਾਰ, "ਘੱਟੋ-ਘੱਟ ਇਕ ਕੇਂਦਰੀ ਖੁਫੀਆ ਏਜੰਸੀ ਪੈਗਾਸਸ ਜਾਸੂਸੀ ਸਾਫਟਵੇਅਰ ਦੇ ਖਰੀਦਦਾਰਾਂ 'ਚੋਂ ਇਕ ਸੀ ਜੋ ਹਰ ਸੂਬੇ ਤੋਂ ਖੁਫੀਆ ਜਾਣਕਾਰੀ ਇਕੱਠੀ ਕਰਦੀ ਹੈ।" ਕੇਂਦਰੀ ਏਜੰਸੀ ਆਈ.ਬੀ. (ਇੰਟੈਲੀਜੈਂਸ ਬਿਊਰੋ) ਬਰਤਾਨਵੀ ਹਕੂਮਤ ਦੇ 1887 ਦੇ ਹੁਕਮ ਤਹਿਤ ਬਣਾਈ ਗਈ ਸੀ ਅਤੇ ਰਾਅ ਵੀ 1968 ਵਿਚ ਸਰਕਾਰੀ ਹੁਕਮ ਰਾਹੀਂ ਬਣਾਈ ਗਈ ਸੀ। ਆਈ.ਬੀ. ਦਾ ਸਾਬਕਾ ਜੁਆਇੰਟ ਡਾਇਰੈਕਟਰ ਮਲੋਏ ਕ੍ਰਿਸ਼ਨਾ ਧਰ ਆਪਣੀ ਚਰਚਿਤ ਕਿਤਾਬ 'ਖੁੱਲ੍ਹੇ ਭੇਤ' ਵਿਚ ਏਜੰਸੀ ਦੀਆਂ ਮਨਮਾਨੀਆਂ ਉਪਰ ਗੰਭੀਰ ਸਵਾਲ ਉਠਾ ਚੁੱਕਾ ਹੈ। ਇਹ ਏਜੰਸੀਆਂ ਸਿੱਧੀਆਂ ਕੇਂਦਰ ਸਰਕਾਰ ਦੇ ਹੁਕਮਾਂ ਅਨੁਸਾਰ ਕੇਂਦਰੀ ਵਜ਼ਾਰਤ, ਖਾਸ ਕਰਕੇ ਪ੍ਰਧਾਨ ਮੰਤਰੀ ਦੀਆਂ ਨਿੱਜੀ ਏਜੰਸੀਆਂ ਵਜੋਂ ਕੰਮ ਕਰਦੀਆਂ ਹਨ। ਕੇਂਦਰ ਸਰਕਾਰ ਦੀਆਂ ਖੁਫੀਆ ਜਾਣਕਾਰੀ ਹਾਸਲ ਕਰਨ ਦੀਆਂ ਸਮਰੱਥਾਵਾਂ ਉਪਰ ਸੰਸਦ ਦਾ ਕੋਈ ਕੁੰਡਾ ਨਹੀਂ ਹੈ ਅਤੇ ਕੋਈ ਸੰਸਦੀ ਕਮੇਟੀ ਇਨ੍ਹਾਂ ਦੀ ਨਿਗਰਾਨੀ ਨਹੀਂ ਕਰਦੀ।

ਪੈਗਾਸਸ ਦੀ ਨਿਰਮਾਤਾ ਕੰਪਨੀ ਐਨ.ਐਸ.ਓ. ਗਰੁੱਪ ਦਾ ਇਜ਼ਰਾਇਲੀ ਸਟੇਟ ਨਾਲ ਗੂੜ੍ਹਾ ਰਿਸ਼ਤਾ ਹੈ। ਇਹ ਸਾਫਟਵੇਅਰ ਇਜ਼ਰਾਇਲ ਦੇ ਰੱਖਿਆ ਮੰਤਰਾਲੇ ਦੀ ਮਨਜ਼ੂਰੀ ਨਾਲ ਵੇਚਿਆ ਜਾਂਦਾ ਹੈ। ਫਾਸ਼ੀਵਾਦੀ ਇਜ਼ਰਾਇਲੀ ਸਟੇਟ ਦੀ ਭਾਰਤੀ ਸਟੇਟ ਨਾਲ ਗੂੜ੍ਹੀ ਸਾਂਝ ਹੈ ਅਤੇ ਪੈਗਾਸਸ ਵਰਗੇ ਅਤਿ-ਆਧੁਨਿਕ ਖਰਚੀਲੇ ਸਾਫਟਵੇਅਰ ਦੀ ਵਰਤੋਂ ਕਰਕੇ ਨਾਗਰਿਕਾਂ ਦੀ ਨਿੱਜੀ ਜ਼ਿੰਦਗੀ ਉਪਰ ਐਡਾ ਵੱਡਾ ਹਮਲਾ ਭਾਰਤ ਸਰਕਾਰ ਹੀ ਕਰਵਾ ਸਕਦੀ ਹੈ। ਜਾਸੂਸੀ ਦਾ ਸਮਾਂ ਅਤੇ ਭਾਰਤ ਵਿਚਲਾ ਤੱਤਕਾਲੀ ਘਟਨਾਕ੍ਰਮ ਸਾਫ ਸੰਕੇਤ ਹਨ ਕਿ ਜਾਸੂਸੀ ਪਿੱਛੇ ਕੇਂਦਰ ਸਰਕਾਰ ਦਾ ਹੱਥ ਸੀ। ਤੱਥਾਂ ਅਨੁਸਾਰ ਭਾਰਤ ਵਿਚ ਪੈਗਾਸਸ ਦਾ ਇਸਤੇਮਾਲ 2017 'ਚ ਨਰਿੰਦਰ ਮੋਦੀ ਦੀ ਇਜ਼ਰਾਇਲ ਫੇਰੀ ਅਤੇ ਇਜ਼ਰਾਇਲੀ ਦੇ ਤੱਤਕਾਲੀ ਰਾਸ਼ਟਰਪਤੀ ਬੈਂਜਾਮਿਨ ਨੇਤਨਯਾਹੂ ਨਾਲ ਲੰਮੀ ਮੁਲਾਕਾਤ ਤੋਂ ਬਾਅਦ ਸ਼ੁਰੂ ਹੋਇਆ। ਉਘੇ ਵਕੀਲ ਪ੍ਰਸ਼ਾਂਤ ਭੂਸ਼ਨ ਦੇ ਖੁਲਾਸੇ ਅਨੁਸਾਰ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਬਜਟ ਜੋ 2016-17 ਵਿਚ 33 ਕਰੋੜ ਰੁਪਏ ਸੀ, ਉਹ 2017-18 ਵਿਚ ਦਸ ਗੁਣਾਂ ਵਧਾ ਕੇ 333 ਕਰੋੜ ਰੁਪਏ ਕੀਤਾ ਗਿਆ ਜਿਸ ਦਾ ਦੋ-ਤਿਹਾਈ ਹਿੱਸਾ ਸਾਈਬਰ ਸਕਿਓਰਿਟੀ ਰਿਸਰਚ ਲਈ ਸੀ। ਇਹ ਉਹੀ ਵਕਤ ਹੈ ਜਦੋਂ 100 ਕਰੋੜ ਰੁਪਏ ਪੈਗਾਸਸ ਖਰੀਦਣ ਉਪਰ ਖਰਚੇ ਗਏ। ਮਨੁੱਖਤਾ ਵਿਰੋਧੀ ਇਸ ਮਹਾਂ-ਜੁਰਮ ਲਈ ਸਿਰਫ ਇਜ਼ਰਾਇਲੀ ਕੰਪਨੀ ਜ਼ਿੰਮੇਵਾਰ ਨਹੀਂ ਹੈ, ਅਸਲ ਜ਼ਿੰਮੇਵਾਰ ਇਜ਼ਰਾਇਲੀ ਸਟੇਟ ਅਤੇ ਇਸ ਦਾ ਸਰਪ੍ਰਸਤ ਅਮਰੀਕਾ ਹੈ ਜਿਸ ਦੀ ਮਨਜ਼ੂਰੀ ਤੋਂ ਬਿਨਾਂ ਸਾਫਟਵੇਅਰ ਵੇਚਣਾ ਸੰਭਵ ਹੀ ਨਹੀਂ। ਅਮਰੀਕਾ ਦੇ ਫੋਨ ਨੈੱਟਵਰਕ ਇਸ ਸਾਫਟਵੇਅਰ ਦੀ ਮਾਰ ਤੋਂ ਬਾਹਰ ਰੱਖੇ ਗਏ ਹਨ। ਇਸ ਕਰਕੇ ਇਸ ਦਾ ਅਸਲ ਯੋਜਨਾਘਾੜਾ ਅਮਰੀਕਨ-ਇਜ਼ਰਾਇਲੀ ਗੱਠਜੋੜ ਹੈ ਅਤੇ ਪੈਗਾਸਸ ਦੀ ਵਰਤੋਂ ਉਨ੍ਹਾਂ ਮੁਲਕਾਂ 'ਚ ਸਾਹਮਣੇ ਆਈ ਹੈ ਜਿੱਥੇ ਅਮਰੀਕਾ-ਇਜ਼ਰਾਈਲ ਦੇ ਹਿਤ ਹਨ। ਇਸ ਲਈ ਜਾਸੂਸੀ ਉਪਰ ਅਮਰੀਕਨ ਹੁਕਮਰਾਨਾਂ ਦੀ ਖੇਖਣਹਾਰ ਚਿੰਤਾ ਨਿਰਾ ਢੌਂਗ ਹੈ।

ਪੈਗਾਸਸ ਸਾਫਟਵੇਅਰ ਰਾਹੀਂ ਡਿਜੀਟਲ ਜਾਸੂਸੀ ਦੇ ਵਾਰ-ਵਾਰ ਖੁਲਾਸੇ ਦੁਨੀਆ ਲਈ ਗੰਭੀਰ ਚਿਤਾਵਨੀ ਹਨ ਕਿ ਨਾਗਰਿਕਾਂ ਦੀ ਨਿੱਜਤਾ ਅਤਿਅੰਤ ਖਤਰਨਾਕ ਹਮਲੇ ਦੀ ਮਾਰ ਹੇਠ ਆ ਚੁੱਕੀ ਹੈ। ਨਿੱਜਤਾ 'ਚ ਇਹ ਸੰਨ੍ਹ ਸਟੇਟ ਵੱਲੋਂ ਹੋਣ ਕਾਰਨ ਇਸ ਦਾ ਦਾਇਰਾ ਅਤਿਅੰਤ ਵਿਆਪਕ ਹੈ। ਵ੍ਹੱਟਸਐਪ, ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਐਪਸ ਦੇ ਵਰਤੋਂਕਾਰਾਂ ਦੀ ਨਿੱਜੀ ਜਾਣਕਾਰੀ ਨੂੰ ਬਿਨਾ ਦੱਸੇ ਕਿੱਥੇ ਅਤੇ ਕਿਵੇਂ ਇਸਤੇਮਾਲ ਕਰਨਾ ਹੈ, ਇਹ ਪੂਰੀ ਤਰ੍ਹਾਂ ਕਾਰਪੋਰੇਟ ਸਰਮਾਏਦਾਰੀ ਦੇ ਕੰਟਰੋਲ 'ਚ ਹੈ। ਭਾਰਤ ਵਿਚ ਫੋਨ ਅਤੇ ਹੋਰ ਜਾਣਕਾਰੀ ਨੂੰ ਆਧਾਰ ਨੰਬਰ ਨਾਲ ਜੋੜਨ ਦਾ ਮਨੋਰਥ ਵੀ ਕਥਿਤ ਸੁਰੱਖਿਆ ਅਤੇ ਸਹੂਲਤ ਦੀ ਬਜਾਏ ਨਾਗਰਿਕਾਂ ਦੀ ਨਿੱਜਤਾ ਉਪਰ ਕੰਟਰੋਲ ਹੀ ਹੈ। ਅਤਿ-ਆਧੁਨਿਕ ਸਾਫਟਵੇਅਰ ਜਾਂ ਸਪਾਈਵੇਅਰ ਨਾਲ ਲੈਸ ਏਜੰਸੀਆਂ ਨੇ ਕਦੋਂ, ਕਿਸ ਨੂੰ ਨਿਸ਼ਾਨਾ ਬਣਾਉਣਾ ਹੈ, ਇਹ ਹਾਸਲ ਹਾਲਾਤ ਵਿਚ ਹੁਕਮਰਾਨ ਧਿਰ ਦੇ ਏਜੰਡਿਆਂ ਅਤੇ ਜ਼ਰੂਰਤਾਂ ਤੋਂ ਤੈਅ ਹੁੰਦਾ ਹੈ।

ਕੋਈ ਵੀ ਬਹਾਨਾ ਬਣਾ ਕੇ ਭਾਰਤੀ ਰਾਜ ਨਾਗਰਿਕਾਂ ਦੀ ਨਿੱਜਤਾ ਦੇ ਹੱਕ ਉਪਰ ਹਮਲੇ ਦੀ ਜਵਾਬਦੇਹੀ ਤੋਂ ਨਹੀਂ ਬਚ ਸਕਦਾ ਕਿਉਂਕਿ ਨਾਗਰਿਕਾਂ ਦੀ ਨਿੱਜਤਾ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਸੰਵਿਧਾਨਕ ਜ਼ਿੰਮਾ ਸਰਕਾਰਾਂ ਦਾ ਹੈ ਅਤੇ ਜਮਹੂਰੀ ਮੁੱਲਾਂ ਦੀ ਸਰਵਵਿਆਪਕ ਪ੍ਰਵਾਨਗੀ ਦੇ ਜ਼ਮਾਨੇ ਵਿਚ ਨਾਗਰਿਕਾਂ ਦੀ ਡਿਜੀਟਲ ਜਾਸੂਸੀ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਮੂਹ ਨਾਗਰਿਕਾਂ ਨੂੰ ਇਸ ਖਤਰਨਾਕ ਵਰਤਾਰੇ ਤੋਂ ਸੁਚੇਤ ਹੋਣਾ ਹੋਵੇਗਾ, ਕਿਉਂਕਿ ਜੇ ਇਸ ਵਿਰੁੱਧ ਵਿਆਪਕ ਲੋਕ ਰਾਇ ਤਿਆਰ ਕਰਕੇ ਇਸ ਨੂੰ ਰੋਕਿਆ ਨਹੀਂ ਜਾਂਦਾ ਤਾਂ ਆਉਣ ਵਾਲੇ ਸਮੇਂ ਵਿਚ ਇਸ ਨੂੰ ਲੋਕ ਹਿੱਤਾਂ ਲਈ ਸੰਘਰਸ਼ਸ਼ੀਲ ਤਾਕਤਾਂ ਅਤੇ ਸੰਘਰਸ਼ਾਂ ਵਿਰੁੱਧ ਵਿਆਪਕ ਪੈਮਾਨੇ 'ਤੇ ਵਰਤਿਆ ਜਾਵੇਗਾ। ਇਹ ਸੱਤਾ ਦੇ ਆਪਹੁਦਰੇਪਣ ਅਤੇ ਸੰਵਿਧਾਨਕ ਜਵਾਬਦੇਹੀ ਨੂੰ ਟਿੱਚ ਸਮਝਣ ਦੇ ਸੱਤਾਵਾਦੀ ਰੁਝਾਨ ਦੇ ਹੱਥ ਇਸ ਕਦਰ ਮਜ਼ਬੂਤ ਕਰ ਦੇਵੇਗਾ ਕਿ ਜਮਹੂਰੀ ਹੱਕ ਮਜ਼ਾਕ ਬਣ ਕੇ ਰਹਿ ਜਾਣਗੇ ਅਤੇ ਫਾਸ਼ੀਵਾਦੀ ਮਨਮਾਨੀਆਂ ਦਾ ਰਾਹ ਪੂਰੀ ਤਰ੍ਹਾਂ ਖੁੱਲ੍ਹ ਜਾਵੇਗਾ।

# ਜ਼ਿਆਦਤੀਆਂ ਦੀ ਕਹਾਣੀ, ਕਿਤਾਬ ਦੀ ਜ਼ਬਾਨੀ

## ਕਈ-ਕਈ ਸਾਲਾਂ ਦੀ ਕੈਦ ਪਿੱਛੋਂ 'ਬਾਇੱਜ਼ਤ ਬਰੀ' ਬੇਕਸੂਰ ਲੋਕਾਂ ਦੀ ਦਾਸਤਾਂ

ਖਾਸ ਮੁਲਾਕਾਤ



**ਦਲਜੀਤ ਅਮੀ**
ਫੋਨ: +91-72919-77145

***ਦਸਤਾਵੇਜ਼ੀ ਫਿਲਮਸਾਜ਼ ਅਤੇ ਪੱਤਰਕਾਰ ਦਲਜੀਤ ਅਮੀ 'ਪੰਜਾਬ ਟਾਈਮਜ਼' ਲਈ ਲਗਾਤਾਰ ਲਿਖਦੇ ਰਹੇ ਹਨ। ਹੁਣ ਉਨ੍ਹਾਂ ਆਪਣਾ ਯੂਟਿਊਬ ਚੈਨਲ 'ਅੱਵਲ ਸਹਾਫੀ' ਸ਼ੁਰੂ ਕੀਤਾ ਹੈ। 'ਪੰਜਾਬ ਟਾਈਮਜ਼' ਦੇ 3 ਜੁਲਾਈ 2021 ਵਾਲੇ ਅੰਕ ਨੰਬਰ 27 ਵਿਚ ਅਸੀਂ ਅਮਰੀਕਾ ਦੀਆਂ ਜੇਲ੍ਹਾਂ ਅੰਦਰ 13 ਸਾਲ ਬਿਤਾਉਣ ਵਾਲੇ ਰਣਜੀਤ ਸਿੰਘ ਗਿੱਲ ਉਰਫ ਕੁੱਕੀ ਗਿੱਲ ਨਾਲ ਦਲਜੀਤ ਅਮੀ ਦੀ ਲੰਮੀ ਮੁਲਾਕਾਤ ਛਾਪੀ ਸੀ। ਐਤਕੀਂ ਅਸੀਂ ਮਨੀਸ਼ਾ ਭੱਲਾ ਨਾਲ ਕੀਤੀ ਮੁਲਾਕਾਤ ਛਾਪ ਰਹੇ ਹਾਂ ਜਿਨ੍ਹਾਂ ਦੀ ਕਿਤਾਬ 'ਬਾਇੱਜ਼ਤ ਬਰੀ' ਹਾਲ ਹੀ ਵਿਚ ਆਈ ਹੈ। ਇਹ ਕਿਤਾਬ ਮਨੀਸ਼ਾ ਭੱਲਾ ਅਤੇ ਡਾ. ਅਲੀਮਉੱਲ੍ਹਾ ਖਾਨ ਨੇ ਰਲ ਕੇ ਲਿਖੀ ਹੈ। ਇਸ ਕਿਤਾਬ ਵਿਚ ਉਨ੍ਹਾਂ ਕੈਦੀਆਂ ਦਾ ਜ਼ਿਕਰ ਛੇੜਿਆ ਗਿਆ ਹੈ ਜਿਨ੍ਹਾਂ ਨੂੰ ਕਈ-ਕਈ ਸਾਲ ਜੇਲ੍ਹਾਂ ਵਿਚ ਡੱਕੀ ਰੱਖਿਆ ਗਿਆ ਅਤੇ ਮਗਰੋਂ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਪਰ ਸਮਾਜ ਨੇ ਉਨ੍ਹਾਂ ਨੂੰ ਕਦੀ 'ਬਰੀ' ਨਹੀਂ ਕੀਤਾ।***

*ਅਤਿਵਾਦ, ਪੁਲਿਸ ਅਤੇ ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਭਾਰਤ ਵਿਚ ਬਹੁਤ ਸਾਰੇ ਮਾਮਲਿਆਂ ਦੇ ਹਵਾਲੇ ਨਾਲ ਲਗਾਤਾਰ ਚਰਚਾ ਦਾ ਵਿਸ਼ਾ ਰਹਿੰਦੀਆਂ ਹਨ। ਇਹ ਦੇਖਿਆ ਜਾਂਦਾ ਹੈ ਕਿ ਕਾਰਵਾਈ ਕਾਨੂੰਨ ਦੇ ਘੇਰੇ ਵਿਚ ਹੈ ਜਾਂ ਬਾਹਰ। ਇਸ ਪੂਰੇ ਮਾਹੌਲ ਵਿਚ ਅਕਲੀਅਤ (ਘੱਟ ਗਿਣਤੀ) ਕਈ ਤਰ੍ਹਾਂ ਨਾਲ ਇਸ ਦਾ ਸ਼ਿਕਾਰ ਹੁੰਦੀਆਂ ਹਨ। ਉਨ੍ਹਾਂ ਉਤੇ ਤਸ਼ੱਦਦ ਹੁੰਦਾ ਹੈ। ਇਸ ਬਾਰੇ ਬਹੁਤ ਸਾਰੇ ਮਾਮਲੇ ਅਖਬਾਰਾਂ ਰਾਹੀਂ ਸਾਡੇ ਸਾਹਮਣੇ ਆਉਂਦੇ ਹਨ। ਹੁਣੇ-ਹੁਣੇ ਇੱਕ ਕਿਤਾਬ ਆਈ ਹੈ ਜੋ ਇਸ ਮੁੱਦੇ ਦੀ ਤਫਸੀਲ ਦਿੰਦੀ ਹੈ। ਇਸ ਦੇ ਦੋ ਲੇਖਕ ਹਨ: ਅਲੀਮੁੱਲ੍ਹਾ ਖਾਨ ਅਤੇ ਮਨੀਸ਼ਾ ਭੱਲਾ। ਅਸੀਂ ਗੱਲ ਕਰ ਰਹੇ ਹਾਂ ਮਨੀਸ਼ਾ ਭੱਲਾ ਨਾਲ ਜੋ ਬਤੌਰ ਪੱਤਰਕਾਰ ਕੰਮ ਕਰਦੇ ਹਨ। ਇਨ੍ਹਾਂ ਨੇ ਕਈ ਅਦਾਰਿਆਂ ਵਿਚ ਕੰਮ ਕਰਨ ਦੇ ਨਾਲ-ਨਾਲ ਕਈ ਵੱਕਾਰੀ ਅਦਾਰਿਆਂ ਤੋਂ ਵਜ਼ੀਫੇ ਹਾਸਿਲ ਕੀਤੇ ਹਨ।*

**ਸਵਾਲ:** ਮਨੀਸ਼ਾ ਜੀ ਤੁਸੀਂ ਬਤੌਰ ਪੱਤਰਕਾਰ ਕੰਮ ਕਰਦੇ ਹੋ। ਇਹ ਤੁਹਾਡੇ ਮਨ ਵਿਚ ਕਿਵੇਂ ਆਇਆ ਕਿ ਤੁਸੀਂ ਇਹ ਕਿਤਾਬ ਲਿਖਣੀ ਹੈ? ਜਿਸ ਦਾ ਤੁਸੀਂ ਨਾਮ ਰੱਖਿਆ ਹੈ- 'ਬਾਇੱਜ਼ਤ ਬਰੀ?' ਇਹ ਖਸੂਸੀ ਤੌਰ ਉਤੇ ਮੁਸਲਿਮ ਭਾਈਚਾਰੇ ਦੇ ਉਨ੍ਹਾਂ ਲੋਕਾਂ ਬਾਰੇ ਹੈ ਜਿਹੜੇ 1992 ਵਿਚ ਬਾਬਰੀ ਮਸਜਿਦ ਦੇ ਢਾਹੇ ਜਾਣ ਤੋਂ ਬਾਅਦ ਦੇ ਦੌਰ ਵਿਚ ਵੱਖ-ਵੱਖ ਮਾਮਲਿਆਂ ਵਿਚ ਫੜੇ ਗਏ ਸਨ ਅਤੇ ਫਿਰ ਕਈ-ਕਈ ਸਾਲਾਂ ਦੀ ਕੈਦ ਕੱਟਣ ਤੋਂ ਬਾਅਦ ਬਰੀ ਕੀਤੇ ਗਏ ਸਨ। ਤੁਹਾਡੇ ਦਿਮਾਗ ਵਿਚ ਇਸ ਬਾਰੇ ਕੋਈ ਕਿਤਾਬ ਲਿਖਣ ਦਾ ਵਿਚਾਰ ਕਿਵੇਂ ਆਇਆ?

**ਜਵਾਬ:** ਸੰਨ 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਅਤਿਵਾਦ ਦਾ ਨਵਾਂ ਬਿਆਨੀਆ ਤਿਆਰ ਕੀਤਾ ਗਿਆ। ਇੱਕ ਮਜ਼ਹਬ, ਇੱਕ ਫਿਰਕੇ ਦੇ ਖਿਲਾਫ ਪ੍ਰਚਾਰ ਕੀਤਾ ਗਿਆ ਸੀ ਕਿ ਉਸ ਮਜ਼ਹਬ ਦੇ ਲੋਕ, ਉਸ ਪਹਿਰਾਵੇ ਦੇ ਲੋਕ, ਉਸ ਖਾਣ-ਪਾਣ ਦੇ ਲੋਕ ਹਰ ਬੰਬ ਧਮਾਕੇ ਵਿਚ ਸ਼ਾਮਿਲ ਹੁੰਦੇ ਹਨ। ਅਜਿਹੇ ਮਾਮਲੇ ਲਗਾਤਾਰ ਵਧ ਰਹੇ ਸਨ। ਅਸੀਂ ਉਸ ਵੇਲੇ ਪੱਤਰਕਾਰੀ ਵਿਚ ਨਹੀਂ ਸੀ। ਅਸੀਂ ਸਕੂਲ ਅਤੇ ਕਾਲਜਾਂ ਵਿਚ ਪੜ੍ਹ ਰਹੇ ਸੀ। ਜਦੋਂ ਮੈਂ ਪੱਤਰਕਾਰੀ ਵਿਚ ਆਈ ਤਾਂ ਮੈਨੂੰ ਦਿੱਲੀ ਵਿਚ ਅਕਲੀਅਤ ਦੀ ਜ਼ੈਲ ਮਿਲੀ। ਆਪਣੀ ਜ਼ੈਲ ਦੇ ਕਾਰਨ ਤੁਸੀਂ ਲਗਾਤਾਰ ਇਸ ਵਿਚ ਰੁੱਝੇ ਰਹਿੰਦੇ ਹੋ। ਆਪਣੀਆਂ ਕਹਾਣੀਆਂ ਬਾਬਤ ਖੋਜ ਕਰਦੇ ਹੋ। ਮੈਂ ਦੇਖਿਆ ਕਿ ਇਨ੍ਹਾਂ ਮਾਮਲਿਆਂ ਵਿਚ ਮੀਡੀਆ ਟਰਾਇਲ ਸਭ ਤੋਂ ਖਤਰਨਾਕ ਰਿਹਾ ਹੈ। ਜੇ ਕੋਈ ਧਮਾਕਾ ਹੁੰਦਾ ਹੈ ਤਾਂ ਝੱਟ ਮੁਸਲਿਮ ਕਨੈਕਸ਼ਨ, ਅਕਲੀਅਤ (ਘੱਟ ਗਿਣਤੀ) ਕਨੈਕਸ਼ਨ। ਦੂਜੀ ਗੱਲ ਇਹ ਹੈ ਕਿ ਬਿਨਾ ਸੋਚੇ ਸਮਝੇ ਪਹਿਲਾਂ ਗ੍ਰਿਫਤਾਰੀਆਂ ਕੀਤੀਆਂ ਜਾਂਦੀਆਂ ਹਨ, ਤੇ ਬਾਅਦ ਵਿਚ ਸੁਰਾਗ ਲੱਭੇ ਜਾਂਦੇ ਹਨ; ਜਦੋਂ ਕਿ ਗ੍ਰਿਫਤਾਰੀਆਂ ਸੁਰਾਗ ਦੇ ਆਧਾਰ 'ਤੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇੱਥੇ ਪਹਿਲਾਂ ਗ੍ਰਿਫਤਾਰ ਕੀਤਾ ਜਾਂਦਾ ਹੈ ਅਤੇ ਫਿਰ ਸੁਰਾਗ ਲੱਭੇ ਜਾਂਦੇ ਹਨ। ਜਦੋਂ ਇਨ੍ਹਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ, ਤਾਂ ਵੱਡੀਆਂ ਖਬਰਾਂ ਨਸ਼ਰ ਹੁੰਦੀਆਂ ਹਨ, ਉਨ੍ਹਾਂ ਦੇ ਨਾਮ ਅੱਗੇ ਅਤਿਵਾਦੀ ਦੇ ਵਿਸ਼ੇਸ਼ਣ ਲਗਾਏ ਜਾਂਦੇ ਹਨ। ਪੂਰੇ ਪਰਿਵਾਰ ਦਾ ਮੀਡੀਆ ਟਰਾਇਲ ਕੀਤਾ ਜਾਂਦਾ ਹੈ। ਉਹ ਲੋਕ ਘਰ ਤੋਂ ਬਾਹਰ ਜਾਣ ਦੇ ਯੋਗ ਨਹੀਂ ਰਹਿੰਦੇ। ਜਦੋਂ ਉਨ੍ਹਾਂ ਲੋਕਾਂ ਨੂੰ ਸਾਲਾਂ ਬਾਅਦ ਰਿਹਾਅ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਬਾਰੇ ਕੋਈ ਖਬਰ ਨਹੀਂ। ਅਦਾਲਤਾਂ ਉਨ੍ਹਾਂ ਨੂੰ ਬਾਇੱਜ਼ਤ ਬਰੀ ਕਰਦੀਆਂ ਹਨ ਪਰ ਸਮਾਜ ਨੇ ਉਨ੍ਹਾਂ ਨੂੰ ਕਦੇ ਬਰੀ ਨਹੀਂ ਕੀਤਾ। ਇੱਥੋਂ ਤੱਕ ਕਿ ਮੀਡੀਆ ਨੇ ਉਨ੍ਹਾਂ ਨੂੰ ਕਦੇ ਬਰੀ ਨਹੀਂ ਕੀਤਾ। ਬਾਅਦ ਵਿਚ ਵੀ ਇਹ ਖਬਰਾਂ ਨਸ਼ਰ ਹੁੰਦੀਆਂ ਹਨ ਕਿ ਫਲਾਣੀ ਥਾਂ ਉਤੇ ਧਮਾਕਾ ਹੋਇਆ ਅਤੇ ਉਸ ਦੀਆਂ ਤਾਰਾਂ ਉਨ੍ਹਾਂ ਨਾਲ ਜੁੜੀਆਂ ਹੋਈਆਂ ਹਨ। ਇਸ ਅਤਿਵਾਦੀ ਦੇ ਘਰ ਦਾ ਖਰਚਾ ਕਿਵੇਂ ਚੱਲ ਰਿਹਾ ਹੈ? ਸਮਾਜ ਕਿਸ ਗੱਲ ਦੀ ਸਜ਼ਾ ਦਿੰਦਾ ਹੈ? ਆਦਮੀ ਕਹਿੰਦਾ ਹੈ ਕਿ ਮੈਂ ਜੇਲ੍ਹ ਅੰਦਰ ਹੀ ਚੰਗਾ ਸੀ। ਮੇਰੀ ਜ਼ਿੰਦਗੀ ਵਿਚ ਜ਼ਿਆਦਾ ਝੰਜਟ ਨਹੀਂ ਸਨ ਅਤੇ ਆਰਾਮ ਨਾਲ ਰੋਟੀ ਤਾਂ ਖਾਂਦਾ ਸੀ। ਬਾਹਰ ਬਿਲਕੁਲ ਵੱਖਰੀ ਤਰ੍ਹਾਂ ਦੀ ਕੈਦ ਹੈ। ਇੱਥੇ ਸਮਾਜ ਕਬੂਲ ਨਹੀਂ ਕਰਦਾ। ਰਿਸ਼ਤੇਦਾਰ ਉਨ੍ਹਾਂ ਦੇ, ਲੋਕ ਅਤੇ ਦੋਸਤ ਘਰ ਆਉਣਾ-ਜਾਣਾ ਛੱਡ ਦਿੰਦੇ ਹਨ। ਕੋਈ ਵੀ ਤੁਹਾਡੇ ਬੈਂਕ ਖਾਤੇ ਵਿਚ ਪੈਸੇ ਪਾਉਣ ਲਈ ਤਿਆਰ ਨਹੀਂ ਹੈ। ਤੁਹਾਡੇ ਕੋਲ ਨੌਕਰੀਆਂ ਨਹੀਂ ਹਨ। ਤੁਹਾਡੇ ਕੋਲ ਰੁਜ਼ਗਾਰ ਨਹੀਂ ਹੈ ਅਤੇ ਕੰਮ ਤੋਰਨ ਲਈ ਕੋਈ ਪੈਸਾ ਨਹੀਂ ਹੈ। ਵਕੀਲ ਤੁਹਾਨੂੰ ਲੁੱਟ ਕੇ ਲੈ ਗਏ। ਜਾਇਦਾਦ ਚਲੀ ਗਈ। ਮਾਪੇ ਫੌਤ ਹੋ ਗਏ, ਤੇ ਪਤਨੀ ਬਾਹਰ ਜਾ ਕੇ ਕਮਾਈ ਨਹੀਂ ਕਰ ਸਕਦੀ। ਇੰਨੇ ਸਾਲਾਂ ਤੱਕ ਤਸੀਹੇ ਝੱਲਣ ਤੋਂ ਬਾਅਦ, ਤੁਹਾਡੇ ਕੋਲ ਜ਼ਿੰਦਗੀ ਨੂੰ ਨਵੀਂ ਸ਼ੁਰੂਆਤ ਕਰਨ ਦੀ ਤਾਕਤ ਨਹੀਂ ਹੈ। ਤੁਹਾਡੇ ਬੱਚੇ ਪੜ੍ਹ ਨਹੀਂ ਸਕਦੇ। ਸੋਚੀ ਸਮਝੀ ਸਾਜ਼ਿਸ਼ ਤਹਿਤ ਤੁਹਾਡੀਆਂ ਨਸਲਾਂ ਦੀਆਂ ਨਸਲਾਂ ਬਰਬਾਦ ਹੋ ਜਾਂਦੀਆਂ ਹਨ।

**ਸਵਾਲ:** ਅੱਜ ਕੱਲ੍ਹ ਪੱਤਰਕਾਰੀ ਵਿਚ ਰੁਝਾਨ ਹੈ ਕਿ ਕਿਸੇ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਮੁਲਜ਼ਮ ਵੀ ਨਹੀਂ ਲਿਖਿਆ ਜਾਂਦਾ, ਸਿੱਧਾ ਦੋਸ਼ੀ ਲਿਖਿਆ ਜਾਂਦਾ ਹੈ ਅਤੇ ਅਤਿਵਾਦੀ ਵਰਗਾ ਵਿਸ਼ੇਸ਼ਣ ਲਗਾ ਦਿੱਤਾ ਜਾਂਦਾ ਹੈ। ਜਦੋਂ ਤੁਸੀਂ ਇਹ ਕਿਤਾਬ ਲਿਖ ਰਹੇ ਸੀ ਤਾਂ ਬਤੌਰ ਪੱਤਰਕਾਰ ਤੁਹਾਡੇ ਉਤੇ ਕਿਸ ਤਰ੍ਹਾਂ ਦਾ ਦਬਾਅ ਸੀ?

**ਜਵਾਬ:** ਕੋਈ ਦਬਾਅ ਨਹੀਂ ਸੀ ਕਿਉਂਕਿ ਅਸੀਂ ਉਨ੍ਹਾਂ ਵਿਚੋਂ ਨਹੀਂ ਜਿਹੜੇ ਦਬਾਅ ਵਿਚ ਆ ਜਾਂਦੇ ਹਨ। ਮੈਂ ਅਤੇ ਮੇਰੇ ਸਾਥੀ ਲੇਖਕ ਅਲੀਮੁੱਲ੍ਹਾ ਖਾਨ ਨੇ ਇਨ੍ਹਾਂ ਕਹਾਣੀਆਂ ਲਈ ਇਕੱਠੇ ਸਫਰ ਕੀਤਾ। ਮੈਂ ਵੀ ਉਸੇ ਸਮਾਜ ਦਾ ਹਿੱਸਾ ਹਾਂ। ਇੱਕ ਸਮਾਜ ਹੋਣ ਦੇ ਨਾਤੇ ਸਾਨੂੰ ਅਹਿਸਾਸ ਹੁੰਦਾ ਸੀ ਕਿ ਅਸੀਂ ਅਜਿਹਾ ਕਿਉਂ ਕਰ ਰਹੇ ਹਾਂ। ਅਸੀਂ ਸੋਚਦੇ ਸੀ ਕਿ ਜੰਗਲੀ ਜਾਨਵਰਾਂ ਦਾ ਕੁਝ ਲੋਕਾਂ ਦੇ ਘਰਾਂ ਅਤੇ ਗਲੀਆਂ ਵਿਚ ਵਧੇਰੇ ਸਤਿਕਾਰ ਕੀਤਾ ਜਾਂਦਾ ਸੀ। ਅਸੀਂ ਮਾਲੇਗਾਓਂ ਗਏ ਜਿੱਥੇ ਮਾਲੇਗਾਓਂ ਬੰਬ ਧਮਾਕਿਆਂ ਦਾ ਮੁਲਜ਼ਮ ਨੂਰੁਲ ਹੁੱਡਾ ਰਹਿੰਦਾ ਸੀ। ਨੂਰੁਲ ਖੱਡੀ ਉਤੇ ਕੰਮ ਕਰਦਾ ਸੀ। ਇੰਨੇ ਤਸ਼ੱਦਦ ਤੋਂ ਬਾਅਦ ਉਹ ਹੁਣ ਖੱਡੀ ਉਤੇ ਕੰਮ ਕਰਨ ਦੇ ਲਾਇਕ ਨਹੀਂ ਰਿਹਾ। ਖੱਡੀ ਤੋਂ ਇਲਾਵਾ ਉਹ ਕਿਤੇ ਹੋਰ ਨੌਕਰੀ ਨਹੀਂ ਕਰ ਸਕਦਾ। ਉਹ ਸਿਰਫ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਸਕਦਾ ਹੈ।

**ਸਵਾਲ:** ਤੇ ਹੋਰ ਕੋਈ ਵੀ ਕੰਮ ਨਹੀਂ ਆਉਂਦਾ ...

**ਜਵਾਬ:** ਹੋਰ ਕੰਮ ਨਹੀਂ ਆਉਂਦਾ, ਤੇ ਕੋਈ ਹੋਰ ਕੰਮ ਨਹੀਂ ਦਿੰਦਾ। ਸਾਨੂੰ ਖਾਣਾ ਖੁਆਉਣ ਲਈ ਉਹ ਬਾਹਰੋਂ ਮੋਮਜਾਮੇ ਵਿਚ ਛੋਲਿਆਂ ਦੀ ਦਾਲ ਲਿਆਇਆ। ਉਨ੍ਹਾਂ ਕੋਲ ਰੋਟੀ ਦੇਣ ਲਈ ਪਲੇਟ ਨਹੀਂ ਸੀ, ਉਨ੍ਹਾਂ ਨੇ ਸਾਨੂੰ ਰੋਟੀਆਂ ਕੌਲੀਆਂ ਉਤੇ ਹੀ ਰੱਖ ਕੇ ਦਿੱਤੀਆਂ। ਅਸੀਂ ਉਸ ਦੇ ਘਰ ਸਟੀਲ ਦੀਆਂ ਕੌਲੀਆਂ ਵਿਚ ਚਾਹ ਪੀਤੀ ਜਿਨ੍ਹਾਂ ਦੇ ਕੰਢੇ ਟੁੱਟੇ ਹੋਏ ਸਨ। ਉਨ੍ਹਾਂ ਦੇ ਘਰਾਂ ਦੀ ਇਹ ਹਾਲਤ ਹੈ। ਉਹ ਕਹਿੰਦੇ ਹਨ ਕਿ ਉਹ ਮਿਹਨਤ ਵਾਲਾ ਕੰਮ ਨਹੀਂ ਕਰ ਸਕਦੇ।

ਇਸੇ ਤਰ੍ਹਾਂ ਰਜਬ ਅਲੀ ਹੈ। ਬਵੰਜਾ ਸਾਲ ਦੀ ਉਮਰ ਵਿਚ ਇਹ ਆਦਮੀ ਸੋਚ ਰਿਹਾ ਹੈ ਕਿ ਜੇ ਕਿਤੋਂ ਪੰਜਾਹ ਹਜ਼ਾਰ ਰੁਪਏ ਉਧਾਰ ਮਿਲ ਜਾਵੇ ਤਾਂ ਉਹ ਚੂੜੀਆਂ ਵਗੈਰਾ ਦੀ ਦੁਕਾਨ ਕਰ ਲਵੇ। ਪੰਜਾਹ-ਬਵੰਜਾ ਸਾਲ ਦੀ ਉਮਰ ਵਿਚ, ਅਸੀਂ ਰਿਟਾਇਰਮੈਂਟ ਲਾਗੇ ਹੁੰਦੇ ਹਾਂ, ਉਸ ਸਮੇਂ ਅਸੀਂ ਆਪਣੀ ਜ਼ਿੰਦਗੀ ਦਾ ਸੁਨਹਿਰੀ ਹਿੱਸਾ ਜਿਊ ਚੁੱਕੇ ਹੁੰਦੇ ਹਾਂ। ਉਸ ਵੇਲੇ ਉਹ ਆਦਮੀ ਸੋਚ ਰਿਹਾ ਹੈ ਕਿ ਉਸ ਨੂੰ ਕਿਤੋਂ ਕੁਝ ਪੈਸਾ ਮਿਲ ਜਾਵੇ ਤਾਂ ਜੋ ਉਹ ਕੁਝ ਕੰਮ ਕਰ ਸਕੇ, ਘੱਟੋ-ਘੱਟ ਮੈਂ ਆਪਣੇ ਬੱਚਿਆਂ ਨੂੰ ਰੋਟੀ ਖੁਆ ਸਕਦਾ ਹਾਂ। ਪੜ੍ਹਾਈ ਬਾਰੇ ਭੁੱਲ ਜਾਓ। ਤੁਹਾਨੂੰ ਨੰਗਾ ਕਰ ਕੇ ਬਿਜਲੀ ਦੇ ਇੰਨੇ ਝਟਕੇ ਦਿੱਤੇ ਜਾ ਚੁੱਕੇ ਹੁੰਦੇ ਹਨ, ਤੁਹਾਨੂੰ ਇੰਨਾ ਕੁੱਟਿਆ ਜਾ ਚੁੱਕਿਆ ਹੁੰਦਾ ਹੈ, ਤੁਹਾਨੂੰ ਇੰਨੇ ਮਾਨਸਿਕ ਤਸੀਹੇ ਦਿੱਤੇ ਜਾ ਚੁੱਕੇ ਹੁੰਦੇ ਹਨ ਕਿ ਤੁਸੀਂ ਕਿਸੇ ਚੰਗੇ ਕੰਮ ਦੇ ਲਾਇਕ ਵੀ ਨਹੀਂ ਹੋ।

**ਸਵਾਲ:** ਮਨੀਸ਼ਾ ਜੀ, ਮੈਨੂੰ ਦੱਸੋ ਕਿ ਤੁਸੀਂ ਸਮੇਂ, ਸਥਾਨ ਅਤੇ ਲੋਕਾਂ ਦੇ ਹਵਾਲੇ ਨਾਲ ਕਿਤਾਬ ਦਾ ਘੇਰਾ ਕਿਵੇਂ ਤੈਅ ਕੀਤਾ?

**ਜਵਾਬ:** ਮੈਂ ਅਤੇ ਮੇਰੇ ਸਾਥੀ ਲੇਖਕ ਅਲੀਮੁੱਲ੍ਹਾ ਖਾਨ ਨੇ ਜ਼ਿਆਦਾ ਪੁਰਾਣੇ ਮਾਮਲੇ ਨਹੀਂ ਲਏ। ਅਸੀਂ ਫੈਸਲਾ ਕੀਤਾ ਸੀ ਕਿ ਅਸੀਂ ਅਜਿਹੇ ਮਾਮਲੇ ਹੀ ਕਰਾਂਗੇ ਜੋ ਜ਼ਿਆਦਾਤਰ ਮੀਡੀਆ ਦੇ ਘੇਰੇ ਵਿਚ ਨਹੀਂ ਆਉਂਦੇ ਜਾਂ ਜਿਨ੍ਹਾਂ ਦੀ ਮੀਡੀਆ ਤੱਕ ਪਹੁੰਚ ਨਹੀਂ ਹੈ। ਇਨ੍ਹਾਂ ਕਹਾਣੀਆਂ ਦਾ ਘੇਰਾ ਬਹੁਤ ਵੱਡਾ ਹੈ। ਅਸੀਂ 26 ਕਹਾਣੀਆਂ ਦਾ ਫੈਸਲਾ ਖੀਤਾ ਸੀ ਅਤੇ ਇਸ ਕਿਤਾਬ ਵਿਚ 16 ਕਹਾਣੀਆਂ ਆ ਰਹੀਆਂ ਹਨ। ਮੈਨੂੰ ਲੱਗਦਾ ਹੈ ਕਿ ਅਜਿਹੀਆਂ ਕਹਾਣੀਆਂ ਤਾਂ 16000 ਤੋਂ ਵੱਧ ਹੋਣਗੀਆਂ ਪਰ ਸਾਰੀਆਂ ਨਹੀਂ ਹੋ ਸਕਦੀਆਂ। ਅਸੀਂ ਸਿਰਫ ਆਪਣੇ ਵਸੀਲਿਆਂ ਅਤੇ ਸਮੇਂ ਦੀਆਂ ਹਦੂਦ ਵਿਚ ਰਹਿ ਕੇ ਟ੍ਰੇਲਰ ਦਿਖਾਉਣਾ ਚਾਹੁੰਦੇ ਹਾਂ। ਅਸੀਂ ਇਹ ਦਰਸਾਉਣਾ ਚਾਹੁੰਦੇ ਹਾਂ ਕਿ ਇੱਥੇ ਕਿਸ ਤਰ੍ਹਾਂ ਜ਼ੁਲਮ, ਤਸ਼ੱਦਦ ਹੁੰਦਾ ਹੈ ਅਤੇ ਜਾਂਚ ਵਿਚ ਕਿਸ ਤਰ੍ਹਾਂ ਦੀ ਢਿੱਲ ਵਰਤੀ ਜਾਂਦੀ ਹੈ। ਕੁਝ ਲੋਕ ਅਦਾਲਤਾਂ ਵਿਚ ਕੰਮ ਕਰਦੇ ਹਨ। ਹਕੂਮਤ ਬਦਲਾ ਲੈਣ ਦੇ ਇਰਾਦੇ ਨਾਲ ਕਿਵੇਂ ਕੰਮ ਕਰਦੀ ਹੈ। ਇਹ ਸਿਰਫ ਟ੍ਰੇਲਰ ਹੈ, ਕਿਉਂਕਿ ਸਾਰੀਆਂ ਕਹਾਣੀਆਂ ਤਾਂ ਨਹੀਂ ਕੀਤੀਆਂ ਜਾ ਸਕਦੀਆਂ।

**ਸਵਾਲ:** ਇੱਕ ਵੱਡੇ ਰੁਝਾਨ ਦੀ ਨੁਮਾਇੰਦਗੀ ...

**ਜਵਾਬ:** ਨੁਮਾਇੰਦਗੀ ਕਰਦੀਆਂ ਅਜਿਹੀਆਂ ਕਹਾਣੀਆਂ ਮੀਡੀਆ ਵਿਚ ਘੱਟ ਹੀ ਨਸ਼ਰ ਹੁੰਦੀਆਂ ਹਨ। ਅਜਿਹੇ ਵੀ ਮਸ਼ਹੂਰ ਮਾਮਲੇ ਸਨ ਕਿ ਜੇ ਅਸੀਂ ਉਨ੍ਹਾਂ ਨੂੰ ਇਸ ਕਿਤਾਬ ਦਾ ਹਿੱਸਾ ਬਣਾ ਲੈਂਦੇ, ਤਾਂ ਸ਼ਾਇਦ ਕਿਤਾਬ ਵਧੇਰੇ ਲੋਕਾਂ ਦੇ ਹੱਥ ਵਿਚ ਗਈ ਹੁੰਦੀ। ਬਹੁਤ ਸਾਰੇ ਮਸ਼ਹੂਰ ਮਾਮਲੇ ਹਨ। ਸਾਡਾ ਮਕਸਦ ਕਿਤਾਬ ਲਿਖਣ ਨਾਲੋਂ ਜ਼ਿਆਦਾ, ਇਨ੍ਹਾਂ ਚੀਜ਼ਾਂ ਨੂੰ ਬਾਹਰ ਲਿਆਉਣਾ ਸੀ। ਇਸੇ ਲਈ ਅਸੀਂ ਉਹ ਮਾਮਲੇ ਲਏ ਜਿਨ੍ਹਾਂ ਕੋਲ ਮੀਡੀਆ ਤੱਕ ਪਹੁੰਚ ਨਹੀਂ ਹੈ। ਅਸੀਂ ਉਨ੍ਹਾਂ ਨਾਲ ਬਹੁਤ ਮੁਸ਼ਕਿਲ ਨਾਲ ਗੱਲ ਕੀਤੀ। ਅਸੀਂ ਉਨ੍ਹਾਂ ਨੂੰ ਬੜੀ ਮੁਸ਼ਕਿਲ ਨਾਲ ਮਨਾਇਆ। ਆਪਣੇ ਬਾਰੇ ਦੱਸਿਆ। ਬਹੁਤ ਸਾਰੇ ਮਾਮਲਿਆਂ ਵਿਚ ਸਾਨੂੰ ਇੱਕ ਜਾਂ ਦੋ ਮਹੀਨਿਆਂ ਤੱਕ ਦਾ ਸਮਾਂ ਲੱਗਿਆ। ਅਸੀਂ 26 ਕਹਾਣੀਆਂ ਕੀਤੀਆਂ ਸਨ ਪਰ ਬਾਅਦ ਵਿਚ ਸੋਲਾਂ ਬਚੀਆਂ। ਬਾਕੀਆਂ ਨੇ ਸਾਡੇ ਨਾਲ ਗੱਲ ਕਰਨ ਤੋਂ ਬਾਅਦ ਆਪਣੀ ਕਹਾਣੀ ਛਾਪਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਹਾਲੇ ਵੀ ਡਰੇ ਹੋਏ ਹਨ।

**ਸਵਾਲ:** ਮਨੀਸ਼ਾ ਜੀ, ਤੁਸੀਂ ਅਤੇ ਤੁਹਾਡੇ ਸਾਥੀ ਲੇਖਕ ਅਲੀਮੁੱਲ੍ਹਾ ਖਾਨ ਨੇ ਇਸ ਕਿਤਾਬ ਦਾ ਭੂਗੋਲ ਦੇ ਹਿਸਾਬ ਨਾਲ ਘੇਰਾ ਕਿਵੇਂ ਤੈਅ ਕੀਤਾ?

**ਜਵਾਬ:** ਅਸੀਂ ਸਾਰਾ ਹਿੰਦੋਸਤਾਨ ਕਵਰ ਕਰਨਾ ਚਾਹੁੰਦੇ ਸੀ, ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ। ਇਹ ਇਨ੍ਹਾਂ ਮਾਮਲਿਆਂ ਦੇ ਖਾਸੇ ਅਤੇ ਡੂੰਘਾਈ ਉਤੇ ਨਿਰਭਰ ਕਰਦਾ ਹੈ। ਕੁਝ ਸੂਬਿਆਂ ਵਿਚ ਅਜਿਹੇ ਮਾਮਲੇ ਨਹੀਂ ਸਨ। ਅਸੀਂ ਜਗ੍ਹਾ ਦੀ ਬਜਾਏ ਮਾਮਲਿਆਂ ਦੀ ਸੰਜੀਦਗੀ ਨੂੰ ਮਰਕਜ਼ ਬਣਾਇਆ। ਮਹਾਰਾਸ਼ਟਰ ਵਿਚ ਮਾਲੇਗਾਓਂ ਛੋਟੀ ਜਿਹੀ ਥਾਂ ਹੈ ਜਿੱਥੋਂ ਸਭ ਤੋਂ ਵੱਧ ਮਾਮਲੇ ਹਨ। ਕੋਈ ਕਹਿ ਸਕਦਾ ਹੈ ਕਿ ਛੋਟੇ ਜਿਹੇ ਇਲਾਕੇ ਤੋਂ ਇੰਨੇ ਸਾਰੇ ਮਾਮਲੇ ਕਿਉਂ ਹਨ। ਉਨ੍ਹਾਂ ਮਾਮਲਿਆਂ ਦੀ ਡੂੰਘਾਈ ਰਾਹੀਂ ਉਹ ਗੱਲ ਕਰ ਸਕਦੇ ਸੀ ਜੋ ਅਸੀਂ ਕਰਨਾ ਚਾਹੁੰਦੇ ਸੀ। ਅਸੀਂ ਭੂਗੋਲਿਕ ਪੱਧਰ ਉਤੇ ਇੰਨਾ ਧਿਆਨ ਨਹੀਂ ਦਿੱਤਾ। ਅਜਿਹੇ ਮਾਮਲੇ ਮੱਧ ਪ੍ਰਦੇਸ਼ ਅਤੇ ਉਤਰ ਪ੍ਰਦੇਸ਼ ਦੇ ਬਹੁਤ ਸਾਰੇ ਹਨ, ਕਸ਼ਮੀਰ ਦੇ ਅਣਗਿਣਤ ਹਨ।

**ਸਵਾਲ:** ਜਦੋਂ ਤੁਸੀਂ ਕਿਸੇ ਮੁੱਦੇ ਉਤੇ ਕਿਤਾਬ ਲਿਖਦੇ ਹੋ ਜਿਸ ਉਤੇ ਸਰਕਾਰ ਦੀ ਵੱਖਰੀ ਰਾਏ ਹੁੰਦੀ ਹੈ ਅਤੇ ਮਾਮਲੇ ਦੀ ਵਕਾਲਤ ਕਰਨ ਵਾਲਾ ਪੱਖ ਬਿਲਕੁਲ ਵੱਖਰੀ ਰਾਏ ਰੱਖਦਾ ਹੈ। ਅਜਿਹੀ ਹਾਲਤ ਵਿਚ ਇਹ ਅਹਿਮ ਹੈ ਕਿ ਤੁਸੀਂ ਤਵਾਜ਼ਨ ਕਿਵੇਂ ਬਣਾਉਂਦੇ ਹੋ। ਤਵਾਜ਼ਨ ਦੇ ਨਾਲ ਇਹ ਵੀ ਅਹਿਮ ਹੈ ਕਿ ਤੁਸੀਂ ਆਪਣੀ ਦਲੀਲ ਨੂੰ ਕਿਸ ਸਬੂਤ ਅਤੇ ਗਵਾਹੀ ਦੇ ਆਧਾਰ 'ਤੇ ਪੇਸ਼ ਕਰਦੇ ਹੋ। ਤੁਸੀਂ ਇਸ ਮਾਮਲੇ ਵਿਚ ਕੀ ਤਰੀਕਾ ਅਖਤਿਆਰ ਕੀਤਾ?

**ਜਵਾਬ:** ਅਸੀਂ ਕੋਈ ਇਤਿਹਾਸਕਾਰ, ਸਮਾਜ ਸ਼ਾਸਤਰੀ, ਅਰਥਸ਼ਾਸਤਰੀ ਜਾਂ ਸਿਆਸੀ ਪੜਚੋਲੀਏ ਨਹੀਂ ਹਾਂ। ਆਪਣੇ ਖਿਆਲ ਦੇਣ ਦੀ ਬਜਾਇ ਅਸੀਂ ਪੱਤਰਕਾਰਾਂ ਵਾਂਗ ਕੰਮ ਕੀਤਾ। ਹਰ ਮਾਮਲੇ ਦੀ ਪੜਤਾਲ, ਲਾਇਬਰੇਰੀ ਵਿਚ ਜਾ ਕੇ ਉਨ੍ਹਾਂ ਬਾਰੇ ਪੜ੍ਹਨਾ ਅਤੇ ਉਨ੍ਹਾਂ ਦੇ ਵਕੀਲਾਂ ਨਾਲ ਗੱਲ ਕਰਨਾ। ਉਨ੍ਹਾਂ ਦੇ ਦਸਤਾਵੇਜ਼ ਦੇਖਣ ਤੋਂ ਬਾਅਦ, ਅਸੀਂ ਉਨ੍ਹਾਂ ਤੋਂ ਇਜਾਜ਼ਤ ਲੈ ਕੇ ਉਨ੍ਹਾਂ ਦੇ ਘਰ ਗਏ। ਕਈ ਵਾਰ ਸਾਨੂੰ ਇੱਕ ਕਹਾਣੀ ਕਰਨ ਵਿਚ ਦੋ-ਤਿੰਨ ਦਿਨ ਵੀ ਲੱਗੇ। ਕਸ਼ਮੀਰ ਵਿਚ ਬਹੁਤ ਸਮਾਂ ਲੱਗਿਆ। ਮਾਲੇਗਾਓਂ ਬਹੁਤ ਦੂਰ ਹੈ ਜਿਸ ਕਾਰਨ ਆਉਣ-ਜਾਣ ਵਿਚ ਬਹੁਤ ਸਮਾਂ ਲੱਗਿਆ। ਔਰੰਗਾਬਾਦ ਵਿਚ ਬਹੁਤ ਸਮਾਂ ਲੱਗਿਆ। ਮੁੰਬਈ ਵਿਚ ਵੀ ਇਸ ਨੂੰ ਕਾਫੀ ਸਮਾਂ ਲੱਗਿਆ। ਸਾਡਾ ਧਿਆਨ ਕਿਸੇ ਸਰਕਾਰ ਜਾਂ ਸਿਆਸੀ ਪਾਰਟੀ ਦਾ ਵਿਰੋਧ ਕਰਨਾ ਨਹੀਂ ਸੀ। ਇਹ ਕਹਾਣੀਆਂ ਰਾਹੀਂ ਹੋ ਰਿਹਾ ਹੈ। ਪੀੜਤ ਨੇ ਆਪਣੇ ਹਾਲਾਤ ਦੱਸੇ ਕਿ ਮੈਨੂੰ ਇਸ ਤਰ੍ਹਾਂ ਫਲਾਣੀ ਸਰਕਾਰ ਦੀ ਹਕੂਮਤ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤਰ੍ਹਾਂ ਮੇਰੀ ਤਫਤੀਸ਼ ਕੀਤੀ ਗਈ ਅਤੇ ਮੇਰੇ ਘਰ ਦੀ ਘੇਰਾਬੰਦੀ ਕੀਤੀ ਗਈ। ਇੱਕ ਦਿਨ ਕਿਸੇ ਨੂੰ ਚੁੱਕ ਲਿਆ ਜਾਂਦਾ ਹੈ ਅਤੇ ਕਈ ਦਿਨਾਂ ਬਾਅਦ ਉਸ ਦੀ ਗ੍ਰਿਫਤਾਰੀ ਦਰਜ ਕੀਤੀ ਜਾਂਦੀ ਹੈ। ਉਸ ਦੀ ਗ੍ਰਿਫਤਾਰੀ ਪਾਉਣ ਤੋਂ ਪਹਿਲਾਂ ਹਿਰਾਸਤ ਵਿਚ ਤਸ਼ੱਦਦ ਕੀਤਾ ਗਿਆ। ਦਸ ਦਿਨ ਪਰਿਵਾਰ ਆਪਣੇ ਆਦਮੀ ਨੂੰ ਪਾਗਲਾਂ ਵਾਂਗ ਲੱਭਦਾ ਰਹਿੰਦਾ ਹੈ। ਇਸ ਤਰ੍ਹਾਂ, ਇਨ੍ਹਾਂ ਮਾਮਲਿਆਂ ਦੀ ਡੂੰਘਾਈ, ਉਨ੍ਹਾਂ ਦੇ ਵਕੀਲਾਂ, ਸਰਕਾਰਾਂ ਅਤੇ ਜਾਂਚ ਕਰ ਰਹੇ ਮੁਲਾਜ਼ਮਾਂ ਦਾ ਵੇਰਵਾ ਆਪਣੇ-ਆਪ ਆ ਜਾਂਦਾ ਹੈ। ਸਾਡਾ ਮਰਕਜ਼ੀ ਨੁਕਤਾ ਇਹ ਹੈ ਕਿ ਤੁਸੀਂ ਆਦਮੀ ਨੂੰ ਬਰੀ ਕਰ ਦਿੱਤਾ ਪਰ ਸਵਾਲ ਇਹ ਹੈ ਕਿ ਤੁਹਾਨੂੰ ਦੋ, ਤਿੰਨ, ਚਾਰ ਸਾਲਾਂ ਵਿਚ ਵੀ ਪਤਾ ਨਹੀਂ ਲੱਗਿਆ ਕਿ ਇਸ ਆਦਮੀ ਨੇ ਉਹ ਬੰਬ ਧਮਾਕਾ ਨਹੀਂ ਕੀਤਾ। ਜੇ ਜਾਂਚ ਕਾਇਦੇ ਅਤੇ ਕਰੀਨੇ ਨਾਲ ਕੀਤੀ ਜਾਵੇ ਤਾਂ ਮੇਰੇ ਖਿਆਲ ਵਿਚ ਇਹ ਇਕ, ਦੋ, ਤਿੰਨ ਜਾਂ ਚਾਰ ਸਾਲਾਂ ਵਿਚ ਤਾਂ ਪਤਾ ਲੱਗ ਹੀ ਜਾਵੇਗਾ ਪਰ ਇਹ ਵੀਹ-ਵੀਹ ਸਾਲ ਕਿਵੇਂ ਲੱਗ ਜਾਂਦੇ ਹਨ? ਵੀਹ ਸਾਲ ਬਾਅਦ ਕਿਹਾ ਜਾਂਦਾ ਹੈ, ਬਾਇੱਜ਼ਤ ਬਰੀ!

**ਸਵਾਲ:** ਤੁਹਾਡੇ ਕਹਿਣ ਮੁਤਾਬਕ ਤੁਹਾਡੇ ਕੋਲ ਤਿੰਨ ਤਰ੍ਹਾਂ ਦੇ ਸਬੂਤ ਹਨ ਜਿਨ੍ਹਾਂ ਰਾਹੀਂ ਤੁਸੀਂ ਆਪਣੀ ਦਲੀਲ ਪੇਸ਼ ਕੀਤੀ ਹੈ।

**ਜਵਾਬ:** ਅਸੀਂ ਸਾਰੇ ਵਕੀਲਾਂ ਨਾਲ ਗੱਲਬਾਤ ਕੀਤੀ ਹੈ ਅਤੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਹੈ।

**ਸਵਾਲ:** ਇੱਕ ਤਾਂ ਕਾਨੂੰਨੀ ਫਾਈਲਾਂ ਹਨ ਜਿਨ੍ਹਾਂ ਵਿਚ ਤਫਤੀਸ਼ੀ ਅਫਸਰ ਅਤੇ ਗਵਾਹਾਂ ਦੇ ਬਿਆਨ, ਤੇ ਪੇਸ਼ ਕੀਤੇ ਗਏ ਸਬੂਤ ਸ਼ਾਮਲ ਹਨ। ਦੂਜਾ ਅਖਬਾਰਾਂ ਦੀਆਂ ਰਪਟਾਂ ਨੂੰ ਧਿਆਨ ਵਿਚ ਰੱਖਿਆ ਹੈ। ਤੀਜਾ, ਤੁਸੀਂ ਉਨ੍ਹਾਂ ਲੋਕਾਂ ਨਾਲ ਮੁਲਾਕਾਤ ਕੀਤੀਆਂ ਹਨ।...

**ਜਵਾਬ:** ਤੁਸੀਂ ਕਹਿ ਸਕਦੇ ਹੋ ਕਿ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਉਨ੍ਹਾਂ ਨਾਲ ਕੀਤੀਆਂ ਮੁਲਾਕਾਤਾਂ ਦੇ ਆਧਾਰ ਉਤੇ ਰਿਪੋਰਟ ਕੀਤਾ ਹੈ।

**ਸਵਾਲ:** ਤੁਹਾਡੀ ਕਿਤਾਬ ਮੁਸਲਮਾਨਾਂ ਬਾਰੇ ਹੈ। ਵੱਖ-ਵੱਖ ਮੁੱਦਿਆਂ ਉਤੇ ਅਸੀਂ ਮੌਜੂਦਾ ਮਰਕਜ਼ੀ ਸਰਕਾਰ ਅਤੇ ਮੁਸਲਮਾਨਾਂ ਵਿਚ ਛੱਤੀ ਦਾ ਹਿੰਦਸਾ ਅਸੀਂ ਦੇਖ ਸਕਦੇ ਹਾਂ। ਇਸ ਮਾਮਲੇ ਵਿਚ ਸਰਕਾਰ ਵੀ ਬਹੁਤ ਸਪਸ਼ਟ ਹੈ ਅਤੇ ਦੂਸਰੇ ਪਾਸਿਓਂ ਬਹਿਸ ਕਰਨ ਵਾਲਾ ਪੱਖ ਵੀ ਬਹੁਤ ਸਪਸ਼ਟ ਹੈ। ਮੈਂ ਉਸ ਕਿਤਾਬ ਦੀ ਭੂਮਿਕਾ ਪੜ੍ਹ ਰਿਹਾ ਸੀ ਜਿਸ ਵਿਚ ਮਨੋਜ ਝਾਅ ਨੇ ਲਿਖਿਆ ਹੈ ਕਿ ਜਦੋਂ ਸਾਰੇ ਵਿਸ਼ਵ ਵਿਚ ਦਲੀਲ ਫੈਲਾਈ ਜਾ ਰਹੀ ਹੈ ਕਿ ਇਸ ਕਿਸਮ ਦਾ ਚੌਖਟਾ ਅਤਿਵਾਦ ਦਾ ਹੈ ਅਤੇ ਇਸ ਚੌਖਟੇ ਤੋਂ ਤੁਸੀਂ ਇੱਕ ਮਜ਼ਹਬ ਅਤੇ ਉਸ ਮਜ਼ਹਬ ਦੇ ਲੋਕਾਂ ਦਾ ਚਿਹਰਾ ਦੇਖਦੇ ਹੋ। ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਵੀ ਇਹੀ ਕਹਿ ਰਹੇ ਸਨ ਕਿ ਇਸ ਚੌਖਟੇ ਵਿਚ ਅਸੀਂ ਅਤਿਵਾਦ ਦਾ ਚਿਹਰਾ ਦੇਖਦੇ ਹਾਂ। ਉਹੀ ਮੁੱਖ ਮੰਤਰੀ ਹੁਣ ਇਸ ਮੁਲਕ (ਭਾਰਤ) ਦੇ ਪ੍ਰਧਾਨ ਮੰਤਰੀ ਹਨ। ਕੀ ਤੁਸੀਂ ਇਸ ਬਾਰੇ ਸੋਚਿਆ ਹੈ ਕਿ ਤੁਹਾਡੀ ਕਿਤਾਬ ਕਿਧਰ ਜਾ ਰਹੀ ਹੈ? ਕਿਸ ਨੂੰ ਪਰੇਸ਼ਾਨੀ ਹੋ ਸਕਦਾ ਹੈ ਅਤੇ ਕਿਹੜੀ ਚੀਜ਼ ਤੁਹਾਨੂੰ ਪਰੇਸ਼ਾਨ ਕਰ ਸਕਦੀ ਹੈ?

**ਜਵਾਬ:** ਸਾਡੀ ਕਿਤਾਬ ਕਿਸੇ ਨੂੰ ਪਰੇਸ਼ਾਨ ਨਹੀਂ ਕਰ ਰਹੀ ਅਤੇ ਸਾਡੇ ਉਤੇ ਕੀ ਪਰੇਸ਼ਾਨੀ ਆਵੇਗੀ? ਪੱਤਰਕਾਰ ਹੋਣ ਦੇ ਨਾਤੇ ਅਸੀਂ ਉਹੀ ਲਿਖਿਆ ਹੈ ਜੋ ਪੀੜਤਾਂ ਨੇ ਸਾਨੂੰ ਦੱਸਿਆ ਹੈ। ਦੂਜਾ, ਅਸੀਂ ਕਿਸੇ ਵੀ ਸਰਕਾਰ ਦਾ ਨਾਮ ਲੈ ਕੇ ਨਹੀਂ ਲਿਖਿਆ ਕਿ ਸਰਕਾਰ ਨੇ ਇਹ ਕੀਤਾ ਜਾਂ ਉਹ ਕੀਤਾ। ਜਿਸ ਸਰਕਾਰ ਦੀ ਹਕੂਮਤ ਵਿਚ ਗ੍ਰਿਫਤਾਰੀ ਹੋਈ ਸੀ, ਉਸੇ ਬਾਰੇ ਲਿਖਿਆ ਹੈ। ਮਹਾਰਾਸ਼ਟਰ ਵਿਚ ਜ਼ਿਆਦਾਤਰ ਗ੍ਰਿਫਤਾਰੀਆਂ ਕਾਂਗਰਸ ਦੇ ਸਮੇਂ ਹੋਈਆਂ। ਬਾਬਰੀ ਮਸਜਿਦ ਤੋਂ ਬਾਅਦ ਕਾਂਗਰਸ ਦੇ ਸਮੇਂ ਦੌਰਾਨ ਜ਼ਿਆਦਾ ਗ੍ਰਿਫਤਾਰੀਆਂ ਹੋਈਆਂ। ਇਸ ਲਿਹਾਜ਼ ਨਾਲ ਇਸ ਵਿਚ ਕੋਈ ਸਿਆਸੀ ਰੰਗਤ ਨਹੀਂ। ਅਸੀਂ ਕਿਸੇ ਵੀ ਸਿਆਸੀ ਧਿਰ ਦੇ ਬੁਲਾਰੇ ਵਜੋਂ ਗੱਲ ਨਹੀਂ ਕੀਤੀ। ਸਾਡਾ ਧਿਆਨ ਸਿਰਫ ਪੀੜਤਾਂ ਉਤੇ ਹੈ ਅਤੇ ਕਿਸ ਦੇ ਰਾਜ ਵਿਚ ਗ੍ਰਿਫਤਾਰੀਆਂ ਹੋਈਆਂ ਹਨ, (ਇਹ ਗੱਲ ਤਾਂ) ਕਹਾਣੀਆਂ ਖੁਦ ਦੱਸਦੀਆਂ ਹਨ।

**ਸਵਾਲ:** ਤੁਹਾਡੀ ਗੱਲ ਦੇ ਦੋ ਪੱਖ ਹਨ। ਇੱਕ ਰੁਝਾਨ ਤਹਿਤ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੁਲਿਸ ਅਤੇ ਹਰ ਤਰ੍ਹਾਂ ਦੀਆਂ ਜਾਂਚ ਏਜੰਸੀਆਂ ਉਨ੍ਹਾਂ ਉਤੇ ਹੋ ਰਹੇ ਤਸ਼ੱਦਦ ਵਿਚ ਸ਼ਾਮਲ ਹਨ। ਇਹ ਤੁਹਾਡੇ ਪਾਸਿਓਂ ਆ


***(ਬਾਕੀ ਅਗਲੇ ਸਫੇ 'ਤੇ)***

## *ਜ਼ਿਆਦਤੀਆਂ ਦੀ ਕਹਾਣੀ, ਕਿਤਾਬ ਦੀ ਜ਼ਬਾਨੀ*

*(ਪਿਛਲੇ ਸਫੇ ਦੀ ਬਾਕੀ)*

ਰਹੀ ਇੱਕ ਦਲੀਲ ਹੈ। ਦੂਜਾ, ਉਹ ਕਿਹੜੀ ਸਰਕਾਰ ਦੇ ਰਾਜ ਵਿਚ ਹੋਇਆ ਹੈ। ਹੁਣ ਇਸ ਬਾਰੇ ਗੱਲ ਕੀਤੀ ਜਾ ਰਹੀ ਹੈ ਕਿ ਇਹ ਸਭ ਇੱਕ ਖਾਸ ਸਿਆਸੀ ਧਿਰ ਅਤੇ ਸਰਕਾਰ ਦੀ ਸੋਚ ਤਹਿਤ ਹੋ ਰਿਹਾ ਹੈ, ਤੁਹਾਡੀ ਦਲੀਲ ਹੈ ਕਿ ਇਸ ਸਿਆਸੀ ਧਿਰ ਦਾ ਨਾਮ ਹੀ ਜ਼ਿਆਦਾ ਹੈ ਪਰ ਇਹ ਮਾਮਲਾ ਲਗਾਤਾਰ ਚਲ ਰਿਹਾ ਹੈ।






*ਕਿਤਾਬ 'ਬਾਇੱਜ਼ਤ ਬਰੀ?' ਦੀ ਲੇਖਕ ਮਨੀਸ਼ਾ ਭੱਲਾ ਅਤੇ (ਸੱਜੇ) ਕਿਤਾਬ ਦਾ ਮੁਖੜਾ।*

**ਜਵਾਬ:** ਨਹੀਂ, ਮੈਂ ਇਹ ਬਿਲਕੁਲ ਨਹੀਂ ਕਹਿ ਰਹੀ। ਮੈਂ ਇਹ ਕਹਿ ਰਹੀ ਹਾਂ ਕਿ ਜੋ ਅੰਕੜੇ ਹਨ ਅਤੇ ਜੋ ਮਾਮਲੇ ਅਸੀਂ ਕਵਰ ਕੀਤੇ ਹਨ, ਉਹ ਆਪ ਬੋਲਦੇ ਹਨ ਕਿ ਉਸ ਸਮੇਂ ਕਿਹੜੀ ਸਰਕਾਰ ਸੀ। ਅਸੀਂ ਇਸ ਸੋਚ ਨਾਲ ਨਹੀਂ ਜਾ ਰਹੇ ਕਿ ਅਸੀਂ ਕਾਂਗਰਸ ਦੇ ਸਮੇਂ ਦੀਆਂ ਸਰਕਾਰਾਂ ਜਾਂ ਭਾਜਪਾ ਦੇ ਸਮੇਂ ਦੀਆਂ ਗ੍ਰਿਫਤਾਰੀਆਂ ਉਤੇ ਕਹਾਣੀਆਂ ਕਰਨੀਆਂ ਹਨ। ਇਹ ਨਾ ਤਾਂ ਸਾਡਾ ਮੁੱਦਾ ਸੀ ਅਤੇ ਨਾ ਹੀ ਸਾਡਾ ਫੋਕਸ ਸੀ ਅਤੇ ਨਾ ਹੀ ਕਦੇ ਹੋਵੇਗਾ। ਸਾਡਾ ਧਿਆਨ ਪੀੜਤ ਉਤੇ ਹੈ। ਉਸ ਨਾਲ ਕੀ ਹੋਇਆ ਅਤੇ ਹੁਣ ਉਸ ਦੀ ਕੀ ਹਾਲਤ ਹੈ? ਮੈਂ ਇਹ ਕਹਿਣ ਦੀ ਕੋਸ਼ਿਸ਼ ਕਰ ਰਹੀ ਹਾਂ ਕਿ ਉਸ ਸਮੇਂ ਦੀ ਸਰਕਾਰ ਦਾ ਨਾਮ ਕਹਾਣੀ ਵਿਚ ਆਪਣੇ-ਆਪ ਆ ਜਾਂਦਾ ਹੈ। ਇਸ ਵਿਚ ਸਾਨੂੰ ਕਿਸ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ?

**ਸਵਾਲ:** ਇਸ ਮੁਲਕ ਵਿਚ ਜਿਸ ਤਰ੍ਹਾਂ ਦਾ ਫਿਰਕਾਨਾ ਮਾਹੌਲ ਹੈ ਅਤੇ ਫਿਰਕੂ ਬੁਨਿਆਦ ਉਤੇ ਜਿਸ ਤਰੀਕੇ ਨਾਲ ਗੱਲ ਹੋ ਰਹੀ ਹੈ, ਭਾਵੇਂ ਇਹ ਸਰਕਾਰ ਦੇ ਹੱਕ ਵਿਚ ਹੋਵੇ ਜਾਂ ਸਰਕਾਰ ਦੇ ਖਿਲਾਫ। ਇਸ ਮਾਹੌਲ ਵਿਚ ਤੁਸੀਂ ਫੈਸਲਾ ਕੀਤਾ ਕਿ ਸਰਕਾਰ ਭਾਵੇਂ ਕੋਈ ਹੋਵੇ ਪਰ ਤੁਹਾਡੇ ਮਸਲੇ ਹਨ; ਮੁਸਲਮਾਨ, ਉਨ੍ਹਾਂ ਖਿਲਾਫ ਦਰਜ ਹੋਏ ਮਾਮਲੇ ਅਤੇ ਬਾਅਦ ਵਿਚ ਅਦਾਲਤਾਂ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ।

**ਜਵਾਬ:** ਮੈਂ ਅਤੇ ਮੇਰੇ ਸਾਥੀ ਲੇਖਕ ਨੇ ਮਹਿਸੂਸ ਕੀਤਾ ਕਿ ਅੱਤਿਆਚਾਰ ਅਤੇ ਜ਼ੁਲਮ ਜ਼ਿਆਦਾ ਹੋਏ ਸਨ, ਜਿਹੜੇ ਮਾਮਲੇ ਸਾਹਮਣੇ ਨਹੀਂ ਆਏ ਅਤੇ ਜੋ ਲੋਕ ਆਪਣੇ ਬਾਰੇ ਦੱਸ ਨਹੀਂ ਸਕੇ ਹਨ। ਫਰਹਾਨਾ ਵਰਗੇ ਲੋਕ ਇੰਨੇ ਬਿਮਾਰ ਹਨ ਕਿ ਉਹ ਘਿਸਰ-ਘਿਸਰ ਕੇ ਚਲਦੇ ਹਨ। ਉਨ੍ਹਾਂ ਨੂੰ ਸ਼ਾਮ ਦੀ ਰੋਟੀ ਤੋਂ ਚਿੰਤਾ ਹੈ ਤਾਂ ਉਹ ਮੀਡੀਆ ਵਿਚ ਕੀ ਜਾਵੇਗਾ? ਸਾਡਾ ਮਕਸਦ ਇਸ ਤਰ੍ਹਾਂ ਦੀਆਂ ਕਹਾਣੀਆਂ ਨੂੰ ਸਾਹਮਣੇ ਲਿਆਉਣਾ ਸੀ। ਸਾਡਾ ਧਿਆਨ ਅੱਤਿਆਚਾਰ ਦੀਆਂ ਕਹਾਣੀਆਂ ਉਤੇ ਹੈ। ਹੁਣ ਬਹੁਤੇ ਪੀੜਤ ਮੁਸਲਮਾਨ ਹਨ, ਇਸ ਲਈ ਅਸੀਂ ਉਨ੍ਹਾਂ ਉਤੇ ਲਿਖਾਂਗੇ। ਤੁਸੀਂ ਇਸ ਨੂੰ ਮਨੁੱਖੀ ਹਕੂਕ ਦਾ ਮੁੱਦਾ ਕਿਉਂ ਨਹੀਂ ਮੰਨਦੇ? ਮੈਨੂੰ ਜਾਪਦਾ ਹੈ ਕਿ ਇਹ ਜ਼ੁਲਮ ਜਾਂ ਅੱਤਿਆਚਾਰ ਹੋਇਆ ... ਤੁਸੀਂ ਦੱਸੋ ਕਿ ਹਜੂਮੀ ਤਸ਼ੱਦਦ ਕਿਉਂ ਹੁੰਦਾ ਹੈ? ਤੁਸੀਂ ਦੱਸੋ ਕਿ ਈਦ ਦੇ ਦਿਨ, 16 ਸਾਲਾ ਬੱਚੇ ਨੂੰ ਟੋਪੀ ਜਾਂ ਕੁਰਤਾ-ਪਜਾਮਾ ਪਹਿਨਣ ਲਈ ਰੇਲ ਗੱਡੀ ਵਿਚੋਂ ਧੂਹ ਕੇ ਮਾਰ ਦਿੱਤਾ ਗਿਆ। ਪੂਨਾ ਨੇੜੇ ਪੜ੍ਹਿਆ-ਲਿਖਿਆ ਇੰਜਨੀਅਰ ਬੱਚਾ ਜੋ ਕਿਸੇ ਕੰਪਨੀ ਵਿਚ ਕੰਮ ਕਰਦਾ ਸੀ ਅਤੇ ਈਸ਼ਾ ਦੀ ਨਮਾਜ਼ ਅਦਾ ਕਰਨ ਤੋਂ ਬਾਅਦ ਘਰ ਜਾ ਰਿਹਾ ਸੀ, ਉਸ ਨੂੰ ਕਤਲ ਕਰ ਦਿੱਤਾ। ਇਖਲਾਕ ਕੋਲ ਫਰਿਜ ਅੰਦਰ ਗੋਸ਼ਤ ਸੀ, ਇਸ ਲਈ ਤੁਸੀਂ ਉਸ ਬੁੱਢੇ ਆਦਮੀ ਨੂੰ ਇੰਨੀ ਬੇਰਹਿਮੀ ਨਾਲ ਕੁੱਟਿਆ। ਇਖਲਾਕ ਪਹਿਲਾ ਮਾਮਲਾ ਸੀ ਜੋ ਸਾਹਮਣੇ ਆਇਆ। ਮੈਂ ਖੁਦ ਉਥੇ ਜਾ ਕੇ ਖਬਰ ਕੀਤੀ ਸੀ। ਸਿਰਫ ਇਸ ਕਾਰਨ ਮਾਰ ਦੇਵੋਗੇ ਕਿ ਉਸ ਦੇ ਫਰਿੱਜ ਵਿਚ ਗੋਸ਼ਤ ਹੈ ...

**ਸਵਾਲ:** ਇਹ ਸ਼ੱਕ ਹੈ ਕਿ ਗੋਸ਼ਤ ਗਾਂ ਦਾ ਹੈ ... ... ...

**ਜਵਾਬ:** ਇਹ ਵੀ ਸਿਰਫ ਸ਼ੱਕ ਹੈ ... ਤੁਹਾਨੂੰ ਇਹ ਵੀ ਪਤਾ ਹੋਵੇਗਾ ਕਿ ਉਸ ਤੋਂ ਬਾਅਦ ਲੈਬਾਰਟਰੀ ਦੀ ਰਿਪੋਰਟ ਤੋਂ ਪਤਾ ਲੱਗਿਆ ਕਿ ਬੱਕਰੇ ਦਾ ਗੋਸ਼ਤ ਹੈ। ਤੁਸੀਂ ਉਸ ਮਾਹੌਲ ਬਾਰੇ ਸੋਚੋ ਜਿਸ ਵਿਚ ਅਸੀਂ ਰਹਿ ਰਹੇ ਹਾਂ। ਇੱਥੇ ਵੱਖਰੀ ਪਛਾਣ, ਵੱਖਰਾ ਮਜ਼ਹਬ ਅਤੇ ਖਾਣ-ਪੀਣ ਦੀਆਂ ਵੱਖਰੀਆਂ ਆਦਤਾਂ ਕਿਉਂ ਹਨ? ਮੈਂ ਮੁਸਲਮਾਨ ਨਹੀਂ ਹਾਂ ਪਰ ਗੋਸ਼ਤ ਖਾਂਦੀ ਹਾਂ। ਜੇ ਮੈਂ ਗੋਸ਼ਤ ਖਾਵਾਂਗੀ ਤਾਂ ਕੀ ਮੈਨੂੰ ਮਾਰ ਦੇਵੋਗੇ? ਜੇ ਮੈਂ ਆਪਣੇ ਫਰਿੱਜ ਵਿਚ ਮਟਨ ਰੱਖਾਂਗੀ ਤਾਂ ਮੈਨੂੰ ਮਾਰ ਦੇਵੋਗੇ? ਜੇ ਕਿਸੇ ਮਾਹੌਲ ਵਿਚ ਮੁਸਲਮਾਨ ਜ਼ਿਆਦਾ ਤਸ਼ੱਦਦ ਦਾ ਜ਼ਿਆਦਾ ਸ਼ਿਕਾਰ ਹਨ ਤਾਂ ਅਸੀਂ ਮੁਸਲਮਾਨਾਂ ਬਾਰੇ ਗੱਲ ਕਰਾਂਗੇ। ਜੇ ਕਿਸੇ ਵੀ ਮਾਹੌਲ ਵਿਚ ਸਿੱਖ ਵਧੇਰੇ ਪੀੜਤ ਹਨ ਤਾਂ ਅਸੀਂ ਸਿੱਖਾਂ ਬਾਰੇ ਗੱਲ ਕਰਾਂਗੇ। ਹਜ਼ਾਰਾਂ ਪਾਕਿਸਤਾਨੀ ਹਿੰਦੂ ਜੈਸਲਮੇਰ ਆ ਚੁੱਕੇ ਹਨ, ਅਸੀਂ ਉਨ੍ਹਾਂ ਬਾਰੇ ਵੀ ਗੱਲ ਕੀਤੀ ਹੈ। ਕਹਿਣ ਦਾ ਮਤਲਬ ਹੈ ਕਿ ਜੇ ਜ਼ੁਲਮ ਮੁਸਲਮਾਨਾਂ ਉਤੇ ਜ਼ਿਆਦਾ ਹੋ ਰਿਹਾ ਹੈ, ਜੋ ਕਿ ਹੋ ਰਿਹਾ ਹੈ ਤਾਂ ਅਸੀਂ ਉਸ ਬਾਰੇ ਗੱਲ ਕਰਾਂਗੇ। ਮਸਲਾ ਮਨੁੱਖੀ ਹਕੂਕ ਦਾ ਹੈ।

**ਸਵਾਲ:** ਮਨੁੱਖੀ ਹਕੂਕ ਦੇ ਮੁੱਦੇ ਉਤੇ, ਵੱਖ-ਵੱਖ ਧਿਰਾਂ ਅਤੇ ਸਰਕਾਰ ਦੀ ਦਲੀਲ ਹੈ ਕਿ ਮਨੁੱਖੀ ਹਕੂਕ ਕਾਰਕੁਨ, ਮਨੁੱਖੀ ਹਕੂਕ ਬਾਰੇ ਗੱਲ ਕਰਨ ਵਾਲੇ ਖਾਸ ਤਬਕੇ ਦੀ ਗੱਲ ਕਰਦੇ ਹਨ, ਦੂਜੇ ਤਬਕਿਆਂ ਬਾਰੇ ਗੱਲ ਨਹੀਂ



*ਕਿਤਾਬ 'ਬਾਇੱਜ਼ਤ ਬਰੀ?' ਦਾ ਸਹਿ ਲੇਖਕ ਅਲੀਮਉਲ੍ਹਾ ਖਾਨ।*

ਕਰਦੇ। ਜੇ ਤੁਹਾਡੀ ਕਿਤਾਬ ਉਤੇ ਇਹੀ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਤੁਸੀਂ ਪੁਲਿਸ ਦੇ ਹੱਥੋਂ ਪੀੜਤ ਗੈਰ-ਮੁਸਲਮਾਨਾਂ ਬਾਰੇ ਗੱਲ ਕੀਤੀ ਹੈ ਜਾਂ ਨਹੀਂ? ਜਾਂ ਤੁਸੀਂ ਇਸ ਕਿਤਾਬ ਦੀ ਭੂਮਿਕਾ ਵਿਚ ਲਿਖ ਦਿੱਤਾ ਹੈ ਕਿ ਅਸੀਂ ਇਸ ਕਿਤਾਬ ਦੇ ਘੇਰੇ ਨੂੰ ਇੰਨਾ ਸੀਮਤ ਰੱਖਿਆ ਹੈ?

**ਜਵਾਬ:** ਮੈਨੂੰ ਇੱਕ ਗੱਲ ਦੱਸੋ, ਇੱਕ ਆਦਮੀ ਪੂਰੀ ਦੁਨੀਆ ਉਤੇ ਕਿਵੇਂ ਕੰਮ ਕਰ ਸਕਦਾ ਹੈ? ਇਹ ਕਦੇ ਨਹੀਂ ਹੋ ਸਕਦਾ। ਮੈਂ ਤੇ ਮੇਰੇ ਸਾਥੀ ਲੇਖਕ ਨੇ ਫੈਸਲਾ ਕੀਤਾ ਕਿ ਅਸੀਂ ਇਸ ਮੁੱਦੇ ਉਤੇ ਕੰਮ ਕਰਾਂਗੇ; ਹਾਲਾਂਕਿ ਬਹੁਤ ਸਾਰੇ ਲੋਕਾਂ ਨੇ ਸਾਨੂੰ ਸਵਾਲ ਕੀਤਾ ਕਿ ਇਹ ਸਿੱਖਾਂ ਨਾਲ ਵੀ ਹੋਇਆ ਸੀ। 1984 ਦੇ ਬਾਅਦ ਸਿੱਖ ਨੌਜਵਾਨਾਂ ਨਾਲ ਵਾਪਰੀਆਂ ਸਾਰੀਆਂ ਘਟਨਾਵਾਂ ਤੋਂ ਤੁਸੀਂ ਜਾਣੂ ਹੋ। ਅਜਿਹਾ ਹੀ ਦਲਿਤਾਂ ਨਾਲ ਹੁੰਦਾ ਹੈ। ਜੇ ਤੁਸੀਂ ਜੇਲ੍ਹਾਂ ਦੇ ਅੰਕੜਿਆਂ ਉਤੇ ਨਜ਼ਰ ਮਾਰੋ ਤਾਂ ਦਲਿਤਾਂ, ਫਿਰ ਮੁਸਲਮਾਨਾਂ ਅਤੇ ਫਿਰ ਸਿੱਖ ਸਭ ਤੋਂ ਵੱਧ ਹਨ। ਕਿਸੇ ਉਤੇ ਵੀ ਕਿਤਾਬ ਲਿਖੀ ਜਾ ਸਕਦੀ ਹੈ ਪਰ ਇਸ ਉਤੇ ਹੀ ਕਿਉਂ ਲਿਖੀ ਗਈ? ਇਹ ਲੇਖਕ ਦੀ ਪਸੰਦ ਦਾ ਮਾਮਲਾ ਹੋ ਸਕਦਾ ਹੈ। ਉਹ ਸੋਚਦਾ ਹੈ ਕਿ ਮੈਨੂੰ ਇਸ ਉਤੇ ਕੰਮ ਕਰਨਾ ਚਾਹੀਦਾ ਹੈ। ਹਰ ਆਦਮੀ ਕਿਸੇ ਨਾ ਕਿਸੇ ਮੁੱਦੇ ਉਤੇ ਕੰਮ ਕਰੇਗਾ। 1984 ਉਤੇ ਬਹੁਤ ਸਾਰੀਆਂ ਕਿਤਾਬਾਂ ਆਈਆਂ ਹਨ। ਸਿੱਖ ਨੌਜਵਾਨਾਂ ਉਤੇ ਵੀ ਕਿਤਾਬਾਂ ਆਈਆਂ ਹਨ। ਦਲਿਤਾਂ ਉਤੇ ਵੀ ਆਈਆਂ ਹਨ। ਇਹ ਮੁੱਦਾ ਮੇਰੇ ਦਿਲ ਦੇ ਨੇੜੇ ਸੀ। ਜਦੋਂ ਮੈਂ ਦੇਖਦੀ ਸੀ ਤਾਂ ਮੇਰੇ ਦਿਲ ਨੂੰ ਬੋਝ ਮਹਿਸੂਸ ਹੁੰਦਾ ਸੀ। ਮੈਂ ਸੋਚਿਆ ਕਿ ਇਹ ਕਹਾਣੀਆਂ ਸਾਹਮਣੇ ਆਉਣੀਆਂ ਚਾਹੀਦੀਆਂ ਹਨ।

**ਸਵਾਲ:** ਕੀ ਕਿਤਾਬ ਲਿਖਣ ਨਾਲ ਤੁਹਾਡੇ ਦਿਲ ਉਤੇ ਬੋਝ ਘਟਿਆ?

**ਜਵਾਬ:** ਨਹੀਂ, ਇੰਝ ਨਹੀਂ। ਕਿਤਾਬਾਂ ਸਿਰਫ ਸਮੱਸਿਆ ਨੂੰ ਉਜਾਗਰ ਕਰਦੀਆਂ ਹਨ। ਇਹ ਕਿਤਾਬ ਉਨ੍ਹਾਂ ਮੁੱਦਿਆਂ ਦੀ ਯਾਦ ਦਿਵਾਉਣ ਲਈ ਲਿਖੀ ਗਈ ਹੈ ਜਿਨ੍ਹਾਂ ਨੂੰ ਅਸੀਂ ਭੁੱਲ ਗਏ ਸਾਂ, ਜਾਂ ਸਮੇਂ ਨਾਲ ਨਵੀਆਂ ਘਟਨਾਵਾਂ ਨੇ ਉਨ੍ਹਾਂ ਦੀ ਥਾਂ ਲੈ ਲਈ ਸੀ। ਉਨ੍ਹਾਂ ਦੇ ਦੁੱਖ, ਦਰਦ ਅਤੇ ਮੁਸੀਬਤਾਂ ਦਾ ਕੋਈ ਹੱਲ ਨਹੀਂ ਹੈ। ਸਾਨੂੰ ਉਸ ਹੱਲ ਲਈ ਬਹੁਤ ਕੁਝ ਕਰਨਾ ਪਏਗਾ। ਉਨ੍ਹਾਂ ਨੂੰ ਕਾਨੂੰਨੀ ਤਰੀਕੇ ਨਾਲ ਇਨਸਾਫ ਦੇਣਾ ਪਵੇਗਾ। ਸਰਕਾਰਾਂ ਅਤੇ ਹਕੂਮਤ ਨੂੰ ਆਪਣੇ ਹਿਸਾਬ ਨਾਲ ਇਨਸਾਫ ਦੇਣਾ ਪਵੇਗਾ। ਮੈਨੂੰ ਲਗਦਾ ਹੈ ਕਿ ਸਭ ਤੋਂ ਅਹਿਮ ਮਾਮਲਾ ਉਨ੍ਹਾਂ ਦਾ ਮੁੜ-ਵਸੇਬਾ ਹੋਵੇਗਾ। ਮੁੜ-ਵਸੇਬੇ ਦੀ ਫੌਰੀ ਲੋੜ ਹੈ। ਕਾਊਂਸਲਿੰਗ ਅਤੇ ਮਨੋਰੋਗ ਮਾਹਿਰ ਦੀ ਜ਼ਰੂਰਤ ਹੈ ਤਾਂ ਜੋ ਉਹ ਲੋਕ ਜਿੰਨੇ ਲੰਬੇ ਸਮੇਂ ਤੋਂ ਆਪਣੇ ਪਰਿਵਾਰ ਤੋਂ ਬਿਨਾਂ ਇਕੱਲੇ ਜੀਵਨ ਜਿਉਂ ਕੇ ਆਏ ਹਨ, ਉਸ ਤੋਂ ਬਾਹਰ ਆ ਸਕਣ। ਥੋੜ੍ਹੀ ਜਿਹੀ ਆਮਦਨੀ ਹੋ ਜਾਵੇ। ਕੁਝ ਅਜਿਹਾ ਹੋਵੇ ਤਾਂ ਉਹ ਆਪਣੀ ਜ਼ਿੰਦਗੀ ਕਿਸੇ ਵੀ ਤਰੀਕੇ ਨਾਲ ਦੁਬਾਰਾ ਸ਼ੁਰੂ ਕਰ ਸਕਣ।

**ਸਵਾਲ:** ਤੁਸੀਂ ਆਪਣੀ ਕਿਤਾਬ ਦਾ ਨਾਮ 'ਬਾਇੱਜ਼ਤ ਬਰੀ?' ਰੱਖਿਆ ਹੈ। ਤੁਸੀਂ ਇਸ ਮੁਲਾਕਾਤ ਦੌਰਾਨ ਸਾਨੂੰ ਜੋ ਦੱਸਿਆ ਹੈ, ਉਹ ਇੱਜ਼ਤ ਦੀ ਗੱਲ ਨਹੀਂ ਬਲਕਿ ਬੇਇੱਜ਼ਤੀ ਹੈ। ਪਹਿਲਾਂ ਨਜ਼ਰਬੰਦੀ ਅਤੇ ਜੇਲ੍ਹਾਂ ਵਿਚ ਉਨ੍ਹਾਂ ਨਾਲ ਕੀ ਵਾਪਰਿਆ, ਤੇ ਬਾਹਰ ਆਉਣ ਤੋਂ ਬਾਅਦ ਉਨ੍ਹਾਂ ਕੋਲ ਕੋਈ ਰੁਜ਼ਗਾਰ ਨਹੀਂ ਹੈ। ਤੀਹ ਸਾਲ ਦੀ ਉਮਰ ਵਿਚ ਜੇਲ੍ਹ ਗਏ ਨੌਜਵਾਨ ਚਾਲੀ ਸਾਲ ਦੀ ਉਮਰ ਵਿਚ ਵਾਪਸ ਪਰਤੇ ਹਨ। ਜ਼ਿੰਦਗੀ ਦਾ ਸਭ ਤੋਂ ਕੀਮਤੀ ਸਮਾਂ ਜੇਲ੍ਹਾਂ ਵਿਚ ਗੁਜ਼ਾਰ ਆਏ ਹਨ। ਤੁਸੀਂ ਇਹ ਕਿਤਾਬ ਲਿਖਣ ਤੋਂ ਬਾਅਦ ਹੀ ਨਾਮ ਰੱਖਿਆ ਹੋਵੇਗਾ, ਤੁਸੀਂ ਇਸ ਨਾਮ ਰਾਹੀਂ ਕੀ ਕਹਿਣਾ ਚਾਹੁੰਦੇ ਹੋ?

**ਜਵਾਬ:** ਜੇ ਤੁਸੀਂ ਨਾਮ ਧਿਆਨ ਨਾਲ ਪੜ੍ਹੋ ਤਾਂ ਬਾਇੱਜ਼ਤ ਬਰੀ ਤੋਂ ਬਾਅਦ ਸੁਆਲੀਆ ਨਿਸ਼ਾਨ ਹੈ।

**ਸਵਾਲ:** ਇਸ ਤਰ੍ਹਾਂ 'ਬਾ' ਇੱਥੇ 'ਬੇ' ਲਗਦੀ ਹੈ?

**ਜਵਾਬ:** ਤੁਸੀਂ ਕਹਿ ਸਕਦੇ ਹੋ। ਮੈਨੂੰ ਲਗਦਾ ਹੈ ਕਿ ... ... ... ਕਸ਼ਮੀਰ ਦਾ ਰਹਿਣ ਵਾਲਾ ਤਾਰਿਕ ਡਾਰ ਕਹਿੰਦਾ ਸੀ, ਉਹ ਸਰੋਜਨੀ ਨਗਰ ਬੰਬ ਧਮਾਕੇ ਵਿਚ ਮੁਲਜ਼ਮ ਸੀ, ਉਹ ਜੌਹਨਸਨ ਐਂਡ ਜੌਹਨਸਨ ਜਿਹੀ ਕੰਪਨੀ ਵਿਚ ਕੰਮ ਕਰਦਾ ਸੀ ...

**ਸਵਾਲ:** ਅਤੇ 12 ਸਾਲ ਜੇਲ੍ਹ ਵਿਚ ਗੁਜ਼ਾਰੇ ...

**ਜਵਾਬ:** ਜੇਲ੍ਹ ਵਿਚ ਸੋਚੀ ਸਮਝੀ ਸਾਜ਼ਿਸ਼ ਤਹਿਤ ਇਨ੍ਹਾਂ ਲੋਕਾਂ ਦੇ ਬਲੇਡ ਮਾਰੇ ਜਾਂਦੇ ਸਨ। ਉਸੇ ਸਮੇਂ, ਉਸ ਨੇ ਕਾਨੂੰਨੀ ਲੜਾਈ ਲੜੀ ਕਿ ਅਜਿਹੀਆਂ ਵਾਰਦਾਤ ਡਰ ਪੈਦਾ ਕਰਨਗੀਆਂ। ਹਿਰਾਸਤ ਵਿਚ ਉਨ੍ਹਾਂ ਉਤੇ ਹੋਏ ਤਸ਼ੱਦਦ ਦਾ ਕੋਈ ਗਵਾਹ ਨਹੀਂ ਹੈ। ਜਦੋਂ ਉਹ ਸੁਣਾਉਂਦੇ ਹਨ ਤਾਂ ਮੈਨੂੰ ਲਗਦਾ ਹੈ ਕਿ ਇਕੱਲਾ ਆਦਮੀ ਵੀ ਆਪਣੇ-ਆਪ ਵਿਚ ਬੇਇੱਜ਼ਤ ਮਹਿਸੂਸ ਕਰੇਗਾ। ਇਹ ਲੋਕ ਦਿਮਾਗੀ ਤੌਰ ਉਤੇ ਬਹੁਤ ਮਜ਼ਬੂਤ ਰਹੇ। ਉਨ੍ਹਾਂ ਦੀ ਤਾਲੀਮ ਅਤੇ ਪਾਲਣ-ਪੋਸ਼ਣ ਉਨ੍ਹਾਂ ਦੇ ਮਾਨਸਿਕ ਤੌਰ ਉਤੇ ਮਜ਼ਬੂਤ ਹੋਣ ਦਾ ਕਾਰਨ ਹੋ ਸਕਦੇ ਹਨ। ਇਸ ਦੇ ਬਾਵਜੂਦ ਬਾਹਰ ਆਉਣ ਤੋਂ ਬਾਅਦ ਉਨ੍ਹਾਂ ਦੇ ਦਿਮਾਗ ਵਿਚ ਕੋਈ ਬਦਲਾ ਲੈਣ ਦੀ ਜਾਂ ਕੋਈ ਮਾੜੀ ਗੱਲ ਨਹੀਂ ਹੈ। ਅਸੀਂ ਸਿਰਫ ਹੱਸਦੇ, ਮੁਸਕਰਾਉਂਦੇ ਅਤੇ ਅੱਲ੍ਹਾ ਦਾ ਸ਼ੁਕਰ ਮਨਾਉਂਦੇ ਚਿਹਰੇ ਦੇਖੇ ਹਨ। ਜਿਹੋ-ਜਿਹੀ ਵੀ ਹੋਵੇ, ਇਹ ਜ਼ਿੰਦਗੀ ਲਈ ਅੱਲ੍ਹਾ ਦੇ ਸ਼ੁਕਰਗੁਜ਼ਾਰ ਹਨ। ਇੱਕ ਆਦਮੀ ਇੰਨੇ ਤਸ਼ੱਦਦ ਤੋਂ ਬਾਅਦ ਬਾਹਰ ਕੇ ਕਿਵੇਂ ਸ਼ੁਕਰ ਕਰ ਸਕਦਾ ਹੈ, ਮੈਂ ਇਸ ਤੋਂ ਬਹੁਤ ਹੈਰਾਨ ਹੋਈ, ਇਸ ਤੋਂ ਬਾਅਦ ਮੈਂ ਖੁਦ ਕੁਰਾਨ ਪੜ੍ਹੀ। ਆਖਰ ਕੀ ਹੈ ਕਿ ਇੰਨੇ ਤਸ਼ੱਦਦ ਤੋਂ ਬਾਅਦ ਵੀ ਤੁਸੀਂ ਨਾ ਤਾਂ ਕਿਸੇ ਬਾਰੇ ਬੁਰਾ ਸੋਚਦੇ ਹੋ ਅਤੇ ਨਾ ਹੀ ਮਾੜਾ ਬੋਲਦੇ ਹੋ; ਬੇਇੱਜ਼ਤੀ ਤਾਂ ਹੱਦ ਦਰਜੇ ਦੀ ਹੈ।

**ਸਵਾਲ:** ਤੁਸੀਂ ਕੁਰਾਨ ਵੀ ਪੜ੍ਹਿਆ ਹੈ,ਉਨ੍ਹਾਂ ਲੋਕਾਂ ਦੀਆਂ ਕਹਾਣੀਆਂ ਵੀ ਸੁਣੀਆਂ ਹਨ, ਤੇ ਅਸੀਂ ਤੁਹਾਡੇ ਅੰਦਰ ਦਾ ਗੁੱਸਾ ਦੇਖਿਆ ਹੈ।

**ਜਵਾਬ:** ਮੈਨੂੰ ਲਗਦਾ ਹੈ ਕਿ ਉਨ੍ਹਾਂ ਨਾਲੋਂ ਜ਼ਿਆਦਾ ਗੁੱਸਾ ਮੇਰੇ ਅੰਦਰ ਹੈ, ਮੇਰੇ ਸਾਥੀ ਲੇਖਕ ਉਸ ਵਿਚ ਹੈ। ਉਨ੍ਹਾਂ ਨਾਲ ਹੁਣ ਗੱਲ ਕਰੋ ਤਾਂ ਉਹ ਹੱਸਦੇ, ਮੁਸਕਰਾਉਂਦੇ, ਚਿਹਰੇ ਤਸੱਲੀ ਅਤੇ ਨੂਰ ਨਾਲ ਭਰੇ ਹਨ। ਜੇ ਤੁਸੀਂ ਉਨ੍ਹਾਂ ਦਾ ਇੱਕ-ਇੱਕ ਸ਼ਬਦ ਸੁਣਦੇ ਹੋ ਤਾਂ ਇਹ ਨਹੀਂ ਜਾਪਦਾ ਕਿ ਇਹ ਆਦਮੀ ਦਸ ਤੋਂ ਬਾਰਾਂ-ਪੰਦਰਾਂ ਸਾਲ ਜੇਲ੍ਹ ਵਿਚ ਰਹਿਣ ਤੋਂ ਬਾਅਦ ਆਇਆ ਹੈ। ਬਰੀ ਹੋਣ ਤੋਂ ਬਾਅਦ ਕਹਾਣੀ ਇਹ ਹੈ ਕਿ ਤੁਸੀਂ ਆਪਣਾ ਸ਼ਹਿਰ ਛੱਡ ਕੇ ਨਹੀਂ ਜਾ ਸਕਦੇ, ਤੁਹਾਡੇ ਘਰ ਕੌਣ ਆਉਂਦਾ ਹੈ, ਇਸ ਦਾ ਹਿਸਾਬ ਰੱਖਿਆ ਜਾਂਦਾ ਹੈ, ਤੁਹਾਡੇ ਫੋਨ ਟੈਪ ਕੀਤੇ ਜਾਂਦੇ ਹਨ, ਤੁਹਾਡੇ ਘਰ ਦੀ ਹਰ ਚੀਜ਼ ਦਾ ਸਰਕਾਰਾਂ ਨੂੰ ਪਤਾ ਹੈ। ਤੁਸੀਂ ਬਰੀ ਹੋਣ ਦੇ ਬਾਵਜੂਦ ਬਰੀ ਨਹੀਂ ਹੋ!

**ਸਵਾਲ:** ਇਹ ਮੰਨਿਆ ਜਾਵੇ ਕਿ ਅਦਾਲਤ ਨੇ ਉਨ੍ਹਾਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ ਪਰ ਸਮਾਜ ਵਿਚ ਉਹ ਤਾਉਮਰ ਬੇਇੱਜ਼ਤ ਹਨ।

**ਜਵਾਬ:** ਸਮਾਜ ਨੇ ਉਨ੍ਹਾਂ ਨੂੰ ਬਰੀ ਨਹੀਂ ਕੀਤਾ। ਬਹੁਤ ਸਾਰੇ ਲੋਕਾਂ ਨੇ ਸਾਨੂੰ ਚੰਗੇ ਅਫਸਰਾਂ ਦੇ ਨਾਮ ਦੱਸੇ। ਅਫਸਰਾਂ ਦਾ ਸ਼ੁਕਰੀਆ ਕੀਤਾ ਕਿ ਉਨ੍ਹਾਂ ਤੋਂ ਬਿਨਾ ਮੈਂ ਬਾਹਰ ਨਹੀਂ ਆ ਸਕਦਾ ਸੀ। ਤਾਰਿਕ ਡਾਰ ਨੂੰ ਅੰਦਰੋਂ ਅਫਸਰਾਂ ਨੇ ਮਦਦ ਕੀਤੀ। ਜੇਲ੍ਹਰ ਨੇ ਬਹੁਤ ਸਾਰੇ ਲੋਕਾਂ ਦੀ ਮਦਦ ਕੀਤੀ। ਕਿਸੇ ਦੀ ਮਦਦ ਕਿਸੇ ਅਫਸਰ ਅਤੇ ਕਿਸੇ ਦੀ ਕਿਸੇ ਆਗੂ ਵੱਲੋਂ ਕੀਤੀ ਗਈ। ਮਦਦ ਕਰਨ ਵਾਲੇ ਹੱਥ ਵੀ ਘੱਟ ਨਹੀਂ ਸਨ; ਤਾਂ ਹੀ ਇਹ ਲੋਕ ਬਾਹਰ ਆਏ ਹਨ (ਪਰ) ਸਮਾਜ ਨੇ ਇਨ੍ਹਾਂ ਨੂੰ ਬਿਲਕੁਲ ਬਰੀ ਨਹੀਂ ਕੀਤਾ। ਅਦਾਲਤ ਨੇ ਬਰੀ ਕਰ ਦਿੱਤਾ ਪਰ ਸੂਬਾ ਸਰਕਾਰਾਂ ਫਿਰ ਅਪੀਲ ਕਰਨ ਚਲੀਆਂ ਗਈਆਂ। ਇਹ ਬਾਇੱਜ਼ਤ ਬਰੀ ਕਿਵੇਂ ਹੋਏ? ਇਹ ਸਾਡੇ ਕਾਨੂੰਨੀ ਅਤੇ ਸਿਆਸੀ ਘੇਰੇ ਤੋਂ ਬਾਹਰ ਸਮਾਜਕ ਘੇਰੇ ਦੀਆਂ ਕਹਾਣੀਆਂ ਹਨ।

ਇਸ ਸਾਰੀ ਗੱਲਬਾਤ ਲਈ ਮਨੀਸ਼ਾ ਜੀ ਤੁਹਾਡਾ ਧੰਨਵਾਦ ***(ਇਹ ਮੁਲਾਕਾਤ ਯੂਟਿਊਬ ਲਿੰਕ https://www.youtube.com/watch?v=mQ5WdAvZvCE 'ਤੇ ਸੁਣੀ ਜਾ ਸਕਦੀ ਹੈ)।***

# ਬਰਗਾੜੀ ਮੋਰਚਾ: ਦੋ ਮੰਤਰੀ ਤੇ ਤਿੰਨ ਵਿਧਾਇਕ ਅਕਾਲ ਤਖਤ 'ਤੇ ਤਲਬ

**ਅੰਮ੍ਰਿਤਸਰ:** ਸਰਬੱਤ ਖਾਲਸਾ ਵੱਲੋਂ ਥਾਪੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਬਰਗਾੜੀ ਮੋਰਚੇ ਨੂੰ ਖਤਮ ਕਰਾਉਣ ਵੇਲੇ ਕੀਤੇ ਵਾਅਦਿਆਂ ਤੋਂ ਭੱਜਣ ਦੇ ਦੋਸ਼ ਹੇਠ ਪੰਜਾਬ ਸਰਕਾਰ ਦੇ ਦੋ ਮੰਤਰੀਆਂ ਤੇ ਤਿੰਨ ਵਿਧਾਇਕਾਂ ਨੂੰ ਸਪੱਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਤਲਬ ਕੀਤਾ ਹੈ।

ਇਥੇ ਸ੍ਰੀ ਅਕਾਲ ਤਖਤ 'ਤੇ ਨਤਮਸਤਕ ਹੋਣ ਮਗਰੋਂ ਸੂਚਨਾ ਕੇਂਦਰ ਨੇੜੇ ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਸਰਕਾਰ ਵੱਲੋਂ ਵਾਅਦਾਖਿਲਾਫੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਪੱਸ਼ਟੀਕਰਨ ਦੇਣ ਲਈ ਦੋ ਮੰਤਰੀਆਂ ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਤਿੰਨ ਵਿਧਾਇਕਾਂ ਹਰਮਿੰਦਰ ਸਿੰਘ ਗਿੱਲ, ਕੁਲਬੀਰ ਸਿੰਘ ਜ਼ੀਰਾ ਤੇ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੂੰ 2 ਅਗਸਤ ਨੂੰ ਸ੍ਰੀ ਅਕਾਲ ਤਖਤ ਵਿਖੇ ਪੇਸ਼ ਹੋਣ ਦੇ ਆਦੇਸ਼ ਦਿੱਤੇ ਹਨ। ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਸਰਕਾਰ ਵੱਲੋਂ ਪੰਜ ਮੈਂਬਰੀ ਟੀਮ ਨੇ ਬਰਗਾੜੀ 'ਚ ਨਿਆਂ ਲਈ ਮੋਰਚਾ ਲਾ ਕੇ ਬੈਠੀ ਸਿੱਖ ਸੰਗਤ ਨੂੰ ਭਰੋਸਾ ਦਿੱਤਾ ਸੀ ਕਿ ਮੋਰਚੇ ਦੀਆਂ ਸਾਰੀਆਂ ਮੰਗਾਂ ਨੂੰ ਪ੍ਰਵਾਨ ਕਰ ਲਿਆ ਹੈ, ਪਰ 9 ਦਸੰਬਰ 2018 ਤੋਂ ਲੈ ਕੇ ਹੁਣ ਤੱਕ ਸਰਕਾਰ ਵੱਲੋਂ ਕੀਤੇ ਗਏ ਇਨ੍ਹਾਂ ਵਾਅਦਿਆਂ 'ਤੇ ਕੋਈ ਕਾਰਵਾਈ ਨਹੀਂ ਹੋਈ।

ਉਨ੍ਹਾਂ ਸਰਕਾਰ ਦੀ ਪੰਜ ਮੈਂਬਰੀ ਟੀਮ ਨੂੰ ਹਦਾਇਤ ਕਰਦਿਆਂ ਕਿਹਾ ਕਿ ਇਹ ਮਾਮਲਾ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਨਾਲ ਜੁੜਿਆ ਹੋਇਆ ਹੈ, ਇਸ ਲਈ ਕੋਈ ਕੁਤਾਹੀ ਨਾ ਵਰਤੀ ਜਾਵੇ। ਉਨ੍ਹਾਂ ਕਿਹਾ, ਜੇ ਮੰਤਰੀਆਂ ਤੇ ਵਿਧਾਇਕਾਂ ਨੇ ਪੇਸ਼ ਹੋ ਕੇ ਵਾਅਦਾਖਿਲਾਫੀ ਬਾਰੇ ਸਪੱਸ਼ਟੀਕਰਨ ਨਾ ਦਿੱਤਾ ਤਾਂ ਪੰਥਕ ਰਵਾਇਤਾਂ ਮੁਤਾਬਕ ਕਾਰਵਾਈ ਬਾਰੇ ਵਿਚਾਰ ਕੀਤਾ ਜਾਵੇਗਾ।

## ਡੇਰੇ ਦੀ ਕੌਮੀ ਕਮੇਟੀ ਦੇ 3 ਮੈਂਬਰਾਂ ਦੇ ਗ੍ਰਿਫਤਾਰੀ ਵਾਰੰਟ

**ਫਰੀਦਕੋਟ:** ਅਦਾਲਤ ਨੇ ਵਿਸ਼ੇਸ਼ ਜਾਂਚ ਟੀਮ ਦੀ ਅਰਜ਼ੀ ਸਵੀਕਾਰ ਕਰਦਿਆਂ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਕੇ ਬੇਅਦਬੀ ਕਰਨ ਅਤੇ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ 'ਚ ਇਤਰਾਜ਼ਯੋਗ ਪੋਸਟਰ ਲਗਾਉਣ ਦੀ ਕਥਿਤ ਸਾਜ਼ਿਸ਼ ਰਚਣ ਦੇ ਦੋਸ਼ਾਂ 'ਚ ਲੋੜੀਂਦੇ ਡੇਰਾ ਸਿਰਸਾ ਦੀ ਕੌਮੀ ਕਮੇਟੀ ਦੇ 3 ਮੈਂਬਰਾਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। ਵਿਸ਼ੇਸ਼ ਜਾਂਚ ਟੀਮ ਵੱਲੋਂ ਪਿੰਡ ਬਰਗਾੜੀ 'ਚ 2015 ਦੌਰਾਨ ਵਾਪਰੇ ਬੇਅਦਬੀ ਦੇ ਮਾਮਲਿਆਂ ਦੀ ਕੀਤੀ ਗਈ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਕਮੇਟੀ ਮੈਂਬਰ ਹਰਸ਼ ਧੂਰੀ, ਪ੍ਰਦੀਪ ਕਲੇਰ ਤੇ ਸੰਦੀਪ ਬਰੇਟਾ ਨੇ ਇਹ ਸਾਜ਼ਿਸ਼ ਰਚੀ ਸੀ। ਇਸੇ ਦਰਮਿਆਨ ਇਤਰਾਜ਼ਯੋਗ ਪੋਸਟਰ ਲਗਾਉਣ ਦੇ ਮਾਮਲੇ 'ਚ ਗ੍ਰਿਫਤਾਰ ਕੀਤੇ ਡੇਰਾ ਪ੍ਰੇਮੀ ਸ਼ਕਤੀ ਸਿੰਘ, ਸੁਖਜਿੰਦਰ ਸਿੰਘ, ਰਣਜੀਤ ਸਿੰਘ ਤੇ ਬਲਜੀਤ ਸਿੰਘ ਨੇ ਅਦਾਲਤ 'ਚ ਅਰਜ਼ੀ ਦੇ ਕੇ ਚੱਲਦੇ ਮੁਕੱਦਮੇ ਤੱਕ ਜ਼ਮਾਨਤ ਦੀ ਮੰਗ ਕੀਤੀ।

## ਸਿੱਖਾਂ ਨੂੰ ਇਨਸਾਫ ਆਪਣੇ ਰਾਜ 'ਚ ਹੀ ਮਿਲੇਗਾ: ਮਾਨ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਜੀਤ ਸਿੰਘ ਮਾਨ ਨੇ ਇਥੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖਾਂ ਦਾ ਆਪਣਾ ਰਾਜ ਨਾ ਹੋਣ ਕਰਕੇ ਅੱਜ ਤੱਕ ਬੇਅਦਬੀ ਘਟਨਾਵਾਂ, ਬਹਿਬਲ ਕਲਾਂ ਗੋਲੀ ਕਾਂਡ ਸਬੰਧੀ ਇਨਸਾਫ ਨਹੀਂ ਮਿਲ ਸਕਿਆ ਤੇ ਨਾ ਹੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ। ਉਨ੍ਹਾਂ ਕਿਹਾ ਕਿ ਇਸ ਤੋਂ ਸਾਫ ਹੈ ਕਿ ਸਿੱਖਾਂ ਨੂੰ ਇਨਸਾਫ ਆਪਣੇ ਰਾਜ ਵਿਚ ਹੀ ਮਿਲੇਗਾ, ਜਿਸ ਲਈ ਸ਼ਾਂਤਮਈ ਤਰੀਕੇ ਨਾਲ ਲੜਾਈ ਜਾਰੀ ਰਹੇਗੀ। ਸ੍ਰੀ ਮਾਨ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੇ ਇਤਿਹਾਸ ਨੂੰ ਖੁਰਦ-ਬੁਰਦ ਕਰਨ 'ਤੇ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ 2 ਅਗਸਤ ਨੂੰ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦੇ ਕੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਜਾਵੇਗਾ ਤੇ 8 ਅਗਸਤ ਨੂੰ ਬਰਗਾੜੀ ਵਿਚ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

# ਨਿੱਘਾ ਤੇ ਅਲਬੇਲਾ ਯਾਰ-ਅਵਤਾਰ ਸਿੰਘ ਸਪਰਿੰਗਫੀਲਡ

ਯਾਰ ਸੁਲੱਖਣੇ ਭਾਗਾਂ ਨਾਲ ਮਿਲ ਜਾਂਦੇ ਨੇ।
ਵਿਚ ਮਹਿਫਿਲਾਂ, ਵਾਂਗ ਫੁੱਲਾਂ ਖਿਲ ਜਾਂਦੇ ਨੇ।
ਯਾਰਾਂ ਦੀ ਖੁਸ਼ਬੋ ਮਾਨਣ 'ਜੱਬੋਵਾਲੀਆ'
ਵਾਂਗ ਸ਼ਰਬਤਾਂ ਪਾਣੀ ਵਿਚ ਘੁੱਲ ਜਾਂਦੇ ਨੇ।

ਯਾਰੀਆਂ-ਮੁਹੱਬਤਾਂ ਪਾਲਣ ਵਾਲੇ ਦੁਨੀਆਂ ਦੇ ਕਿਸੇ ਵੀ ਖਿੱਤੇ ਚਲੇ ਜਾਣ, ਸੁਭਾਅ ਮੁਤਾਬਿਕ ਮਹਿਫਿਲਾਂ ਸਜਾਉਂਦੇ ਰਹਿੰਦੇ ਤੇ ਖੁਸ਼ੀਆਂ ਦੇ ਪਾਤਰ ਬਣਦੇ ਰਹਿੰਦੇ ਨੇ। ਖੁਸ਼ਾਮਦਾਂ ਕਰਕੇ ਅਨੰਦ ਲੈਂਦੇ ਨੇ। ਵੈਸੇ ਵੀ ਪੰਜਾਬੀ ਮਹਿਮਾਨ-ਨਿਵਾਜੀ ਵਿਚ ਕਿਸੇ ਗੱਲੋਂ ਘੱਟ ਨਹੀਂ ਰਹਿੰਦੇ। ਦਿਲ ਦੇ ਬਾਦਸ਼ਾਹ ਦਲੇਰ ਸੱਜਣ ਤੇ ਪਰਮ-ਮਿੱਤਰਾਂ ਦੀ ਖੁਸ਼ਆਮਦੀਦ ਕਰਨ ਵਾਲਾ ਅਵਤਾਰ ਸਿੰਘ ਅਮਰੀਕੀ ਸੂਬੇ ਓਹਾਇਓ 'ਚ ਪੈਂਦੇ ਸਪਰਿੰਗਫੀਲਡ ਰਹਿੰਦੇ ਤੇ ਗੋਰਿਆਂ 'ਚ ਵਿਚਰਦਾ ਵੱਖਰਾ ਵਿਖਾਈ ਦਿੰਦੈ। ਸਪਰਿੰਗਫੀਲਡ ਦੇ



**ਇਕਬਾਲ ਸਿੰਘ ਜੱਬੋਵਾਲੀਆ**
ਫੋਨ: 917-375-6395

ਲਾਗੇ ਹੀ ਡੇਅਟਨ ਸ਼ਹਿਰ ਹੈ। ਅੱਧੇ-ਪੌਣੇ ਘੰਟੇ ਦਾ ਸਫਰ। ਇਥੋਂ ਦੇ ਔਰੀਵਲ ਤੇ ਵਿਲਵਰ ਰਾਈਟ-ਭਰਾਵਾਂ ਨੇ ਹਵਾਈ ਜਹਾਜ਼ ਦੀ ਕਾਢ ਕੱਢੀ ਸੀ। ਛੋਟਾ ਜਿਹਾ ਸ਼ਹਿਰ ਅੱਜ ਦੁਨੀਆਂ ਦਾ ਅਜੂਬਾ ਬਣਿਆ ਹੋਇਐ, ਜਿਥੇ ਬੇਸ਼ੁਮਾਰ ਸੈਲਾਨੀ ਰਾਈਟ ਭਰਾਵਾਂ ਦੀ ਜਗ੍ਹਾ ਵੇਖਣ ਆਉਂਦੇ ਨੇ।

ਅਵਤਾਰ ਸਿੰਘ ਵੀ ਉਸੇ ਸ਼ਹਿਰ ਦਾ ਗੁਆਂਢੀ ਹੋਣ ਦਾ ਮਾਣ ਮਹਿਸੂਸ ਕਰਦੈ ਤੇ ਮਿਲਣ-ਗਿਲਣ ਆਏ ਮਿੱਤਰਾਂ-ਪਿਆਰਿਆਂ ਨੂੰ ਰਾਈਟ ਭਰਾਵਾਂ ਦੀ ਜਗ੍ਹਾ ਵਿਖਾਉਣ ਜ਼ਰੂਰ ਲਿਜਾਂਦੈ। ਅਠਾਈ ਸਾਲਾਂ ਤੋਂ ਉਹ ਉਸੇ ਸ਼ਹਿਰ 'ਚ ਰਹਿ ਰਿਹੈ। 1998 'ਚ ਪਹਿਲੀ ਵਾਰ ਸਪਰਿੰਗਫੀਲਡ ਦੀ ਮੈਮੋਰੀਅਲ ਡੇਅ ਪ੍ਰੇਡ 'ਚ ਸ਼ਾਮਲ ਹੋਇਆ ਸੀ। ਆਲੇ-ਦੁਆਲੇ ਦੇ ਸ਼ਹਿਰਾਂ ਤੋਂ ਚਾਲੀ-ਪੰਜਾਹ ਹਜ਼ਾਰ ਦੇ ਕਰੀਬ ਗੋਰੇ-ਗੋਰੀਆਂ 'ਕੱਠੇ ਹੋਏ ਸਨ। ਉਸ ਸ਼ਹਿਰ ਵਿਚ ਸਿਰਫ ਦੋ ਹੀ ਪੰਜਾਬੀ ਹਨ। ਇਕ ਉਹ ਤੇ ਇਕ ਹੋਰ ਸਿੱਖ ਪਰਿਵਾਰ। ਤੇਈ ਸਾਲਾਂ ਤੋਂ ਹੁਣ ਉਹ ਉਸ ਪ੍ਰੇਡ ਦਾ ਹਿੱਸਾ ਬਣਦਾ ਆ ਰਿਹੈ।

1999 ਦੇ ਖਾਲਸਾ ਸਾਜਨਾ ਦਿਵਸ ਦੇ ਪਵਿੱਤਰ ਦਿਹਾੜੇ 'ਤੇ ਉਹਨੇ ਕੇਸ ਰੱਖ ਲਏ ਸਨ। ਦੋ ਸਾਲਾਂ ਬਾਅਦ 2001 ਨੂੰ ਨਿਊ ਯਾਰਕ ਵਿਖੇ ਨਾਈਨ-ਅਲੈਵਨ ਹਮਲੇ ਤਹਿਤ ਅਤਿਵਾਦੀਆਂ ਨੇ ਦੋ ਵੱਡੀਆਂ ਬਿਲਡਿੰਗਾਂ ਢਾਹ ਦਿੱਤੀਆਂ ਸਨ। ਹੁਣ ਉਹਦੇ ਮਸਲਾ ਵੱਡਾ ਖੜ੍ਹਾ ਗਿਆ ਸੀ, ਕਿਉਂਕਿ ਉਸ ਸ਼ਹਿਰ ਵਿਚ ਰਹਿੰਦਾ 'ਕੱਲਾ ਸਰਦਾਰ ਕਰਕੇ ਉਹਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਕਈ ਵਾਰ ਉਸ ਉਤੇ ਹਮਲੇ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰਮਾਤਮਾ ਦੀ ਕਿਰਪਾ ਨਾਲ ਬਚਾਅ ਹੁੰਦਾ ਰਿਹਾ। ਕੋਈ ਤਾਲਿਬਾਨ ਕਹੇ, ਕੋਈ ਮੁਸਲਮਾਨ। ਇੰਗਲੈਂਡ, ਕੈਨੇਡਾ, ਅਫਰੀਕਾ ਅਤੇ ਹੋਰ ਮੁਲਕਾਂ ਤੋਂ ਰਿਸ਼ਤੇਦਾਰਾਂ ਦੇ ਫੋਨ ਆਉਣ ਲੱਗੇ, 'ਕਿਹੜੇ ਪੰਗੇ 'ਚ ਪੈ ਗਿਆਂ, ਕੇਸ ਰੱਖ ਕੇ। ਸਿੱਖਾਂ 'ਤੇ ਹਮਲੇ ਹੋ ਰਹੇ ਨੇ, ਕੇਸ ਕਟਾ ਦੇ। ਮੁਸਲਮਾਨਾਂ ਦੇ ਭੁਲੇਖੇ ਮਾਰਿਆ ਜਾਵੇਂਗਾ।' ਪਰ ਉਹ ਟੱਸ ਤੋਂ ਮੱਸ ਨਾ ਹੋਇਐ। ਗੁਰੂ ਦੀ ਮੋਹਰ ਲੱਗ ਚੁਕੀ ਸੀ, ਹੁਣ ਉਸ ਨਾਲ ਹੀ ਜਾਵੇਗੀ। ਉਹਨੂੰ ਆਪਣੇ ਗੁਰੂ 'ਤੇ ਪੂਰਾ ਭਰੋਸਾ ਸੀ ਤੇ ਹੁਣ ਵੀ ਆਪਣੇ ਉਤੇ ਗੁਰੂ ਦੀ ਮਿਹਰ ਸਮਝਦੈ।

ਅਗਲੇ ਸਾਲ ਮੈਮੋਰੀਅਲ ਡੇਅ ਪ੍ਰੇਡ ਮੌਕੇ ਕਿਰਾਏ 'ਤੇ ਬੱਗੀ ਲੈ ਕੇ ਤਿੰਨੇ ਬੱਚੇ, ਮਾਤਾ ਤੇ ਆਪ ਬੈਠ ਕੇ ਪ੍ਰੇਡ ਵਿਚ ਸ਼ਾਮਲ ਹੋਏ। ਗੋਰਿਆਂ ਨੇ ਟਰੱਕਾਂ 'ਤੇ ਵੱਖ ਵੱਖ ਤਰ੍ਹਾਂ ਦੀਆਂ ਝਲਕੀਆਂ ਦੇ ਸਲੋਗਨ ਲਾਏ ਹੋਏ ਸਨ। ਉਹਨੇ ਵੀ ਕਿਰਾਏ ਦੀ ਬੱਗੀ 'ਤੇ ਸਿੱਖ ਇਤਿਹਾਸ ਦੇ ਯੋਧਿਆਂ, ਸੂਰਵੀਰਾਂ ਦੀਆਂ ਤਸਵੀਰਾਂ ਲਾ ਕੇ 'ਹੈਪੀ ਮੈਮੋਰੀਅਲ ਡੇਅ', 'ਗੌਡ ਬਲੈਸ ਅਮੈਰਿਕਾ' ਦੇ ਬੈਨਰ ਲਾਏ ਹੋਏ ਸਨ। ਨਾਈਨ-ਅਲੈਵਨ ਘਟਨਾ ਕਰਕੇ ਗੋਰੇ ਅੱਖਾਂ ਪਾੜ ਪਾੜ ਵੇਖ ਰਹੇ ਸਨ। ਉਚੀਆਂ ਨੀਵੀਆਂ ਗੱਲਾਂ ਸੁਣਨੀਆਂ ਪੈ ਰਹੀਆਂ ਸਨ। ਬੱਘੀ ਦੇ ਕੋਚਵਾਨ ਨੂੰ ਵੀ ਉਨ੍ਹਾਂ ਘਟੀਆ ਲੋਕਾਂ ਦੀਆਂ ਗੱਲਾਂ ਦਾ ਪੈਰ ਪੈਰ 'ਤੇ ਸ਼ਿਕਾਰ ਹੋਣਾ ਪੈ ਰਿਹਾ ਸੀ।

ਬੰਨ੍ਹੀ ਹੋਵੇ ਦਸਤਾਰ,
ਲੱਖਾਂ ਵਿਚੋਂ ਵੱਖਰਾ ਸਰਦਾਰ ਦਿਸਦੈ।
ਭਾਈ ਘਨੱਈਏ ਦੇ ਸੇਵਕਾਂ ਦਾ
ਸੇਵਾ 'ਚ ਹੁੰਦਾ ਕਿਰਦਾਰ ਦਿਸਦੈ।
ਨਾਮ ਬਾਣੀ 'ਚ ਰੰਗੇ ਗੁਰੂ ਦੇ ਸਿੰਘਾਂ ਦਾ
ਠਾਠਾਂ ਮਾਰਦਾ ਪਿਆਰ ਦਿਸਦੈ।

ਇਕ ਦਿਨ ਸ਼ਹਿਰ ਵਿਚ ਸਾਰੇ ਗੋਰਿਆਂ ਦੀ ਕਰੀਮ 'ਕੱਠੀ ਹੋਣ ਜਾ ਰਹੀ ਸੀ। ਸਾਰੇ ਸ਼ਹਿਰ ਦੇ ਨਾਮਵਰ ਸੱਜਣਾਂ ਦਾ ਪ੍ਰੋਗਰਾਮ ਸੀ। ਉਹਨੂੰ ਵੀ ਪਤਾ ਲੱਗ ਗਿਆ। ਹੁਣ ਉਹਨੂੰ ਮੌਕਾ ਸੀ ਆਪਣੇ ਦੁੱਖੜੇ ਦੱਸਣ ਦਾ। ਉਹ ਆਪਣੇ ਨਿਆਣੇ, ਘਰ ਵਾਲੀ ਤੇ ਮਾਤਾ ਜੀ ਨੂੰ ਲੈ ਕੇ ਉਥੇ ਜਾ ਪਹੁੰਚਿਆ। ਆਪ ਤੇ ਦੋਵੇਂ ਬੇਟਿਆਂ ਨੇ ਦਸਤਾਰਾਂ ਸਜਾਈਆਂ ਹੋਈਆਂ ਸਨ। ਉਥੇ ਇਕ ਪਾਗਲ ਕਿਸਮ ਦਾ ਗੋਰਾ ਉਨ੍ਹਾਂ 'ਤੇ ਹਮਲਾ ਕਰਨ ਨੂੰ ਮੌਕਾ ਭਾਲ ਰਿਹਾ ਸੀ। ਅਵਤਾਰ ਸਿੰਘ ਨੇ ਵੀ ਭਾਂਪ ਲਿਆ ਕਿ ਕੋਈ ਗੜਬੜ ਜ਼ਰੂਰ ਕਰੇਗਾ। ਡਿਊਟੀ 'ਤੇ ਖੜ੍ਹੀ ਉਥੇ ਇਕ ਲੇਡੀ ਪੁਲਿਸ ਵਾਲੀ ਦੀ ਮਦਦ ਨਾਲ ਉਸ ਪਾਗਲ ਗੋਰੇ ਨੂੰ ਫੜਾਇਆ। ਸਟੇਜ 'ਤੇ ਬੋਲਣ ਲਈ ਸਮਾਂ ਮੰਗਿਆ ਤਾਂ ਤਾਲਿਬਾਨ ਦੇ ਭੁਲੇਖੇ ਉਹਨੂੰ ਸਟੇਜ 'ਤੇ ਸਮਾਂ ਨਾ ਦੇਣ। ਸਾਦੇ ਕੱਪੜਿਆਂ 'ਚ ਘੁੰਮਦੇ ਉਥੇ ਮੇਅਰ ਨੇ ਕੁਦਰਤੀ ਉਹਨੂੰ ਪਛਾਣ ਲਿਆ। ਫਿਰ ਉਸ ਦੇ ਕਹਿਣ 'ਤੇ ਉਸ ਨੂੰ ਸਟੇਜ 'ਤੇ ਬੋਲਣ ਦਾ ਸਮਾਂ ਦਿੱਤਾ ਗਿਆ। ਸਟੇਜ 'ਤੇ ਜਾਂਦੇ ਨੇ 'ਗੌਡ ਬਲੈਸ ਅਮੈਰਿਕਾ' ਦੇ ਵਾਰ ਵਾਰ ਨਾਅਰੇ ਲਾਏ ਤੇ ਲੋਕਾਂ ਨੇ ਵੀ ਸਾਥ ਦਿਤਾ। ਫਿਰ ਉਸ ਨੇ ਖੁੱਲ੍ਹ ਕੇ ਦੱਸਿਆ, ਉਹ ਕੌਣ ਹੈ? ਉਸ ਦਾ ਧਰਮ ਕੀ ਹੈ? ਫਿਰ ਲੋਕਾਂ ਨੂੰ ਸਮਝ ਲੱਗੀ ਤੇ ਉਹਦੇ ਪ੍ਰਤੀ ਨਫ਼ਰਤ ਜਾਂਦੀ ਰਹੀ ਤੇ ਉਹਦੇ ਲਈ ਸਭ ਦੀ ਹਮਦਰਦੀ ਵਧ ਗਈ। ਗਲਤਫਹਿਮੀ ਦੇ ਸ਼ਿਕਾਰ ਘਟੀਆ ਲੋਕਾਂ ਦੇ ਸਾਰੇ ਸ਼ੰਕੇ ਦੂਰ ਹੋ ਗਏ। ਪੁਲਿਸ ਵਲੋਂ ਫੜੇ ਉਸ ਪਾਗਲ ਕਿਸਮ ਦੇ ਗੋਰੇ ਨੂੰ ਫਿਰ ਛੁਡਾ ਦਿੱਤਾ ਗਿਆ।

ਉਸ ਨੇ ਦਸਵੇਂ ਪਾਤਸ਼ਾਹ ਸੋਢੀ ਸੁਲਤਾਨ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ 'ਚ ਅਰਦਾਸ ਕੀਤੀ। ਹੇ ਸੱਚੇ ਪਾਤਸ਼ਾਹ! ਲਾਜ ਰੱਖੀਂ ਹੁਣ ਕੇਸ ਨ੍ਹੀਂ ਕਟਾਉਣੇ, ਜੋ ਮਰਜ਼ੀ ਹੋ ਜਾਏ। ਸਿੱਖ ਕੌਮ ਦੇ ਜਰਨੈਲਾਂ ਨੂੰ ਯਾਦ ਕੀਤਾ, ਕਿਵੇਂ ਖੋਪੜੀਆਂ ਲੁਹਾਈਆਂ, ਬੰਦ ਬੰਦ ਕਟਾਏ। ਸਿਦਕ ਨ੍ਹੀਂ ਹਾਰਿਆ। ਹੁਣ ਗੋਲੀ ਖਾਣੀ ਮਨਜ਼ੂਰ ਐ, ਕੇਸ ਕਤਲ ਨਹੀਂ ਕਰਾਉਣੇ। ਫਿਰ ਹਰ ਸਾਲ ਉਹ ਵੱਧ ਚੜ੍ਹ ਕੇ ਪਰਿਵਾਰ ਸਮੇਤ ਪਰੇਡਾਂ 'ਚ ਸ਼ਾਮਲ ਹੋਣ ਲੱਗਾ।

ਪ੍ਰਸਿੱਧ ਗੀਤਕਾਰ ਮੱਖਣ ਲੋਹਾਰ ਦਾ ਉਹ ਪੇਂਡੂ ਅਤੇ ਨਿੱਘਾ ਮਿੱਤਰ ਹੋਣ ਕਰਕੇ ਕੁਝ ਨਾ ਕੁਝ ਲਿਖਣ ਦਾ ਸ਼ੌਕ ਰੱਖਦੈ ਤੇ ਸਟੇਜਾਂ 'ਤੇ ਬੋਲ ਵੀ ਲੈਂਦੈ। ਅਮਰੀਕਾ ਦੇ ਪ੍ਰਸਿੱਧ ਹਫਤਾਵਾਰੀ ਅਖਬਾਰ 'ਪੰਜਾਬ ਟਾਈਮਜ਼' ਨਾਲ ਪੱਕੇ ਤੌਰ 'ਤੇ ਜੁੜਿਆ ਹੋਇਐ ਤੇ ਹਰ ਸਾਲ ਸਟੇਜ 'ਤੇ ਕੁਝ ਨਾ ਕੁਝ ਆਪਣੀ ਕਲਮ ਦੇ ਰੰਗ ਜ਼ਰੂਰ ਵਿਖਾਉਂਦੈ।



ਸਿਰ ਭਾਰ ਖੜ੍ਹ ਕੇ ਖੇਡ ਮੇਲੇ 'ਚ ਜੌਹਰ ਵਿਖਾਉਂਦਿਆਂ...

ਸਾਡੀ ਮੁਹੱਬਤ ਦੀਆਂ ਤੰਦਾਂ ਵੀ 'ਪੰਜਾਬ ਟਾਈਮਜ਼' ਜ਼ਰੀਏ ਪੀਡੀਆਂ ਹੋਈਆਂ ਸਨ। ਫਿਰ ਤਾਂ ਮੇਲ-ਮਿਲਾਪ ਦਾ ਸਿਲਸਿਲਾ ਸ਼ੁਰੂ ਹੋ ਗਿਆ।



ਅਵਤਾਰ ਸਿੰਘ

ਸਾਲ 2014 ਦੀ 'ਪੰਜਾਬ ਟਾਈਮਜ਼ ਨਾਈਟ' ਖਤਮ ਹੁੰਦੇ ਹੀ ਪਹਿਲਾਂ ਤੋਂ ਬਣੇ ਪ੍ਰੋਗਰਾਮ ਮੁਤਾਬਕ ਸਿਨਸਿਨੈਟੀ ਦੇ ਕਬੱਡੀ ਟੂਰਨਾਮੈਂਟਾਂ ਦੇ ਨਜ਼ਾਰੇ ਦੇਖਣ ਅਤੇ ਅਵਤਾਰ ਸਿੰਘ ਦੇ ਘਰ ਸਪਰਿੰਗਫੀਲਡ ਜਾਣ ਦਾ ਪ੍ਰੋਗਰਾਮ ਬਣ ਚੁਕਾ ਸੀ। ਅਵਤਾਰ ਸਿੰਘ, ਅਸ਼ੋਕ ਭੌਰਾ, ਮੈਂ, ਮੇਰੇ ਦੋਵੇਂ ਬੇਟੇ-ਨਵਜੋਤ ਤੇ ਮਨਜੋਤ, ਮੱਖਣ ਲੋਹਾਰ, ਬਾਬ ਖਹਿਰਾ, ਨਿੰਮਾ ਡੱਲੇਵਾਲ ਤੇ ਸਰਬਣ ਸਿੰਘ ਟਿਵਾਣਾ ਸਾਰੇ ਦੋ ਗੱਡੀਆਂ 'ਚ ਸਵਾਰ ਹੋ ਕੇ ਰਾਤੋ ਰਾਤ ਸਰਬਣ ਸਿੰਘ ਟਿਵਾਣਾ ਦੇ ਘਰ ਜਾ ਪਹੁੰਚੇ। ਥੋੜ੍ਹੇ ਘੰਟੇ ਅਰਾਮ ਕਰਕੇ ਫਿਰ ਸਿਨਸਿਨੈਟੀ ਜਾਣ ਦੀ ਤਿਆਰੀ ਕਰ ਲਈ। ਦੁਪਹਿਰ ਕੁ ਵੇਲੇ ਸਿਨਸਿਨੈਟੀ ਕਬੱਡੀ ਮੈਚਾਂ 'ਤੇ ਜਾ ਪਹੁੰਚੇ। ਪ੍ਰੋ. ਮੱਖਣ ਸਿੰਘ ਹਕੀਮਪੁਰੀਆ ਕੁਮੈਂਟਰੀ ਕਰ ਰਿਹਾ ਸੀ। ਸਾਨੂੰ ਵੇਖਦੇ ਹੀ ਖੁਸ਼ ਹੋ ਗਿਆ। ਸਾਡੀ ਸਾਰਿਆਂ ਦੀ ਟੂਰਨਾਮੈਂਟ ਵਿਚ ਹਾਜ਼ਰੀ ਲਵਾਈ। ਮੈਚ ਵਧੀਆ ਹੋਏ। ਪਹਿਲਵਾਨ ਬੁੱਧ ਸਿੰਘ ਮਿਲਿਆ। ਦਰਸ਼ਨ ਸਿੰਘ ਦਰੜ, ਪ੍ਰਿਤਪਾਲ ਸਿੰਘ ਘੋਤੜਾ, ਹਰਵਿੰਦਰ ਸਿੰਘ ਵਾਲੀਆ, ਸੁਰਜੀਤ ਸਿੰਘ ਮਾਵੀ, ਹਰਬੰਸ ਸਿੰਘ ਗਿੱਲ, ਗੁਰਿੰਦਰ ਢਿੱਲੋਂ, ਮੁਖਤਿਆਰ ਸਿੰਘ ਸੇਖੋਂ, ਗਰੇਵਾਲ ਪਰਿਵਾਰ ਤੇ ਕਈ ਹੋਰ ਸੱਜਣ ਮਿਲੇ। ਕਈ ਕਿਤਾਬਾਂ ਦੇ ਰਚਣਹਾਰ ਤੇ ਵਿਦਵਾਨ ਡਾ. ਚਰਨਜੀਤ ਸਿੰਘ ਗੁੰਮਟਾਲਾ ਬੜੇ ਨਿੱਘ ਨਾਲ ਮਿਲੇ। ਨਿਊ ਯਾਰਕ ਤੋਂ ਗਏ ਕਈ ਹੋਰ ਮਿੱਤਰਾਂ ਤੇ 'ਪੰਜਾਬ ਟਾਈਮਜ਼' ਨਾਲ ਜੁੜੇ ਕਈ ਪਾਠਕਾਂ ਦੇ ਦਰਸ਼ਨ ਹੋਏ।

ਲੋਕ ਖੁਸ਼ਬੂ ਫੁੱਲਾਂ ਦੀ ਮਾਣਦੇ ਨੇ
ਅਸਾਂ ਖੁਸ਼ਬੂ ਯਾਰਾਂ ਦੀ ਮਾਣ ਲਈ।
ਪਿਆਰ ਮੁਹੱਬਤ ਨਿਭਦਾ ਕਿਵੇਂ
ਏਹ ਗੱਲ ਯਾਰਾਂ ਤੋਂ ਜਾਣ ਲਈ।
ਬੇਫਿਕਰਾ ਹੋ ਮੌਜਾਂ ਮਾਣ 'ਇਕਬਾਲ ਸਿਹਾਂ'
ਹੁਣ ਹਿੱਕ ਤੇਰੇ ਪਿੱਛੇ ਤਾਣ ਲਈ।

ਕਬੱਡੀ ਟੂਰਨਾਮੈਂਟ ਦੀ ਸਮਾਪਤੀ ਤੋਂ ਬਾਅਦ ਸ਼ਾਮ ਨੂੰ ਮਿਸ ਪੂਜਾ ਤੇ ਰੌਸ਼ਨ ਪ੍ਰਿੰਸ ਦਾ ਅਖਾੜਾ ਸੀ। ਬੜੀ ਰੌਣਕ ਸੀ। ਰੌਸ਼ਨ ਪ੍ਰਿੰਸ ਤੇ ਮਿਸ ਪੂਜਾ ਨੇ ਸਟੇਜ 'ਤੇ ਬੜਾ ਰੰਗ ਬੰਨ੍ਹਿਆ। ਸ਼ਾਮ ਨੂੰ ਬੁੱਧ ਸਿੰਘ ਆਪਣੇ ਘਰ ਲੈ ਜਾਣ ਲਈ ਜ਼ੋਰ ਪਾਉਣ ਲੱਗਾ। ਹੁਣ ਮੇਰੀ ਇਕ ਬਾਂਹ ਬੁੱਧ ਸਿੰਘ ਵੱਲ ਤੇ ਦੂਜੀ ਅਵਤਾਰ ਸਿੰਘ ਵੱਲ। ਦੋਵੇਂ ਪੱਕੇ ਮਿੱਤਰ। ਪਿਛਿਉਂ ਅਵਤਾਰ ਸਿੰਘ ਦੇ ਘਰ ਜਾਣ ਦਾ ਵਾਅਦਾ ਕਰਕੇ ਆਏ ਹੋਣ ਕਾਰਨ ਸਪਰਿੰਗਫੀਲਡ ਜਾਣ ਦਾ ਪੱਲੜਾ ਭਾਰੀ ਹੋ ਗਿਆ। ਅਗਲੀ ਵਾਰ ਬੁੱਧ ਸਿੰਘ ਦੇ ਘਰ ਜਾਣ ਦਾ ਵਾਅਦਾ ਕਰਕੇ ਮੈਂ, ਮੇਰੇ ਦੋਵੇਂ ਬੇਟੇ, ਅਸ਼ੋਕ ਭੌਰਾ ਤੇ ਮੱਖਣ ਲੋਹਾਰ ਸਪਰਿੰਗਫੀਲਡ ਜਾਣ ਲਈ ਅਵਤਾਰ ਸਿੰਘ ਦੀ ਗੱਡੀ 'ਚ ਜਾ ਬੈਠੇ।

ਅਵਤਾਰ ਸਿੰਘ ਦੇ ਘਰ ਪਹੁੰਚਦਿਆਂ ਘੁਸਮੁਸਾ ਜਿਹਾ ਹੋ ਗਿਆ ਸੀ। ਕੁੱਲੂ-ਮਨਾਲੀ ਵਾਂਗ ਹੀ ਪਹਾੜੀ ਨਾਲ ਲੱਗਦਾ ਉਹਦਾ ਘਰ ਹੈ। ਸੰਘਣੇ ਦਰਖਤ, ਹਰੀਆਂ-ਭਰੀਆਂ ਪਹਾੜੀਆਂ ਵਿਚ ਘੁੰਮਦੇ ਹਿਰਨ, ਮੋਰ, ਕਬੂਤਰ ਤੇ ਹੋਰ ਜਾਨਵਰ ਆਮ ਦਿਸਦੇ ਹਨ। ਮਹਿਲ ਵਰਗਾ ਖੁੱਲ੍ਹਾ-ਡੁੱਲ੍ਹਾ ਵਧੀਆ ਘਰ। ਸਾਡੇ ਜਾਣ ਨਾਲ ਉਹਨੂੰ ਚਾਅ ਜਿਹਾ ਚੜ੍ਹਿਆ ਹੋਇਆ ਸੀ।

ਦੂਜੇ ਦਿਨ ਸਵੱਖਤੇ ਉਠਦਿਆਂ ਨਾਲ ਲੱਗਦੀ ਉਹੀ ਉਚੀ ਪਹਾੜੀ 'ਚ ਫਿਰ ਉਹੀ ਹਿਰਨ, ਘੁੱਗੀਆਂ, ਕਬੂਤਰ, ਮੋਰ ਤੇ ਹੋਰ ਜਾਨਵਰ ਘੁੰਮਦੇ ਚੁਗਦੇ ਨਜ਼ਰੀਂ ਪਏ। ਵੇਖਣ ਦਾ ਵਾਹਵਾ ਵੱਖਰਾ ਅਨੰਦ ਸੀ। ਚਾਹ-ਪਾਣੀ ਪੀਣ ਤੋਂ ਬਾਅਦ ਤਿਆਰ ਹੋ ਕੇ ਨਾਲ ਲੱਗਦੇ ਡੇਅਟਨ ਸ਼ਹਿਰ 'ਚ ਹਵਾਈ ਜਹਾਜ਼ ਦੇ ਖੋਜਕਾਰ ਔਰਵਿਲ ਤੇ ਵਿਲਵਰ ਰਾਈਟ ਭਰਾਵਾਂ ਦੀ ਜਗ੍ਹਾ ਵੇਖਣ ਚੱਲ ਪਏ। ਅੱਧੇ-ਪੌਣੇ ਘੰਟੇ 'ਚ ਉਥੇ ਜਾ ਪਹੁੰਚੇ। ਰਾਈਟ ਭਰਾ ਸਾਈਕਲਾਂ ਦੀ ਰਿਪੇਅਰ ਤੇ ਪੈਂਚਰ ਲਾਉਣ ਦਾ ਕੰਮ ਕਰਦੇ ਸਨ। ਉਹ ਅਸਮਾਨ ਵਿਚ ਉਡਦੇ ਪੰਛੀਆਂ ਵੱਲ ਵੇਖਦੇ। ਹਵਾ 'ਚ ਉਡਦੇ ਪਤੰਗਾਂ ਵੱਲ ਵੇਖਦੇ ਤੇ ਸੋਚਦੇ। ਜਦੋਂ ਏਹ ਹੋ ਸਕਦੇ ਤਾਂ ਬੰਦਾ ਕਿਉਂ ਨਹੀਂ ਹਵਾ 'ਚ ਉਡ ਸਕਦਾ? ਉਚੀ ਪਹਾੜੀ ਤੋਂ ਖੜ੍ਹ ਕੇ ਉਹ ਥੱਲੇ ਲੋਹੇ ਦੀ ਚਾਦਰ ਰੱਖ ਕੇ ਪਤੰਗ ਵਾਂਗ ਉਡਦੇ। ਪੰਛੀਆਂ ਵਾਂਗ ਉਡਣ ਦੀ ਕੋਸ਼ਿਸ਼ ਕਰਦੇ। ਹੌਲੀ ਹੌਲੀ ਕਾਮਯਾਬੀ ਹੋਣੀ ਸ਼ੁਰੂ ਹੋ ਗਈ। ਆਖਰਕਾਰ ਸਫਲ ਹੋ ਹੀ ਗਏ। ਹੁਣ ਦੁਨੀਆਂ ਬਿਲਕੁਲ ਛੋਟੀ ਹੋ ਗਈ ਐ। ਮਹੀਨਿਆਂ ਦਾ ਸਫਰ ਦਿਨਾਂ 'ਚ, ਦਿਨਾਂ ਦਾ ਘੰਟਿਆਂ 'ਚ ਤੇ ਘੰਟਿਆਂ ਦਾ ਮਿੰਟਾਂ 'ਚ ਹੋ ਗਿਆ ਹੈ। ਉਹੀ ਛੋਟਾ ਜਿਹਾ ਡੇਅਟਨ ਸ਼ਹਿਰ ਅੱਜ ਦੁਨੀਆਂ ਦੇ ਨਕਸ਼ੇ 'ਤੇ ਹੈ। ਸੈਲਾਨੀਆਂ ਦੀ ਸੈਰਗਾਹ ਬਣਿਆ ਹੋਇਐ। ਬੇਸ਼ੁਮਾਰ ਸੈਲਾਨੀ ਉਸ ਸ਼ਹਿਰ ਨੂੰ ਵੇਖਣ ਆਉਂਦੇ ਨੇ। ਰਾਈਟ ਭਰਾਵਾਂ ਦੀਆਂ ਨਿਸ਼ਾਨੀਆਂ ਸਾਂਭ ਕੇ ਰੱਖੀਆਂ ਹੋਈਆਂ ਨੇ। ਅੰਦਰ ਵੜਦਿਆਂ ਨੂੰ ਉਨ੍ਹਾਂ ਵਲੋਂ ਤਿਆਰ ਕੀਤਾ ਪਹਿਲਾ ਹਵਾਈ ਜਹਾਜ਼ ਸੈਲਾਨੀਆਂ ਦੇ ਵੇਖਣ ਵਾਸਤੇ ਸਾਂਭਿਆ ਹੋਇਐ। ਹੋਰ ਬੜੀਆਂ ਚੀਜ਼ਾਂ ਵੇਖਣਯੋਗ ਸਨ। ਕਈ ਘੰਟੇ ਉਥੇ ਰਹੇ। ਅਵਤਾਰ ਸਿੰਘ ਨੇ ਸਾਨੂੰ ਔਰਵਿਲ ਤੇ ਵਿਲਵਰ ਭਰਾਵਾਂ ਦੀਆਂ ਕਿਤਾਬਾਂ ਤੋਹਫੇ ਵਜੋਂ ਭੇਟ ਕੀਤੀਆਂ।

ਉਧਰੋਂ ਘੁੰਮ ਫਿਰ ਕੇ ਆਏ ਤਾਂ ਸ਼ਾਮ ਨੂੰ ਨਿੰਮਾ ਡੱਲੇ ਵਾਲਾ ਤੇ ਉਹਦੇ ਘਰ ਵਾਲੀ ਅਵਤਾਰ ਸਿੰਘ ਦੇ ਘਰ ਆ ਪਹੁੰਚੇ। ਰਾਤ ਨੂੰ ਫਿਰ ਮਹਿਫਿਲ ਸਜ ਗਈ। ਮੱਖਣ ਲੋਹਾਰ ਨੇ ਆਪਣੇ ਕੁਝ ਪ੍ਰਸਿੱਧ ਗੀਤਾਂ ਦੀ ਸਾਂਝ ਪਾਈ। ਅਸ਼ੋਕ ਭੌਰੇ ਨੇ ਕੁਝ ਹਾਸਰਸ ਗੱਲਾਂ ਸੁਣਾਈਆਂ ਤੇ ਨਿੰਮੇ ਨੇ ਆਪਣੇ ਲਿਖੇ ਗੀਤ ਪੇਸ਼ ਕੀਤੇ। ਅਵਤਾਰ ਸਿੰਘ ਨੇ ਵੀ ਕੁਝ ਸੁਣਾ ਕੇ ਆਪਣੀ ਹਾਜ਼ਰੀ ਲੁਆਈ। ਉਹ ਗੀਤਕਾਰਾਂ, ਕਲਾਕਾਰਾਂ, ਸਾਹਿਤਕਾਰਾਂ, ਖੇਡ ਲੇਖਕਾਂ, ਖਿਡਾਰੀਆਂ ਤੇ ਪਹਿਲਵਾਨਾਂ ਦਾ ਬੜਾ ਕਦਰਦਾਨ ਹੈ। ਪਹਿਲਵਾਨਾਂ ਦੀ ਗੱਲ ਕਰਦੇ ਕਰਦੇ ਪਹਿਲਵਾਨ ਬੁੱਧ ਸਿੰਘ ਨੂੰ ਯਾਦ ਕੀਤਾ। ਭਾਰਤ ਦੇ ਤਕੜੇ ਮੱਲਾਂ ਵਿਚੋਂ ਹੋਣ ਕਰਕੇ ਬੁੱਧ ਸਿੰਘ ਬਾਰੇ ਅਖਬਾਰਾਂ ਵਿਚ ਬੜਾ ਕੁਝ ਪੜ੍ਹਿਆ ਹੋਇਆ ਸੀ ਤੇ ਲੋਕਾਂ ਕੋਲੋਂ ਉਸ ਬਾਰੇ ਬੜਾ ਕੁਝ ਸੁਣਿਆ ਹੋਇਆ ਸੀ। ਉਸ ਨੂੰ ਮਿਲਣ ਦੀ ਖਾਹਿਸ਼ ਸੀ। ਫਿਰ 2017 'ਚ ਬੁੱਧ ਸਿੰਘ ਨੂੰ ਉਸ ਦੇ ਘਰ ਮਿਲ ਕੇ ਖਾਹਿਸ਼ ਪੂਰੀ ਕੀਤੀ। ਬੌਬ ਖਹਿਰੇ ਨੂੰ ਮਿਲਣ ਗਿਆ ਸਾਂ। ਬੁੱਧ ਸਿੰਘ ਦੇ ਸ਼ਹਿਰ ਵਿਚੀਂ ਹੋ ਕੇ ਉਸ ਨੂੰ ਨਾਲ ਲੈ ਕੇ ਅਵਤਾਰ ਸਿੰਘ ਦੇ ਘਰ ਰਾਤ ਜਾ ਠਹਿਰੇ। ਬੜਾ ਚਾਅ ਕੀਤਾ ਸਾਰੇ ਪਰਿਵਾਰ ਨੇ। ਸਾਥੋਂ ਇਕ ਸਾਲ ਪਹਿਲਾਂ ਉਸੇ ਘਰ ਵਿਚ ਪ੍ਰਿੰਸੀਪਲ ਸਰਵਣ ਸਿੰਘ ਵੀ ਜਾ ਆਏ ਹਨ। ਪ੍ਰਿੰਸੀਪਲ ਸਾਹਿਬ ਦੀ ਲੇਖਣੀ ਦੀਆਂ ਗੱਲਾਂ ਹੋਈਆਂ।

ਮੈਮੋਰੀਅਲ ਡੇਅ ਪ੍ਰੇਡ, 4 ਜੁਲਾਈ (ਅਮਰੀਕਾ ਦੀ ਆਜ਼ਾਦੀ ਦਾ ਦਿਨ), ਗੋਰਿਆਂ ਦਾ ਕਲਚਰ ਫੈਸਟੀਵਲ, ਸਿੱਖਾਂ ਦੀ ਵਿਸਾਖੀ ਪ੍ਰੇਡ ਜਾਂ ਹੋਰ ਕੋਈ ਪ੍ਰੋਗਰਾਮ ਹੋਵੇ-ਉਹ ਹਮੇਸ਼ਾ ਮੂਹਰੇ ਹੋ ਕੇ ਮੋਰਚਾ ਜਾ ਸਾਂਭਦੈ। ਪਹਿਲਾਂ ਉਹ ਕਿਰਾਏ ਦੇ ਟਰੱਕਾਂ 'ਤੇ ਫਲੋਟ ਲੈ ਕੇ ਜਾਂਦਾ ਰਿਹੈ। ਫਿਰ ਵੱਡੀ ਵੈਨ ਖਰੀਦੀ। ਹੁਣ ਆਪਣਾ ਵੱਡਾ ਟਰੇਲਰ ਖਰੀਦ ਲਿਐ, ਕਿਉਂਕਿ ਸਰਦਾਰ ਵੇਖ ਕੇ ਕਿਰਾਏ ਦੇ ਟਰੱਕਾਂ ਵਾਲੇ ਬਹਾਨੇ ਜਿਹੇ ਬਣਾਉਣ ਲੱਗ ਪੈਂਦੇ ਸਨ। ਉਸ ਟਰੇਲਰ ਨੂੰ ਡਿਜ਼ਾਇਨ ਕਰਕੇ ਸਿੱਖ ਧਰਮ ਦਾ ਵਧੀਆ ਫਲੋਟ ਬਣਾਇਆ ਹੋਇਐ। ਸਾਈਨ-ਸਲੋਗਨ ਲਾ ਕੇ ਹੁਣ ਛੇਆਂ-ਸੱਤਾਂ ਸਾਲਾਂ ਤੋਂ ਆਲੇ-ਦੁਆਲੇ ਦੇ ਸ਼ਹਿਰਾਂ 'ਚ ਉਸੇ ਟਰੇਲਰ 'ਚ ਆਪਣਾ ਪਰਿਵਾਰ ਲੈ ਕੇ ਸ਼ਾਮਲ ਹੁੰਦੈ। ਸ਼ਹਿਰ ਦੇ ਵੱਡੇ ਕਲਚਰ ਫੈਸਟੀਵਲਾਂ ਵਿਚ ਮੁਸਲਮਾਨਾਂ, ਯਹੂਦੀਆਂ, ਕ੍ਰਿਸ਼ਚਨਾਂ ਅਤੇ ਹੋਰ ਧਰਮਾਂ ਦੇ ਵੱਖੋ ਵੱਖ ਬੂਥ ਹੁੰਦੇ ਹਨ, ਪਰ ਉਨ੍ਹਾਂ ਸਭਨਾਂ ਵਿਚੋਂ ਸਿੱਖਾਂ ਦਾ ਬੂਥ ਵੱਧ ਖਿਚ ਦਾ ਕੇਂਦਰ ਹੁੰਦੈ। ਸਿੱਖ ਧਰਮ ਬਾਰੇ ਲਿਟਰੇਚਰ ਵੰਡਿਆ ਜਾਂਦੈ। ਉਹਦੇ ਬੱਚੇ ਆਪਣਾ ਢੋਲ, ਹਾਰਮੋਨੀਅਮ ਲੈ ਜਾਂਦੇ ਹਨ। ਖਾਣ-ਪੀਣ ਦਾ ਸਾਮਾਨ ਹੁੰਦੈ। ਪੰਜਾਬਣਾਂ ਦੇ ਗਿੱਧੇ ਦੀਆਂ ਧਮਾਲਾਂ ਪੈਂਦੀਆਂ ਨੇ। ਨਿਵੇਕਲੀ ਕਿਸਮ ਦੀ ਦਿਲਚਸਪ ਆਈਟਮ ਕਰਕੇ ਗੋਰੇ ਖੜ੍ਹ ਖੜ੍ਹ ਗਿੱਧਾ ਵੇਖਦੇ ਹਨ। ਗਿੱਧੇ ਵਿਚੋਂ ਇਕ ਵਾਰ ਉਹ ਇਨਾਮ ਵੀ ਪ੍ਰਾਪਤ ਕਰ ਚੁਕੇ ਹਨ।

ਆਲੇ-ਦੁਆਲੇ ਦੇ ਕਬੱਡੀ ਟੂਰਨਾਮੈਂਟ, ਸਭਿਆਚਾਰਕ ਮੇਲੇ, ਗੋਰਿਆਂ ਜਾਂ ਪੰਜਾਬੀਆਂ ਦੇ ਕਲਚਰਲ ਪ੍ਰੋਗਰਾਮਾਂ ਤੇ ਖੇਡ ਮੇਲਿਆਂ 'ਚ ਵੱਧ ਚੜ੍ਹ ਕੇ ਹਿੱਸਾ ਪਾਉਂਦੈ। ਸਿਰ ਭਾਰ ਖੜ੍ਹਨੇ ਦਾ ਉਹਦਾ ਰਿਕਾਰਡ ਹੈ। ਉਹ ਪੰਜਾਬ ਦੇ ਸਕੂਲਾਂ ਤੋਂ ਖੇਡਦਾ ਆਇਐ। ਲੋਹਾਰਾਂ ਪਿੰਡ ਤੋਂ ਮੁਢਲੀ ਪੜ੍ਹਾਈ ਕਰਨ ਉਪਰੰਤ ਲੁਧਿਆਣੇ ਤੋਂ ਹਾਇਰ ਸੈਕੰਡਰੀ ਕੀਤੀ। ਤੇਤੀ ਕਿਲੋਗ੍ਰਾਮ ਦਾ ਕਬੱਡੀ ਦਾ ਤਕੜਾ ਖਿਡਾਰੀ ਅਤੇ ਜ਼ਿਲਾ ਲੈਵਲ ਦਾ ਹਾਕੀ



ਪਰਿਵਾਰ ਸਮੇਤ ਅਵਤਾਰ ਸਿੰਘ ਕਲਚਰ ਫੈਸਟੀਵਲ ਵਿਚ

ਖਿਡਾਰੀ ਬਣਿਆ। 200 ਮੀਟਰ, 400 ਮੀਟਰ ਪਹਿਲੀਆਂ ਪੁਜੀਸ਼ਨਾਂ 'ਚ ਦੌੜਾਂ ਲਾਈਆਂ। ਰੁਮਾਲ, ਬੁਨੈਣਾਂ, ਪਲਾਸਟਿਕ ਦੇ ਰੋਟੀ ਵਾਲੇ ਡੱਬੇ ਬਗੈਰਾ ਇਨਾਮ ਵਿਚ ਮਿਲੇ। ਚੰਗਾ ਖਿਡਾਰੀ ਹੋਣ ਕਰਕੇ ਡੀ. ਸੀ. ਤੋਂ ਇਕ ਵਾਰ ਇਨਾਮ ਵੀ ਪ੍ਰਾਪਤ ਕੀਤਾ। ਖੇਡਾਂ ਦੇ ਨਾਲ ਨਾਲ ਪੜ੍ਹਾਈ ਵੀ ਪਹਿਲੇ ਨੰਬਰਾਂ 'ਤੇ ਪਾਸ ਕਰਦਾ। ਪਿਤਾ ਦਾ ਵੱਡੇ ਪੱਧਰ 'ਤੇ ਠੇਕੇਦਾਰੀ ਦਾ ਕਾਰੋਬਾਰ ਸੀ। ਚੰਗੇ ਖਾਂਦੇ-ਪੀਂਦੇ ਘਰ ਦਾ ਪੁੱਤ ਸੀ। ਤਿੰਨ ਭਰਾ ਸਨ। ਇਕ ਭਰਾ ਪੂਰਾ ਹੋ ਗਿਆ ਸੀ ਤੇ ਤੀਜੇ ਭਰਾ ਗੁਰਚਰਨ ਸਿੰਘ ਦਾ ਲੁਧਿਆਣੇ ਕਾਰੋਬਾਰ ਹੈ। ਅਵਤਾਰ ਸਿੰਘ ਨੂੰ ਪਿਆਰ ਨਾਲ ਸਾਰੇ 'ਬੱਬੂ' ਨਾਂ ਨਾਲ ਪੁਕਾਰਦੇ ਹਨ।

ਪਿਤਾ ਸ. ਸੇਵਾ ਸਿੰਘ ਤੇ ਮਾਤਾ ਸਰਦਾਰਨੀ ਹਰਜੀਤ ਕੌਰ ਦਾ ਲਾਡਲਾ ਪੁੱਤ ਅਵਤਾਰ ਸਿੰਘ ਬੱਬੂ ਹਰ ਇਕ ਦੀ ਮਦਦ ਲਈ ਜਾ ਖੜ੍ਹਦੈ। ਉਹ ਰਹਿੰਦਾ ਭਾਵੇਂ ਕਿਤੇ ਹੋਵੇ, ਪਰ ਦਿਲ ਹਮੇਸ਼ਾ ਪਿੰਡ ਵਿਚ ਰਹਿੰਦੈ। ਪਿੰਡ ਦੇ ਵਿਕਾਸ ਕੰਮਾਂ, ਗੁਰੂ-ਘਰਾਂ ਜਾਂ ਪਿੰਡ ਦੀਆਂ ਖੇਡਾਂ ਵਿਚ ਯੋਗਦਾਨ ਜ਼ਰੂਰ ਪਾਉਂਦੈ। ਪਿੰਡ ਦੇ ਚੌਕੀਦਾਰ ਬਾਵਾ ਸਿੰਘ ਬਾਜ਼ੀਗਰ ਨੂੰ ਕਦੇ ਨਹੀਂ ਭੁੱਲਦਾ। ਬਾਵਾ ਸਿੰਘ ਬਾਜ਼ੀਗਰ ਸਰੀਰ ਪੱਖੋਂ ਬੜਾ ਤਕੜਾ ਸੀ। ਉਚੀ ਛਾਲ ਦਾ ਬੜਾ ਮਾਹਰ ਸੀ। ਉਹਦੇ ਘਰ ਦੇ ਹਾਲਾਤ ਮਾੜੇ ਸਨ, ਜੇ ਚੰਗੇ ਹੁੰਦੇ ਤਾਂ ਉਚੀ ਛਾਲ ਦਾ ਉਲੰਪਿਕਸ ਵਿਚੋਂ ਆਸਾਨੀ ਨਾਲ ਮੈਡਲ ਜਿੱਤ ਸਕਦਾ ਸੀ। ਦੋ ਮੰਜਿਆਂ ਨੂੰ ਜੋੜ ਕੇ ਉਹ ਉਚੀਆਂ ਉਚੀਆਂ ਛਾਲਾਂ ਮਾਰ ਜਾਂਦਾ ਸੀ। ਉਸ ਨੇ ਹੀ ਅਵਤਾਰ

(ਬਾਕੀ ਅਗਲੇ ਸਫੇ 'ਤੇ)

# ਵੀਰ ਅਮੋਲਕ ਨਾਲ ਯਾਦਾਂ ਦੀ ਸਾਂਝ

ਜਦ ਤੋਂ ਮੈਨੂੰ ਵੀਰ ਅਮੋਲਕ ਮਿਲਿਆ, ਮੇਰੀ ਤਾਂ ਜਿਵੇਂ ਦੁਨੀਆਂ ਹੀ ਬਦਲ ਗਈ। ਉਹ ਇਨਸਾਨ ਕਮਾਲ ਦੀ ਸੋਚ ਅਤੇ ਸੁਘੜਤਾ ਦਾ ਮਾਲਕ ਸੀ, ਉਹਦੀ ਹਰ ਗੱਲ ਵਿਚ ਆਪਣਾਪਨ ਕੁੱਟ ਕੁੱਟ ਕੇ ਭਰਿਆ ਹੁੰਦਾ ਸੀ। ਉਹਦੇ ਕੋਲ ਕੋਈ ਕ੍ਰਿਸ਼ਮਈ ਜਾਦੂ ਹੀ ਸੀ, ਜੋ ਸਭ ਨੂੰ ਆਪਣਾ ਬਣਾਉਣ ਦੀ ਮੁਹਾਰਤ ਰੱਖਦਾ ਸੀ।

ਬਹੁਤ ਸਾਲ ਪਹਿਲਾਂ 'ਪੰਜਾਬ ਟਾਈਮਜ਼' ਵਿਚ ਇਕ ਲੇਖ ਪੜ੍ਹਨ ਨੂੰ ਮਿਲਿਆ, ਸ਼ਾਇਦ ਉਸ ਦਿਨ ਕੁਦਰਤ ਮਿਹਰਬਾਨ ਸੀ। ਮੈਂ ਲੇਖ ਪੜ੍ਹਦਿਆਂ ਹੀ ਫੋਨ ਲਾ ਲਿਆ। ਮੈਂ ਕੁਝ ਹੋਰ ਪੁੱਛਣ ਲਈ ਉਤਾਵਲੀ ਸਾਂ, ਪਰ ਕਾਦਰ ਮੈਨੂੰ ਉਹ ਕੁਝ ਦੇ ਰਿਹਾ ਸੀ, ਜਿਸ ਦਾ ਮੈਂ ਕਦੀ ਸੁਪਨਾ ਵੀ ਨਹੀਂ ਸੀ ਲਿਆ ਹੋਇਆ। ਸਤਿ ਸ੍ਰੀ ਅਕਾਲ ਮਗਰੋਂ ਪੁਛਿਆ, ਕੀ ਮੈਂ ਸੰਪਾਦਕ ਸਾਹਿਬ ਨਾਲ ਗੱਲ ਕਰ ਸਕਦੀ ਹਾਂ? ਤਾਂ ਕਹਿਣ ਲੱਗੇ, ਭੈਣ ਜੀ ਤੁਸੀਂ ਸੰਪਾਦਕ ਨਾਲ ਹੀ ਗੱਲ ਕਰ ਰਹੇ ਹੋ।



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਮੈਂ ਇਕ ਪਲ ਰੁਕੀ ਤੇ ਕਿਹਾ, ਇਹ ਲੇਖ ਜੋ ਮੈਂ ਪੜ੍ਹਿਆ ਹੈ, ਕੀ ਇਹ ਹਕੀਕਤ ਹੈ ਜਾਂ ਕਹਾਣੀ ਹੈ? ਕਹਿਣ ਲੱਗੇ, ਜੀ ਇਹ ਓਨਾ ਹੀ ਸੱਚ ਹੈ, ਜਿੰਨਾ ਕਿ ਤੁਸੀਂ ਮੇਰੇ ਨਾਲ ਗੱਲ ਕਰ ਰਹੇ ਹੋ। ਮੈਂ ਇਹ ਤਲਖ ਹਕੀਕਤ ਸੁਣ ਕੇ ਦਹਿਲ ਗਈ ਕਿ ਕੀ ਏਵੇਂ ਵੀ ਹੋ ਸਕਦਾ ਹੈ! ਪਰ ਗੱਲ ਮੁੱਕੀ ਨਹੀਂ, ਗੱਲ ਤਾਂ ਅਜੇ ਸ਼ੁਰੂ ਹੋਈ ਸੀ।

ਸਤਿਕਾਰ ਨਾਲ ਪੁੱਛਿਆ, ਕੀ ਕਰਦੇ ਹੋ? ਮੈਂ ਕਿਹਾ, ਜੀ ਕੀਰਤਨ ਕਰਦੇ ਹਾਂ, ਅਤੇ ਸਤਿਗੁਰੂ ਪਿਤਾ ਜੀ ਨੇ ਮਿਹਰਾਂ ਕਰਕੇ ਸਿੱਖ ਕੌਮ ਦੀ ਪਹਿਲੀ ਔਰਤ ਗ੍ਰੰਥੀ ਹੋਣ ਦਾ ਸੁਭਾਗ ਵੀ ਮੇਰੀ ਝੋਲੀ ਵਿਚ ਪਾਇਆ ਹੈ। ਉਨ੍ਹਾਂ ਬਹੁਤ ਪਿਆਰ ਸਤਿਕਾਰ ਸਹਿਤ ਮੁਬਾਰਕਬਾਦ ਦਿੱਤੀ। ਵਿਚਾਰਾਂ ਕਰਦੇ-ਕਰਦੇ ਸਮਾਂ ਕਿੰਨਾ ਕੁ ਬੀਤ ਗਿਆ, ਪਤਾ ਨਹੀਂ, ਪਰ ਮੈਨੂੰ ਇੰਜ ਭਾਸ ਰਿਹਾ ਸੀ ਕਿ ਇਹ ਸਾਂਝ ਕੋਈ ਬਹੁਤ ਪੁਰਾਣੀ ਹੈ। ਕਿੰਨੀ ਪੁਰਾਣੀ? ਇਹ ਤਾਂ ਮਾਲਕ ਜਾਣੇ, ਪਰ ਹੈ ਤਾਂ ਸੀ। ਫਿਰ ਪੁੱਛਿਆ, ਹੁਣ ਕਿੱਥੇ ਸੇਵਾ ਨਿਭਾਅ ਰਹੇ ਹੋ? ਉਨ੍ਹੀਂ ਦਿਨੀਂ ਮੈਂ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਚ ਸਤਿਗੁਰੂ ਜੀ ਦੇ ਕੀਰਤਨ ਦੀ ਸੇਵਾ ਨਿਭਾਅ ਰਹੀ ਸਾਂ। ਵਿਚਾਰਾਂ ਕਰਦੇ-ਕਰਦੇ ਗੁਰਬਾਣੀ ਦਾ ਜਦ ਵਾਰ ਵਾਰ ਜ਼ਿਕਰ ਆਇਆ ਤਾਂ ਹੁਕਮ ਹੋਇਆ, ਗੁਰਬਾਣੀ ਸ਼ਬਦ ਦੀ ਵਿਆਖਿਆ ਲਿਖ ਕੇ ਭੇਜ ਦਿਆ ਕਰੋ। ਮੈਂ ਅਗਲੇ ਹਫਤੇ ਸ਼ਬਦ ਭੇਜ ਦਿੱਤਾ ਤਾਂ 'ਗੁਰਬਾਣੀ ਗਿਆਨ' ਦੇ ਸਿਰਲੇਖ ਥੱਲੇ ਇਹ ਸੇਵਾ ਸ਼ੁਰੂ ਹੋ ਗਈ। ਇਹ ਸੀ ਸ. ਅਮੋਲਕ ਸਿੰਘ ਜੰਮੂ ਵੀਰ ਨਾਲ ਮੇਰੇ ਜੀਵਨ ਦੀ ਪਹਿਲੀ ਮੁਲਾਕਾਤ।

ਹੁਣ ਮੈਂ ਪੰਜਾਬ ਟਾਈਮਜ਼ ਯੂ. ਐਸ. ਏ. ਦੇ ਪਰਿਵਾਰ ਦੀ ਮੈਂਬਰ ਬਣ ਚੁਕੀ ਸਾਂ, ਸ਼ਬਦ ਵਿਆਖਿਆ ਦਾ ਸਿਰਲੇਖ 'ਗੁਰਬਾਣੀ ਗਿਆਨ' ਵੀ ਵੀਰ ਅਮੋਲਕ ਨੇ ਆਪ ਥਾਪਿਆ। ਸਾਡੀ ਫੋਨ 'ਤੇ ਵਿਚਾਰ-ਚਰਚਾ ਸ਼ੁਰੂ ਹੋ ਚੁਕੀ ਸੀ। ਇਕ ਦਿਨ ਕਹਿਣ ਲੱਗੇ, ਭੈਣ ਜੀ ਤੁਸੀਂ ਬੁੱਧਵਾਰ ਨੂੰ ਫੋਨ ਕਰਿਆ ਕਰੋ। ਸਾਡਾ ਇਹ ਦਿਨ ਪੱਕਾ ਨੀਅਤ ਹੋ ਗਿਆ ਅਤੇ ਫਿਰ ਸਾਡੀਆਂ ਲੰਮੇਰੀਆਂ ਗੱਲਾਂ ਸ਼ੁਰੂ ਹੋ ਜਾਣੀਆਂ-ਕਦੀ ਪਰਿਵਾਰਕ, ਕਦੀ ਧਾਰਮਿਕ, ਕਦੀ ਸਮਾਜਿਕ ਅਤੇ ਕਦੀ ਰਾਜਨੀਤੀ ਦੀ ਚਰਚਾ। ਵਿਚਾਰਾਂ ਵਿਚ ਹੀ ਵੀਰ ਜਾਣ ਚੁਕਾ ਸੀ ਕਿ ਮੇਰੇ ਜੀਵਨ ਵਿਚ ਕੋਈ ਵੀਰ ਜਾਂ ਭੈਣ ਨਹੀਂ ਹੈ, ਮੈਂ ਇਕੱਲੀ ਹਾਂ ਤਾਂ ਮੇਰੇ ਵੀਰ ਨੇ ਮੈਨੂੰ ਆਪਣੇ ਪਰਿਵਾਰ ਵਿਚ ਵੀ ਸ਼ਾਮਲ ਕਰ ਲਿਆ। ਇੰਜ ਅਸੀਂ ਇਕ ਪਰਿਵਾਰ ਬਣ ਗਏ। ਗੁਰਬਾਣੀ ਸ਼ਬਦ ਵਿਆਖਿਆ ਦੇ ਨਾਲ ਨਾਲ ਵਰਤਮਾਨ ਸਮੇਂ 'ਤੇ ਵੀ ਮੈਂ ਜੀਅ ਭਰ ਕੇ ਲਿਖਿਆ, ਜਿਸ ਵਿਚ ਮੇਰੇ ਲਿਖੇ ਲੇਖ, ਗੀਤ, ਗਜ਼ਲਾਂ ਅਤੇ ਰੁਬਾਈਆਂ ਸ਼ਾਮਲ ਰਹੇ। ਪੰਜਾਬ ਟਾਈਮਜ਼ ਵਿਚ ਲਿਖਣ ਤੋਂ ਪਹਿਲਾਂ ਮੈਂ ਬੀਬੀ ਸੁਰਜੀਤ ਕੌਰ ਸਾਂ, ਮੇਰੇ ਵੀਰ ਅਮੋਲਕ ਨੇ ਮੇਰੇ ਨਾਮ ਨਾਲ 'ਸੈਕਰਾਮੈਂਟੋ' ਤਖੱਲਸ ਲਾ ਕੇ ਮੈਨੂੰ 'ਬੀਬੀ ਸੁਰਜੀਤ ਕੌਰ ਸੈਕਰਾਮੈਂਟੋ' ਬਣਾ ਦਿੱਤਾ।



ਸਵਰਗੀ ਅਮੋਲਕ ਸਿੰਘ ਜੰਮੂ

ਮੈਂ ਆਪਣੇ ਵੀਰ ਅਤੇ 'ਪੰਜਾਬ ਟਾਈਮਜ਼' ਦੀ ਸਦੀਵ ਰਿਣੀ ਰਹਾਂਗੀ, ਜਿਨ੍ਹਾਂ ਨੇ ਮੇਰੀਆਂ ਲਿਖਤਾਂ ਨੂੰ ਪਾਠਕਾਂ ਤੱਕ ਪਹੁੰਚਾ ਕੇ ਮੈਨੂੰ ਇਕ ਨਵੀਂ ਪਛਾਣ ਦਿੱਤੀ। ਮੈਨੂੰ ਯਾਦ ਹੈ ਕਿ ਪਾਠਕਾਂ ਵਲੋਂ ਜੋ ਪਿਆਰ ਤੇ ਸਤਿਕਾਰ ਮੈਨੂੰ ਮਿਲਿਆ, ਉਹ ਬਿਆਨ ਕਰਨਾ ਅਤਿ ਕਠਿਨ ਹੈ। ਪਾਠਕਾਂ ਵਲੋਂ ਅਣਗਿਣਤ ਫੋਨ ਆਉਣੇ, ਮੈਂ ਝੂਮਦੀ ਫਿਰਨਾ। ਫਿਰ ਸਤਿਗੁਰੂ ਜੀ ਦੇ ਸ਼ੁਕਰਾਨੇ ਕਰਨੇ, ਆਪਣੇ ਵੀਰ ਤੇ 'ਪੰਜਾਬ ਟਾਈਮਜ਼' ਦੀਆਂ ਸੁੱਖਾਂ ਮੰਗਣੀਆਂ।

ਹੁਣ ਅਸੀਂ ਆਪਣੇ ਸਾਰੇ ਪਰਿਵਾਰਕ ਮਸਲੇ ਵੀ ਖੁੱਲ੍ਹ ਕੇ ਸਾਂਝੇ ਕਰਦੇ ਸਾਂ। ਮੈਂ ਸਤਿਗੁਰੂ ਦੇ ਸ਼ੁਕਰਾਨੇ ਕਰਦੀ ਥੱਕਦੀ ਨਹੀਂ ਸਾਂ, ਮੇਰੇ ਜੀਵਨ ਦੀ ਵੱਡੀ ਘਾਟ ਪੂਰੀ ਹੋ ਚੁਕੀ ਸੀ।

ਮੇਰਾ ਵੀਰ, ਜੋ ਮੇਰੇ ਕੋਲ ਸੀ, ਸਾਡਾ ਅਟੁੱਟ ਰਿਸ਼ਤਾ ਬਣ ਚੁਕਾ ਸੀ। ਅਸੀਂ ਭੈਣ-ਭਰਾ ਨੇ ਘੰਟਿਆਂ ਬੱਧੀ ਗੱਲਾਂ ਕਰਨੀਆਂ ਅਤੇ ਜਸਪ੍ਰੀਤ ਭਾਬੀ ਜੀ ਨੇ ਕੋਲ ਬੈਠੇ ਹੱਸਣਾ। ਵੀਰ ਨੂੰ ਜਿਸ ਨਾ-ਮੁਰਾਦ ਬੀਮਾਰੀ ਨੇ ਘੇਰਿਆ ਹੋਇਆ ਸੀ, ਉਹ ਬੜੀ ਤਾਕਤਵਰ ਸੀ, ਪਰ ਅਮੋਲਕ ਵੀਰ ਤਾਂ ਉਸ ਨੂੰ ਟਿੱਚ ਨਹੀਂ ਸੀ ਜਾਣਦਾ।

ਜਦ ਵੀ ਮੈਂ ਜ਼ਰਾ ਉਦਾਸ ਹੋ ਕੇ ਕੁਝ ਕਹਿਣਾ ਤਾਂ ਬੜੇ ਜਜ਼ਬੇ ਨਾਲ ਕਹਿਣਾ, ਮੇਰੀ ਭੈਣ ਭਲਾ ਕਮਜ਼ੋਰ ਕਿਵੇਂ ਹੋ ਸਕਦੀ ਹੈ, ਚਲੋ ਗੁਰਬਾਣੀ ਦੀ ਕੋਈ ਗੱਲ ਸੁਣਾਓ।

ਵੀਰ ਅਮੋਲਕ ਤਾਂ ਵੱਡਮੁਲਾ ਅਨਮੋਲ ਇਨਸਾਨ ਸੀ, ਉਸ ਨੇ ਜ਼ਿੰਦਗੀ ਦੀ ਜੰਗ ਸ਼ੇਰ ਮਰਦਾਂ ਵਾਂਗ ਲੜ ਕੇ ਜਿੱਤ ਹਾਸਿਲ ਕੀਤੀ ਹੈ। ਉਹ ਡਰਿਆ ਜਾਂ ਡੋਲਿਆ ਨਹੀਂ, ਉਹ ਅਣਖ ਅਤੇ ਗੈਰਤ ਨਾਲ ਲਬਾ ਲਬ ਭਰਿਆ ਹੋਇਆ ਦਲੇਰ ਮਰਦ ਸੀ, ਬੀਮਾਰੀ ਨਾਲ ਜੂਝਦਿਆਂ ਅਤੇ ਅਣਗਿਣਤ ਮੁਸ਼ਕਿਲਾਂ ਦਾ ਸਾਹਮਣਾ ਕਰਦਿਆਂ ਵੀ ਉਸ ਨੇ ਆਪਣੇ ਸਵੈ-ਅਭਿਮਾਨ ਨੂੰ ਜੀਅ ਜਾਨ ਨਾਲ ਬਰਕਰਾਰ ਰੱਖਿਆ। 'ਪੰਜਾਬ ਟਾਈਮਜ਼' ਨੂੰ ਵੀਰ ਅਮੋਲਕ ਨੇ ਆਪਣੇ ਜੀਵਨ ਦਾ ਟੀਚਾ ਬਣਾ ਕੇ ਮਨੁੱਖਤਾ ਦੀ ਸੇਵਾ ਕੀਤੀ।

ਮੈਂ ਤਾਂ ਕਹਾਂਗੀ ਉਨ੍ਹਾਂ ਨੇ ਆਪਣੀ ਜ਼ਿੰਦਗੀ ਹੀ 'ਪੰਜਾਬ ਟਾਈਮਜ਼' ਨੂੰ ਸਮਰਪਿਤ ਕੀਤੀ ਹੋਈ ਸੀ, ਅਣਗਿਣਤ ਤਕਲੀਫਾਂ ਵਿਚ ਵੀ 'ਪੰਜਾਬ ਟਾਈਮਜ਼' ਦਾ ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਛਪਣਾ ਕੋਈ ਸੁਖਾਲਾ ਕੰਮ ਨਹੀਂ ਸੀ, ਪਰ ਉਨ੍ਹਾਂ ਨੇ ਕਰ ਕੇ ਦਿਖਾਇਆ। 'ਪੰਜਾਬ ਟਾਈਮਜ਼' ਨੂੰ ਉਹ ਜਿਹੜੀਆਂ ਬੁਲੰਦੀਆਂ 'ਤੇ ਦੇਖਣਾ ਚਾਹੁੰਦੇ ਸੀ, ਉਹ ਵੀ ਦੇਖਿਆ। 'ਪੰਜਾਬ ਟਾਈਮਜ਼' ਨੇ ਇੰਨੀ ਲੋਕਪ੍ਰਿਅਤਾ ਹਾਸਲ ਕੀਤੀ ਕਿ ਇਹ ਅਮਰੀਕਾ ਵਿਚ ਪੰਜਾਬੀ ਦਾ ਸਿਰਮੌਰ ਅਖਬਾਰ ਬਣਿਆ ਅਤੇ ਹਰ ਘਰ ਵਿਚ ਪੜ੍ਹਿਆ ਜਾਣ ਲੱਗਾ।

ਇੱਥੇ ਮੈਂ ਭਾਬੀ ਜਸਪ੍ਰੀਤ ਕੌਰ ਬਾਰੇ ਵੀ ਜ਼ਰੂਰ ਲਿਖਾਂਗੀ। ਜੋ ਵੀਰ ਅਮੋਲਕ ਦੁੱਖਾਂ ਦੇ ਪਹਾੜਾਂ ਨਾਲ ਲੜਦਾ ਰਿਹਾ ਤਾਂ ਜਸਪ੍ਰੀਤ ਦੇ ਸਾਥ, ਸਹਿਯੋਗ ਅਤੇ ਸਮਰਪਣ ਨੂੰ ਵੀ ਮੈਂ ਸਿਰ ਝੁਕਾਉਂਦੀ ਹਾਂ। ਜਸਪ੍ਰੀਤ ਨੇ ਵੀ ਆਪਣਾ ਜੀਵਨ ਆਪਣੇ ਪਤੀ ਦੇ ਪਿਆਰ ਨੂੰ ਸਮਰਪਿਤ ਕੀਤਾ ਹੈ, ਉਸ ਦੀਆਂ ਪੀੜਾਂ ਨੂੰ ਹਰਨ ਲਈ ਹਰ ਲਮ੍ਹਾ, ਹਰ ਪਲ ਉਸ ਦਾ ਸਾਥ ਦਿੱਤਾ ਹੈ। ਅੱਖਾਂ ਵਿਚ ਪੀੜਾ ਦੇ ਹੰਝੂ ਹੋਣ ਦੇ ਬਾਵਜੂਦ ਮੁਸਕਰਾ ਕੇ ਆਪਣਾ ਧਰਮ ਨਿਭਾਇਆ ਹੈ। ਆਖੀਰ ਉਹ ਦਿਨ ਤਾਂ ਆਉਣਾ ਹੀ ਸੀ, ਆ ਗਿਆ। ਉਹ 'ਪੰਜਾਬ ਟਾਈਮਜ਼' ਦਾ ਬਾਨੀ ਅਤੇ ਦਲੇਰ ਮਰਦ ਸੰਸਾਰ ਤੋਂ ਰੁਖਸਤ ਹੋ ਗਿਆ।

ਇਕ ਸੱਚ ਦਾ ਸੂਰਜ ਸਦਾ ਲਈ ਅਲੋਪ ਹੋ ਗਿਆ। ਵੀਰ ਅਮੋਲਕ ਦੇ ਲੱਖਾਂ ਚਾਹੁਣ ਵਾਲੇ ਉਹਨੂੰ ਜਾਂਦਾ ਵੇਖਦੇ ਰਹੇ, ਰੋਂਦੇ ਕੁਰਲਾਉਂਦੇ ਤੇ ਆਵਾਜ਼ਾਂ ਦਿੰਦੇ ਰਹੇ, ਪਰ ਉਹ ਚਲਾ ਗਿਆ, ਉਥੇ, ਜਿੱਥੇ ਜਾ ਕੇ ਕਦੀ ਕੋਈ ਵਾਪਸ ਨਹੀਂ ਆਇਆ। ਮੈਨੂੰ ਪਤਾ ਹੈ ਜਸਪ੍ਰੀਤ ਬਹੁਤ ਉਦਾਸ ਹੈ, ਉਹ ਟੁੱਟ ਚੁਕੀ ਹੈ, ਬਿਖਰ ਚੁਕੀ ਹੈ, ਪਰ ਜਸਪ੍ਰੀਤ ਵੀ ਅਮੋਲਕ ਵੀਰ ਵਾਂਗ ਬਹਾਦਰ ਹੈ, ਉਹ ਹਿੰਮਤ ਹਾਰਨ ਵਾਲੀ ਨਹੀਂ ਹੈ, ਉਹ ਅੱਗੇ ਵਧੇਗੀ ਅਤੇ ਵੀਰ ਦੇ ਲਾਏ ਇਸ ਬੂਟੇ ਨੂੰ ਆਪਣੀ ਮਮਤਾ ਦਾ ਪਾਣੀ ਪਾ ਕੇ ਹਰਿਆ-ਭਰਿਆ ਰੱਖੇਗੀ।

ਵੀਰ ਅਮੋਲਕ ਅਤੇ 'ਪੰਜਾਬ ਟਾਈਮਜ਼' ਦੇ ਚਾਹੁਣ ਵਾਲੇ ਸਦੀਵ ਉਨ੍ਹਾਂ ਦੇ ਨਾਲ ਖੜ੍ਹੇ ਹਨ ਅਤੇ ਖੜ੍ਹੇ ਰਹਿਣਗੇ ਇਹ ਵਾਅਦਾ ਹੈ ਵੀਰ। ਜਦ ਜਸਪ੍ਰੀਤ ਭਾਬੀ ਨੂੰ ਫੋਨ ਕਰਦੀ ਹਾਂ, ਉਨ੍ਹਾਂ ਦੀ ਉਦਾਸ ਆਵਾਜ਼ ਸੁਣਦੀ ਹਾਂ ਤਾਂ ਦਿਲ ਨੂੰ ਹੌਲ ਪੈਂਦੇ ਹਨ। ਭਾਬੀ ਜੀ, ਵੀਰ ਦਾ ਬੈਡ ਉਥੇ ਹੀ ਪਿਆ ਏ? ਤਾਂ ਆਖਦੇ ਹਨ, ਭੈਣ ਜੀ ਮੈਂ ਤੁਹਾਡੇ ਵੀਰ ਦੀ ਕੋਈ ਵੀ ਚੀਜ਼ ਨਹੀਂ ਹਿਲਾਈ, ਸਾਰਾ ਕੁਝ ਜਿਉਂ ਦਾ ਤਿਉਂ ਹੀ ਪਿਆ ਹੈ, ਪਰ ਉਹ ਆਪ ਪਤਾ ਨਹੀਂ ਕਿੱਥੇ ਤੁਰ ਗਏ ਨੇ। ਮੈਂ ਵੀ ਚੁੱਪ ਹੋ ਜਾਂਦੀ ਹਾਂ, ਭਲਾ ਮੈਂ ਕੀ ਦੱਸਾਂ, ਉਹ ਤਾਂ ਕਿਸੇ ਨੂੰ ਵੀ ਪਤਾ ਨਹੀਂ। ਭਾਬੀ ਉਦਾਸ ਹੈ, ਮਨਦੀਪ ਤੇ ਸੰਦੀਪ ਉਦਾਸ ਹਨ, ਵੀਰੇ ਨੂੰ ਪਿਆਰ ਕਰਨ ਵਾਲੇ ਸਾਰੇ ਹੀ ਉਦਾਸ ਹਨ।

ਇਸ ਉਦਾਸੀ ਦੇ ਆਲਮ ਵਿਚ ਵੀ ਮੈਂ ਵੀਰ ਅਮੋਲਕ ਅਤੇ 'ਪੰਜਾਬ ਟਾਈਮਜ਼' ਦੇ ਸਾਰੇ ਹੀ ਚਾਹੁਣ ਵਾਲਿਆਂ ਨੂੰ ਬੇਨਤੀ ਕਰਾਂਗੀ ਕਿ ਹੁਣ ਵਕਤ ਹੈ, ਆਓ ਸਾਰੇ ਮਿਲ ਕੇ ਵੀਰ ਅਮੋਲਕ ਦੇ ਤੇ ਆਪਣੇ 'ਪੰਜਾਬ ਟਾਈਮਜ਼' ਨੂੰ ਲੈ ਕੇ ਅੱਗੇ ਵਧੀਏ ਅਤੇ ਇਸ ਦਾ ਮਾਣ-ਤਾਣ ਬਰਕਰਾਰ ਰੱਖਣ ਵਿਚ ਆਪਣਾ ਸਾਥ ਤੇ ਸਹਿਯੋਗ ਬਣਾਈ ਰੱਖੀਏ।

# ਨਿੱਘਾ ਤੇ ਅਲਬੇਲਾ ਯਾਰ-ਅਵਤਾਰ ਸਿੰਘ ਸਪਰਿੰਗਫੀਲਡ

(ਪਿਛਲੇ ਸਫੇ ਦੀ ਬਾਕੀ)

ਸਿੰਘ ਨੂੰ ਖੇਡਾਂ ਲਈ ਹੱਲਾਸ਼ੇਰੀ ਦਿੱਤੀ ਸੀ। ਪਿੰਡ ਮੌਲੀ ਦੇ ਟੂਰਨਾਮੈਂਟਾਂ ਵਿਚ ਤੇਤੀ ਕਿਲੋਗ੍ਰਾਮ ਭਾਰ ਵਿਚੋਂ ਜਦੋਂ ਅਵਤਾਰ ਸਿੰਘ ਨੇ ਪਹਿਲਾ ਇਨਾਮ ਜਿੱਤਿਆ ਤਾਂ ਕੁਦਰਤੀ ਚੌਕੀਦਾਰ ਬਾਵਾ ਸਿੰਘ ਬਾਜ਼ੀਗਰ ਵੀ ਟੂਰਨਾਮੈਂਟ ਵੇਖਣ ਗਿਆ ਹੋਇਆ ਸੀ। ਮੈਚ ਜਿੱਤਦੇ ਸਾਰ ਹੀ ਉਹ ਗਰਾਊਂਡ ਵਿਚ ਜਾ ਵੜਿਆ ਅਤੇ ਉਹਨੂੰ ਮੋਢਿਆਂ 'ਤੇ ਚੁੱਕ ਕੇ ਗਰਾਊਂਡ ਦਾ ਗੇੜਾ ਕੱਢਿਆ ਤੇ ਮਾਣ ਨਾਲ ਕਹੀ ਜਾਵੇ, 'ਬੱਲੇ ਓ ਜੁਆਨਾਂ, ਪਿੰਡ ਦੀ ਲਾਜ ਰੱਖ ਲਈ।' ਉਹ ਬਾਜ਼ੀਗਰ ਜਿਉਂਦਾ ਤਾਂ ਭਾਵੇਂ ਹੁਣ ਨਹੀਂ ਰਿਹਾ, ਪਰ ਉਹਦੇ ਅਪਾਹਜ ਪੁੱਤ ਦਾ ਅਵਤਾਰ ਸਿੰਘ ਹਰ ਤਰ੍ਹਾਂ ਨਾਲ ਖਿਆਲ ਰੱਖ ਰਿਹੈ।

ਤੇਈ ਸਾਲਾਂ ਦੀ ਉਮਰੇ 1981 'ਚ ਵਿਦੇਸ਼ਾਂ 'ਚ ਸੈਟਲ ਹੋਣ ਦੀ ਖਾਹਿਸ਼ ਨਾਲ ਅਵਤਾਰ ਸਿੰਘ ਭਾਰਤ ਤੋਂ ਤੁਰਕੀ ਇਸਤੰਬੋਲ, ਲੀਬੀਆ ਤੇ ਤਿੰਨ ਸਾਲ ਇੰਗਲੈਂਡ ਰਿਹਾ। ਇੰਗਲੈਂਡ ਰਹਿੰਦੇ ਨੇ ਇਟਲੀ, ਨਾਰਵੇ, ਫਰਾਂਸ, ਹਾਲੈਂਡ, ਜਰਮਨ ਤੇ ਲਾਗੇ ਲਾਗੇ ਯੂਰਪ ਦੇ ਕਈ ਹੋਰ ਮੁਲਕ ਘੁੰਮੇ। ਫਿਰ ਕੈਨੇਡਾ ਦੇ ਸ਼ਹਿਰ ਟੋਰਾਂਟੋ ਆ ਗਿਆ। ਢਾਈ ਕੁ ਸਾਲ ਕੈਨੇਡਾ ਰਹਿ ਕੇ ਵੈਨਕੂਵਰ ਚਲਾ ਗਿਆ। ਵੈਨਕੂਵਰ ਤੋਂ ਸਿਆਟਲ, ਕੈਲੀਫੋਰਨੀਆ, ਮਿਸ਼ੀਗਨ, ਡਿਟਰਾਇਟ ਤੇ ਫਿਰ ਓਹਾਇਓ। ਅੱਧੀ ਦੁਨੀਆਂ ਘੁੰਮ ਕੇ ਪੱਕੇ ਤੌਰ 'ਤੇ ਝੰਡੇ ਹੁਣ ਸਪਰਿੰਗਫੀਲਡ ਗੱਡੇ ਹੋਏ ਨੇ। ਅਰਾਮ ਨਾਲ ਫਿਰ ਵੀ ਨਹੀਂ ਬਹਿੰਦਾ। ਘੁੰਮਣ-ਫਿਰਨ ਦਾ ਸ਼ੌਕੀਨ ਐ। ਅਮਰੀਕਾ ਰਹਿੰਦਾ ਹੋਇਆ ਵੀ ਅਫਰੀਕਾ ਦੇ ਕੀਨੀਆ, ਯੁਗਾਂਡਾ, ਤਨਜਾਨੀਆ, ਨੈਰੋਬੀ ਸ਼ਹਿਰਾਂ 'ਚ ਘੁੰਮ ਆਇਐ।

ਸਪਰਿੰਗਫੀਲਡ ਵਿਚ ਸਿਰਫ ਦੋ ਹੀ ਸਿੱਖ ਪਰਿਵਾਰ ਰਹਿੰਦੇ ਹਨ। ਇਕ ਉਹ ਤੇ ਇਕ ਹੋਰ। ਉਹ 'ਕੱਲਾ ਹੀ ਸਵਾ ਲੱਖ ਹੈ। ਉਹ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਸ਼ਰਧਾਵਾਨ ਹੈ। ਡੇਅਟਨ ਦੇ ਗੁਰੂ ਘਰ ਦੇ ਮੁੱਖ ਸੇਵਾਦਾਰ ਵਜੋਂ ਉਸ ਨੇ ਸੇਵਾ ਸੰਭਾਲੀ ਹੋਈ ਹੈ। ਬਾਬੇ ਨਾਨਕ ਦੀ ਬੜੀ ਕ੍ਰਿਪਾ ਹੈ। ਜ਼ਿੰਦਗੀ 'ਚ ਖੁਸ਼ੀਆਂ ਹੀ ਖੁਸ਼ੀਆਂ ਹਨ। ਉਸ ਸ਼ਹਿਰ 'ਚ ਸੈਟਲ ਹੋਣ ਲਈ ਪਹਿਲਾਂ ਪਹਿਲ ਉਸ ਨੇ ਬੜੀ ਜਦੋ-ਜਹਿਦ ਕੀਤੀ। ਹੁਣ ਉਸ ਦੀ ਪਛਾਣ ਪੂਰਨ ਰੂਪ ਵਿਚ ਬਣ ਚੁਕੀ ਹੈ। ਗੋਰੇ-ਗੋਰੀਆਂ ਉਸ ਦੀ ਬੜੀ ਇੱਜ਼ਤ ਕਰਦੇ ਹਨ। ਉਸ ਸ਼ਹਿਰ ਦਾ ਮੇਅਰ, ਉਥੋਂ ਦੇ ਦੋ ਕਮਿਸ਼ਨਰ, ਪੁਲਿਸ ਅਫਸਰ, ਰਾਜਨੀਤਕ ਲੋਕ ਤੇ ਸ਼ਹਿਰ ਦੀ ਹੋਰ ਕਰੀਮ ਉਸ ਦੇ ਘਰ ਆ ਕੇ ਖਾਣੇ ਦਾ ਲੁਤਫ ਲੈਂਦੇ ਨੇ। ਪੂਰੀ ਟਹਿਲ ਸੇਵਾ ਹੁੰਦੀ ਐ।

ਕਰਨਵੀਰ ਸਿੰਘ ਤੇ ਮਨਪ੍ਰੀਤ ਸਿੰਘ ਦੋ ਬੇਟੇ ਅਤੇ ਰਵਜੋਤ ਕੌਰ ਬੇਟੀ ਤੇ ਪਤਨੀ ਸਰਬਜੀਤ ਕੌਰ ਬੜਾ ਸਾਥ ਦਿੰਦੇ ਨੇ। ਬੱਚੇ ਸਿੱਖੀ-ਸਰੂਪ ਵਿਚ ਨੇ। ਹਾਰਮੋਨੀਅਮ 'ਤੇ ਵਧੀਆ ਕੀਰਤਨ ਕਰ ਲੈਂਦੇ ਨੇ। ਘਰ ਵਿਚ ਸਿੱਖ ਇਤਿਹਾਸ ਦੀਆਂ ਕਿਤਾਬਾਂ ਮੌਜੂਦ ਨੇ। ਪਰਿਵਾਰ ਵੱਲੋਂ ਖੁਸ਼ ਹੈ। ਬੱਚੇ ਪੜ੍ਹਾਈ ਵਿਚ ਵਧੀਆ ਨੇ। ਲਹਿਰਾਂ-ਬਹਿਰਾਂ ਲੱਗੀਆਂ ਹੋਈਆਂ ਨੇ। ਮੋਟਲਾਂ ਦਾ ਆਪਣਾ ਬਿਜਨਸ ਹੈ। ਬੰਦੇ ਕੰਮ ਸੰਭਾਲਦੇ ਨੇ, ਆਪ ਵਿਹਲਿਆਂ ਵਾਂਗ ਰਹਿੰਦੈ। ਯਾਰਾਂ-ਬੇਲੀਆਂ ਦਾ ਪੂਰਾ ਅਦਬ ਸਤਿਕਾਰ ਕਰਦੈ ਤੇ ਆਏ-ਗਏ ਦੀ ਦੱਬ ਕੇ ਆਓ ਭਗਤ ਕਰਦੈ। ਜ਼ਿੰਦਾ-ਦਿਲੀ ਦੀ ਪੂਰੀ ਮਿਸਾਲ ਹੈ।

ਜਾਣ ਵਾਲੇ ਵੇ ਸੋਹਣੇ ਸੱਜਣਾ  
ਯਾਰ ਨੂੰ ਇਕ ਸੁਨੇਹਾ ਲੈ ਜਾਈਂ।  
ਸਮਾਂ ਲੱਗੇ ਤਾਂ ਜਾਂਦਾ ਜਾਂਦਾ  
ਸਪਰਿੰਗਫੀਲਡ ਨੂੰ ਛੇਤੀ ਜਾ ਆਈਂ।  
ਘਰ ਅਵਤਾਰ ਸਿੰਘ ਦੇ ਜਾ ਕੇ ਕਹਿਣਾ  
ਜਾ 'ਇਕਬਾਲ' ਦੇ ਚੱਕਰ ਮਾਰੇ।  
'ਜੱਬੋਵਾਲ' ਹੈ ਚੇਤੇ ਕਰਦਾ  
ਤੱਕ ਲੈ ਜਾ ਕੇ ਨਿਊ ਯਾਰਕ ਦੇ ਨਜ਼ਾਰੇ।



2014 'ਚ ਅਵਤਾਰ ਸਿੰਘ ਦੇ ਘਰ ਸਪਰਿੰਗਫੀਲਡ ਵਿਖੇ (ਸੱਜਿਓਂ ਖੱਬੇ) ਅਵਤਾਰ ਸਿੰਘ ਦੀ ਪਤਨੀ ਸਰਬਜੀਤ ਕੌਰ, ਅਵਤਾਰ ਸਿੰਘ, ਬੇਟੀ ਰਵਜੋਤ ਕੌਰ, ਮੱਖਣ ਲੋਹਾਰ, ਅਸ਼ੋਕ ਭੌਰਾ, ਇਕਬਾਲ ਜੱਬੋਵਾਲੀਆ, ਅਵਤਾਰ ਸਿੰਘ ਦਾ ਬੇਟਾ ਮਨਪ੍ਰੀਤ ਤੇ ਜੱਬੋਵਾਲੀਏ ਦੇ ਬੇਟੇ-ਮਨਜੋਤ ਸਿੰਘ ਤੇ ਨਵਜੋਤ ਸਿੰਘ।

# ਹਿਜਰਤ

ਸੱਤਪਾਲ ਸਿੰਘ ਦਿਓਲ

ਸਤਾਰਾਂ ਸਾਲਾਂ ਦੇ ਇਕਲੌਤੇ ਲੜਕੇ ਨੇ ਆਪਣੇ ਪਿਤਾ ਨੂੰ ਕੈਨੇਡਾ ਜਾਣ ਬਾਰੇ ਕਿਹਾ ਤਾਂ ਮੰਜੇ ਉਪਰ ਪਿਆ ਅਜਮੇਰ ਸਿੰਘ ਇੱਕਦਮ ਤ੍ਰਭਕਿਆ। ਉਹਨੇ ਹਉਕਾ ਜਿਹਾ ਭਰਿਆ, "ਨਾ ਮੇਰਾ ਪੁੱਤ, ਆਪਣੇ ਕੋਲ ਕਿਹੜਾ ਕਮੀ ਆ ਕਿਸੇ ਚੀਜ਼ ਦੀ, ਆਪਣਾ ਤਾਂ ਇੱਥੇ ਹੀ ਕਨੈਡਾ ਹੈ।" ਉਹਦੇ ਲੜਕੇ ਨੂੰ ਉਹਦੀ ਇਹ ਗੱਲ ਬਿਲਕੁਲ ਚੰਗੀ ਨਾ ਲੱਗੀ ਪਰ ਅਜਮੇਰ ਸਿੰਘ ਚਾਹੁੰਦਾ ਸੀ ਕਿ ਉਹ ਆਪਣੇ ਪੁੱਤਰ ਨੂੰ ਪੀੜ੍ਹੀ-ਦਰ-ਪੀੜ੍ਹੀ ਹੰਡਾਏ ਹਿਜਰਤ ਦੇ ਦੁੱਖ ਦੱਸੇ। ਅੱਜ ਉਸ ਦੇ ਪਿਤਾ ਅਤੇ ਦਾਦੇ ਦੇ ਹੰਡਾਏ ਹਿਜਰਤ ਦੇ ਦੁੱਖਾਂ ਵਾਲੇ ਜ਼ਖਮ ਇਕ ਵਾਰ ਫਿਰ ਉਚੜ ਗਏ ਸਨ ਅਤੇ ਉਹ ਇਕ ਵਾਰ ਫਿਰ ਤੜਫ ਉਠਿਆ ਸੀ।

ਅੱਜ ਫਿਰ ਉਹ ਚੀਕ-ਚੀਕ ਕੇ ਰੋਣਾ ਚਾਹੁੰਦਾ ਸੀ। ਉਸ ਦਾ ਪਿਤਾ ਜਦੋਂ ਉਸ ਦੇ ਪਾਕਿਸਤਾਨ ਰਹਿ ਗਏ ਦਾਦੇ ਨੂੰ ਯਾਦ ਕਰਦਾ ਸੀ ਤਾਂ ਉਹ ਦੋਵੇਂ ਪਿਓ ਪੁੱਤ ਰੋ ਪੈਂਦੇ ਸੀ। ਉਸ ਦਾ ਪਿਤਾ ਸਾਰੀ ਜ਼ਿੰਦਗੀ ਉਸ ਦੇ ਦਾਦੇ ਨੂੰ ਉਡੀਕਦਾ ਜਹਾਨੋਂ ਕੂਚ ਕਰ ਗਿਆ। ਬਾਪੂ ਦੱਸਦਾ ਸੀ- "ਪੁੱਤ ਬੜੀ ਮਿਹਨਤ ਕਰਕੇ ਮੁਰੱਬਾ ਜ਼ਮੀਨ ਬਣਾਈ ਸੀ ਤੇਰੇ ਦਾਦੇ ਨੇ, ਇੱਧਰ ਆ ਕੇ ਮਸਾਂ ਸੱਤ ਕਿੱਲੇ ਰਹਿ ਗਏ।" ਉਹਦਾ ਬੋਲਦੇ ਦਾ ਗੱਚ ਭਰ ਆਉਂਦਾ ਅਤੇ ਸਭ ਕੁਝ ਅੱਖਾਂ ਸਾਹਮਣੇ ਘੁੰਮ ਜਾਂਦਾ। ਕੁਝ ਚਿਰ ਰੁਕ ਕੇ ਬਾਪੂ ਫਿਰ ਬੋਲਿਆ ਸੀ- "ਸਾਰਾ ਕੁਝ ਖੁਹਾ ਕੇ, ਤੇ ਪੱਲਾ ਝਾੜ ਕੇ ਬਾਡਰੋਂ ਉਰੇ ਆ'ਗੇ ਸੀ, ਤੇ ਤੇਰਾ ਦਾਦਾ ਕਹਿੰਦਾ- ਮੈਂ ਪਿੱਛੇ ਸਾਰਾ ਕੁਝ ਸਾਂਭਦਾਂ ਜਾ ਕੇ, ਚਹੁੰ ਦਿਨਾਂ ਨੂੰ ਜਦੋਂ ਠੰਢ-ਠੰਢਾਉਰਾ ਹੋ ਗਿਆ, ਤੁਸੀਂ ਮੁੜ ਆਇਓ।" ਬਾਪੂ ਦੀ ਭੁੱਬ ਨਿਕਲ ਗਈ, "ਮੈਂ ਤਾਂ ਪੁੱਤ ਤੇਰੇ ਦਾਦੇ ਨੂੰ ਚੱਜ ਨਾਲ ਮਿਲਿਆ ਵੀ ਨਹੀਂ। ਦਾਦੀ ਤੇਰੀ ਪਿੱਛੇ ਮੁੜਨ ਦੀ ਇੱਛਾ ਮਨ 'ਚ ਲੈ ਕੇ ਪੂਰੀ ਹੋ ਗਈ।" ਦਰਅਸਲ, ਉਨ੍ਹਾਂ ਦੇ ਘਰ ਦਾ ਕੋਈ ਜੀਅ ਸ਼ਹਿਰ ਸੌਦਾ-ਪੱਤਾ ਵੀ ਲੈਣ ਜਾਂਦਾ ਤਾਂ ਬਾਕੀ ਟੱਬਰ ਬੇਸਬਰੀ ਨਾਲ ਮੁੜ ਆਉਣ ਤੱਕ ਦਰਾਂ 'ਚ ਬੈਠਾ ਰਹਿੰਦਾ।

ਅੰਤਿਮ ਸਮੇਂ ਦੌਰਾਨ ਅਜਮੇਰ ਦਾ ਪਿਤਾ ਨੀਮ-ਪਾਗਲਾਂ ਵਾਂਗ ਬਾਪੂ ਨੂੰ ਆਵਾਜ਼ਾਂ ਮਾਰਦਾ ਰਹਿੰਦਾ ਪਰ ਬਾਪੂ ਦਾ ਕੁਝ ਪਤਾ ਨਹੀਂ ਸੀ ਕਿ ਉਹ ਜਿਊਂਦਾ ਵੀ ਹੈ ਜਾਂ ਦੰਗਿਆਂ ਦੀ ਭੇਟ ਚੜ੍ਹ ਗਿਆ। ਅਜਮੇਰ ਦਾ ਪਿਤਾ ਬੜਾ ਚਿਰ ਆਪਣੇ ਪਿੰਡ ਨੂੰ ਚਿੱਠੀਆਂ ਲਿਖਦਾ ਰਿਹਾ ਪਰ ਕਦੇ ਕੋਈ ਜਵਾਬ ਨਾ ਆਇਆ। ਕਦੇ ਕਦੇ ਅਜਮੇਰ ਸਰਹੱਦ 'ਤੇ ਜਾ ਆਉਂਦਾ ਤੇ ਦੂਰੋਂ ਹੀ ਪਾਰਲੇ ਲੋਕਾਂ ਨੂੰ ਅਤੇ ਉਨ੍ਹਾਂ ਦਾ ਮੁਲਕ ਦੇਖ ਕੇ ਮੁੜ ਆਉਂਦਾ। ਅਸਲ ਵਿਚ ਉਹ ਮੁਲਕ ਤਾਂ ਉਹਦਾ ਆਪਣਾ ਸੀ ਪਰ ਸਰਹੱਦ ਨੇ ਬੇਗਾਨਾ ਕਰ ਦਿੱਤਾ ਸੀ। ਅੱਜ ਉਹਦਾ ਪੁੱਤਰ ਕਈ ਸਰਹੱਦਾਂ ਪਾਰ ਕਰਕੇ ਉਸ ਮੁਲਕ ਜਾਣਾ ਚਾਹੁੰਦਾ ਸੀ ਜਿੱਥੇ ਨਾ ਨਜ਼ਰ ਪਹੁੰਚਦੀ ਸੀ, ਨਾ ਸਰਹੱਦ ਪਾਰ ਦੇਖਿਆ ਜਾ ਸਕਦਾ ਸੀ।

ਅਗਲੇ ਹੀ ਪਲ ਗੁਆਂਢ ਵਿਚੋਂ ਨਸ਼ੇ ਦਾ ਸ਼ਿਕਾਰ ਲੜਕਾ ਝੂਲਦਾ ਹੋਇਆ ਨਜ਼ਰੀਂ ਪਿਆ। ਅਜਮੇਰ ਦੀਆਂ ਯਾਦਾਂ ਦੀ ਇਕਾਗਰਤਾ ਭੰਗ ਹੋ ਗਈ। ਇਸ ਲੜਕੇ ਦੇ ਪਿਤਾ ਨੇ ਬਹੁਤ ਵਾਰ ਲੋਕਾਂ ਦੇ ਪੈਰਾਂ ਵਿਚ ਪੱਗਾਂ ਧਰ ਧਰ ਕੇ ਇਹਦੀ ਜਾਨ ਬਚਾਈ ਸੀ। ਇਹ ਲੜਕਾ ਪਿੰਡ ਵਿਚ ਚੋਰੀਆਂ ਕਰ ਕਰ ਕੇ ਨਸ਼ਾ ਕਰਦਾ। ਪਤਾ ਨਹੀਂ ਕਿੰਨੀ ਵਾਰ ਇਹਦੇ ਪਿਤਾ ਨੂੰ ਜ਼ਲਾਲਤ ਸਹਿਣੀ ਪਈ ਸੀ। ...ਤੇ ਅਜਮੇਰ ਸੋਚਣ ਲੱਗ ਪਿਆ ਕਿ ਅਜਿਹੇ ਹਾਲਾਤ ਦਾ ਸਾਹਮਣਾ ਕਰਨ ਤੋਂ ਪਹਿਲਾਂ ਪਹਿਲਾਂ ਉਹਦਾ ਲੜਕਾ ਹਿਜਰਤ ਕਰ ਜਾਵੇ...!

# ਦਾਨਿਸ਼ ਸਿੱਦੀਕੀ ਦੀ ਕੈਮਰੇ ਦੀ ਅੱਖ...

ਫੋਟੋ-ਪੱਤਰਕਾਰੀ ਕਰਦਾ-ਕਰਦਾ ਉਘਾ ਫੋਟੋਗ੍ਰਾਫਰ ਦਾਨਿਸ਼ ਸਿੱਦੀਕੀ (19 ਮਈ 1983-16 ਜੁਲਾਈ 2021) ਅਫਗਾਨਿਸਤਾਨ ਵਿਚ ਗੋਲੀ ਲੱਗਣ ਕਾਰਨ ਖੁਦ ਫੋਟੋ ਫਰੇਮ ਵਿਚ ਸਜ ਗਿਆ। ਖਬਰ ਏਜੰਸੀ 'ਰਾਇਟਰਜ਼' ਨਾਲ ਕੰਮ ਕਰਦਿਆਂ ਉਹ ਸੰਸਾਰ ਭਰ ਵਿਚ ਘੁੰਮਿਆ-ਫਿਰਿਆ ਅਤੇ ਬਹੁਤ ਸਾਰੀਆਂ ਅਹਿਮ ਘਟਨਾਵਾਂ ਨੂੰ ਆਪਣੇ ਕੈਮਰੇ ਰਾਹੀਂ ਫੜਿਆ। ਉਸ ਦੀਆਂ ਤਸਵੀਰਾਂ ਅਕਸਰ ਸੰਸਾਰ ਪੱਧਰ 'ਤੇ ਚਰਚਾ ਦਾ ਵਿਸ਼ਾ ਬਣੀਆਂ। ਉਸ ਦੀ ਉਮਰ ਮਹਿਜ਼ 32 ਵਰ੍ਹਿਆਂ ਦੀ ਸੀ ਪਰ ਆਪਣੀ ਕਲਾ ਰਾਹੀਂ ਉਹ ਆਪਣੀ ਉਮਰ ਤੋਂ ਕਿਤੇ ਵੱਡਾ ਫੋਟੋਗ੍ਰਾਫਰ ਹੋ ਨਿੱਬੜਿਆ ਅਤੇ ਸਮੁੱਚੇ ਪੱਤਰਕਾਰ ਭਾਈਚਾਰੇ ਲਈ ਇਕ ਮਿਸਾਲ ਕਾਇਮ ਕਰ ਗਿਆ।

ਕਲਾ ਪਰਿਕਰਮਾ


ਫੋਟੋ ਫੀਚਰ




ਮਿਸਾਲੀ ਫੋਟੋਗ੍ਰਾਫਰ ਦਾਨਿਸ਼ ਸਿੱਦੀਕੀ ਦੀਆਂ ਦੋ ਵੱਖ-ਵੱਖ ਤਸਵੀਰਾਂ।



ਬੰਗਲਾਦੇਸ਼-ਮਿਆਂਮਾਰ ਤੱਟ ਉਤੇ ਪੁੱਜੇ ਰੋਹਿੰਗਿਆ ਲੋਕਾਂ ਦੀ ਤਸਵੀਰ।

ਦਿੱਲੀ ਵਿਚ ਵਿਦਿਆਰਥੀਆਂ 'ਤੇ ਗੋਲੀ ਚਲਾ ਰਿਹਾ ਇਕ ਕੱਟੜਪੰਥੀ ਅਤੇ (ਸੱਜੇ) ਇਰਾਕ ਦੀ ਇਕ ਝਲਕ।




ਕਰੋਨਾ ਵਾਇਰਸ ਕਾਰਨ ਹੋਈਆਂ ਮੌਤਾਂ ਕਾਰਨ ਬਲ ਰਹੇ ਸ਼ਮਸ਼ਾਨਘਾਟ। ਇਨ੍ਹਾਂ ਤਸਵੀਰਾਂ ਨੇ ਭਾਰਤ ਸਰਕਾਰ ਦੀ ਨਾ-ਅਹਿਲੀਅਤ ਦੀ ਗੱਲ ਸੰਸਾਰ ਭਰ ਵਿਚ ਪੁੱਜਦੀ ਕਰ ਦਿੱਤੀ ਸੀ।

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਅਗਸਤ 2021 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-493



ਤਸਵੀਰ: ਜਗਮੀਤ ਸਿੰਘ ਪੰਧੇਰ

ਕੁੱਪ ਬੰਨ੍ਹ ਕੇ ਤੂੜੀ ਵਾਲੇ, ਟੀਸੀ 'ਤੇ ਫਿਰ ਝੰਡੇ ਲਾ ਦਿੱਤੇ ਨੇ।
ਮੋਰਚਿਆਂ ਦੀ ਰਾਖੀ ਖਾਤਰ, ਮੁੜ ਦਿੱਲੀ ਚਾਲੇ ਪਾ ਦਿੱਤੇ ਨੇ।

### ਕੈਪਸ਼ਨ ਮੁਕਾਬਲਾ-491



ਪਾ ਦਿੱਤੀ ਵਿੱਡੀ ਸਾਨੂੰ ਲਿਆ ਕਾਲੇ ਕਾਨੂੰਨ ਹੈ,
ਧਰਤੀ ਦੇ ਜਾਏ ਅਸੀਂ ਮਰ ਜਾਵਾਂਗੇ ਜਨੂੰਨ ਹੈ।
ਮੋਢੇ ਨਾਲ ਮੋਢਾ ਲਾਈ ਬੀਬੀਆਂ ਵੀ ਬੈਠੀਆਂ,
ਜਿੱਤ ਹੀ ਅਸਾਂ ਮੁੜਾਂਗੇ ਕਹਿੰਦੀਆਂ 'ਕੱਠੀਆਂ।
-ਸੇਵਾ ਸਿੰਘ ਨੂਰਪੁਰੀ
---
ਚੁੱਲ੍ਹੇ, ਚੌਂਕੇ ਛੱਡ ਕੇ ਮਾਈਆਂ
ਬਹਿ ਗਈਆਂ ਮੋਢੇ ਨਾਲ ਮੋਢਾ ਜੋੜ।
ਕਿਸਾਨੀ ਹੱਕ ਲਈ ਮਾਰਨ ਲਲਕਾਰੇ,
ਬਣੀਆਂ ਸੰਘਰਸ਼ ਦੀ ਇਹ ਕੰਗਰੋੜ।
-ਦਵਿੰਦਰ ਕੌਰ
---
ਬੀਬੀਆਂ ਦਾ ਜੋਸ਼ ਵੇਖੋ ਗਿੱਧੇ ਦੀਆਂ ਰਾਣੀਆਂ,
ਖੇਤਾਂ 'ਚ ਕਿਸਾਨ ਇਹ ਘਰਾਂ 'ਚ ਸੁਆਣੀਆਂ।
ਉਮਰ-ਦਰਾਜਾਂ ਦੇ ਵੀ ਘੱਟ ਹੋਣ ਜੋਸ਼ ਨਾ,
ਹੌਸਲੇ ਬੁਲੰਦ ਅਜੇ ਗੁੰਮ ਹੋਏ ਹੋਸ਼ ਨਾ।
ਧੁਰ ਤੋਂ ਹੈ ਸਾਥ ਰਿਹਾ ਕਿਰਤੀ ਕਿਸਾਨ ਦਾ,
ਅੱਜ ਦੀ ਨਹੀਂ ਗੱਲ ਜੱਗ ਮੁਢੋਂ ਇਹ ਜਾਣਦਾ।
ਹਰੇ ਸਾਡੇ ਬਾਣੇ ਹਰੇ ਫਸਲਾਂ ਦੇ ਰੰਗ ਨੇ,
ਜਿੱਤਣੀ ਹੈ ਜੰਗ ਸਾਡੇ ਹੌਸਲੇ ਬੁਲੰਦ ਨੇ।
-ਮਾਸਟਰ ਪ੍ਰੀਤਮ ਸਿੰਘ ਲੰਮੇ
ਫੋਨ: 925-325-2486
---
ਖਿੜੇ ਮੱਥੇ ਮਾਈਆਂ, ਮੰਜੇ 'ਤੇ ਬੈਠ ਹੱਸਦੀਆਂ,
ਉਮਰ ਵਡੇਰੀ ਦਾ ਕੋਈ ਰੱਤੀ ਪਛਤਾਵਾ ਨਾ।
ਦ੍ਰਿੜ ਵਿਸ਼ਵਾਸ ਅੰਦਰ ਪੂਰੀ ਹੈ ਪਰਪੱਕਤਾ,
ਮੁਸੀਬਤਾਂ ਦੁਸ਼ਵਾਰੀਆਂ ਤੋਂ ਕਦੇ ਘਬਰਾਈਆਂ ਨਾ।
ਮੰਜਾ ਭਾਵੇਂ ਇੱਕੋ, ਪਰ ਔਕੜਾਂ ਨੇ ਸਾਂਝੀਆਂ;
ਇੱਕੋ ਮੰਜੇ ਬੈਠ ਸਭ ਵਿਉਂਤਾਂ ਬਣਾਈਆਂ।
ਜਾਲਮ ਸਰਕਾਰ ਨੇ ਕੀਤਾ ਬੜਾ ਖੁਆਰ ਸਾਨੂੰ,
ਤਦੇ ਅਸੀਂ ਹੱਕ ਲੈਣ ਮੋਰਚੇ 'ਚ ਆਈਆਂ।
-ਕਲਵੰਤ ਸਿੰਘ ਸਹੋਤਾ
ਫੋਨ: 604-589-5919
---
ਰੱਬ ਨੇ ਸਭ ਬੰਦੇ ਬਣਾਏ ਬਰਾਬਰ
ਕੀ ਆਦਮ ਤੇ ਕੀ ਲੁਗਾਈ।
ਜਦੋਂ ਆਦਮ ਹਾਵੀ ਹੁੰਦਾ, ਬਣ ਜਾਵੇ ਰਾਵਣ
ਪਰ ਜੇ ਨਾਰੀ ਅੜੇ ਤਾਂ ਹੋ ਜਾਂਦਾ ਸੁਦਾਈ।
ਗ੍ਰਹਿਸਥ/ਕਿਰਤੀ ਮੋਰਚੇ ਦੀ ਗੱਡੀ ਚੱਲੇ ਵਧੀਆ
ਜੇ ਔਰਤ ਮਰਦ ਚੱਲਣ, ਹੋ ਕੇ ਇਕ ਜਾਨ।
ਮੋਢੇ ਨਾਲ ਮੋਢਾ ਜੋੜਿਆ
ਕਿਸਾਨ ਮੋਰਚੇ 'ਤੇ ਨਾਰੀ ਨੇ
ਜਿਤਾਂਗੀਆਂ ਜਾਂ ਜਿੰਦੜੀ ਕਰ ਦੇਣੀ ਕੁਰਬਾਨ।
-ਅਮਜਰੀਤ ਸਿੰਘ ਤੂਰ
ਫੋਨ: 91-98784-69639
---
ਖੇਤਾਂ ਨੂੰ ਆ ਪਏ ਲੁਟੇਰੇ
ਪੁੱਤ ਖੇਤਾਂ ਦੇ ਜਾਗ ਪਏ।
ਮਾਈ ਭਾਗੋ ਦੀਆਂ ਵਾਰਸਾਂ
ਆਪਣੇ ਮੁੱਕੇ ਤਾਣ ਲਏ।
ਦਿੱਲੀ ਜਾ ਕੇ ਡਾਹ ਲਏ ਮੰਜੇ
ਬਿਨ ਜਿੱਤੇ ਨਾ ਹੁਣ ਇਹ ਗਏ।
-ਜਗਮੀਤ ਸਿੰਘ ਪੰਧੇਰ
ਫੋਨ: 91-98783-37222
---
ਹੇਕ, ਸੁਰ ਰਲਾ ਸਭ ਬੀਬੀਆਂ
ਆਵਾਜ਼ ਗੂੰਜੀ ਵਸੀਵਿਆਂ ਤੋਂ ਪਾਰ।
ਸੁਣਦਿਆਂ ਸਾਰ ਸਭ ਪਾਰਖੂ ਅਣਖੀਲੇ ਗੱਭਰੂ
ਚਹੁੰ ਪਾਸਿਆਂ ਤੋਂ ਲੈ ਡੰਡੇ ਗੜਾਸੀਆਂ,
ਆ ਪਹੁੰਚੇ ਜਿੱਥੋਂ ਆਈ ਆਵਾਜ਼।
ਸਾਂਝਾ ਮਾਮਲਾ ਹੱਕਾਂ 'ਤੇ ਲੜਨਾ
ਹੱਥ ਇਕ ਤੋਂ ਉਤੇ ਉਚਾ ਉਭਰਿਆ।
-ਦਰਸ਼ਨਪਾਲ ਦੋਸਾਂਝ
---
ਫਸਲਾਂ ਤੇ ਨਸਲਾਂ 'ਤੇ ਵਾਰ ਹੋ ਗਏ,
ਜਰਨੇ ਹੋ ਗਏ ਵਿੱਤ ਤੋਂ ਬਾਹਰ।
ਅਣਖ-ਜਮੀਰਾਂ ਨੇ ਕਰਵਟ ਲੈ ਲਈ,
ਲੋਕ ਯੁੱਧ ਦਾ ਸਿਖਰ ਉਭਾਰ।
ਮਾਈ ਭਾਗੋ ਦੀਆਂ ਵਾਰਿਸ ਵੇਖੋ,
ਜਿੱਤ ਦੇ ਰਹੀਆਂ ਨਾਹਰੇ ਮਾਰ।
-ਗੁਰਦੇਵ ਸਿੰਘ ਢਪਾਲੀ, ਬਠਿੰਡਾ
ਫੋਨ: 91-94176-49275
---
ਰਲ ਮਿਲ ਸਿਆਣੀਆਂ ਇੰਜ ਬਹਿ ਗਈਆਂ
ਕਿ ਮਾਨਵ ਦਾ ਮਾਨ ਰਹੇ ਐਸੀ ਆਜ਼ਾਦੀ ਹੋਵੇ
ਜਿਸ 'ਚ ਅਨੁਸਾਸ਼ਨ, ਨਾਰੀ ਦਾ ਆਦਰ ਹੋਵੇ
ਨਾਰੀ ਪੂਜਨ 'ਚ ਰਮਤੇ ਦੇਵਤਾ ਮਿਲੇ।
-ਬੱਲਾ ਲਬਾਣਾ
ਫੋਨ: 848-235-8344

# ਨਵ-ਉਦਾਰਵਾਦ ਦਾ ਕੱਚਾ ਚਿੱਠਾ

> ***ਦਰਅਸਲ ਨਵ-ਉਦਾਰਵਾਦ ਮਨੁੱਖ ਨੂੰ ਚਾਰਲਸ ਡਾਰਵਿਨ ਦੇ ਮੁੱਖ ਸਿਧਾਂਤ, ਸਿਲੈਕਸ਼ਨ ਆਫ ਦਿ ਫਿਟੈਸਟ, ਦੇ ਰਾਜਨੀਤਕ ਢਾਂਚੇ ਵਿਚ ਫਿੱਟ ਕਰਨ ਦੇ ਉਦੇਸ਼ ਤੋਂ ਮੁੱਖ ਪ੍ਰਭਾਵ ਲੈਂਦਾ ਹੈ। ਇੱਥੇ ਫਿਟ ਤੋਂ ਭਾਵ ਪੈਸੇ ਦੀ ਤਾਕਤ ਵੱਲੋਂ ਫਿੱਟ ਤੋਂ ਹੈ, ਕਿਉਂਕਿ ਅੱਜ ਕੱਲ੍ਹ ਤਾਕਤ ਸਰੀਰਕ ਤੋਂ ਮਾਇਕ ਦੇ ਰੂਪ ਵਿਚ ਤਬਦੀਲ ਹੋ ਗਈ ਹੈ। ਇਹ ਵਿਚਾਰਧਾਰਾ ਪੈਸੇ ਨੂੰ ਮਾਨਵੀ ਜ਼ਿੰਦਗੀ ਅਤੇ ਵਿਅਕਤੀ ਤੋਂ ਉਤਾਂਹ ਰੱਖਦੀ ਹੈ ਅਤੇ ਇਹ ਜੀਵਨ ਮੁੱਲਾਂ ਨੂੰ ਮੰਡੀ ਅਤੇ ਬਾਜ਼ਾਰ ਦੇ ਮੁੱਲਾਂ ਵਿਚ ਤਬਦੀਲ ਕਰਨ ਵਾਲੀ ਰਾਜਨੀਤਕ ਗਤੀਵਿਧੀ ਹੈ। ਡੇਵਿਡ ਹਾਰਵੀ ਇਸ ਨੂੰ "ਖੁੱਲ੍ਹਾ ਛੱਡਿਆ, ਬੇਲਗਾਮ ਵਿਅਕਤੀਵਾਦ" ਕਹਿੰਦਾ ਹੈ, ਜਿਹੜਾ ਅਮੀਰ ਵਰਗ ਦੀ ਤਾਕਤ ਵਧਾਉਣ ਲਈ ਈਜਾਦ ਕੀਤਾ ਗਿਆ ਹੈ।***

ਨਵ-ਉਦਾਰਵਾਦ ਨੂੰ ਸਮਝਣ ਲਈ ਸਾਨੂੰ ਗੱਲ ਵੀਹਵੀਂ ਸਦੀ ਦੇ ਤੀਜੇ ਦਹਾਕੇ, ਖਾਸਕਰ ਪਹਿਲੀ ਅਤੇ ਦੂਜੀ ਆਲਮੀ ਜੰਗ ਤੋਂ ਛੇਤੀ ਬਾਅਦ ਤੋਂ ਸ਼ੁਰੂ ਕਰਨੀ ਹੋਵੇਗੀ। ਇਸ ਯੁੱਧ ਨੇ ਬਰਤਾਨੀਆ ਅਤੇ ਯੂਰਪੀ ਦੇਸ਼ਾਂ ਨੂੰ ਆਰਥਿਕ ਪੱਖੋਂ ਹੋਰ ਵੀ ਨਿਤਾਣਾ ਕਰ ਦਿੱਤਾ ਸੀ, ਜਿਹੜੇ ਪਹਿਲਾਂ ਹੀ ਆਰਥਿਕ ਮੰਦਹਾਲੀ ਦੇ ਸੰਕਟਾਂ ਤੋਂ ਅਵਾਜ਼ਾਰ ਸਨ। ਬੇਰੁਜ਼ਗਾਰੀ, ਬਿਮਾਰੀ, ਅਨਪੜ੍ਹਤਾ, ਗਰੀਬੀ, ਨਾ-ਬਰਾਬਰੀ, ਯੁੱਧ ਨਾਲ ਤਬਾਹੀ, ਲੋੜੀਂਦੀਆਂ ਵਸਤਾਂ ਦੀ ਥੁੜ੍ਹ, ਘਰ ਘਰ ਵਿਚ ਕਿਸੇ ਨਾ ਕਿਸੇ ਦੀ ਮੌਤ ਕਾਰਨ ਸੋਗ ਅਤੇ ਘਰੋਗੀ ਤੇ ਸਮਾਜਿਕ ਉਥਲ-ਪੁਥਲ, ਆਵਾਜਾਈ ਦੇ ਸਾਧਨਾਂ ਦੀ ਕਮੀ ਆਦਿ ਨਾਲ ਪੱਛੜੇ ਮੁਲਕਾਂ ਦੇ ਨਾਲ ਨਾਲ ਅਮਰੀਕਾ ਅਤੇ ਬਰਤਾਨੀਆ ਵਰਗੇ ਵਿਕਸਿਤ ਮੁਲਕ ਵੀ ਇਸ ਮੰਦਵਾੜੇ ਅਤੇ ਆਰਥਿਕ ਸੰਕਟ ਦੀ ਲਪੇਟ ਵਿਚ ਆ ਗਏ ਸਨ।

ਇਸੇ ਕਾਰਨ ਮਾਰਕਸੀ ਵਿਚਾਰਾਂ ਵਾਲੇ ਅਰਥ ਸ਼ਾਸਤਰੀ ਜੋਹਨ ਮੇਨਾਰਡ ਕੇਨਜ਼ ਨੇ ਸਮਾਜਿਕ ਲੋਕਰਾਜੀ ਉਦਾਰਵਾਦ (ਜਿਸ ਨੂੰ ਆਧੁਨਿਕ ਉਦਾਰਵਾਦ ਵੀ ਕਿਹਾ ਜਾਂਦਾ ਹੈ) ਵਿਚ ਰਾਜ ਦੇ ਵੱਧ ਅਧਿਕਾਰ ਖੇਤਰਾਂ ਵੱਲ ਜ਼ੋਰ ਦਿੱਤਾ, ਕਿਉਂਕਿ ਪੂੰਜੀਪਤੀਆਂ ਨੂੰ ਸਟੇਟ ਹੀ ਨਕੇਲ ਪਾ ਸਕਦੀ ਸੀ ਅਤੇ ਸਮਾਜਿਕ ਕਲਿਆਣ ਵਾਸਤੇ ਜਨਤਕ ਖੇਤਰ ਲਈ ਵੱਧ ਫੰਡ ਕਾਇਮ ਕਰ ਸਕਦੀ ਸੀ ਤਾਂ ਕਿ ਬੰਦ ਹੋਏ ਕਾਰਖਾਨੇ ਚਲਾਏ ਜਾ ਸਕਣ, ਇਸ ਤਰ੍ਹਾਂ ਆਮ ਲੋੜ ਦੀਆਂ ਵਸਤਾਂ ਦੀ ਮੰਗ ਉਤਪਾਦਨ ਵਿਚ ਵਾਧਾ ਕੀਤਾ ਜਾ ਸਕੇ, ਬੇਰੁਜ਼ਗਾਰੀ ਤੇ ਆਰਥਿਕ ਮੰਦਵਾੜੇ ਅਤੇ ਗਰੀਬਾਂ ਤੇ ਅਮੀਰਾਂ ਵਿਚਕਾਰ ਵਧ ਰਹੇ ਪਾੜੇ ਨੂੰ ਦੂਰ ਕੀਤਾ ਜਾ ਸਕੇ, ਲੋਕ ਭਲਾਈ ਅਤੇ ਸਮਾਜਿਕ ਕਲਿਆਣ ਸੰਸਥਾਨਾਂ, ਸਕੂਲ, ਕਾਲਜ, ਯੂਨੀਵਰਸਿਟੀਆਂ, ਖੋਜ ਸੰਸਥਾਵਾਂ, ਹਸਪਤਾਲ, ਰੇਲਵੇ, ਸੜਕਾਂ, ਹਵਾਈ ਸੇਵਾਵਾਂ, ਤਕਨੀਕੀ ਸਿੱਖਿਆ, ਸਰਕਾਰੀ ਬੈਂਕ ਤੇ ਮੰਡੀਆਂ ਵਿਚ ਸਰਕਾਰੀ ਨਿਵੇਸ਼ ਕੀਤਾ ਜਾ ਸਕੇ। ਇਹ ਸਭ ਕੁਝ ਬਰਤਾਨੀਆ ਵਿਚ ਲਾਗੂ ਕੀਤਾ ਗਿਆ।

ਅਸੀਂ ਵੇਖਦੇ ਹਾਂ ਕਿ ਭਾਰਤ ਵਿਚ ਵੀ ਆਜ਼ਾਦੀ ਤੋਂ ਛੇਤੀ ਬਾਅਦ ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਦੇ ਸਮੇਂ ਅਜਿਹੀਆਂ ਬਹੁਤ ਸਾਰੀਆਂ ਸਮਾਜ ਕਲਿਆਣ ਸੇਵਾਵਾਂ ਦਾ ਅਰੰਭ ਜਾਂ ਸਰਕਾਰੀਕਰਨ, ਭਾਖੜਾ ਡੈਮ ਅਤੇ ਹੋਰ ਹਾਈਡਰੋ-ਇਲੈਕਟਿਕ ਪ੍ਰਾਜੈਕਟ, ਪੁਲ, ਸੁਰੰਗਾਂ ਦਾ ਨਿਰਮਾਣ ਅਤੇ ਬੀਮਾ ਕੰਪਨੀਆਂ ਅਤੇ ਬੈਂਕਾਂ ਦਾ ਸਰਕਾਰੀਕਰਨ ਇਸੇ ਮਾਰਕਸਵਾਦੀ ਅਤੇ ਕੇਨਜ਼ੀਅਨ ਆਰਥਿਕ ਵਿਚਾਰਧਾਰਾ ਨੂੰ ਲਾਗੂ ਕਰਨ ਦੇ ਉਪਰਾਲੇ ਹਿੱਤ ਸੀ। ਇਸ ਸੋਚ ਪਿੱਛੇ ਇਹ ਦਲੀਲ ਸੀ ਕਿ ਵਿਅਕਤੀ ਆਪਣੇ ਆਪ ਕੁਝ ਨਹੀਂ ਕਰ ਸਕਦੇ ਜਦ ਤਕ ਰਾਜ ਉਸ ਦੀ ਆਰਥਿਕ ਸਹਾਇਤਾ ਲਈ ਨਾ ਬਹੁੜੇ ਕਿਉਂਕਿ ਅਮੀਰ ਵਰਗ ਅਤੇ ਪੂੰਜੀਪਤੀ ਵਪਾਰੀ ਅਦਾਰਿਆਂ ਦੀ ਲੁੱਟ-ਖਸੁੱਟ ਅਤੇ ਦਮਨਕਾਰੀ ਵਰਤਾਰੇ ਦਾ ਵਿਰੋਧ ਜਾਂ ਟਾਕਰਾ ਇੱਕਾ-ਦੁੱਕਾ ਵਿਅਕਤੀਆਂ ਜਾਂ ਸਮੁਦਾਏ ਦੇ ਵੱਸ ਤੋਂ ਬਾਹਰ ਹੁੰਦਾ ਹੈ। ਇਸ ਨੂੰ ਅਸੀਂ ਸਮਾਜਵਾਦ ਅਤੇ ਪੂੰਜੀਵਾਦ ਦਾ ਮਿਲਗੋਭਾ ਆਰਥਿਕ ਰੂਪ ਵੀ ਕਹਿ ਸਕਦੇ ਹਾਂ।

ਇਹ ਵਿਵਸਥਾ ਬਹੁਤੀ ਦੇਰ ਨਾ ਚੱਲ ਸਕੀ। ਆਰਥਿਕ ਮੰਦਵਾੜੇ ਕਾਰਨ ਮੰਗ ਵਿਚ ਆਈ ਗਿਰਾਵਟ, ਵੱਧ ਮਜ਼ਦੂਰੀ ਲਈ ਟਰੇਡ ਯੂਨੀਅਨਾਂ ਦੀਆਂ ਹੜਤਾਲਾਂ ਕਾਰਨ ਬੰਦ ਹੋਏ ਕਾਰਖਾਨਿਆਂ ਉਪਰੰਤ ਉਤਪਾਦਨ ਵਿਚ ਗਿਰਾਵਟ ਅਤੇ ਕਿੱਲਤਾਂ, ਅੰਤਰ-ਰਾਸ਼ਟਰੀ ਵਪਾਰ ਦੀਆਂ ਜ਼ਰੂਰਤਾਂ ਹਿੱਤ ਟੈਕਸ-ਰਹਿਤ ਅਤੇ ਮੁਕਤ ਮੰਡੀ ਦੀ ਲੋੜ, ਵਿੱਤੀ ਦਿੱਕਤਾਂ ਕਾਰਨ ਘਾਟੇ ਵਿਚ ਜਾ ਰਹੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ, ਵਿਅਕਤੀ-ਆਜ਼ਾਦੀ ਦੀ ਮੁੜ ਬਹਾਲੀ ਦਾ ਮੁੱਦਾ, ਬਹੁ-ਕੌਮੀ ਕੰਪਨੀਆਂ ਦਾ ਪਸਾਰ, ਆਲਮੀ ਪੱਧਰ 'ਤੇ ਬੈਂਕਾਂ ਦਾ ਫੈਲਾਅ, ਅੰਤਰ-ਰਾਸ਼ਟਰੀ ਮੁਦਰਾ-ਕੰਟਰੋਲ ਵਿਸ਼ਵ ਬੈਂਕ ਅਤੇ ਵਿਸ਼ਵ ਟਰੇਡ ਸੰਗਠਨਾਂ ਅਤੇ ਮੁਦਰਾ ਅਤੇ ਵਿੱਤੀ ਵਿਵਸਥਾਵਾਂ ਦੀ ਸੰਸਥਾਪਨਾ; ਇਨ੍ਹਾਂ ਸਾਰੀਆਂ ਗੱਲਾਂ ਦੀ ਲੋੜ, ਹਰਕਤ ਵਿਚ ਆ ਰਹੇ ਪੂੰਜੀਪਤੀ ਅਦਾਰਿਆਂ ਵਿਚ ਮਹਿਸੂਸ ਕੀਤੀ ਜਾਣ ਲੱਗੀ ਅਤੇ ਬਰਤਾਨੀਆ ਵਿਚ ਕੰਸਰਵੇਟਿਵ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ (1975-1990) ਅਤੇ ਅਮਰੀਕਾ ਦੇ ਰਾਸ਼ਟਰਪਤੀ ਰੋਨਾਲਡ ਰੀਗਨ (1981-89) ਦੇ ਰਾਜ-ਕਾਲ ਵਿਚ ਕਲਾਸੀਕਲ ਉਦਾਰਵਾਦ ਦੇ Laissez-faire ਭਾਵ ਮੁਕਤ ਵਪਾਰ ਵਾਲੇ ਪੂੰਜੀਵਾਦ ਦੇ ਸੰਕਲਪ ਨੂੰ ਮੁੜ ਅਮਲ ਵਿਚ ਲਿਆਂਦਾ ਗਿਆ, ਜਿਸ ਵਿਚਾਰਧਾਰਾ ਨੂੰ ਬਹੁਤ ਪਹਿਲਾਂ ਬਰਤਾਨਵੀ ਅਰਥਸਾਸ਼ਤਰੀ ਐਡਮ ਸਮਿੱਥ, ਮਾਲਥਸ ਅਤੇ ਬਾਅਦ ਵਿਚ ਰੀਕਾਰਡੋ ਨੇ ਫੈਲਾਇਆ ਸੀ, ਹੁਣ ਉਸ ਦਾ ਨਵ-ਉਦਾਰਵਾਦ ਦੇ ਰੂਪ ਵਿਚ ਪੁਨਰ-ਗਠਨ ਹੋ ਗਿਆ। ਇਸ ਤਹਿਤ ਕਥਿਤ ਵਿਅਕਤੀ-ਮੁਕਤੀ ਦੀ ਵਿਚਾਰਧਾਰਾ ਪਿੱਛੇ ਰਿਕ ਵਾਨ ਹੇਅਕ (1899-1972), ਮਿਲਟਨ ਫਰਾਈਡਮੈਨ (1912-2006) ਅਤੇ ਵਿਲਹੈਮ ਰਾਪਕੇ (1899-1966) ਵਰਗੇ ਆਰਥਿਕ ਮਾਹਿਰਾਂ ਦੇ ਸਿਧਾਂਤ ਅਤੇ ਮਾਰਕਸਵਾਦ ਵਿਰੋਧੀ ਨਵ-ਆਰਥਿਕ ਨੀਤੀਆਂ ਕੰਮ ਕਰ ਰਹੀਆਂ ਸਨ।

ਇਸ ਦੇ ਚਲਦਿਆਂ ਨਵ-ਉਦਾਰਵਾਦੀ ਆਰਥਿਕ ਉਪਚਾਰ ਅਰਥਾਤ ਟੈਕਸ-ਮੁਕਤ, ਆਜ਼ਾਦ ਅਤੇ ਖੁੱਲ੍ਹੀ ਮੰਡੀ, ਨਿੱਜੀਕਰਨ, ਕਾਮਿਆਂ ਦੇ ਅਧਿਕਾਰਾਂ ਵਿਚ ਕਮੀ, ਵਿੱਤੀ ਆਰਥਿਕਤਾ ਦੀ ਥਾਂ ਉਤਪਾਦਕ ਅਰਥ-ਵਿਵਸਥਾ, ਜਨਤਕ ਸਿਹਤ ਸਕੀਮਾਂ ਅਤੇ ਸੇਵਾਵਾਂ ਵਿਚ ਕਟੌਤੀ, ਆਲਮੀ ਵਪਾਰ ਦਾ ਵਿਸਤਾਰ ਅਮਲ ਵਿਚ ਲਿਆਂਦੇ ਗਏ। ਇਨ੍ਹਾਂ ਕਾਰਨ ਆਰਥਿਕ ਨਾਬਰਾਬਰੀ, ਧਨ ਕੁਝ ਕੁ ਹੱਥਾਂ ਤਕ ਸੀਮਿਤ ਹੋਣ, ਵਾਤਾਵਰਨ ਅਤੇ ਮਾਨਵੀ ਹਿੱਤਾਂ ਅਤੇ ਮੁੱਲਾਂ ਵਰਗੇ ਮੁੱਦਿਆਂ ਵੱਲ ਕਾਰਪੋਰੇਟੀ ਸਾਜ਼ਿਸ਼ੀ ਚੁੱਪ, ਉਤਪਾਦਨ ਦੇ ਮੁਕਾਬਲੇ ਸੱਟਾਬਾਜ਼ੀ, ਕੀਮਤਾਂ ਦਾ ਮੰਗ ਅਤੇ ਸਪਲਾਈ ਅਧੀਨ ਨਿਰਧਾਰੀਕਰਨ, ਮੁਢਲੀਆਂ ਸੇਵਾਵਾਂ ਦਾ ਨਿੱਜੀਕਰਨ, ਦਰਾਮਦ ਉੱਤੇ ਟੈਕਸ ਦੀ ਕਟੌਤੀ, ਵਪਾਰਕ ਨੈੱਟਵਰਕਾਂ ਵਿਚ ਵਾਧੇ ਆਦਿ ਨੀਤੀਆਂ ਦੇ ਅਮਲ ਵਿਚ ਆਉਣ ਨਾਲ ਲੋਕਰਾਜੀ ਤਾਕਤਾਂ ਦੀ ਕਮਜ਼ੋਰੀ ਅਤੇ ਜਨ-ਹਿੱਤ ਵਿਰੋਧੀ ਆਰਥਿਕ ਨੀਤੀਆਂ ਅਤੇ ਗਤੀਵਿਧੀਆਂ ਦਾ ਵਿਕਾਸ ਹੋਇਆ। ਇਸ ਉਪਰੰਤ ਆਰਥਿਕ ਖੜੋਤ ਦੇ ਸੰਕਟ ਨੂੰ ਤਾਂ ਵਕਤੀ ਠੱਲ੍ਹ ਪਾਈ ਜਾ ਸਕੀ, ਪਰ ਇਸ ਨਾਲ ਗਰੀਬਾਂ ਅਤੇ ਅਮੀਰਾਂ ਵਿਚਕਾਰ ਪਾੜਾ ਹੋ ਵੀ ਵਧ ਗਿਆ ਅਤੇ ਗਰੀਬੀ ਰੇਖਾ ਉੱਤੇ ਰਹਿ ਰਹੇ ਲੋਕਾਂ ਦੀ ਗਿਣਤੀ ਵੀ।

ਗਿਆਰਾਂ ਮਾਰਚ 1990 ਨੂੰ ਅਮਰੀਕਾ ਦੀ ਸ਼ਹਿ 'ਤੇ ਸਾਲਵੇਡਾਰ ਐਲੇਂਡਾ ਦੀ ਜਮਹੂਰੀ ਸਰਕਾਰ ਦਾ ਤਖਤ ਪਲਟਾ ਕਰ ਦਿੱਤਾ ਗਿਆ ਅਤੇ ਫੌਜੀ ਜਰਨੈਲ ਅਗਸਤੋ ਪੈਨੈਸ਼ੇ ਦਾ ਤਾਨਾਸ਼ਾਹ ਰਾਜ ਸਥਾਪਿਤ ਕਰ ਦਿੱਤਾ ਗਿਆ, ਜਿਸ ਅਧੀਨ ਸਾਰੀਆਂ ਜਨਹਿੱਤ ਸੇਵਾਵਾਂ ਦਾ ਨਿੱਜੀਕਰਨ ਸ਼ੁਰੂ ਹੋ ਗਿਆ। ਇਹੀ ਕੁਝ ਬਹੁਤ ਸਾਰੇ ਵਿਕਸਤ ਦੇਸ਼ਾਂ ਅਤੇ ਅਵਿਕਸਿਤ ਦੇਸ਼ਾਂ ਦੇ ਲੋਕਰਾਜੀ ਨਿਜ਼ਾਮਾਂ ਦੀਆਂ ਆਰਥਿਕ ਨੀਤੀਆਂ ਨਾਲ ਵੀ ਵਾਪਰਿਆ। ਭਾਵੇਂ ਕਿਸੇ ਹੱਦ ਤੀਕ ਇਨ੍ਹਾਂ ਵਿਚੋਂ ਕੁਝ ਨੀਤੀਆਂ ਅਧੀਨ 1990-91 ਦੇ ਵਿਸ਼ਵ-ਵਿਆਪੀ ਆਰਥਿਕ ਮੰਦਵਾੜੇ ਅਤੇ ਖੜੋਤ ਦੀ ਰੋਕਥਾਮ ਹੋ ਸਕੀ, ਪਰ ਇਹ ਲਾਭ ਛੇਤੀ ਹੀ ਅਲੋਪ ਹੋਣ ਲੱਗੇ। ਭਾਰਤ ਵਿਚ ਵੀ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਦੇ 1990-91 ਦੌਰਾਨ ਕੀਤੇ ਕੁਝ ਆਰਥਿਕ ਸੁਧਾਰਾਂ ਨੇ ਭਾਰਤ ਦੀ ਆਰਥਿਕ ਖੁਸ਼ਹਾਲੀ ਦੀ ਮੁੜ-ਬਹਾਲੀ ਵਿਚ ਹਾਂ-ਪੱਖੀ ਯੋਗਦਾਨ ਵੀ ਪਾਇਆ, ਪਰ ਬਾਅਦ ਵਿਚ ਇਹ ਹਾਂ-ਪੱਖੀ ਰੁਝਾਨ ਬਹੁਤੀ ਦੇਰ ਕਾਇਮ ਨਾ ਰਹਿ ਸਕਿਆ। ਲਗਭਗ ਇਹੀ ਹਾਲ ਯੂਰਪੀ ਮੁਲਕਾਂ ਦੀ ਅਰਥ-ਵਿਵਸਥਾ ਵਿਚ ਵੀ ਦੇਰ ਸਵੇਰ ਪ੍ਰਗਟ ਹੋਣ ਲੱਗੇ। ਭਾਰਤ ਦੀ ਗੱਲ ਕਰਦਿਆਂ ਇਹ ਤੱਥ ਵੀ ਅਹਿਮ ਹੈ ਕਿ ਭਾਵੇਂ ਕਾਂਗਰਸ ਦੇ ਰਾਜ ਦੇ ਅਖੀਰਲੇ ਸਾਲਾਂ ਵਿਚ ਵੀ ਨਵ-ਉਦਾਰਵਾਦੀ ਨੀਤੀ ਦਾ ਪੂਰਨ ਤਿਆਗ ਨਹੀਂ ਹੋਇਆ, ਜਿਸ ਦੇ ਫਲਸਰੂਪ ਵੱਢੀਖੋਰੀ, ਬੈਂਕ ਕਰਜ਼ਾ ਘੁਟਾਲੇ ਅਤੇ ਪੂੰਜੀਵਾਦੀ ਤੇ ਕਾਰਪੋਰੇਟ ਤਾਕਤਾਂ ਦੇ ਸਰਕਾਰੀ ਨੀਤੀ ਅਤੇ ਮੀਡੀਆ ਵਿਚ ਨਿਵੇਸ਼ ਅਤੇ ਦਖਲ ਨੇ ਲੋਕਰਾਜੀ ਤੰਤਰ ਵਿਚ ਕਮਜ਼ੋਰੀ ਲੈ ਆਂਦੀ।

ਫਿਰ ਵੀ ਕਾਫੀ ਹੱਦ ਤੀਕ ਲੰਮੇ ਸਮੇਂ ਤੋਂ ਭਾਰਤ ਵਿਚ ਮਿਸ਼ਰਤ ਆਰਥਿਕਤਾ ਦੀ ਨੀਤੀ ਦਾ ਬੋਲਬਾਲਾ ਕਾਇਮ ਰਿਹਾ। ਇਸ ਕਾਰਨ ਕੁਝ ਅਹਿਮ ਲੋਕ ਭਲਾਈ ਯੋਜਨਾਵਾਂ ਅਤੇ ਸੇਵਾਵਾਂ ਨਵ-ਉਦਾਰਵਾਦ ਦੀ ਗਰੀਬ ਵਿਰੋਧੀ ਰਾਜਨੀਤੀ ਤੋਂ ਬਚੀਆਂ ਰਹੀਆਂ। ਇਹ ਆਰਥਿਕ ਨੀਤੀਆਂ ਦੇਸ਼ ਦੇ ਵਿੱਤੀ ਵਿਕਾਸ ਲਈ ਕਿਸੇ ਹੱਦ ਤੀਕ ਜ਼ਰੂਰੀ ਵੀ ਸਾਬਤ ਹੋਈਆਂ, ਪਰ ਪਿਛਲੇ ਕੁਝ ਸਾਲਾਂ ਤੋਂ ਆਜ਼ਾਦ ਮੰਡੀ ਅਤੇ ਵਪਾਰਕ ਵਿਸ਼ਵੀਕਰਨ ਦੀਆਂ ਸ਼ਰਤਾਂ ਤਹਿਤ ਭਾਰਤ ਦੇ ਬੇਵਸ ਸਮਰਪਣ ਨੇ ਰਾਜ ਵਿਚ ਅਸਿੱਧੇ ਕਾਰਪੋਰੇਟੀ ਦਖਲ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕੀਤਾ ਹੈ। ਘਾਟੇ ਵਿਚ ਜਾ ਰਹੇ ਬਹੁਤ ਸਾਰੇ ਸਰਕਾਰੀ ਉਦਯੋਗਾਂ ਅਤੇ ਅਦਾਰਿਆਂ ਨੂੰ ਲੋੜੀਂਦੀ ਮਾਇਕ ਸਹਾਇਤਾ ਅਤੇ ਸੋਧਾਂ ਰਾਹੀਂ ਬਚਾਇਆ ਜਾ ਸਕਦਾ ਸੀ ਅਤੇ ਬਹੁਤ ਸਾਰੇ ਕਾਮਿਆਂ ਦਾ ਉਜਾੜਾ ਵੀ ਰੋਕਿਆ ਜਾ ਸਕਦਾ ਸੀ। ਉਹ ਅਦਾਰੇ ਅਤੇ ਉਦਯੋਗ ਨਵ-ਉਦਾਰਵਾਦ ਦੀ ਨੀਤੀ ਹਿੱਤ ਅੰਨ੍ਹੇਵਾਹ ਨਿੱਜੀਕਰਨ ਦੀ ਭੇਂਟ ਚੜ੍ਹ ਗਏ ਜਾਪਦੇ ਹਨ।

ਨਵ-ਉਦਾਰਵਾਦ ਦੇ ਹੱਕ ਵਿਚ ਕਈ ਵਿਦਵਾਨ ਅਤੇ ਅੰਦੋਲਨ ਨਿੱਤਰੇ ਹਨ, ਜਿਨ੍ਹਾਂ ਵਿਚ ਪਹਿਲਾਂ ਦਿੱਤੇ ਵਿਸ਼ੇਸ਼ ਵਿਚਾਰਵਾਨਾਂ ਤੋਂ ਇਲਾਵਾ ਚਾਰਲਸ ਪੀਟਰਜ਼, ਬਿਲ ਕਲਿੰਟਨ, ਐਲ ਗੋਰੇ, ਚਾਰਲਸ ਗਾਈਡ, ਪੈਂਟਾਲੋਨੀ, ਜੇਮਜ਼ ਬੈਚਨੈਨ ਅਤੇ ਕਈ ਮਿਸ਼ਨ ਜਾਂ ਸੰਗਠਨ ਜਿਵੇਂ ਵਾਸ਼ਿੰਗਟਨ ਕੈਂਨਸੈਂਸਿਜ਼ ਅਤੇ ਸ਼ਿਕਾਗੋ ਬੌਇਜ਼ ਆਦਿ ਮੁੱਖ ਹਨ। ਇਸ ਦੇ ਨਾਲ ਹੀ ਕੁਝ ਸਮੇਂ ਤੋਂ ਖਾਸਕਰ ਲਾਤੀਨੀ ਅਤੇ ਦੱਖਣੀ ਅਮਰੀਕੀ ਦੇਸ਼ਾਂ, ਕੁਝ ਯੂਰਪੀ ਅਤੇ ਸਕੰਡੇਨੇਵੀਅਨ ਦੇਸ਼ਾਂ ਵਿਚ ਨਵ-ਉਦਾਰਵਾਦ ਦਾ ਵਿਰੋਧ ਵੀ ਬਹੁਤ ਤਾਕਤ ਫੜ ਰਿਹਾ ਹੈ। ਇਸ ਵਿਚਾਰਧਾਰਾ ਦੇ ਵਿਰੋਧ ਵਿਚ ਬਹੁਤ ਸਾਰੇ ਸਮਾਜਿਕ ਸੰਗਠਨ ਅਤੇ ਕਾਰਕੁਨ ਲਗਾਤਾਰ ਸਰਗਰਮ ਹਨ, ਜਿਨ੍ਹਾਂ ਵਿਚੋਂ ਕੁਝ ਵਿਸ਼ੇਸ਼ ਵਿਦਵਾਨ ਦੇ ਨਾਂ ਹਨ: ਮਾਈਕਲ ਹਡਸਨ, ਰੋਬਰਟ ਪੌਲਿਨ, ਨੌਮ ਚੌਮਸਕੀ, ਨਾਓਮੀ ਕਲੇਨ, ਮਸ਼ੇਲ ਫੂਕੋ, ਕੌਮਲ ਵੈਸਟ, ਅਮਰਤਿਆ ਸੇਨ, ਜਾਰਜ ਮੌਨਬਿਔਟ, ਗੇਲ ਡਾਈਨ, ਡੇਵਿਡ ਹਾਰਵੀ, ਜ਼ਿਜ਼ੇਕ, ਅਰੁੰਧਤੀ ਰਾਏ, ਜੌਸੇਫ ਸਟਿਗਿਲਿਫਟਸ ਅਤੇ ਕੈਥੋਲਿਕ ਚਰਚ ਦੇ ਮੌਜੂਦਾ ਪੋਪ, ਫਰਾਂਸਿਜ਼।

ਨਵ-ਉਦਾਰਵਾਦ ਦੇ ਮੁੱਖ ਟੀਚਿਆਂ ਅਤੇ ਇਸ ਵਿਚਾਰਧਾਰਾ ਦੇ ਮੂਲ ਵਿਰੋਧ ਦੇ ਨੁਕਤਿਆਂ ਅਰਥਾਤ ਨਵ-ਉਦਾਰਵਾਦ ਦੇ ਕੱਚੇ ਚਿੱਠੇ ਬਾਰੇ ਗੱਲ ਕਰਦੇ ਹਾਂ। ਦਰਅਸਲ ਨਵ-ਉਦਾਰਵਾਦ ਮਨੁੱਖ ਨੂੰ ਚਾਰਲਸ ਡਾਰਵਿਨ ਦੇ ਮੁੱਖ ਸਿਧਾਂਤ, ਸਿਲੈਕਸ਼ਨ ਆਫ ਦਿ ਫਿਟੈਸਟ, ਦੇ ਰਾਜਨੀਤਕ ਢਾਂਚੇ ਵਿਚ ਫਿੱਟ ਕਰਨ ਦੇ ਉਦੇਸ਼ ਤੋਂ ਮੁੱਖ ਪ੍ਰਭਾਵ ਲੈਂਦਾ ਹੈ। ਇੱਥੇ ਫਿਟ ਤੋਂ ਭਾਵ ਪੈਸੇ ਦੀ ਤਾਕਤ ਵੱਲੋਂ ਫਿੱਟ ਤੋਂ ਹੈ, ਕਿਉਂਕਿ ਅੱਜ ਕੱਲ੍ਹ ਤਾਕਤ ਸਰੀਰਕ ਤੋਂ ਮਾਇਕ ਦੇ ਰੂਪ ਵਿਚ ਤਬਦੀਲ ਹੋ ਗਈ ਹੈ। ਇਹ ਵਿਚਾਰਧਾਰਾ ਪੈਸੇ ਨੂੰ ਮਾਨਵੀ ਜ਼ਿੰਦਗੀ ਅਤੇ ਵਿਅਕਤੀ ਤੋਂ ਉਤਾਂਹ ਰੱਖਦੀ ਹੈ ਅਤੇ ਇਹ ਜੀਵਨ ਮੁੱਲਾਂ ਨੂੰ ਮੰਡੀ ਅਤੇ ਬਾਜ਼ਾਰ ਦੇ ਮੁੱਲਾਂ ਵਿਚ ਤਬਦੀਲ ਕਰਨ ਵਾਲੀ ਰਾਜਨੀਤਕ ਗਤੀਵਿਧੀ ਹੈ। ਡੇਵਿਡ ਹਾਰਵੀ ਇਸ ਨੂੰ "ਖੁੱਲ੍ਹਾ ਛੱਡਿਆ, ਬੇਲਗਾਮ ਵਿਅਕਤੀਵਾਦ" ਕਹਿੰਦਾ ਹੈ, ਜਿਹੜਾ ਅਮੀਰ ਵਰਗ ਦੀ ਤਾਕਤ ਵਧਾਉਣ ਲਈ ਈਜਾਦ ਕੀਤਾ ਗਿਆ ਹੈ।

ਦਰਅਸਲ ਇਹ ਪੂੰਜੀਵਾਦੀ ਅਮੀਰ ਵਰਗ ਅਤੇ ਕਾਰਪੋਰੇਟ ਖੇਤਰ ਦੀ ਅਧੀਨਗੀ ਵਿਚ ਲਿਆਉਣ ਵਾਲੀ ਵਿਵਸਥਾ ਹੈ। ਇਸ ਨੂੰ ਗੈਰਹਾਜ਼ਰੀ ਵਾਲਾ ਸਾਮਰਾਜ ਵੀ ਕਿਹਾ ਗਿਆ ਹੈ। ਕਈ ਇਸ ਨੂੰ ਗਰੀਬੀ ਦੇ ਅਪਰਾਧੀਕਰਨ ਵਾਲੀ ਵਿਵਸਥਾ ਪੈਦਾ ਕਰਨ ਵਾਲਾ ਨਿਜ਼ਾਮ ਕਹਿੰਦੇ ਹਨ, ਜਿਸ ਦੇ ਚਲਦਿਆਂ ਕਾਰਪੋਰੇਟ ਫੰਡਾਂ ਦੀ ਮਦਦ ਕਾਰਨ ਇਸ ਵਿਵਸਥਾ ਦਾ ਕਹਿਣਾ ਮੰਨਣ ਵਾਲੀਆਂ ਸਰਕਾਰਾਂ ਅਤੇ ਸੱਤਾਧਾਰੀ ਰਾਜਾਂ 'ਤੇ ਨਿਰੰਤਰ ਕਾਬਜ਼ ਹੋਣ ਅਤੇ ਰਹਿਣ ਲਈ ਕਾਰਪੋਰੇਟ ਅਦਾਰੇ ਸਰਕਾਰਾਂ ਦੀ ਮਿਲੀਭੁਗਤ ਨਾਲ ਕਈ ਤਰ੍ਹਾਂ ਦੇ ਪੈਂਤੜੇ ਅਪਨਾਉਂਦੇ ਹਨ। ਇਨ੍ਹਾਂ ਵਿਚ ਨਿੱਜੀ ਜਾਇਦਾਦ ਦੇ ਹੱਕਾਂ ਦੀ ਰਖਵਾਲੀ ਦੀ ਜ਼ਾਮਨੀ, ਨਿੱਜੀਕਰਨ, ਵਪਾਰ ਅਤੇ ਪੂੰਜੀਪਤੀਆਂ ਦੇ ਆਮਦਨ ਕਰਾਂ ਵਿਚ ਕਟੌਤੀ ਨੂੰ ਆਰਥਿਕ ਖੜੋਤ ਵਿਚੋਂ ਮੁਲਕ ਨੂੰ ਕੱਢਣ ਲਈ ਇਨ੍ਹਾਂ ਨੂੰ ਲਾਜ਼ਮੀ ਦਰਸਾਉਣਾ, ਫੌਜ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਦੇ ਉਪਰਾਲੇ ਵਜੋਂ ਵਧੇਰੇ ਸਰਕਾਰੀ ਬਜਟ ਰੱਖਣਾ, ਆਮ ਜਨਤਾ ਦਾ ਧਿਆਨ ਉਨ੍ਹਾਂ ਦੇ ਅਸੁਰੱਖਿਅਤ ਹੋਣ ਦੇ ਕਲਪਿਤ ਖਤਰਿਆਂ ਵੱਲ ਖਿੱਚ ਕੇ ਉਨ੍ਹਾਂ ਨੂੰ ਮੂਲ ਮਸਲਿਆਂ ਤੋਂ ਅਵੇਸਲਾ ਰੱਖਣ ਦੀ ਵਿਵਸਥਾ ਤਿਆਰ ਕਰਨ ਜਾਂ ਅਜਿਹੇ ਸੰਕਟਾਂ ਨੂੰ ਕੂਟਨੀਤਕ ਰਾਜਨੀਤੀ ਜਾਂ "ਫੁੱਟ ਪਾਓ ਅਤੇ ਰਾਜਨੀਤੀ ਕਰੋ" ਆਦਿ ਵਰਤਣਾ ਸ਼ਾਮਲ ਹੈ। ਇਸ ਵੱਲ ਨਿਓਮੀ ਕਲੇਨ ਨੇ ਆਪਣੀ ਪ੍ਰਸਿੱਧ ਪੁਸਤਕ 'The Shock Treatment' ਵਿਚ ਜ਼ਿਕਰ ਕੀਤਾ ਹੈ।

ਨਵ-ਉਦਾਰਵਾਦੀ ਨੀਤੀਆਂ ਸਭਿਆਚਾਰ, ਵਾਤਾਵਰਣ ਅਤੇ ਸਥਾਨਕਤਾ 'ਤੇ ਵੀ ਬੋਝ ਬਣਦੀਆਂ ਹਨ। ਕਾਰਪੋਰੇਟ ਖੇਤੀ ਦਾ ਅਧਿਕ ਮਸ਼ੀਨੀਕਰਨ ਅਤੇ ਰਸਾਇਣੀਕਰਨ ਭੋਇੰ ਦੀ ਉਪਜਾਊ ਤਾਕਤ ਘਟਾ ਦਿੰਦਾ ਹੈ, ਜਿਸ ਰਾਹੀਂ ਪੈਦਾ ਹੋਈ ਮਾਨਸਿਕਤਾ ਜ਼ਮੀਨ ਉੱਤੇ ਮਨੁੱਖ ਦਾ ਸਮਾਜਿਕ ਅਤੇ ਸਭਿਆਚਾਰ ਆਧਾਰ ਵੀ ਘਟਾ ਦਿੰਦੀ ਹੈ। ਰਾਕ ਫਾਊਂਡੇਸ਼ਨ ਨੇ ਜ਼ਮੀਨ ਨੂੰ ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਅਤੇ ਬਾਇਓਟੈਕਨਾਲੋਜੀ ਨਾਲ ਅਧਮੋਈ ਕਰ ਦਿੱਤਾ ਜਾਪਦਾ ਹੈ। ਇਸ ਤੋਂ ਇਲਾਵਾ ਮਜ਼ਦੂਰੀਆਂ ਵਿਚ ਖੜੋਤ ਅਤੇ ਗਤੀਹੀਣਤਾ, ਰੁਜ਼ਗਾਰ ਮੰਡੀ ਲਚੀਲੀ ਨਾ ਹੋਣ ਕਾਰਨ ਅਜਿਹੇ ਘੱਟ ਨਿਪੁੰਨ ਕਾਮਿਆਂ ਦਾ ਘਾਣ, ਬਗ਼ੈਰ ਮਿਹਨਤ ਤੋਂ ਪੈਦਾ ਹੋਏ ਸਾਧਨਾਂ ਤੋਂ ਪੂੰਜੀਪਤੀਆਂ ਵੱਲੋਂ ਆਰਥਿਕ ਕਿਰਾਏ ਦੀ ਵਸੂਲੀ, ਸਮਾਜਿਕ ਕਾਰਜਾਂ ਜਿਵੇਂ ਵਿੱਦਿਆ, ਸਿਹਤ, ਪੈਨਸ਼ਨ ਆਦਿ ਵਿਚ ਸਰਕਾਰੀ ਖਰਚੇ ਦੀ ਕਟੌਤੀ, ਸਰਕਾਰੀ ਕਾਰਜਾਂ ਅਤੇ ਅਧਿਕਾਰ ਖੇਤਰਾਂ ਵਿਚ ਕਟੌਤੀ, ਸਮਾਜ ਭਲਾਈ ਸੰਸਥਾਵਾਂ ਲਈ ਰੱਖੇ ਬਜਟ-ਘਾਟੇ (Deficit Budge) ਵਿਚ ਕਟੌਤੀ, ਰਾਜਸੀ ਸਾਲਾਨਾ ਡੀਫਿਸੱਟ ਬਜਟ ਵਿਚ ਕਟੌਤੀ, ਕਾਰਪੋਰੇਟ ਦੇ ਆਮਦਨੀ ਕਰਾਂ ਵਿਚ ਕਟੌਤੀ ਕਰਨ, ਸੱਟਾਬਾਜ਼ਾਰੀ ਰਾਹੀਂ ਵਿੱਤੀ ਅਸਥਿਰਤਾ, ਹਾਸ਼ੀਆਗਤ ਆਬਾਦੀਆਂ ਦੀ ਅਸਥਿਰਤਾ ਨੂੰ ਅਪਰਾਧੀਕਰਨ ਦੀ ਨੀਤੀ ਰਾਹੀਂ ਨਜਿੱਠਣਾ, ਵਿਸ਼ਵੀਕਰਨ ਦੌਰ ਵਿਚ ਤੇਜ਼ੀ, ਜਨਤਕ ਕਾਰਜਾਂ 'ਤੇ ਖਰਚ ਵਿਚ ਕਟੌਤੀ ਕਰਨ ਅਤੇ ਵੱਧ ਤੋਂ ਵੱਧ ਖੇਤਜਾਂ ਦੇ ਨਿੱਜੀਕਰਨ ਅਤੇ ਅਵਿਨਿਯਮਨ (Deregulation) ਆਦਿ ਅਸਿੱਧੇ ਰੂਪ ਵਿਚ ਬਹੁਤ ਸਾਰੀਆਂ ਵਿੱਤੀ ਸਹੂਲਤਾਂ ਨੂੰ ਕੁਲੀਨ ਵਰਗ ਅਤੇ ਕਾਰਪੋਰੇਟ ਦੇ ਕਾਰੋਬਾਰੀ, ਵਿੱਤੀ, ਸਮਾਜਿਕ ਅਤੇ ਮਾਇਕ ਹਿੱਤਾਂ ਨੂੰ ਪ੍ਰਦਾਨ ਕਰਨ ਵੱਲ ਸੇਧਿਤ ਹਨ। ਇਸ ਸਭ ਦੇ ਫਲਸਰੂਪ ਨਵ-ਉਦਾਰਵਾਦ ਨੂੰ ਹੁਣ ਲੋਕਰਾਜ ਦੇ ਪਤਨ ਅਤੇ ਨਿਘਾਰ ਵਰਗੇ ਸਮਾਜਿਕ ਅਤੇ ਰਾਜਨੀਤਕ ਹਾਲਾਤ ਦੇ ਜਨਮਦਾਤੇ ਵਜੋਂ ਵੀ ਜਾਣਿਆ ਜਾਣ ਲੱਗਾ ਹੈ। ਹਾਲਤ ਇਹ ਹੋ ਗਈ ਹੈ ਕਿ ਵਿਕਸਿਤ ਰਾਸ਼ਟਰਾਂ ਦੀਆਂ ਹਰ ਵਿਚਾਰਧਾਰਾ ਵਾਲੀਆਂ ਸਰਕਾਰਾਂ ਕਾਰਪੋਰੇਟ ਫੰਡਾਂ 'ਤੇ ਨਿਰਭਰ ਹੋਣ ਕਾਰਨ ਕਦੇ ਵੀ ਪੂੰਜੀਵਾਦੀ ਤਾਕਤਾਂ ਅਤੇ ਕਾਰਪੋਰੇਟਾਂ ਦਾ ਵਿਰੋਧ ਨਹੀਂ ਕਰ ਸਕਦੀਆਂ ਅਤੇ ਦੇਸ਼ ਅੰਦਰ ਚੱਲ ਰਹੇ ਅੰਦੋਲਨਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਜੋ ਭਾਵੇਂ ਕਿੰਨੇ ਵੀ ਜਾਇਜ਼ ਅਤੇ ਨਿਆਂਸੰਗਤ ਕਿਉਂ ਨਾ ਹੋਣ। ਭਾਰਤ ਵਿਚ ਚੱਲ ਰਿਹਾ ਕਿਸਾਨ ਅੰਦੋਲਨ ਇਸ ਦੀ ਮਿਸਾਲ ਹੈ।

ਆਰਥਿਕ ਮਾਹਿਰਾਂ ਅਤੇ ਸਮਾਜ ਸੇਵੀਆਂ ਨੇ ਨਵ-ਉਦਾਰਵਾਦ ਦੇ ਕੁਝ ਹੋਰ ਮੁੱਦਿਆਂ ਵੱਲ ਧਿਆਨ ਦਿਵਾਇਆ ਹੈ, ਜਿਨ੍ਹਾਂ ਵਿਚ ਸਟੇਟ ਦਾ ਹੌਲੀ ਹੌਲੀ ਪਤਨ ਹੋ ਜਾਣਾ ਪ੍ਰਮੁੱਖ ਹੈ। ਵਿਸ਼ਵ ਪ੍ਰਸਿੱਧ ਅਰਥ- ਵਿਗਿਆਨੀਆਂ ਦਾ ਇਹ ਕਹਿਣਾ ਹੈ ਕਿ ਨੇੜਲੇ ਭਵਿੱਖ ਵਿਚ ਸਾਰੀਆਂ ਸੱਤਾਧਾਰੀ ਸਰਕਾਰਾਂ ਅਤੇ ਰਾਜਾਂ ਦਾ ਆਪੋ ਆਪਣੇ ਰਹਿਮ-ਕਰਮ 'ਤੇ ਪਹੁੰਚ ਜਾਣਾ ਲਗਭਗ ਤੈਅ ਹੈ। ਸਮਾਜ ਅਣੂ-ਸਮਾਜ (Atomized society) ਵਿਚ ਬਦਲ ਜਾਵੇਗਾ। ਅਜਿਹਾ ਸਮਾਜ ਆਪਸੀ ਸਾਂਝ ਤੋਂ ਨਿਰਲੇਪ ਹੋ ਜਾਵੇਗਾ। ਜ਼ਿੰਦਗੀ ਦੀ ਫਜ਼ੂਲਤਾ (Absurdity) ਮੁਖਰ ਹੋ ਜਾਵੇਗੀ ਅਤੇ ਸਮਾਜ ਆਤਮਘਾਤੀ ਹੋਣ ਵੱਲ ਵੱਧ ਰੁਚਿਤ ਹੋ ਜਾਵੇਗਾ। ਜਾਰਜ ਮੌਨਬਿਔਟ ਦੇ ਆਖਣ ਅਨੁਸਾਰ ਨਵ-ਉਦਾਰਵਾਦ ਦਾ ਸਭ ਤੋਂ ਮਾੜਾ ਪੱਖ ਇਸ ਦਾ ਕੁਦਰਤੀ ਸਾਧਨਾਂ ਦੀ ਦੁਰਵਰਤੋਂ ਅਤੇ ਵਾਤਾਵਰਣ ਸਬੰਧੀ ਮੁੱਦਿਆਂ ਦੀ ਅਵਹੇਲਨਾ ਹੈ। ਖਾਸ ਤੌਰ 'ਤੇ ਮਿੱਟੀ ਦਾ ਦੁਰਉਪਯੋਗ ਜਿਸ ਨਾਲ ਅਗਲੇ ਸੱਠ ਸਾਲਾਂ ਵਿਚ ਮਨੁੱਖ ਧਰਤੀ ਤੋਂ ਪੂਰੀ ਤਰ੍ਹਾਂ ਟੁੱਟ ਜਾਵੇਗਾ। ਦਿਹਾਤ ਅਤੇ ਪਹਾੜੀ ਖੇਤਰਾਂ ਵਿਚ ਬਨਸਪਤੀ, ਪਸ਼ੂਆਂ, ਰੁੱਖਾਂ ਅਤੇ ਪਾਣੀ 'ਤੇ ਨਿਰਭਰ ਲੋਕ ਉਖਾੜ ਦਿੱਤੇ ਜਾਣਗੇ। ਇਹ ਲੋਕ ਬੇਘਰੇ ਹੀ ਨਹੀਂ, ਫਾਲਤੂ, ਬੇਆਬਾਦ, ਕਿੱਤਾਹੀਨ ਅਤੇ ਬੇਰੁਜ਼ਗਾਰ ਵੀ ਹੋ ਜਾਣਗੇ। ਸ਼ਹਿਰੀ ਖੇਤਰਾਂ ਦਾ ਕੇਂਦਰੀਕਰਨ ਕਾਮਿਆਂ ਦੀ ਸਮੂਹਿਕ ਸੁਰੱਖਿਆ ਨੂੰ ਘਟਾ ਸਕਦਾ ਹੈ। ਕਾਮਿਆਂ ਦਾ ਬੇਰੋਕ, ਯੋਜਨਾ-ਰਹਿਤ ਸ਼ਹਿਰੀਕਰਨ ਨਾ ਸਿਰਫ ਰੋਬੋਟਨੁਮਾ ਜ਼ਿੰਦਗੀ ਵੱਲ ਵਧੇਗਾ, ਸਗੋਂ ਇਹ ਕੁਦਰਤੀ ਵਾਤਾਵਰਣ, ਇਸ ਦੀ ਵੰਨ-ਸੁਵੰਨਤਾ ਤੇ ਸੁੰਦਰਤਾ ਅਤੇ ਬਹੁਤ ਸਾਰੀਆਂ ਪ੍ਰਜਾਤੀਆਂ ਦਾ ਵੀ ਮਲੀਆਮੇਟ ਕਰ ਦੇਵੇਗਾ।

ਹੁਣ ਅਸੀਂ ਇਹ ਵੇਖਣ ਦੀ ਕੋਸ਼ਿਸ਼ ਕਰਾਂਗੇ ਕਿ ਨਵ-ਉਦਾਰਵਾਦ ਦੀ ਮੌਜੂਦਾ ਸਥਿਤੀ ਕਿੱਥੋਂ ਤੀਕ ਹੋਰ ਚੱਲ ਸਕਦੀ ਹੈ ਅਤੇ ਕੀ ਇਸ ਨੂੰ ਲਗਾਮ ਵੀ ਦਿੱਤੀ ਜਾ ਸਕਦੀ ਹੈ ਜਾਂ ਨਹੀਂ। ਇਹ ਵੀ ਕਿ ਇਸ ਬਾਰੇ ਆਲੇ-ਦੁਆਲੇ ਕੀ ਵਾਪਰ ਰਿਹਾ ਹੈ? ਹੁਣ ਪਿਛਲੇ ਚਾਲੀ ਸਾਲਾਂ ਦੀਆਂ ਨਵ-ਉਦਾਰਵਾਦੀ ਨੀਤੀਆਂ ਦੇ ਚਲਦਿਆਂ ਹੁਣ ਇਹ ਆਮ ਖਿਆਲ ਕੀਤਾ ਜਾਣ ਲੱਗਾ ਹੈ ਕਿ ਨਵ-ਉਦਾਰਵਾਦ ਦਾ ਯੁਗ ਬੀਤ ਚੁੱਕਾ ਹੈ ਅਤੇ ਉਹ ਵਿਚਾਰਧਾਰਾ ਜਿਹੜੀ ਹੁਣ ਵਿਸ਼ਵ-ਕਾਰਪੋਰੇਟ ਦਾ ਰੂਪ ਧਾਰਨ ਕਰ ਚੁੱਕੀ ਹੈ, ਮਨੁੱਖੀ ਭਲਾਈ ਦੇ ਆਰਥਿਕ ਹੱਕ ਵਿਚ ਹੋਣ ਵਾਲੀ ਆਪਣੀ ਸਾਰੀ ਦਲੀਲ ਅਤੇ ਅਮਲ ਗੁਆ ਚੁੱਕੀ ਹੈ। ਲਾਤੀਨੀ ਅਮਰੀਕਾ 'ਚ ਇਸ ਦੀ ਵਿਰੋਧੀ ਲਹਿਰ ਸਦਕਾ ਕਈ ਦੇਸ਼ਾਂ ਵਿਚ ਖੱਬੇ-ਪੱਖੀ ਸਰਕਾਰਾਂ ਹੋਂਦ ਵਿਚ ਆਈਆਂ। ਕੋਰੀਆ ਦੇ ਇਕ ਕਿਸਾਨ ਨੇਤਾ ਨੇ 2003 ਵਿਚ ਵਿਸ਼ਵ ਵਪਾਰ ਸੰਗਠਨ ਦੀ ਮੀਟਿੰਗ ਵਿਚ ਆਤਮਹੱਤਿਆ ਕਰ ਲਈ ਸੀ। ਉਹ ਦੱਖਣੀ ਕੋਰੀਆ ਵਿਚ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਵਿਚ ਕੀਤੀ ਕਟੌਤੀ ਖਿਲਾਫ ਆਵਾਜ਼ ਬੁਲੰਦ ਕਰ ਰਿਹਾ ਸੀ। ਕ੍ਰਿਸਟਨ ਗੌਡਸੀ ਨੇ ਨਵ-ਉਦਾਰਵਾਦ ਦੇ ਇਸ ਵਿਰੋਧ ਨੂੰ "ਲਾਲ ਉਦਰੇਵਾਂ" ਕਿਹਾ ਹੈ। ਲੋਕੀਂ ਕਈ ਸਾਬਕਾ ਖੱਬੇ-ਪੱਖੀ ਰਾਜਾਂ ਅਤੇ ਸਰਕਾਰਾਂ ਦੇ ਸੁਨਹਿਰੀ ਸਾਲਾਂ ਨੂੰ ਯਾਦ ਕਰ ਰਹੇ ਹਨ। ਕਮਿਊਨਿਸਟ ਨਿਜ਼ਾਮ ਪ੍ਰਤੀ ਲਾਤੀਨੀ ਅਮਰੀਕੀ ਵਿਚ ਅਜਿਹੀ ਲਾਲ ਲਹਿਰ ਨੇ ਇਸ ਸਦੀ ਦੇ ਆਰੰਭ ਵਿਚ ਖੱਬੀਆਂ ਸਰਕਾਰਾਂ ਸਥਾਪਿਤ ਕੀਤੀਆਂ ਹਨ। ਯੂਨਾਨ ਅਤੇ ਇਟਲੀ ਨੇ ਪਿੱਛੇ ਜਿਹੇ ਵਿਸ਼ਵ ਮੁਦਰਾ ਕੋਸ਼ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਵਿਚਾਰ ਹੁਣ ਮਜ਼ਬੂਤੀ ਫੜ ਰਿਹਾ ਹੈ ਕਿ ਬਾਜ਼ਾਰ ਹੀ ਸਮਾਜਿਕ ਜੀਵਨ ਅਤੇ ਨਿੱਜਤਾ ਦੀਆਂ ਸ਼ਰਤਾਂ ਕਿਉਂ ਤੈਅ ਕਰੇ। ਲੈਨਿਨ ਨੇ ਕਿਹਾ ਸੀ ਕਿ ਪੂੰਜੀਵਾਦ ਦੀ ਆਖਰੀ ਸਟੇਜ ਸਾਮਰਾਜ ਹੁੰਦੀ ਹੈ। ਸੋ ਆਮ ਲੋਕਾਂ ਵਿਚ ਨਵ-ਉਦਾਰਵਾਦ ਖਿਲਾਫ ਜਥੇਬੰਦਕ ਗੁੱਟਬੰਦੀ ਸਥਾਪਿਤ ਹੋ ਰਹੀ ਹੈ।

ਜੌਜ਼ੇਫ ਸਟਗਲਿਟਸ ਦੇ ਕਹਿਣ ਮੁਤਾਬਿਕ ਨਵ-ਉਦਾਰਵਾਦ ਦੇ ਤਿੰਨਾਂ ਵਿਕਲਪਾਂ, ਪਰਾ-ਦੱਖਣ ਰਾਸ਼ਟਰਵਾਦ (Far-left Nationalism), ਕੇਂਦਰ-ਖੱਬਾ ਸੁਧਾਰਵਾਦ (Centre Left Reforming) ਅਤੇ ਪ੍ਰਗਤੀਸ਼ੀਲ ਖੱਬੇ-ਪੱਖੀ ਆਰਥਿਕ ਵਿਚਾਰਧਾਰਾ (Progressive Left) ਵਿਚੋਂ ਤੀਜਾ, ਜਿਸ ਨੂੰ ਉਹ ਪ੍ਰਗਤੀਸ਼ੀਲ ਪੂੰਜੀਵਾਦ (Progressive Capitalism) ਕਹਿੰਦਾ ਹੈ, ਹੀ ਨਵ-ਉਦਾਰਵਾਦ ਦਾ ਸਹੀ ਵਿਕਲਪ ਹੋ ਸਕਦਾ ਹੈ, ਜਿਹੜਾ ਮੰਡੀ, ਰਾਸ਼ਟਰ ਅਤੇ ਸਮਾਜ ਵਿਚ ਸੰਤੁਲਨ ਪੈਦਾ ਕਰ ਸਕਦਾ ਹੈ; ਰਾਸ਼ਟਰ ਦਾ ਵਿਗਿਆਨਕ ਜਾਚ ਦੀਆਂ ਲੀਹਾਂ 'ਤੇ ਵਿਕਾਸ ਕਰ ਸਕਦਾ ਹੈ, ਜਿਹੜੀ ਰਾਸ਼ਟਰੀ ਧਨ ਹੁੰਦੀ ਹੈ, ਮੰਡੀ ਦੀ ਤਾਕਤ ਦੇ ਕੇਂਦਰੀਕਰਨ ਦਾ ਰਾਸ਼ਟਰਾਂ ਵੱਲੋਂ ਲੋਕਰਾਜੀ ਕੰਟਰੋਲ ਸੰਭਵ ਬਣਾ ਸਕਦਾ ਹੈ; ਅਤੇ ਆਰਥਿਕ ਤਾਕਤ ਦਾ ਰਾਜਨੀਤਕ ਇਸਤੇਮਾਲ ਨਾ ਹੋਣ ਦੇਣ ਵਿਚ ਸਹਿਯੋਗੀ ਹੋ ਸਕਦਾ ਹੈ।

ਇਸ ਤੋਂ ਇਲਾਵਾ ਕਈ ਅਰਥ-ਸ਼ਾਸਤਰੀਆਂ ਅਨੁਸਾਰ ਸਹਿਕਾਰਤਾ ਦੀਆਂ ਲਹਿਰਾਂ ਦੇ ਉਥਾਨ, ਲੋਕ-ਸਮੂਹੀ ਭਾਵਨਾ ਦੇ ਵਿਕਾਸ ਅਤੇ ਆਪੋ ਆਪਣੇ ਖਿੱਤੇ ਅਤੇ ਮਿੱਟੀ ਨਾਲ ਮੁੜ ਲਗਾਓ ਅਤੇ ਜੁੜਾਵ, ਅਤੇ ਘਰੇਲੂ ਤੇ ਲਘੂ ਉਦਯੋਗ, ਛੋਟੇ ਪੱਧਰਾਂ 'ਤੇ ਨਿੱਕੇ ਨਿੱਕੇ ਕੰਮਾਂ ਵਾਲੇ ਰੁਝੇਵਿਆਂ ਦਾ ਰੁਝਾਨ ਤੇ ਸਥਾਨਿਕਤਾ ਜਾਂ ਡੀ-ਗਲੋਬਲਾਈਜੇਸ਼ਨ ਦੀ ਰਾਜਨੀਤਕ ਚੇਤਨਤਾ ਹੀ ਸਾਨੂੰ ਇਸ ਵਿਸ਼ਵ-ਵਿਆਪੀ ਨਵ-ਉਦਾਰਵਾਦੀ ਕਾਰਪੋਰੇਟ ਪਸਾਰ ਦੁਆਰਾ ਉਤਪੰਨ ਆਰਥਿਕ ਤਬਾਹੀ ਅਤੇ ਮਾਨਵੀ ਮੁੱਲਾਂ ਦੇ ਅੰਨ੍ਹੇਵਾਹ ਖਿਲਵਾੜ ਤੋਂ ਬਚਾ ਸਕਦੀ ਹੈ।

ਗੁਰਦੇਵ ਚੌਹਾਨ
ਫੋਨ: +1-647-866-2630

# ਭੇਦ ਦਾ ਓਹਲਾ: ਸੰਸਾਰ ਬਾਜ਼ਾਰ 'ਚ ਬੇਪਰਦ ਖੜ੍ਹਾ ਮਨੁੱਖ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਬਹੁਤ ਸਾਰੇ ਲੋਕ ਚਾਹੁੰਦੇ ਹੋਣਗੇ ਕਿ ਪੰਜਾਬ ਦੀ ਕਾਂਗਰਸ ਦਾ ਨਵਾਂ ਪ੍ਰਧਾਨ ਬਣਾਏ ਗਏ ਨਵਜੋਤ ਸਿੰਘ ਸਿੱਧੂ ਦੀ ਇੱਕੋ ਹਫਤੇ ਵਿਚ ਅਸਮਾਨੀ ਰਾਕੇਟ ਵਰਗੀ ਸਿਆਸੀ ਚੜ੍ਹਤ ਦੀ ਗੱਲ ਪਹਿਲਾਂ ਕੀਤੀ ਜਾਵੇ। ਉਨ੍ਹਾਂ ਦਾ ਇਸ ਤਰ੍ਹਾਂ ਸੋਚਣਾ ਗਲਤ ਨਹੀਂ, ਪਰ ਓਧਰ ਝਾਕਣ ਦੀ ਥਾਂ ਅਸੀਂ ਦੂਸਰਾ ਮੁੱਦਾ ਛੋਹਣਾ ਚਾਹੁੰਦੇ ਹਾਂ। ਇਹ ਦੂਸਰਾ ਮੁੱਦਾ ਭਾਰਤ ਦੇ ਲੋਕਾਂ ਉੱਤੇ ਅਸਰ ਪਾਉਂਦਾ ਹੈ, ਜਿਨ੍ਹਾਂ ਵਿਚ ਪੰਜਾਬ ਦੇ ਲੋਕ ਸ਼ਾਮਲ ਹਨ ਅਤੇ ਦੁਨੀਆਂ ਭਰ ਦੇ ਲੋਕਾਂ ਦਾ ਨਸੀਬ ਵੀ ਉਸ ਦੀ ਮਾਰ ਹੇਠ ਆਇਆ ਪਿਆ ਹੈ। ਜਿਹੜੇ ਸਾਫਟਵੇਅਰ ਭਲੇ ਦਾ ਸਬੱਬ ਜਾਪਦੇ ਸਨ, ਉਹ ਡਰਾਉਣੇ ਭੂਤ ਬਣੇ ਪਏ ਹਨ ਤੇ ਉਨ੍ਹਾਂ ਤੋਂ ਸਾਰੀ ਦੁਨੀਆਂ ਤ੍ਰਹਿਕੀ ਪਈ ਹੈ। ਅੱਜ ਕੱਲ੍ਹ ਭਾਰਤ ਵਿਚ ਜਾਸੂਸੀ ਕਾਂਡ ਦਾ ਰੌਲਾ ਵੀ ਉਸੇ ਦਾ ਹੈ।

ਪਿਛਲੇ ਦਿਨੀਂ ਇਹ ਖਬਰ ਇੱਕਦਮ ਆਈ ਅਤੇ ਫਿਰ ਹਰ ਪਾਸੇ ਛਾ ਗਈ ਕਿ ਇਸਰਾਈਲ ਦੀ ਇੱਕ ਕੰਪਨੀ ਦਾ ਬਣਾਇਆ ਪੈਗਾਸਸ ਸਾਫਟਵੇਅਰ ਵਰਤ ਕੇ ਭਾਰਤ ਦੇ ਵੱਡੇ ਲੋਕਾਂ ਦੇ ਫੋਨ ਸੁਣੇ ਜਾ ਰਹੇ ਹਨ। ਭਾਰਤ ਦੀ ਨਰਿੰਦਰ ਮੋਦੀ ਸਰਕਾਰ ਉੱਤੇ ਇਸ ਬਾਰੇ ਸਿੱਧਾ ਦੋਸ਼ ਲਾਇਆ ਗਿਆ ਤਾਂ ਸਰਕਾਰ ਨੇ ਇਸ ਦੀ ਸਫਾਈ ਵਿਚ ਕੁਝ ਤੱਥ ਪੇਸ਼ ਕਰਨ ਦੀ ਥਾਂ ਇਹੋ ਰੱਟ ਲਾ ਰੱਖੀ ਕਿ ਅਸੀਂ ਕੁਝ ਗਲਤ ਨਹੀਂ ਕੀਤਾ। ਗਲਤ ਭਾਵੇਂ ਨਾ ਕੀਤਾ ਹੋਵੇ, ਪਰ ਕੀਤਾ ਕੀ ਹੈ, ਇਹ ਭੇਦ ਖੋਲ੍ਹਣ ਲਈ ਸਰਕਾਰ ਨਹੀਂ ਮੰਨਦੀ। ਜਿਸ ਦੇਸ਼ ਦੀ ਕੰਪਨੀ ਨੇ ਇਹ ਜਾਸੂਸੀ ਸਾਫਟਵੇਅਰ ਬਣਾਇਆ ਹੈ, ਉਥੇ ਇਸ ਦੀ ਜਾਂਚ ਲਈ ਇੱਕ ਉੱਚ ਪੱਧਰੀ ਟੀਮ ਬਣਾਈ ਗਈ ਹੈ, ਜਿਨ੍ਹਾਂ ਵਿਕਸਿਤ ਦੇਸ਼ਾਂ ਵਿਚ ਇਸ ਸਾਫਟਵੇਅਰ ਦੀ ਵਰਤੋਂ ਨਾਲ ਜਾਸੂਸੀ ਕੀਤੀ ਦੱਸੀ ਜਾ ਰਹੀ ਸੀ, ਉਥੇ ਵੀ ਜਾਂਚ ਚੱਲ ਰਹੀ ਹੈ, ਪਰ ਭਾਰਤ ਦੀ ਸਰਕਾਰ ਅਜੇ ਵੀ ਇੱਕੋ ਰੱਟ ਲਾਈ ਜਾਂਦੀ ਹੈ ਕਿ ਕੁਝ ਗਲਤ ਨਹੀਂ ਕੀਤਾ।

ਇਸਰਾਈਲ ਵਿਚ ਸਰਕਾਰ ਬਦਲ ਚੁਕੀ ਹੈ। ਜਿਹੜੇ ਪਿਛਲੇ ਪ੍ਰਧਾਨ ਮੰਤਰੀ ਨੇ ਗੱਦੀ ਛੱਡੀ ਹੈ, ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬਹੁਤ ਨੇੜੂ ਗਿਣਿਆ ਜਾਂਦਾ ਸੀ ਅਤੇ ਜਿਹੜਾ ਪ੍ਰਧਾਨ ਮੰਤਰੀ ਬਣਿਆ ਹੈ, ਉਹ ਉਸ ਪਹਿਲੇ ਦਾ ਵਿਰੋਧੀ ਹੋਣ ਕਾਰਨ ਭਾਰਤ ਨਾਲ ਓਦਾਂ ਦਾ ਸਹਿਯੋਗ ਸ਼ਾਇਦ ਨਹੀਂ ਕਰੇਗਾ। ਉਥੋਂ ਆਉਂਦੀਆਂ ਰਿਪੋਰਟਾਂ ਮੁਤਾਬਕ ਉਥੋਂ ਦੀ ਸਰਕਾਰ ਇਸ ਪੈਗਾਸਸ ਸਾਫਟਵੇਅਰ ਨੂੰ ਸਿਰਫ ਸਾਫਟਵੇਅਰ ਨਹੀਂ, ਇੱਕ ਹਥਿਆਰ ਮੰਨਦੀ ਹੈ ਤੇ ਇਸੇ ਲਈ ਕਿਸੇ ਵੀ ਗੈਰ-ਸਰਕਾਰੀ ਜਥੇਬੰਦੀ ਨੂੰ ਵੇਚਣ ਦੀ ਪੱਕੀ ਮਨਾਹੀ ਦੇ ਨਾਲ ਸਿਰਫ ਸਰਕਾਰਾਂ ਨੂੰ ਉਥੋਂ ਦੀ ਸਰਕਾਰ ਦੀ ਆਗਿਆ ਨਾਲ ਵੇਚਣ ਦਾ ਨਿਯਮ ਹੈ। ਇਹ ਗੱਲ ਸੱਚੀ ਹੋਵੇ ਤਾਂ ਫਿਰ ਭਾਰਤ




ਨੂੰ ਵੀ ਪਿਛਲੇ ਇਸਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਦੀ ਮਰਜ਼ੀ ਬਿਨਾ ਨਹੀਂ ਮਿਲਿਆ ਹੋਵੇਗਾ। ਇੱਦਾਂ ਦਾ ਗੁਪਤ ਹਥਿਆਰ ਲਿਆਉਣ ਤੇ ਚੁੱਪ-ਚੁਪੀਤੇ ਵਰਤਣ ਪਿੱਛੇ ਨਰਿੰਦਰ ਮੋਦੀ ਸਰਕਾਰ ਦੀ ਕੀ ਸੋਚਣੀ ਸੀ, ਲੋਕਤੰਤਰ ਵਿਚ ਦੇਸ਼ ਦੇ ਆਮ ਲੋਕਾਂ ਨੂੰ ਇਹ ਗੱਲ ਜਾਣਨ ਦਾ ਕਾਨੂੰਨੀ ਹੱਕ ਹੋਣਾ ਚਾਹੀਦਾ ਹੈ, ਜਿਹੜਾ ਮੰਨਿਆ ਨਹੀਂ ਜਾ ਰਿਹਾ।

ਇਹ ਇੱਕ ਵੱਡਾ ਮੁੱਦਾ ਹੈ ਅਤੇ ਬਿਨਾ ਸ਼ੱਕ ਬੜਾ ਵੱਡਾ ਮੁੱਦਾ ਹੈ, ਪਰ ਸਵਾਲ ਇਹ ਹੈ ਕਿ ਪੈਗਾਸਸ ਆਉਣ ਤੋਂ ਬਿਨਾ ਵੀ ਅੱਜ ਦੇ ਯੁੱਗ ਵਿਚ ਆਮ ਲੋਕਾਂ ਦੀ ਕਿਹੜੀ ਕੋਈ ਪ੍ਰਾਈਵੇਸੀ ਰਹਿ ਗਈ ਹੈ! ਸਾਡੇ ਕੋਲ ਮੋਬਾਈਲ ਫੋਨ ਹਨ ਅਤੇ ਉਨ੍ਹਾਂ ਵਿਚ ਹਰ ਤੀਸਰੇ-ਚੌਥੇ ਦਿਨ ਸਾਫਟਵੇਅਰ ਦੀ ਅਪ-ਡੇਟਿੰਗ ਸ਼ੁਰੂ ਹੋ ਜਾਂਦੀ ਹੈ। ਸਾਨੂੰ ਪੁੱਛੇ ਬਿਨਾ ਇਹੋ ਜਿਹੀ ਅਪ-ਡੇਟਿੰਗ ਕਰਨ ਦਾ ਪ੍ਰਬੰਧ ਅਗੇਤਾ ਕਰੀ ਬੈਠੀਆਂ ਫੋਨ ਕੰਪਨੀਆਂ ਸਿਰਫ ਅਪ-ਡੇਟਿੰਗ ਕਰਦੀਆਂ ਹਨ ਜਾਂ ਇਸ ਦੇ ਬਹਾਨੇ ਨਾਲ ਸਾਡੇ ਫੋਨ ਵਿਚੋਂ ਹਰ ਕਿਸਮ ਦਾ ਡਾਟਾ ਕੱਢ ਲੈਂਦੀਆਂ ਹਨ, ਅਸੀਂ ਇਹ ਨਹੀਂ ਜਾਣ ਸਕਦੇ। ਆਮ ਆਦਮੀ ਕਿਸੇ ਕਿਸਮ ਦੀ ਕੋਈ ਐਪ ਆਪਣੇ ਫੋਨ ਉੱਤੇ ਜਦੋਂ ਡਾਊਨਲੋਡ ਕਰਦਾ ਹੈ ਤਾਂ ਕਈ ਥਾਂਈਂ ਇਸ ਐਪ ਨਾਲ ਸੰਬੰਧਤ ਸ਼ਰਤਾਂ ਅਤੇ ਕੰਡੀਸ਼ਨਾਂ ਜੁੜੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਭੇਦ ਦੱਸੇ ਬਿਨਾ ਇਹ ਲਿਖਿਆ ਹੁੰਦਾ ਹੈ ਕਿ ਤੁਸੀਂ ਇਸ ਨੂੰ 'ਐਕਸੈਪਟ' (ਪ੍ਰਵਾਨ) ਕਰੋ, ਵਰਨਾ ਉਹ ਐਪ ਚੱਲ ਨਹੀਂ ਸਕਦੀ। ਉਨ੍ਹਾਂ ਸ਼ਰਤਾਂ ਦਾ ਸਾਨੂੰ ਪਤਾ ਹੀ ਨਹੀਂ ਹੁੰਦਾ ਤੇ ਅਸੀਂ ਹਰ ਥਾਂ ਐਕਸੈਪਟ ਉੱਤੇ ਕਲਿਕ ਕਰ ਕੇ ਆਪਣੇ ਹੱਥ ਵੱਢ ਕੇ ਦੇਈ ਜਾਂਦੇ ਹਾਂ।

ਸਾਡੇ ਕੋਲ ਕੰਪਿਊਟਰ ਜਾਂ ਲੈਪ-ਟਾਪ ਦਾ ਹੋਣਾ ਅੱਜ ਕੱਲ੍ਹ ਆਮ ਗੱਲ ਹੈ, ਇਸ ਦੀ ਸਕਰੀਨ ਉੱਪਰ ਕੈਮਰਾ ਵੀ ਲੱਗਾ ਆਉਣ ਲੱਗ ਪਿਆ ਹੈ। ਮਾਹਰ ਕਹਿੰਦੇ ਹਨ ਕਿ ਉਹ ਕੈਮਰਾ ਕੰਪਿਊਟਰ ਦੇ ਬੰਦ ਕੀਤੇ ਤੋਂ ਵੀ ਚੱਲਦਾ ਰਹਿੰਦਾ ਹੈ ਤੇ ਜਦੋਂ ਤੁਸੀਂ ਅਗਲੀ ਵਾਰੀ ਕੰਪਿਊਟਰ ਨੂੰ ਚਾਲੂ ਕਰਦੇ ਹੋ ਤਾਂ ਇੰਟਰਨੈਟ ਮਿਲਦੇ ਸਾਰ ਆਪਣੀ ਸਾਰੀ ਰਿਕਾਰਡਿੰਗ ਕਿਸ ਕੰਪਨੀ ਨੂੰ ਕਿਦਾਂ ਭੇਜਦਾ ਹੈ, ਸਾਨੂੰ ਕਦੀ ਇਹ ਪਤਾ ਹੀ ਨਹੀਂ ਲੱਗਦਾ। ਅਸੀਂ ਕਿਸੇ ਪਾਸੇ ਜਾਂਦੇ ਹਾਂ ਤਾਂ ਉਥੋਂ ਦਾ ਵਾਈ-ਫਾਈ ਕੁਨੈਕਸ਼ਨ ਬੜੇ ਆਰਾਮ ਨਾਲ ਵਰਤਦੇ ਹਾਂ, ਪਰ ਸਾਨੂੰ ਇਹ ਗੱਲ ਪਤਾ ਨਹੀਂ ਹੁੰਦੀ ਕਿ ਜਿਸ ਵਿਅਕਤੀ ਕੋਲ ਇਸ ਵਾਈ-ਫਾਈ ਦੇ ਪਾਸਵਰਡ ਹਨ, ਉਹ ਇਸ ਵਿਚੋਂ ਸਾਰੀ ਜਾਣਕਾਰੀ ਕੱਢ ਸਕਦਾ ਹੈ ਅਤੇ ਸਾਡੇ ਪਾਸਵਰਡ ਵੀ ਉਸ ਨੂੰ ਮਿਲ ਸਕਦੇ ਹਨ। ਆਪਣੇ ਘਰ ਵਿਚ ਅਸੀਂ ਜਿਸ ਕਿਸੇ ਕੰਪਨੀ ਦੀ ਇੰਟਰਨੈਟ ਲਾਈਨ ਲਵਾ ਲਈ ਹੈ, ਉਸ ਦੇ ਇੰਜੀਨੀਅਰ ਇਸ ਦੀ ਵਰਤੋਂ ਕਰ ਕੇ ਸਾਡਾ ਹਰ ਪਾਸਵਰਡ ਕੱਢਣ ਦੀ ਤਾਕਤ ਰੱਖਦੇ ਹਨ। ਅਸੀਂ ਉਨ੍ਹਾਂ ਤੋਂ ਕੁਝ ਛੁਪਾਉਣਾ ਵੀ ਚਾਹੀਏ ਤਾਂ ਛੁਪਾ ਨਹੀਂ ਸਕਦੇ। ਲਗਭਗ ਹਰ ਥਾਂ ਮਨੁੱਖ ਇੱਕ ਤਰ੍ਹਾਂ ਇਨ੍ਹਾਂ ਸਰਵਿਸ ਪ੍ਰੋਵਾਈਡਰ ਕੰਪਨੀਆਂ ਦੀ ਨਜ਼ਰ ਹੇਠ ਰਹਿਣ ਨੂੰ ਮਜਬੂਰ ਹੈ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਰਾਸ਼ਟਰਪਤੀ ਚੋਣ ਵਿਚ ਡੋਨਾਲਡ ਟਰੰਪ ਅਤੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦਾ ਮੁਕਾਬਲਾ ਸੀ, ਉਦੋਂ ਚੋਣ ਪ੍ਰਚਾਰ ਦੇ ਆਖਰੀ ਹਫਤੇ ਇੱਕ ਖਬਰ ਆਈ ਸੀ ਕਿ ਹਿਲੇਰੀ ਨੇ ਵਿਦੇਸ਼ ਮੰਤਰੀ ਹੁੰਦਿਆਂ ਬਹੁਤ ਨਾਜ਼ੁਕ ਮੈਸੇਜ ਸਰਕਾਰੀ ਈਮੇਲ ਦੀ ਥਾਂ ਪ੍ਰਾਈਵੇਟ ਈਮੇਲ ਤੋਂ ਭੇਜੇ ਸਨ। ਆਮ ਲੋਕਾਂ ਲਈ ਇਹ ਗੱਲ ਛੋਟੀ ਹੋਵੇਗੀ, ਪਰ ਚੋਣ ਪ੍ਰਚਾਰ ਦੇ ਆਖਰੀ ਹਫਤੇ ਆਈ ਇਹ ਖਬਰ ਹਿਲੇਰੀ ਕਲਿੰਟਨ ਦੇ ਜੜ੍ਹੀਂ ਇਸ ਲਈ ਬਹਿ ਗਈ ਸੀ ਕਿ ਸਰਕਾਰੀ ਸੰਦੇਸ਼ਾਂ ਲਈ ਪ੍ਰਾਈਵੇਟ ਈਮੇਲ ਦੀ ਵਰਤੋਂ ਦੇਸ਼ ਦੀ ਸੁਰੱਖਿਆ ਲਈ ਖਤਰਾ ਸਮਝੀ ਗਈ ਸੀ। ਜਿਹੜੀ ਪ੍ਰਾਈਵੇਟ ਸਰਵਿਸ ਪ੍ਰੋਵਾਈਡਰ ਕੰਪਨੀ ਨਾਲ ਉਸ ਦੀ ਈਮੇਲ ਦਾ ਸੰਬੰਧ ਸੀ, ਉਹ ਹਿਲੇਰੀ ਕਲਿੰਟਨ ਦੀ ਉਸ ਈਮੇਲ ਨੂੰ ਪੜ੍ਹ ਸਕਦੀ ਸੀ। ਬੇਸ਼ੱਕ ਕਿਸੇ ਨੇ ਵੀ ਨਾ ਪੜ੍ਹੀ ਹੋਵੇ, ਪਰ ਇਹ ਗੱਲ ਵੱਡੀ ਭੁੱਲ ਮੰਨੀ ਗਈ ਸੀ। ਅਸੀਂ ਲੋਕ ਆਪਣੀ ਈਮੇਲ ਦੀ ਆਈ. ਡੀ. ਜਿਸ ਕੰਪਨੀ ਦੇ ਸਰਵਰ ਤੋਂ ਬਣਾਉਂਦੇ ਹਾਂ, ਕਿਸੇ ਜੁਰਮ ਦੀ ਜਾਂਚ ਵਿਚ ਪੁਲਿਸ ਜਾਂ ਕੋਈ ਹੋਰ ਏਜੰਸੀ ਉਨ੍ਹਾਂ ਕੋਲੋਂ ਕਦੀ ਉਸ ਦੇ ਵੇਰਵਾ ਮੰਗ ਲਵੇ ਤੇ ਉਹ ਦੇਣ ਲਈ ਤਿਆਰ ਹੋ ਜਾਣ ਤਾਂ ਸਾਰਾ ਡਾਟਾ ਉਨ੍ਹਾਂ ਕੋਲ ਮੌਜੂਦ ਹੁੰਦਾ ਹੈ। ਭਾਰਤ ਸਰਕਾਰ ਜਦੋਂ ਟਵਿੱਟਰ, ਵਾਟਸਐਪ ਤੇ ਹੋਰ ਸਰਵਿਸ ਪ੍ਰੋਵਾਈਡਰ ਸੋਸ਼ਲ ਮੀਡੀਆ ਕੰਪਨੀਆਂ ਉੱਤੇ ਸ਼ਿਕੰਜਾ ਕੱਸਣ ਦੇ ਯਤਨ ਕਰਦੀ ਹੈ ਤਾਂ ਉਹ ਉਨ੍ਹਾਂ ਕੰਪਨੀਆਂ ਉੱਤੇ ਨਹੀਂ, ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਨਕੇਲ ਪਾਉਣ ਦੇ ਯਤਨ ਕਰਦੀ ਹੈ। ਬਹਾਨਾ ਦੇਸ਼ ਦੀ ਸੁਰੱਖਿਆ ਅਤੇ ਅਮਨ-ਕਾਨੂੰਨ ਦਾ ਬਣਾਇਆ ਜਾਂਦਾ ਹੈ।

ਬਹੁਤ ਸਾਰੇ ਦੇਸ਼ਾਂ ਵਿਚ ਇਸ ਵਕਤ ਆਮ ਇਨਸਾਨ ਦੀ ਪ੍ਰਾਈਵੇਸੀ ਭਾਵ ਉਸ ਦੀ ਨਿੱਜੀ ਜ਼ਿੰਦਗੀ ਦੇ ਭੇਦ ਦਾ ਕੁਝ ਓਹਲਾ ਰੱਖਣ ਦੇ ਕੇਸ ਚੱਲ ਰਹੇ ਹਨ ਤੇ ਇਸ ਦੀ ਬਹਿਸ ਵੀ ਹੋ ਰਹੀ ਹੈ। ਇਸ ਪ੍ਰਾਈਵੇਸੀ ਨੂੰ ਅਸੂਲਾਂ ਦਾ ਮਾਮਲਾ ਮੰਨ ਕੇ ਚਰਚਾ ਹੁੰਦੀ ਹੈ। ਅਸਲ ਵਿਚ ਪ੍ਰਾਈਵੇਸੀ ਉੱਤੇ ਅਸੂਲਾਂ ਦੀ ਅਣ-ਦਿਸਦੀ ਚਾਦਰ ਅਸਲੋਂ ਪਤਲੀ ਜਿਹੀ ਜਾਪਣ ਲੱਗ ਪਈ ਹੈ। ਸਰਕਾਰਾਂ ਵੀ ਆਮ ਆਦਮੀ ਦੀ ਪ੍ਰਾਈਵੇਸੀ ਵਿਚ ਝਾਤੀਆਂ ਮਾਰੀ ਜਾਂਦੀਆਂ ਹਨ, ਟੈਲੀਫੋਨ ਕੰਪਨੀਆਂ ਵੀ ਅਤੇ ਲੋਕਾਂ ਨੂੰ ਸੂਚਨਾ ਪੁਚਾਉਣ ਤੋਂ ਲੈ ਕੇ ਵੱਖ-ਵੱਖ ਕਿਸਮਾਂ ਦੀਆਂ ਮਨੋਰੰਜਨ ਦੀਆਂ ਐਪਸ ਪੇਸ਼ ਕਰਨ ਵਾਲੀਆਂ ਕੰਪਨੀਆਂ ਕੋਲ ਵੀ ਸਾਡੀ ਜ਼ਿੰਦਗੀ ਦੀ ਹਰ ਤਹਿ ਫੋਲਣ ਦਾ ਹੱਕ ਉਦੋਂ ਪਹੁੰਚ ਜਾਂਦਾ ਹੈ, ਜਦੋਂ ਅਸੀਂ ਉਹ ਐਪ ਚਾਲੂ ਕਰਨ ਸਮੇਂ ਸ਼ਰਤਾਂ ਬਾਰੇ ਲਿਖੀ 'ਐਕਸੈਪਟ' ਦੀ ਚਾਬੀ ਨੂੰ ਕਲਿੱਕ ਕਰ ਦਿੰਦੇ ਹਾਂ। ਉਹ ਕੰਪਨੀਆਂ ਜਦੋਂ ਚਾਹੁਣ ਤੇ ਜਿਵੇਂ ਵੀ ਚਾਹੁਣ, ਇਸ ਦੀ ਵਰਤੋਂ ਸਾਨੂੰ ਦੱਸੇ ਬਿਨਾ ਕਰ ਸਕਦੀਆਂ ਹਨ। ਸਾਡੀ ਪ੍ਰਾਈਵੇਸੀ ਸਿਰਫ ਨਾਂ ਦੀ ਬਾਕੀ ਹੈ। ਹਕੀਕਤ ਇਹ ਹੈ ਕਿ ਅਸੂਲਾਂ ਦੀ ਅਣ-ਦਿਸਦੀ ਚਾਦਰ ਓਹਲੇ ਸੰਸਾਰ ਬਾਜ਼ਾਰ ਵਿਚ ਅੱਜ ਦਾ ਮਨੁੱਖ ਅਸਲੋਂ ਬੇਪਰਦ ਖੜ੍ਹਾ ਹੈ ਅਤੇ ਏਦੂੰ ਵੀ ਵੱਡੀ ਭੇਦ ਦੀ ਗੱਲ ਇਹ ਹੈ ਕਿ ਉਸ ਨੂੰ ਆਪਣੇ ਬੇਪਰਦ ਹੋਣ ਦਾ ਪਤਾ ਹੀ ਨਹੀਂ।

# ਮੋਰਚੇ 'ਤੇ ਬੈਠੇ ਕਿਸਾਨਾਂ ਦਾ ਸਿਰੜ

ਦਿੱਲੀ ਦੇ ਬਾਰਡਰਾਂ 'ਤੇ ਕਿਸਾਨਾਂ ਨੂੰ ਬੈਠਿਆਂ ਅੱਠ ਮਹੀਨੇ ਹੋ ਚੱਲੇ ਹਨ। ਕੇਂਦਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕੀ। ਉਹ ਇਸ ਤਰ੍ਹਾਂ ਘੇਸਲ ਵੱਟ ਕੇ ਬੈਠੀ ਹੋਈ ਹੈ ਕਿ ਜਿਵੇਂ ਕੁਝ ਵਾਪਰ ਹੀ ਨਾ ਰਿਹਾ ਹੋਵੇ। ਛੋਟੀ ਤੇ ਮੱਧ-ਵਰਗੀ ਕਿਸਾਨੀ ਦਾ ਇਹ ਜ਼ਿੰਦਗੀ ਮੌਤ ਦਾ ਸੁਆਲ ਹੈ। ਇਸੇ ਕਰਕੇ ਉਹ ਮੋਰਚੇ ਨੂੰ ਦਿਨੋ-ਦਿਨ ਸਿਰੜ ਨਾਲ ਨਵੀਂ ਤੋਂ ਨਵੀਂ ਰੂਪ ਰੇਖਾ ਦੇ ਕੇ, ਇਸ ਨੂੰ ਹੋਰ ਕਾਰਗਰ ਤਰੀਕੇ ਨਾਲ ਅੱਗੇ ਤੋਰਨ ਦਾ ਯਤਨ ਕਰਦੇ ਆ ਰਹੇ ਹਨ। ਆਪਣੇ ਹੱਕਾਂ ਲਈ ਲੜਨਾ ਪੈਂਦਾ ਹੈ, ਜੋ ਭਾਰਤ ਦੇ ਕਿਸਾਨ ਨੰਗੇ ਧੜ ਲੜ ਰਹੇ ਹਨ; ਇਸ ਦੀ ਉਨ੍ਹਾਂ ਨੂੰ ਦਾਦ ਦੇਣੀ ਬਣਦੀ ਹੈ। ਸੂਬਿਆਂ ਅਤੇ ਕੇਂਦਰੀ ਸਰਕਾਰ ਦੀਆਂ ਬੇਅੰਤ ਔਕੜਾਂ ਖੜ੍ਹੀਆਂ ਕਰਨ ਦੇ ਬਾਵਜੂਦ ਮੋਰਚਿਆਂ 'ਤੇ ਸ਼ਾਂਤਮਈ ਪ੍ਰਦਰਸ਼ਨ ਕਰਦੇ ਕਿਸਾਨ/ਮਜ਼ਦੂਰ, ਬੇਅੰਤ ਦੁਸ਼ਵਾਰੀਆਂ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਤੇ ਔਕੜਾਂ ਸਹਾਰਦੇ ਅਡੋਲ ਅਤੇ ਅਹਿੱਲ ਡਟੇ ਹੋਏ ਹਨ।

ਇਸ ਅਡੋਲਤਾ ਅਤੇ ਅਹਿੱਲਤਾ ਦੀ ਮੋਦੀ ਸਰਕਾਰ ਨੂੰ ਅੰਦਰੋਂ ਇੱਕ ਪੀੜਾ ਹੋ ਰਹੀ ਹੈ, ਜਿਸ ਨੂੰ ਉਹ ਜ਼ਾਹਰ ਨਹੀਂ ਕਰਦੀ, ਸਗੋਂ ਅੰਦਰੋ ਅੰਦਰ ਪੀ ਰਹੀ ਹੈ। ਇਹ ਪੀੜ ਹੈ ਕਿਸਾਨ ਮੋਰਚਾ ਫੇਲ੍ਹ ਕਰਨ ਦੀਆਂ ਕਈ ਕੋਝੀਆਂ, ਕਮੀਨੀਆਂ ਅਤੇ ਗਿਰੀਆਂ ਹਰਕਤਾਂ ਕਰਨ ਦੇ ਬਾਵਜੂਦ ਕਿਸਾਨਾਂ ਦੇ ਹੌਸਲੇ ਅਸਤ-ਪਸਤ ਨਹੀਂ ਕਰ ਸਕੇ। ਇਹ ਪੀੜ ਹੈ ਅੰਤਰਰਾਸ਼ਟਰੀ ਪੱਧਰ 'ਤੇ ਕਿਸਾਨਾਂ ਪ੍ਰਤੀ ਵਧ ਰਹੀ ਹਮਦਰਦੀ ਦਾ ਰੁਝਾਨ ਦੇਖ ਕੇ: ਇਹ ਪੀੜ ਹੈ ਕੈਨੇਡਾ ਵਰਗੇ ਮੁਲਕ ਦੀ ਫੈਡਰਲ ਤੇ ਸੂਬਾ ਸਰਕਾਰਾਂ ਦੀ ਕਿਸਾਨਾਂ ਦੇ ਹੱਕ ਲਈ ਬੁਲੰਦ ਕੀਤੀ ਆਵਾਜ਼ ਦੀ। ਬਹੁਤਾ ਦੂਰ ਨਾ ਜਾਂਦਾ ਹੋਇਆ ਮੈਂ ਆਪਣੇ ਇਲਾਕੇ ਮੈਟਰੋ ਵੈਨਕੂਵਰ, ਜਿਸ 'ਚ ਵੀਹ ਦੇ ਕਰੀਬ ਮਿਉਂਸਪੈਲਟੀਆਂ ਹਨ, ਉਨ੍ਹਾਂ 'ਚੋਂ ਕੁਝ ਕੁ ਨੂੰ ਛੱਡ ਕੇ ਬਾਕੀ ਸਾਰੀਆਂ ਨੇ ਭਾਰਤੀ ਕਿਸਾਨਾਂ ਦੇ ਹੱਕ 'ਚ ਐਲਾਨ (ਪਰੋਕਲਾਮੇਸ਼ਨ) ਤੇ ਮਤੇ ਪਾਸ ਕੀਤੇ ਹਨ। ਇਹ ਹੈ ਕਮਾਲ ਭਾਰਤੀ ਕਿਸਾਨਾਂ ਦੇ ਸਿਰੜ ਦਾ ਕਿ ਹਜ਼ਾਰਾਂ ਮੀਲ ਦੂਰ ਉਨ੍ਹਾਂ ਦੇ ਹੱਕਾਂ ਪ੍ਰਤੀ ਹਮਦਰਦੀ ਤੇ ਹਮਾਇਤ ਦੀਆਂ ਹੂਕਾਂ ਪੈ ਰਹੀਆਂ ਹਨ।

ਹੁਣ ਜਿਉਂ ਜਿਉਂ ਮੋਰਚਾ ਲੰਬਾ ਹੋਈ ਜਾ ਰਿਹਾ ਹੈ ਤਾਂ ਤਰ੍ਹਾਂ ਤਰ੍ਹਾਂ ਦੇ ਸੁਆਲ ਵੀ ਪੈਦਾ ਹੋ ਰਹੇ ਹਨ। ਕਿਸਾਨ ਆਪਣੀਆਂ ਹੱਕੀ ਮੰਗਾਂ ਲਈ ਮੋਰਚੇ 'ਤੇ ਬੈਠੇ ਹਨ, ਉਹ ਮੋਰਚਾ ਜਿੱਤਣ ਗਏ ਹਨ। ਜਿਉਂ ਜਿਉਂ ਸੰਘਰਸ਼ ਦੀ ਤਪਦੀ ਭੱਠੀ 'ਚ ਉਹ ਤਪ ਰਹੇ ਹਨ, ਤਿਉਂ ਤਿਉਂ ਉਨ੍ਹਾਂ ਦੀ ਪਰਪੱਕਤਾ ਹੋਰ ਨਿੱਖਰ ਕੇ ਸਪਸ਼ਟ ਹੋ ਰਹੀ ਹੈ। ਉਨ੍ਹਾਂ ਨੂੰ ਆਪਣੇ ਮਕਸਦ ਤੋਂ ਭਟਕਣ ਤੇ ਭਟਕਾਉਣ ਦੇ ਅਨੇਕਾਂ ਰਾਹ ਦੱਸੇ ਤੇ ਦਰਸਾਏ ਜਾਣਗੇ। ਕਮਜ਼ੋਰ ਮਨ ਥਿੜਕੇਗਾ ਵੀ। ਕਿਸਾਨ ਲੀਡਰਾਂ ਨੇ ਹੁਣ ਤੱਕ ਜਿੰਨੀ ਸੰਜੀਦਗੀ, ਸਿਰੜ ਅਤੇ ਸਿਆਣਪ ਨਾਲ ਸਰਕਾਰੀ ਔਕੜਾਂ ਦਾ ਸਾਹਮਣਾ ਕੀਤਾ ਹੈ, ਉਹ ਲਾਜਵਾਬ ਹੈ। ਕਿਸਾਨਾਂ ਦੀ ਤਾਕਤ ਮੋਰਚਾ ਹੈ, ਨਾ ਕਿ ਕਿਸੇ ਸਿਆਸੀ ਪਾਰਟੀ ਦਾ ਅੰਗ ਬਣਨਾ ਜਾਂ ਆਪਣੀ ਕੋਈ ਸਿਆਸੀ ਪਾਰਟੀ ਖੜ੍ਹੀ ਕਰਨਾ। ਵੱਖੋ ਵੱਖਰੀਆਂ ਪ੍ਰਾਂਤਕ ਅਤੇ ਕੇਂਦਰੀ ਸਿਆਸੀ ਪਾਰਟੀਆਂ 'ਚ ਜੋ ਕੜ੍ਹੀ ਘੁਲਦੀ ਹੈ, ਜੇ ਕਿਸਾਨ ਵੀ ਆਪਣੀ ਸਿਆਸੀ ਪਾਰਟੀ ਬਣਾ ਧਰਨ ਤਾਂ ਉਹੀ ਕੁਝ ਇਨ੍ਹਾਂ 'ਚ ਹੋਣ ਲੱਗੇਗਾ। ਸਿਆਸੀ ਪਾਰਟੀ ਬਣਾਉਣ ਦਾ ਕਿਸਾਨ ਲੀਡਰਾਂ 'ਤੇ ਦਬਾ ਵੀ ਬਣੇਗਾ, ਜਿਸ ਨੂੰ ਹਰ ਹਾਲਤ 'ਚ ਨਕਾਰਨਾ ਹੀ ਦਰੁਸਤ ਫੈਸਲਾ ਹੋ ਸਕਦਾ ਹੈ। ਇਸ ਵੇਲੇ ਸਾਰੀਆਂ ਸਿਆਸੀ ਪਾਰਟੀਆਂ ਕਿਸਾਨਾਂ ਤੋਂ ਭੈਅਭੀਤ ਹਨ। ਉਨ੍ਹਾਂ ਦੀ ਨਿਰੋਲ ਦ੍ਰਿੜਤਾ ਅੱਗੇ ਚਾਲਬਾਜ਼ਾਂ ਦੀਆਂ ਕੋਝੀਆਂ



ਚਾਲਾਂ ਨਹੀਂ ਚੱਲ ਰਹੀਆਂ। ਜੇ ਕਿਸਾਨ ਵੀ ਆਪਣੀ ਸਿਆਸੀ ਪਾਰਟੀ ਬਣਾ ਲੈਣਗੇ ਤਾਂ ਥੋੜ੍ਹੇ ਅਰਸੇ ਮਗਰੋਂ ਉਨ੍ਹਾਂ ਦਾ ਅਕਸ ਵੀ ਬਾਕੀ ਬਦਨਾਮ, ਬੇਈਮਾਨ, ਲੋਟੂ, ਖੁਦਗਰਜ਼ ਤੇ ਦਿਸ਼ਾਹੀਣ ਪਾਰਟੀਆਂ ਵਰਗਾ ਬਣ ਕੇ ਰਹਿ ਜਾਇਗਾ।

ਜੇ ਹਾਲਾਤ, ਸਹੀ ਰਸਤੇ ਜਾਂਦਿਆਂ ਕਿਸਾਨਾਂ ਨੂੰ ਫੁਸਲਾ-ਭੁਚਲਾ ਕੇ ਕੋਈ ਸਿਆਸੀ ਵਿੰਗ ਖੜ੍ਹਾ ਕਰਨ ਲਈ ਮਜਬੂਰ ਕਰ ਦਿੰਦੇ ਹਨ ਤੇ ਕਿਸਾਨ ਮੋਰਚੇ ਨੂੰ ਵਿਚੇ ਲਟਕਦਾ ਛੱਡ ਸਿਆਸੀ ਪਾਰਟੀ ਬਣਾ ਉਹ ਕਿਸੇ ਪ੍ਰਾਂਤ ਜਾਂ ਕੇਂਦਰ 'ਚ ਚੋਣ ਲੜਨ ਤੁਰ ਪੈਂਦੇ ਹਨ ਤਾਂ ਇਹ ਕਿਸਾਨ ਮੋਰਚੇ ਦੀ ਖੁਦਕੁਸ਼ੀ ਹੋਏਗੀ, ਜਿਸ ਨੂੰ ਇਤਿਹਾਸ ਕਦੇ ਮੁਆਫ ਨਹੀਂ ਕਰੇਗਾ। ਕੇਂਦਰ ਦੀ ਅੜੀਅਲ ਤੇ ਇੱਕ ਪਾਸੜ, ਕਾਰਪੋਰੇਟ ਹਿਤਾਂ ਲਈ ਅੰਨੀ ਹੋ ਤੁਰੀ ਸਰਕਾਰ ਦਾ ਮੂੰਹ ਤੋੜ ਜੁਆਬ ਦੇਣ ਲਈ ਹੀ ਕਿਸਾਨ/ਮਜ਼ਦੂਰ ਮੋਰਚਾ ਲੱਗਾ ਹੈ ਤੇ ਇਸ ਮੋਰਚੇ ਦੇ ਭੈਅ ਅਤੇ ਪ੍ਰਭਾਵ ਦੀ ਲਟਕਦੀ ਨੰਗੀ ਤਲਵਾਰ ਨੇ ਹੀ ਸਰਕਾਰ ਦੀ ਨੀਂਦ ਹਰਾਮ ਕੀਤੀ ਹੋਈ ਹੈ; ਉਹ ਇਸੇ ਕਰਕੇ ਹੀ ਹੈ ਕਿ ਮੋਰਚਾ ਬਿਨਾ ਕਿਸੇ ਸਿਆਸੀ ਰੰਗਤ ਦੇ ਚਲਦਾ ਹੈ ਅਤੇ ਇਹ ਨਿਰੋਲ ਕਿਸਾਨਾਂ/ਮਜ਼ਦੂਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਲੜਿਆ ਜਾ ਰਿਹਾ ਹੈ। ਇਸ ਦੀ ਨਿਰੋਲਤਾ ਅਤੇ ਆਜ਼ਾਦ ਹਸਤੀ ਨੇ ਹੀ ਅੱਜ ਸਾਰੀਆਂ ਸਿਆਸੀ ਪਾਰਟੀਆਂ ਨੂੰ ਕੰਬਣੀ ਛੇੜ ਰੱਖੀ ਹੈ। ਕਿਸੇ ਵੀ ਕਿਸਾਨ ਲੀਡਰ ਦਾ ਕਿਸੇ ਸਿਆਸੀ ਪਾਰਟੀ 'ਚ ਸ਼ਾਮਲ ਹੋਣਾ ਜਾਂ ਆਪਣੀ ਸਿਆਸੀ ਪਾਰਟੀ ਬਣਾ ਚੋਣਾਂ ਲੜਨੀਆਂ; ਵਿਰੋਧੀ ਬਦਨਾਮ ਪਾਰਟੀਆਂ ਅਤੇ ਉਨ੍ਹਾਂ ਦੇ ਲੀਡਰਾਂ ਨੂੰ ਮੂੰਹ ਮੰਗਿਆ ਵਰਦਾਨ ਥਾਲੀ 'ਚ ਪਰੋਸ ਕੇ ਦੇਣ ਵਾਲੀ ਗੱਲ ਹੋਏਗੀ।


ਮੋਰਚਾ ਜਿਸ ਮੁਕਾਮ 'ਤੇ ਪੁੱਜ ਗਿਆ ਹੈ, ਇਹ ਕਿਸੇ ਸਿਆਸੀ ਪਾਰਟੀ ਦੇ ਕੰਧਾੜੇ ਚੜ੍ਹ ਕੇ ਨਹੀਂ ਪੁੱਜਾ, ਸਗੋਂ ਇਹ ਨਿਰੋਲ ਕਿਸਾਨੀ ਦੀਆਂ ਵਾਜਬ ਮੰਗਾਂ ਦੇ ਮੱਦੇਨਜ਼ਰ ਅਤੇ ਕਿਸਾਨ ਲੀਡਰਾਂ ਦੇ ਸਿਰੜ ਤੇ ਸੁਯੋਗ ਯੋਗਤਾ ਕਰਕੇ ਪੁੱਜਾ ਹੈ। ਇਸ ਦ੍ਰਿੜ ਸੋਚ ਨੇ ਹੀ ਕੁਝ ਸਿਆਸੀ ਪਾਰਟੀਆਂ ਨੂੰ 180 ਡਿਗਰੀ ਮੋੜਾ ਕੱਟਣ ਲਈ ਮਜਬੂਰ ਕੀਤਾ ਹੈ। ਰਾਜ ਭਾਗ ਦੇ ਨਸ਼ੇ 'ਚ ਧੁੱਤ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਤੋਂ ਬਿਨਾ ਹੋਰ ਕਿਸੇ ਸਿਆਸੀ ਪਾਰਟੀ ਦਾ ਇਸ ਮੋਰਚੇ ਦਾ ਵਿਰੋਧ ਕਰਨ ਦਾ ਹੀਆ ਨਹੀਂ ਪੈ ਰਿਹਾ ਤੇ ਉਹ ਇਸ ਗੱਲੋਂ ਭਲੀ ਭਾਂਤ ਜਾਣੂ ਹਨ ਕਿ ਅਜਿਹਾ ਕਰਨਾ ਉਨ੍ਹਾਂ ਲਈ ਸਿਆਸੀ ਆਤਮਦਾਹ ਹੈ; ਪਰ ਅੰਦਰੂਨੀ ਤੌਰ 'ਤੇ ਉਨ੍ਹਾਂ ਸਭ ਵਿਰੋਧੀ ਘੈਂਟ ਸਿਆਸਤਦਾਨਾਂ ਦੀ ਇਹ ਦਿਲੀ ਇੱਛਾ ਹੈ ਕਿ ਕਿਸਾਨ ਵੀ ਆਪਣੀ ਸਿਆਸੀ ਪਾਰਟੀ ਬਣਾ ਉਨ੍ਹਾਂ ਵਰਗੇ ਬਣ ਜਾਣ ਤੇ ਕਿਸਾਨਾਂ ਨੂੰ ਭੁਚਲਾ ਕੇ ਕਿਸਾਨ ਮੋਰਚਾ ਆਪੇ ਫੇਲ੍ਹ ਹੋ ਲੈਣ ਦਿੱਤਾ ਜਾਏ।

ਕਿਸਾਨ ਲੀਡਰ ਤਜਰਬੇ ਅਤੇ ਅਸਲੀਅਤ ਦੀ ਤਪਦੀ ਭੱਠੀ 'ਚ ਲੂਹ ਹੋ ਕੇ ਪਰਪੱਕ ਹੋਏ ਹਨ। ਕੁਝ ਵਿਚਾਰਵਾਨ, ਜਿਨ੍ਹਾਂ ਨੂੰ ਨਾ ਕਿਸਾਨੀ ਮੁਸ਼ਕਿਲਾਂ ਨਾਲ ਕੋਈ ਲੈਣ-ਦੇਣ ਹੈ ਅਤੇ ਨਾ ਹੀ ਕਿਸਾਨ/ਮਜ਼ਦੂਰਾਂ ਦੀ ਹੋ ਰਹੀ ਦੁਰਦਸ਼ਾ ਦਾ ਕੋਈ ਨੇੜਿਓਂ ਤਜ਼ਰਬਾ ਹੈ, ਉਹ ਜ਼ਰੂਰ ਆਪਣੀ ਅਕਲ ਦੇ ਦਿਖਾਵੇ ਨੂੰ ਪੱਠੇ ਪਾਉਣ ਲਈ ਕੋਈ ਐਸੀ ਘਸੀ ਪਿਟੀ ਦਲੀਲ ਦੇਣਗੇ ਕਿ ਕਿਸਾਨ ਆਪਣੀ ਸਿਆਸੀ ਪਾਰਟੀ ਬਣਾਉਣ; ਤੇ ਇੰਜ ਉਹ ਵਿਚਾਰਵਾਨ ਆਪਣੇ ਆਪ ਨੂੰ ਮੋਰਚੇ ਦਾ ਅੰਗ ਹੋਣ ਦਾ ਪ੍ਰਭਾਵ ਦੇਣ ਦੀ ਹਲਕੀ ਤੇ ਕੋਝੀ ਹਰਕਤ ਕਰਨ ਦੀ ਕੋਸ਼ਿਸ਼ ਕਰਨਗੇ। ਇੰਨਾ ਲੰਬਾ ਅਰਸਾ ਮੋਰਚਾ ਲੜਦਿਆਂ, ਇੰਨੀਆਂ ਔਖਿਆਈਆਂ ਵਿਚ ਦੀ ਮੋਰਚੇ ਦੀ ਤਪਦੀ ਭੱਠੀ 'ਚ ਭੁੱਜਦਿਆਂ ਕੁਝ ਲੀਡਰਾਂ ਦੀ ਦ੍ਰਿੜਤਾ ਦਾ ਸੰਕਲਪ ਕਮਜ਼ੋਰ ਹੋ ਜਾਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਸਮਝਣੀ ਚਾਹੀਦੀ। ਇਹ ਕੁਦਰਤੀ ਗੱਲ ਹੈ। ਹਾਂ! ਜੇ ਸਮੁੱਚੀ ਕਿਸਾਨ ਲੀਡਰਸ਼ਿਪ ਦ੍ਰਿੜਤਾ ਅਤੇ ਸੰਜੀਦਗੀ ਨਾਲ ਮੋਰਚਾ ਚਲਦਾ

(ਬਾਕੀ ਅਗਲੇ ਸਫੇ 'ਤੇ)

# ਬਿਜਲੀ ਸੰਕਟ ਦੀ ਸਰਲ ਪਛਾਣ

ਪੰਜਾਬ ਬਿਜਲੀ ਕਾਰਪੋਰੇਸ਼ਨ ਦੇ ਸਾਬਕਾ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਇੰਜੀਨੀਅਰ ਬਲਦੇਵ ਸਿੰਘ ਸਰਾਂ ਨੇ 10 ਜੁਲਾਈ ਦੇ 'ਪੰਜਾਬੀ ਟ੍ਰਿਬਿਊਨ' ਵਿਚ ਛਪੇ ਆਪਣੇ ਇੱਕ ਬੇਬਾਕ ਲੇਖ ਰਾਹੀਂ ਮੌਜੂਦਾ ਬਿਜਲੀ ਸੰਕਟ ਬਾਰੇ ਸੰਖੇਪਿਤ, ਪਰ ਅਰਥ-ਭਰਪੂਰ ਜਾਣਕਾਰੀ ਦਿੱਤੀ ਹੈ। ਇਸ ਵਿਲੱਖਣ ਲੇਖ ਵਿਚ ਉਨ੍ਹਾਂ ਨੇ ਜਿੱਥੇ ਪਾਠਕਾਂ ਨੂੰ ਸਰਲ ਢੰਗ ਨਾਲ ਇਸ ਸੰਕਟ ਬਾਰੇ ਸਮਝਾਇਆ ਹੈ, ਉਥੇ ਨਾਲ ਹੀ ਮੌਜੂਦਾ ਪ੍ਰਬੰਧ ਨੂੰ ਇਸ ਨਾਲ ਨਿਪਟਣ ਵਾਸਤੇ ਉਪਯੋਗੀ ਸੁਝਾਅ ਵੀ ਦਿੱਤੇ ਹਨ। ਮੌਜੂਦਾ ਬਿਜਲੀ ਸੰਕਟ ਤਕਨੀਕੀ ਅਤੇ ਪ੍ਰਬੰਧਕੀ ਦ੍ਰਿਸ਼ਟੀ ਤੋਂ ਇੱਕ ਅਹਿਮ ਅਤੇ ਬਹੁ-ਪੱਖੀ ਸਮੱਸਿਆ ਹੈ, ਪਰ ਇਸ ਬਾਰੇ ਲੇਖ ਬਹੁਤਾ ਕਰ ਕੇ ਗੈਰ-ਤਕਨੀਕੀ ਲੇਖਕਾਂ ਵਲੋਂ ਲਿਖੇ ਜਾ ਰਹੇ ਹਨ। ਅਸੀਂ ਭਾਵੇਂ ਉਨ੍ਹਾਂ ਵਲੋਂ ਪੇਸ਼ ਕੀਤੇ ਤੱਥਾਂ, ਦੱਸੇ ਕਾਰਨਾਂ ਅਤੇ ਕੀਤੀਆਂ ਸਿਫਾਰਿਸ਼ਾਂ 'ਤੇ ਪੂਰਾ ਭਰੋਸਾ ਨਹੀਂ ਕਰ ਸਕਦੇ, ਪਰ ਫਿਰ ਵੀ ਉਹ ਇਸ ਗੱਲ ਕਰ ਕੇ ਸ਼ਾਬਾਸ਼ ਦੇ ਹੱਕਦਾਰ



ਇੰਜੀਨੀਅਰ ਈਸ਼ਰ ਸਿੰਘ
ishersingh44@hotmail.com

ਹਨ ਕਿ ਉਹ ਪਾਠਕਾਂ ਨੂੰ ਇਸ ਸਮੱਸਿਆ ਬਾਰੇ ਜਾਗਰੂਕ ਰੱਖ ਰਹੇ ਹਨ। ਹਾਲਾਂ ਕਿ ਇਹ ਫਰਜ਼ ਉਨ੍ਹਾਂ ਇੰਜੀਨੀਅਰਾਂ ਅਤੇ ਪ੍ਰਬੰਧਕਾਂ ਦਾ ਹੈ, ਜੋ ਬਿਜਲੀ ਮਹਿਕਮੇ ਵਿਚ ਕੰਮ ਕਰ ਚੁਕੇ ਜਾਂ ਕਰ ਰਹੇ ਹਨ, ਕਿਉਂਕਿ ਸਮੱਸਿਆ ਦਾ ਹੱਲ ਲੱਭਣ ਵਾਸਤੇ ਇਸ (ਸਮੱਸਿਆ) ਦਾ ਹਿੱਸਾ ਹੋਣਾ ਜ਼ਰੂਰੀ ਹੈ। ਇਸੇ ਕਰ ਕੇ ਇਹ ਲੇਖ ਇੰਜੀਨੀਅਰ ਸਰਾਂ ਦਾ ਇੱਕ ਸ਼ਲਾਘਾਯੋਗ ਉਪਰਾਲਾ ਹੈ।

ਬਿਜਲੀ ਦਾ ਵਿਸ਼ਾ ਔਖੇ ਤਕਨੀਕੀ ਵਿਸ਼ਿਆਂ ਵਿਚੋਂ ਇੱਕ ਹੈ, ਕਿਉਂਕਿ ਬਿਜਲੀ ਦਾ ਕੋਈ ਵਜੂਦ ਨਹੀਂ ਅਤੇ ਇਸ ਦਾ ਪਤਾ ਸਿਰਫ ਇਸ ਦੇ ਅਸਰਾਂ ਤੋਂ ਹੀ ਲਗਦਾ ਹੈ। ਭਾਵੇਂ ਜਨ-ਸਾਧਾਰਨ ਨੂੰ ਇਸ ਦੀਆਂ ਤਕਨੀਕੀ ਪੇਚੀਦਗੀਆਂ ਸਮਝਣ ਦੀ ਕੋਈ ਲੋੜ ਨਹੀਂ, ਪਰ ਮੌਜੂਦਾ ਸੰਕਟ ਕਰ ਕੇ ਇਸ ਬਾਰੇ ਮੁਢਲਾ ਗਿਆਨ ਹਾਸਲ ਕਰਨਾ ਜ਼ਰੂਰੀ ਹੋ ਗਿਆ ਹੈ। ਇਸ ਗਿਆਨ ਨਾਲ ਸਾਨੂੰ ਬਿਜਲੀ ਦੀਆਂ ਚਲੰਤ ਸਮੱਸਿਆਵਾਂ ਨੂੰ ਸਮਝਣ ਵਿਚ ਸੌਖ ਹੋ ਜਾਵੇਗੀ, ਖਾਸ ਕਰ ਕੇ ਬਿਜਲੀ ਖਰੀਦ ਸਮਝੌਤਿਆਂ ਦੀਆਂ ਸਮੱਸਿਆਵਾਂ ਨੂੰ। ਇਸ ਵਾਸਤੇ ਦੋ ਤੱਥ ਇਹ ਹਨ:

**(1) ਬਿਜਲੀ ਦੇ ਖਾਸ ਕੁਦਰਤੀ ਲੱਛਣ:** ਬਿਜਲੀ ਦਾ ਭੰਡਾਰ ਨਹੀਂ ਕੀਤਾ ਜਾ ਸਕਦਾ। ਜਿੰਨੀ ਪੈਦਾ ਹੋ ਰਹੀ ਹੋਵੇ, ਉਸੇ ਵਕਤ ਓਨੀ ਹੀ ਵਰਤਣੀ ਪੈਂਦੀ ਹੈ ਭਾਵ ਜਿੰਨੀ ਲੋੜ ਹੋਵੇ, ਓਨੀ ਹੀ ਪੈਦਾ ਕਰਨੀ ਪੈਂਦੀ ਹੈ। ਬਿਜਲੀ-ਪ੍ਰਬੰਧ ਦੀਆਂ ਬਹੁਤੀਆਂ ਸਮੱਸਿਆਵਾਂ ਇਸੇ ਲੱਛਣ ਦੀ ਉਪਜ ਹਨ।

ਬਿਜਲੀ ਕਿਸੇ ਵੀ ਢੰਗ ਨਾਲ ਪੈਦਾ ਕੀਤੀ ਜਾਵੇ, ਸਭ ਇੱਕੋ ਜਿਹੀ ਹੁੰਦੀ ਹੈ, ਹਰ ਕਿਸਮ ਦੇ ਬਿਜਲੀ-ਘਰਾਂ ਤੋਂ ਬਿਜਲੀ ਮਿਲਾ ਕੇ ਫਿਰ ਅੱਗੇ ਭੇਜੀ ਜਾਂਦੀ ਹੈ।

ਬਿਜਲੀ ਮਿਣਨ ਦਾ ਵੱਡਾ ਯੂਨਿਟ ਮੈਗਾਵਾਟ ਹੁੰਦਾ ਹੈ, ਜੋ 1340 ਹੌਰਸ ਪਾਵਰ ਦੇ ਬਰਾਬਰ ਹੁੰਦਾ ਹੈ ਅਤੇ ਲਗਭਗ 250 ਘਰਾਂ ਨੂੰ ਕੁਨੈਕਸ਼ਨ ਦੇਣ ਜੋਗਾ ਹੁੰਦਾ ਹੈ।


**(2) ਇਸ ਦਾ ਸੰਖੇਪ ਇਤਿਹਾਸ:** ਅਸਮਾਨੀ ਬਿਜਲੀ ਬਾਰੇ ਇਨਸਾਨ ਆਦਿ ਕਾਲ ਤੋਂ ਜਾਣੂ ਹੈ, ਪਰ ਇਸ ਦੇ ਅੱਜ ਦੇ ਰੂਪ ਦੀ ਖੋਜ ਅਮਰੀਕਾ ਵਿਚ ਕੋਈ 140 ਸਾਲ ਪਹਿਲਾਂ ਹੋਈ ਅਤੇ ਭਾਰਤ ਵਿਚ ਇਸ ਦੀ ਆਮਦ ਉਸ ਤੋਂ ਲਗਭਗ ਦਸ ਸਾਲ ਬਾਅਦ ਹੋਈ। ਪੂਰੇ ਭਾਰਤ ਵਿਚ ਇਸ ਦਾ ਪਸਾਰ ਬਿਜਲੀ ਸਪਲਾਈ ਐਕਟ, 1948 ਦੇ ਬਣਨ ਨਾਲ ਸ਼ੁਰੂ ਹੋਇਆ, ਜਿਸ ਅਧੀਨ ਰਾਜਾਂ ਵਿਚ 'ਰਾਜ ਬਿਜਲੀ ਬੋਰਡ' ਬਣੇ, ਜੋ ਅਰਧ-ਸਰਕਾਰੀ ਅਦਾਰੇ ਸਨ ਅਤੇ ਬਿਜਲੀ ਦੇ ਹੇਠਲੇ ਤਿੰਨੇ ਕੰਮ (Functions) ਆਪ ਕਰਦੇ ਸਨ:

ਉਤਪਾਦਨ (Generation): ਬਿਜਲੀ ਦੀ ਪੈਦਾਵਾਰ ਕੋਲੇ, ਪਾਣੀ, ਪ੍ਰਮਾਣੂ, ਕੁਦਰਤੀ ਗੈਸ, ਸੂਰਜੀ ਗਰਮੀ, ਹਵਾ, ਸਮੁੰਦਰੀ ਲਹਿਰਾਂ ਅਤੇ ਧਰਤੀ ਦੀ ਗਰਮੀ ਦੇ ਸਾਧਨਾਂ ਰਾਹੀਂ ਵੱਖ ਵੱਖ ਬਿਜਲੀ-ਘਰਾਂ ਵਿਚ ਹੁੰਦੀ ਹੈ, ਜਿੱਥੋਂ ਇਹ ਇੱਕ ਵੱਡੇ ਗਰਿੱਡ ਵਿਚ ਇਕੱਠੀ ਕੀਤੀ ਜਾਂਦੀ ਹੈ।

ਟਰਾਂਸਮਿਸ਼ਨ (Transmission): ਵੱਡੇ ਗਰਿੱਡ ਵਿਚੋਂ ਬਿਜਲੀ ਵੱਡੀਆਂ ਟਾਵਰ ਲਾਈਨਾਂ ਰਾਹੀਂ ਛੋਟੇ ਗਰਿੱਡ ਸਬ-ਸਟੇਸ਼ਨਾਂ ਨੂੰ ਭੇਜੀ ਜਾਂਦੀ ਹੈ, ਜਿਨ੍ਹਾਂ ਨੂੰ ਆਮ ਕਰ ਕੇ ਬਿਜਲੀ-ਘਰ ਕਿਹਾ ਜਾਂਦਾ ਹੈ ਅਤੇ ਜਗ੍ਹਾ-ਜਗ੍ਹਾ ਬਣੇ ਦੇਖੇ ਜਾ ਸਕਦੇ ਹਨ।

ਵਿਤਰਣ (Distribution): ਛੋਟੇ ਸਬ-ਸਟੇਸ਼ਨਾਂ ਤੋਂ ਫਿਰ ਇਹ ਘਰਾਂ, ਦਫਤਰਾਂ, ਕਾਰਖਾਨਿਆਂ, ਕਮਰਸ਼ੀਅਲ ਅਦਾਰਿਆਂ ਅਤੇ ਟਿਊਬਵੈੱਲਾਂ ਆਦਿਕ ਵਿਚ ਵਰਤੋਂ ਵਾਸਤੇ ਭੇਜੀ ਜਾਂਦੀ ਹੈ। ਬਿਜਲੀ ਦੇ ਵਿਤਰਣ ਦਾ ਕੰਮ ਸਭ ਤੋਂ ਔਖਾ ਅਤੇ ਚੁਣੌਤੀਆਂ-ਭਰਪੂਰ ਹੁੰਦਾ ਹੈ, ਕਿਉਂਕਿ ਇਹ ਸਾਰੇ ਖਪਤਕਾਰਾਂ ਨੂੰ ਜ਼ਰੂਰੀ ਸੇਵਾਵਾਂ ਦੇਣਾ ਹੈ। ਨਾਲ ਹੀ ਇਸ 'ਚ ਪ੍ਰਬੰਧਕੀ ਤੇ ਯੂਨੀਅਨਵਾਦ ਦੇ ਬਹੁਤ ਪੇਚੀਦਾ ਮਸਲੇ ਖੜ੍ਹੇ ਰਹਿੰਦੇ ਹਨ।

ਸ਼ੁਰੂ-ਸ਼ੁਰੂ ਵਿਚ ਇਹ ਤਿੰਨੇ ਕੰਮ ਮੁਕਾਬਲਤਨ ਛੋਟੇ ਸਨ ਅਤੇ ਹਰ ਰਾਜ ਦਾ ਬਿਜਲੀ ਬੋਰਡ ਇਹ ਤਿੰਨੇ ਕੰਮ ਪ੍ਰਭਾਵਕਾਰੀ ਢੰਗ ਨਾਲ ਕਰੀ ਜਾ ਰਿਹਾ ਸੀ, ਪਰ ਬਿਜਲੀ-ਖੇਤਰ ਵਿਚ ਤੇਜੀ ਨਾਲ ਵਿਕਾਸ ਕਾਰਨ 2000 ਤੱਕ ਇਹ ਕੰਮ ਪੂਰੀ ਤਰ੍ਹਾਂ ਬੋਰਡਾਂ ਦੀ ਸਮਰੱਥਾ ਤੋਂ ਬਾਹਰ ਹੋ ਰਹੇ ਸਨ। ਉਤਪਾਦਨ ਕਰਨ ਵਾਲੇ ਵੱਡੇ ਬਿਜਲੀ ਘਰਾਂ, ਵੱਡੀਆਂ ਟਰਾਂਸਮਿਸ਼ਨ ਲਾਈਨਾਂ ਅਤੇ ਵਿਤਰਣ ਦੇ ਕੰਮਾਂ ਵਿਚ ਬਹੁਤ ਵਾਧਾ ਹੋ ਰਿਹਾ ਸੀ। ਬਿਜਲੀ-ਖੇਤਰ ਵਿਚ ਹੋ ਰਹੇ ਵਾਧੇ ਦਾ ਹਿਸਾਬ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ 1970 ਵਿਚ ਭਾਰਤ ਦੀ ਕੁੱਲ ਬਿਜਲੀ ਸਮਰੱਥਾ 13 ਗੀਗਾਵਾਟ ਸੀ, ਜੋ 2021 ਵਿਚ ਵਧ ਕੇ 382 ਹੋ ਗਈ ਹੈ। ਇਸੇ ਤਰ੍ਹਾਂ ਪ੍ਰਤੀ-ਜੀਅ ਖਪਤ 100 ਯੂਨਿਟ ਤੋਂ ਵਧ ਕੇ 1220 ਹੋ ਚੁਕੀ ਹੈ। ਸਟਾਫ ਵਿਚ ਕਈ ਗੁਣਾ ਵਾਧਾ ਹੋ ਰਿਹਾ ਸੀ ਅਤੇ ਪ੍ਰਬੰਧਕੀ ਢਾਂਚਿਆਂ ਵਿਚ ਬਦਲਾਓ ਆ ਰਹੇ ਸਨ। ਬਿਜਲੀ ਦੇ ਤਿੰਨੇ ਕੰਮ ਆਪਣੇ-ਆਪ ਵਿਚ ਵੱਡੀਆਂ ਸੰਸਥਾਵਾਂ ਬਣ ਚੁਕੇ ਸਨ। ਸੋ ਹਾਲਾਤ ਅਨੁਸਾਰ ਭਾਰਤ ਸਰਕਾਰ ਨੇ 2003 ਵਿਚ ਇਨ੍ਹਾਂ ਤਿੰਨਾਂ ਕੰਮਾਂ ਵਾਸਤੇ ਵੱਖ ਵੱਖ ਕਾਰਪੋਰੇਸ਼ਨਾਂ ਬਣਾਉਣ ਦਾ ਕਾਨੂੰਨ ਵੀ ਪਾਸ ਕੀਤਾ ਅਤੇ ਬਿਜਲੀ-ਖੇਤਰ ਵਿਚ ਪ੍ਰਾਈਵੇਟ ਅਦਾਰਿਆਂ ਦੇ ਪ੍ਰਵੇਸ਼ ਦੀ ਇਜਾਜ਼ਤ ਵੀ ਦੇ ਦਿੱਤੀ। ਇਨ੍ਹਾਂ ਪ੍ਰਾਈਵੇਟ ਅਦਾਰਿਆਂ ਦੇ ਆਉਣ ਨਾਲ





'ਬਿਜਲੀ ਖਰੀਦ ਸਮਝੌਤਿਆਂ' ਦਾ ਆਉਣਾ ਲਾਜ਼ਮੀ ਹੋ ਗਿਆ ਸੀ। ਨੀਤੀਗਤ ਪੱਖ ਤੋਂ ਇਹ ਕਾਨੂੰਨ ਜ਼ਰੂਰੀ, ਵਧੀਆ ਅਤੇ ਦੂਰ-ਅੰਦੇਸ਼ੀ ਵਾਲੇ ਸਨ, ਪਰ ਨਿਰਾਸ਼ਾਜਨਕ ਗੱਲ ਇਹ ਹੈ ਕਿ ਕਾਨੂੰਨਾਂ ਦੀ ਸੁਹਿਰਦਤਾ ਨਾਲ ਪਾਲਣਾ ਨਾ ਹੋਣ ਕਰ ਕੇ ਇਨ੍ਹਾਂ ਤੋਂ ਕਿਆਸਿਆ ਲਾਭ ਨਹੀਂ ਉਠਾਇਆ ਜਾ ਸਕਿਆ।

ਕਿਸੇ ਵੀ ਵੱਡੀ ਸਮੱਸਿਆ ਦਾ ਨਾ ਇੱਕ ਕਾਰਨ ਹੁੰਦਾ ਹੈ ਅਤੇ ਨਾ ਹੀ ਇੱਕ ਹੱਲ। ਸਾਰੇ ਕਾਰਨਾਂ ਦੀ ਪਛਾਣ ਕਰ ਕੇ ਪ੍ਰਸਤਾਵਿਤ ਹੱਲਾਂ ਵਿਚ ਸੰਤੁਲਿਤ ਢੰਗ ਨਾਲ ਤਾਲਮੇਲ ਬਿਠਾਉਣਾ ਪੈਂਦਾ ਹੈ ਅਤੇ ਫਿਰ ਇਨ੍ਹਾਂ 'ਤੇ ਅਮਲ ਕਰਨਾ ਪੈਂਦਾ ਹੈ। ਇਸੇ ਕਰ ਕੇ ਇੰਜੀਨੀਅਰ ਸਰਾਂ ਨੇ ਬਿਜਲੀ ਮਹਿਕਮੇ ਦੀਆਂ ਅਜੋਕੀਆਂ ਮੁੱਖ ਸਮੱਸਿਆਵਾਂ ਅਤੇ ਇਨ੍ਹਾਂ ਦੇ ਹੱਲਾਂ ਦੀ ਇੱਕ ਸੂਚੀ ਬਣਾਈ ਹੈ ਅਤੇ ਕਰਨਯੋਗ ਕਾਰਵਾਈਆਂ ਸੰਖੇਪ ਵਿਚ ਦੱਸੀਆਂ ਹਨ। ਪ੍ਰਾਥਮਿਕਤਾਵਾਂ ਵਿਚ ਮੱਤਭੇਦ ਹੋਣ ਦੇ ਬਾਵਜੂਦ, ਇਸ ਤਰ੍ਹਾਂ ਦੇ ਕੰਮਾਂ ਦੀ ਜਾਣਕਾਰੀ ਰੱਖਣ ਵਾਲੇ ਇੰਜੀਨੀਅਰ ਇਨ੍ਹਾਂ ਕਾਰਵਾਈਆਂ ਨਾਲ ਸਹਿਮਤ ਹਨ। ਇਨ੍ਹਾਂ ਵਿਚੋਂ ਹੇਠਲੀਆਂ ਪੰਜ ਕਾਰਵਾਈਆਂ ਉਤੇ ਪਹਿਲ ਦੇ ਆਧਾਰ 'ਤੇ ਅਮਲ ਦੀ ਲੋੜ ਹੈ, ਕਿਉਂਕਿ ਇਹ ਫੌਰੀ ਨਤੀਜੇ ਦੇ ਸਕਣਗੀਆਂ ਅਤੇ ਇਨ੍ਹਾਂ ਵਾਸਤੇ ਬਿਜਲੀ ਕਾਰਪੋਰੇਸ਼ਨ ਨੂੰ ਪੰਜਾਬ ਸਰਕਾਰ ਤੋਂ ਨੀਤੀਗਤ ਮਨਜ਼ੂਰੀਆਂ ਲੈਣ ਦੀ ਲੋੜ ਨਹੀਂ।

**ਬਿਜਲੀ ਸਮਝੌਤੇ:** ਇਨ੍ਹਾਂ ਸਮਝੌਤਿਆਂ ਦੀ ਮਹੱਤਤਾ ਸਮਝਣ ਅਤੇ ਇਨ੍ਹਾਂ ਬਾਰੇ ਪਏ ਭੁਲੇਖਿਆਂ ਤੋਂ ਬਚਣ ਦੀ ਲੋੜ ਹੈ। ਇਨ੍ਹਾਂ ਭੁਲੇਖਿਆਂ ਕਰ ਕੇ ਲਗਦਾ ਹੈ ਕਿ ਇਨ੍ਹਾਂ ਨੂੰ ਰੱਦ ਕਰਨ ਨਾਲ ਬਿਜਲੀ ਮਹਿਕਮੇ ਵਿਚ ਸੁਧਾਰ ਹੋ ਜਾਵੇਗਾ। ਪਹਿਲਾਂ ਕੀਤੀ ਵਿਚਾਰ ਅਨੁਸਾਰ ਸਮਝੌਤਿਆਂ ਦੀ ਲੋੜ, ਬਿਜਲੀ-ਖੇਤਰ ਵਿਚ ਹੋ ਰਹੇ ਖਪਤ ਦੇ ਵਾਧੇ ਅਤੇ ਹੋ ਰਹੀਆਂ ਹੋਰ ਤਕਨੀਕੀ ਖੋਜਾਂ ਵਿਚੋਂ ਉਪਜੀ ਹੈ। ਉਤਪਾਦਨ ਦਾ ਕੰਮ ਬਹੁਤ ਵੱਡਾ, ਵਿਕਸਤ ਅਤੇ ਮਹਿੰਗਾ ਹੋ ਗਿਆ ਹੈ। ਕੇਂਦਰ ਦੇ ਨਵੇਂ ਕਾਨੂੰਨਾਂ ਅਨੁਸਾਰ ਇਸ ਵਿਚ ਪ੍ਰਾਈਵੇਟ ਅਦਾਰੇ ਬੜੀ ਤੇਜੀ ਨਾਲ ਆ ਰਹੇ ਹਨ ਅਤੇ ਅਰਧ-ਸਰਕਾਰੀ ਘਟ ਰਹੇ ਹਨ। ਬਿਜਲੀ ਦੀ ਥੋਕ ਸਪਲਾਈ ਭਾਵੇਂ ਪ੍ਰਾਈਵੇਟ ਅਦਾਰਿਆਂ ਤੋਂ ਲਈ ਜਾਵੇ ਭਾਵੇਂ ਅਰਧ-ਸਰਕਾਰੀ ਤੋਂ, ਬਿਜਲੀ ਸਮਝੌਤੇ ਕਰਨੇ ਜ਼ਰੂਰੀ ਹਨ। ਇਕੱਲੇ ਭਾਰਤ ਵਿਚ ਹੀ ਨਹੀਂ, ਸਾਰੇ ਸੰਸਾਰ ਵਿਚ ਇਹ ਪ੍ਰਣਾਲੀ ਪੂਰੀ ਤਰ੍ਹਾਂ ਸਥਾਪਿਤ ਹੋ ਚੁਕੀ ਹੈ। ਜ਼ਰੂਰੀ ਹੈ ਕਿ ਪੰਜਾਬ ਬਿਜਲੀ ਕਾਰਪੋਰੇਸ਼ਨ ਸਮਝੌਤੇ ਕਰਨ ਵਾਲੇ ਆਪਣੇ ਵਿਭਾਗ ਨੂੰ ਮਜ਼ਬੂਤ ਕਰੇ ਅਤੇ ਇਸ ਵਿਚ ਨਿਯੁਕਤ ਕੀਤੇ ਜਾਣ ਵਾਲੇ ਅਫਸਰਾਂ ਨੂੰ ਵਿਸ਼ਵ ਪੱਧਰ ਦੀ ਟੈਕਨੋ-ਲੀਗਲ ਮੁਹਾਰਤ ਹਾਸਲ ਕਰਵਾਏ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੌਜੂਦਾ ਸਮਝੌਤਿਆਂ ਵਿਚ ਬਹੁਤ ਨੁਕਸ ਹਨ, ਜਿਹੜੇ ਸਖਤੀ ਪਰ ਕਾਨੂੰਨੀ ਢੰਗ ਨਾਲ ਕਰਵਾਈਆਂ ਸੋਧਾਂ ਨਾਲ ਦੂਰ ਕਰਨੇ ਬਣਦੇ ਹਨ। ਉਤਪਾਦਕਾਂ ਉਪਰ ਲਾਈਆਂ ਸ਼ਰਤਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ, ਖਾਸ ਕਰ ਕੇ ਉਨ੍ਹਾਂ ਵਲੋਂ ਕੀਤੀ ਜਾ ਰਹੀ ਪਾਣੀ ਦੀ ਵਰਤੋਂ ਦੀ ਸ਼ਰਤ ਨੂੰ। ਤੱਤ-ਭੜੱਤੀ ਵਿਚ ਇਨ੍ਹਾਂ ਨੂੰ ਰੱਦ ਕਰਨ-ਕਰਵਾਉਣ ਦੀਆਂ ਕੋਸ਼ਿਸ਼ਾਂ ਦੇ ਸਾਰਥਿਕ ਨਤੀਜੇ ਨਿਕਲਣ ਦੀਆਂ ਸੰਭਾਵਨਾਵਾਂ ਬਹੁਤ ਘਟ ਹਨ। ਸੋਚ-ਵਿਚਾਰ ਤੋਂ ਬਗੈਰ ਸਮਝੌਤੇ ਰੱਦ ਕਰਨ ਦੀ ਸੂਰਤ ਵਿਚ 3920 ਮੈਗਾਵਾਟ ਬਿਜਲੀ ਤੁਰਤ ਸਾਡੇ ਕੋਲੋਂ ਖੁੱਸ ਜਾਵੇਗੀ ਅਤੇ ਮੁਕੱਦਮਿਆਂ ਤੋਂ ਬਾਅਦ ਹਰਜਾਨੇ ਵੀ ਦੇਣੇ ਪੈ ਸਕਦੇ ਹਨ। ਕਾਰਪੋਰੇਸ਼ਨ ਅਤੇ ਸਰਕਾਰ ਵਲੋਂ ਕੀਤੀ ਜਾ ਰਹੀ ਸੋਚ-ਵਿਚਾਰ ਤੇ ਦਿਖਾਇਆ ਜਾ ਰਿਹਾ ਠਰ੍ਹੰਮਾ ਜਾਇਜ਼ ਹੈ। ਇੱਥੇ ਇਹ ਗੱਲ ਖਾਸ ਤੌਰ 'ਤੇ ਬਿਆਨੀ ਜਾਂਦੀ ਹੈ ਕਿ ਕੇਂਦਰ ਸਰਕਾਰ ਵਲੋਂ 2003 ਦੇ ਕਾਨੂੰਨ ਵਿਚ ਪ੍ਰਸਤਾਵਿਤ ਸੋਧਾਂ ਦੇ ਪਾਸ ਹੋਣ ਤੋਂ ਬਾਅਦ ਇਹ ਕੰਮ ਲਗਭਗ ਅਸੰਭਵ ਹੀ ਹੋ ਜਾਵੇਗਾ।

**ਟਰਾਂਸਮਿਸ਼ਨ:** ਸਾਧਾਰਨ ਪਾਠਕ ਵੀ ਮਹਿਕਮੇ ਦੀ ਇਸ ਬੇਸਮਝੀ ਤੇ ਹੱਸਣੋਂ ਨਹੀਂ ਰਹਿ ਸਕਦਾ ਕਿ ਬਿਜਲੀ ਉਪਲਬਧ ਹੋਣ ਦੇ ਬਾਵਜੂਦ ਇਸ ਨੂੰ ਲਿਆਉਣ ਵਾਸਤੇ ਵੱਡੀਆਂ ਟਾਵਰ ਲਾਈਨਾਂ ਨਹੀਂ। ਇਹ ਉਸ ਤਰ੍ਹਾਂ ਹੀ ਹੈ ਜਿਵੇਂ ਕਿਸੇ ਸ਼ਹਿਰ ਦੇ ਸਟੇਸ਼ਨ 'ਤੇ ਕਣਕ ਦੀਆਂ ਬੋਰੀਆਂ ਦੇ ਅੰਬਾਰ ਲੱਗੇ ਹੋਣ, ਪਰ ਟਰੱਕਾਂ ਦਾ ਪ੍ਰਬੰਧ ਨਾ ਹੋ ਸਕਣ ਕਾਰਨ ਸ਼ਹਿਰ ਭੁੱਖਾ ਬੈਠਾ ਹੋਵੇ। ਇਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਭਾਰਤ ਸਰਕਾਰ ਵੀ ਇਸ ਸਮੱਸਿਆ ਨਾਲ ਜੂਝ ਰਹੀ ਹੈ। ਇਸ ਵਾਸਤੇ ਤਾਂ ਸਪਸ਼ਟ ਤੌਰ ਤੇ ਸਬੰਧਿਤ ਪ੍ਰਬੰਧ ਹੀ ਜ਼ਿੰਮੇਵਾਰ ਹੈ।

**ਬਿਜਲੀ ਦੀ ਚੋਰੀ:** ਇਹ ਇੱਕ ਵਿਆਪਕ ਸਮੱਸਿਆ ਹੈ ਅਤੇ ਬਹੁਤਾ ਕਰ ਕੇ ਪ੍ਰਬੰਧਕੀ ਬਦ-ਇੰਤਜ਼ਾਮੀ ਹੈ, ਹਾਲਾਂਕਿ ਮਹਿਕਮੇ ਕੋਲ ਇੱਕ ਪੂਰਾ ਵਿਭਾਗ ਬਿਜਲੀ ਚੋਰੀ ਰੋਕਣ ਵਾਸਤੇ ਤਾਇਨਾਤ ਹੈ। ਇੱਕ ਅਨੁਮਾਨ ਅਨੁਸਾਰ ਇਸ ਨਾਲ 1000 ਕਰੋੜ ਰੁਪਏ ਤੋਂ ਵੱਧ ਸਾਲਾਨਾ ਦਾ ਮਾਲੀ ਨੁਕਸਾਨ ਹੁੰਦਾ ਹੈ, ਬਿਜਲੀ ਦੇ ਸਾਜ਼ੋ-ਸਾਮਾਨ ਨੂੰ ਅੱਗਾਂ ਲਗਦੀਆਂ ਹਨ ਅਤੇ ਨਾਜਾਇਜ਼ ਭਾਰ ਵਧਦਾ ਹੈ। ਇੰਜੀਨੀਅਰ ਸਰਾਂ ਨੇ ਖੁਦ ਇਸ ਗੱਲ ਦਾ ਬਹੁਤ ਦੁੱਖ ਪਰਗਟ ਕੀਤਾ ਹੈ। ਜੇ ਚੋਰੀ 'ਤੇ ਕਾਬੂ ਪਾ ਸਕੀਏ ਤਾਂ ਬਿਜਲੀ ਦੀ ਡਿਮਾਂਡ ਵੀ ਘਟ ਜਾਵੇਗੀ ਅਤੇ ਅੱਜ ਦੀ ਸਮੱਸਿਆ 'ਤੇ ਕਾਬੂ ਪਾਉਣ ਵਿਚ ਬਹੁਤ ਮਦਦ ਵੀ ਮਿਲੇਗੀ।

**ਪੁਰਾਣੇ ਗਰਿੱਡਾਂ ਨੂੰ ਨਵਿਆਉਣਾ:** ਪੰਜਾਬ ਵਿਚ ਇਸ ਸਮੱਸਿਆ ਵਲ ਪੂਰਾ ਧਿਆਨ ਨਹੀਂ ਦਿੱਤਾ ਗਿਆ। ਅੱਜ ਸਾਡੇ 1100 ਦੇ ਕਰੀਬ ਗਰਿੱਡ (ਬਿਜਲੀ ਘਰ) ਹਨ, ਜਿਨ੍ਹਾਂ ਵਿਚੋਂ ਅੱਧੇ ਪੰਜਾਹ ਸਾਲ ਜਾਂ ਇਸ ਤੋਂ ਵੀ ਵੱਧ ਪੁਰਾਣੇ ਹਨ। ਇੰਨੀਆਂ ਹੀ ਪੁਰਾਣੀਆਂ ਇਨ੍ਹਾਂ ਨਾਲ ਸਬੰਧਿਤ ਲਾਈਨਾਂ, ਟਰਾਂਸਫਾਰਮਰ ਅਤੇ ਹੋਰ ਸਾਜ਼ੋ-ਸਾਮਾਨ ਹੈ। ਇਨ੍ਹਾਂ ਵਿਚ ਨੁਕਸ ਤਾਂ ਆਮ ਗੱਲ ਹੈ, ਅੱਗਾਂ ਤੱਕ ਵੀ ਲਗਦੀਆਂ ਰਹਿੰਦੀਆਂ ਹਨ। ਅੱਜ ਬਿਜਲੀ-ਪ੍ਰਬੰਧ ਦੀ ਲੜੀ ਦੀ ਇਹ ਸਭ ਤੋਂ ਕਮਜ਼ੋਰ ਕੜੀ ਹੈ, ਜਿਸ ਕਰ ਕੇ ਉਤਪਾਦਨ ਸਮਰੱਥਾ ਦੁੱਗਣੀ ਕਰ ਕੇ ਵੀ ਮਹਿਕਮਾ ਪੂਰੀ ਬਿਜਲੀ ਸਪਲਾਈ ਨਹੀਂ ਕਰ ਸਕਦਾ। ਨਿਰਸੰਦੇਹ ਸਿਸਟਮ ਦਾ ਪੁਰਾਣਾ ਹੋਣਾ ਜਾਂ ਘਸਣਾ ਕੁਦਰਤੀ ਪ੍ਰਕਿਰਿਆ ਹੈ; ਪਰ ਇਸ ਪੱਖ 'ਤੇ ਅਣਗਹਿਲੀ ਨਹੀਂ ਹੋਣੀ ਚਾਹੀਦੀ ਅਤੇ ਸਮਾਰਟ ਗਰਿੱਡਾਂ ਵਲ ਪੂਰਾ ਧਿਆਨ ਦੇਣ ਦੀ ਲੋੜ ਹੈ।

**ਸੋਲਰ ਬਿਜਲੀ:** ਤੇਜੀ ਨਾਲ ਵਧ ਰਹੀ ਬਿਜਲੀ-ਲੋੜ ਨੂੰ ਪੂਰਾ ਕਰਨ ਵਾਸਤੇ ਨਵਿਆਉਣ-ਯੋਗ ਸਰੋਤਾਂ ਦੇ ਬਿਜਲੀ ਸਮਝੌਤੇ ਹੁਣ ਤੋਂ ਹੀ ਕੀਤੇ ਜਾਣ ਅਤੇ ਕਰਨ ਸਮੇਂ ਪਿਛਲੀਆਂ ਗਲਤੀਆਂ ਤੋਂ ਮਿਲੀਆਂ ਸਿੱਖਿਆਵਾਂ ਤੋਂ ਲਾਭ ਉਠਾਇਆ ਜਾਵੇ। ਕੇਂਦਰ ਸਰਕਾਰ ਵਲੋਂ ਸੰਯੁਕਤ ਰਾਸ਼ਟਰ ਨਾਲ ਕੀਤੇ ਵਾਅਦਿਆਂ ਅਨੁਸਾਰ ਥਰਮਲ ਬਿਜਲੀ 'ਤੇ ਨਿਰਭਰਤਾ ਘਟਾਏ ਜਾਣ ਕਰ ਕੇ ਇਨ੍ਹਾਂ ਦਾ ਭਵਿੱਖ ਅਨਿਸ਼ਚਿਤ ਹੈ। ਜਿਹੜੇ ਪ੍ਰਾਈਵੇਟ ਅਦਾਰੇ ਅੱਜ ਪੈਸੇ ਲੈ ਕੇ ਵੀ ਸਾਨੂੰ ਪੂਰੀ ਬਿਜਲੀ ਨਹੀਂ ਦੇ ਰਹੇ, ਉਹ ਆਉਣ ਵਾਲੇ ਸਮੇਂ ਵਿਚ ਸਾਡੇ ਉੱਤੇ ਬਿਜਲੀ ਥੋਪਣੀ ਸ਼ੁਰੂ ਕਰ ਦੇਣਗੇ।

---

# ਮੋਰਚੇ 'ਤੇ ਬੈਠੇ ਕਿਸਾਨਾਂ ਦਾ ਸਿਰੜ

*(ਪਿਛਲੇ ਸਫੇ ਦੀ ਬਾਕੀ)*

ਰੱਖਦੀ ਹੈ ਤਾਂ ਇੱਕਾ ਦੁੱਕਾ ਲੀਡਰਾਂ ਦੀ ਕਮਜ਼ੋਰੀ ਵੀ ਢਕੀ ਰਹੇਗੀ ਤੇ ਮੋਰਚੇ ਨੂੰ ਢਾਹ ਲਾਉਣ ਵਾਲੀਆਂ ਅੰਦਰੂਨੀ ਤੇ ਬਾਹਰੀ ਤਾਕਤਾਂ ਦੇ ਵਾਰ ਉਵੇਂ ਹੀ ਬੇਅਸਰ ਰਹਿਣਗੇ, ਜਿਵੇਂ ਪਿਛਲੇ ਅੱਠ ਮਹੀਨਿਆਂ 'ਚ ਰਹੇ ਹਨ। ਇਹ ਕਿਸਾਨਾਂ ਦੀ ਅੰਤਾਂ ਦੀ ਪਰਖ ਦੀ ਘੜੀ ਦਾ ਸਮਾਂ ਹੈ।

ਹੱਕ ਕੋਈ ਥਾਲੀ 'ਚ ਪਰੋਸ ਕੇ ਨਹੀਂ ਦਿੰਦਾ ਹੁੰਦਾ, ਇਹ ਲੜ ਕੇ ਲੈਣੇ ਪੈਂਦੇ ਹਨ ਤੇ ਲੈ ਕੇ ਵੀ ਇਨ੍ਹਾਂ ਦੀ ਰਾਖੀ ਕਰਨੀ ਪੈਂਦੀ ਹੈ, ਨਹੀਂ ਤਾਂ ਇਹ ਖੋਹ ਵੀ ਹੋ ਜਾਂਦੇ ਹੁੰਦੇ ਹਨ। ਕਥਨ ਹੈ, 'ਕੋਈ ਕਿਸੀ ਕੋ ਰਾਜ ਨ ਦੇ ਹੈਂ ਜੋ ਲੇ ਹੈਂ ਨਿਜ ਬਲ ਸੇ ਲੇ ਹੈਂ।' ਕਿਸਾਨ ਤਾਂ ਰਾਜ ਭਾਗ ਵੀ ਨਹੀਂ ਮੰਗਦੇ, ਉਹ ਤਾਂ ਆਪਣੇ ਹੱਕ ਹੀ ਮੰਗਦੇ ਹਨ। ਕਿਸਾਨੀ ਇੱਕ ਕਿੱਤਾ ਹੀ ਨਹੀਂ, ਸਗੋਂ ਇਹ ਸਦੀਆਂ ਤੋਂ ਜੀਵਨ ਜਿਉਣ ਦਾ ਇੱਕ ਸਰਲ ਤੇ ਸਾਦਾ ਤਰੀਕਾ ਰਿਹਾ ਹੈ। ਇਹ ਇੱਕ ਜੀਵਨ ਢੰਗ (ਵੇਅ ਆਫ ਲਾਈਫ) ਹੈ। ਇਸ ਜੀਵਨ ਢੰਗ ਦੀ ਮੈਂ ਇੱਥੇ ਇੱਕ ਮਿਸਾਲ ਦਿੰਨਾਂ। ਮੈਂ ਘਰ ਦੇ ਵਿਹੜੇ 'ਚ ਚਾਰ ਮੰਜੇ ਦਾ ਥਾਂ ਸਬਜ਼ੀ-ਭਾਜੀ ਬੀਜਣ ਵਾਸਤੇ ਸਬਜ਼ੀ-ਬਾੜੀ ਬਣਾ ਰੱਖੀ ਹੈ। ਉਸ 'ਚ ਕੰਮ ਕਰਕੇ ਮੇਰਾ ਸਮਾਂ ਬਹੁਤ ਵਧੀਆ ਬਤੀਤ ਹੁੰਦਾ ਹੈ, ਅਨੰਦ ਵੀ ਆਉਂਦਾ ਹੈ ਤੇ ਸ਼ਕੂਨ ਵੀ ਬੜਾ ਮਿਲਦਾ ਹੈ। ਜਿਸ ਦਿਨ ਸਬਜ਼ੀ-ਬਾੜੀ 'ਚ ਕਿਸੇ ਵਜ੍ਹਾ ਕਰਕੇ ਮੈਂ ਸਮਾਂ ਨਾ ਬਿਤਾ ਸਕਾਂ ਤਾਂ ਮੈਨੂੰ ਲੱਗੇਗਾ ਕਿ ਅੱਜ ਕੁਝ ਗੁਆਚਾ ਹੈ। ਉਸ ਸਬਜ਼ੀ ਬਾੜੀ 'ਚ ਮੈਂ ਟਮਾਟੇ, ਕੱਦੂ, ਬਤਾਊਂ, ਮਿਰਚਾਂ, ਖੀਰੇ ਆਦਿ ਭਾਂਤ ਭਾਂਤ ਦੇ ਬੂਟੇ ਲਾਏ, ਬੜੀ ਸੇਵਾ ਕੀਤੀ; ਪਾਣੀ ਲਾਇਆ, ਗੁੱਡਿਆ, ਖਾਦ ਪਇਆ। ਬੂਟੇ ਵੱਡੇ ਹੋਏ, ਫਲ ਲੱਗਣ ਲੱਗਾ ਤਾਂ ਦੋ ਬੂਟੇ, ਇੱਕ ਟਮਾਟਿਆਂ ਦਾ ਅਤੇ ਇੱਕ ਖੀਰਿਆਂ ਦਾ ਸੁੱਕ ਗਏ। ਮੈਂ ਬਥੇਰਾ ਓਹੜ-ਪੋਹੜ ਕੀਤਾ ਬਚਾਓ ਲਈ, ਪਰ ਉਹ ਹਰੇ ਨਾ ਰਹੇ, ਕਮਲਾ ਕੇ ਮਰ ਗਏ। ਮੈਨੂੰ ਇਸ ਗੱਲ ਦਾ ਡਾਢਾ ਖੇਦ ਹੋਇਆ ਕਿ ਇਹ ਮਰ ਗਏ।

ਹੁਣ ਜ਼ਰਾ ਸੋਚੋ ਕਿ ਇਹ ਬੂਟੇ ਕਾਹਦੇ ਲਈ ਲਾਏ ਸੀ? ਇਸ ਕਰਕੇ ਕਿ ਇਨ੍ਹਾਂ ਨੂੰ ਟਮਾਟੇ ਤੇ ਖੀਰੇ ਲੱਗਣੇ ਸਨ। ਮੈਂ ਕਈ ਦਿਨ ਇਹ ਸੋਚ ਸੋਚ ਕੇ ਬੇਚੈਨ ਰਿਹਾ ਕਿ ਮੇਰੇ ਇਹ ਬੂਟੇ ਮਰ ਗਏ। ਹੁਣ ਫਰਜ਼ ਕਰ ਲਓ ਕਿ ਇੱਕ ਬੂਟੇ ਨੂੰ ਦੋ ਡਾਲਰ ਦੇ ਟਮਾਟੇ ਤੇ ਦੋ ਡਾਲਰ ਦੇ ਖੀਰੇ ਲੱਗਣੇ ਸਨ ਤੇ ਕੁਲ ਚਾਰ ਡਾਲਰ ਦਾ ਮੇਰਾ ਫਾਇਦਾ ਹੋਣਾ ਸੀ। ਹੁਣ ਖਰਚਾ ਗਿਣੋ, ਦੋ ਡਾਲਰ ਦਾ ਖਾਦ ਪਾਣੀ ਤੇ ਗੁਡਾਈ ਲਾਓ ਤਾਂ ਮੁਕਦੀ ਗੱਲ ਨੁਕਸਾਨ ਮੇਰਾ ਤਾਂ ਸਿਰਫ ਦੋ ਡਾਲਰ ਦਾ ਹੀ ਹੋਇਆ ਸਮਝੋ, ਕਿਉਂਕਿ ਇਹ ਤਾਂ ਬਾਜ਼ਾਰੋਂ ਵੀ ਤਾਂ ਦੋ ਡਾਲਰ 'ਚ ਖਰੀਦ ਸਕਦਾ ਸੀ ਭਾਵੇਂ ਆਪਣੀ ਬਾੜੀ ਨਾ ਵੀ ਲਾਉਂਦਾ।

ਗੱਲ ਦੋ ਡਾਲਰ ਦੇ ਨੁਕਸਾਨ ਜਾਂ ਨਿਰੇ ਦੋ ਡਾਲਰ ਦੇ ਫਾਇਦੇ ਦੀ ਨਹੀਂ। ਇੱਥੇ ਮਹੱਤਵਪੂਰਨ ਗੱਲ ਇਹ ਹੈ ਕਿ ਘਰ ਦੀ ਸਬਜ਼ੀ ਭਾਜੀ ਉਗਾਉਣਾ ਮੇਰੇ ਜੀਵਨ ਅਤੇ ਰੋਜ਼ ਦੇ ਰੁਝੇਵੇਂ ਦਾ ਹਿੱਸਾ ਬਣ ਗਿਆ ਹੈ ਤੇ ਮੈਨੂੰ ਇਹ ਮੇਰੇ ਕਿਸਾਨੀ ਪਿਛੋਕੜ ਨਾਲ ਵੀ ਜੋੜਦਾ ਹੈ। ਜੇ ਮੇਰਾ ਬੇਟਾ ਕਹਿ ਦਵੇ ਕਿ ਪਾਪਾ ਜੀ ਤੁਸੀਂ ਸਬਜ਼ੀ-ਬਾੜੀ 'ਚ ਬਿਲਕਲ ਕੰਮ ਨਹੀਂ ਕਰਨਾ ਤੇ ਮੈਂ ਸਭ ਕੁਝ ਤੁਹਾਨੂੰ ਬਾਜ਼ਾਰੋਂ ਲਿਆ ਦਿਆਂਗਾ ਤਾਂ ਮੇਰੇ ਲਈ ਇਹ ਬਹੁਤ ਵੱਡੀ ਸਜ਼ਾ ਹੋਏਗੀ, ਕਿਉਂਕਿ ਇਹ ਮੇਰੇ ਰੋਜ਼ਾਨਾ ਜੀਵਨ ਦਾ ਅੰਗ ਬਣ ਚੁਕਾ ਹੈ। ਇਸੇ ਤਰ੍ਹਾਂ ਕਿਸਾਨਾਂ ਦਾ ਖੇਤੀ ਕਿੱਤੇ ਦੇ ਨਾਲ ਨਾਲ ਇਹ ਉਨ੍ਹਾਂ ਦੇ ਰਹਿਣ ਸਹਿਣ ਅਤੇ ਜੀਵਨ ਦਾ ਅੰਗ ਵੀ ਹੈ। ਹੁਣ ਜ਼ਰਾ ਸੋਚਣ ਵਾਲੀ ਗੱਲ ਹੈ ਕਿ ਕਿਸਾਨ ਪਰਿਵਾਰ ਜਿਹੜੇ ਸੈਂਕੜੇ ਸਾਲਾਂ ਤੋਂ ਖੇਤੀ-ਬਾੜੀ ਕਰਦੇ ਆ ਰਹੇ ਹਨ ਪੁਸ਼ਤ-ਦਰ-ਪੁਸ਼ਤ, ਉਹ ਚਾਹੇ ਘਾਟਾ ਹੋਵੇ ਚਾਹੇ ਵਾਧਾ, ਪਰ ਉਹ ਖੇਤੀ ਨਹੀਂ ਛੱਡਦੇ। ਵੱਡਾ ਕਾਰਨ ਇਹ ਹੈ ਕਿ ਪੁਸ਼ਤ-ਦਰ-ਪੁਸ਼ਤ ਇਹ ਉਨ੍ਹਾਂ ਦਾ ਰਹਿਣ ਸਹਿਣ, ਕੰਮਕਾਜ ਕਰਨ ਅਤੇ ਸਦੀਆਂ ਤੋਂ ਚਲਿਆ ਆ ਰਿਹਾ ਜੀਵਨ ਬਸਰ ਕਰਨ ਦਾ ਇੱਕ ਵਸੀਲਾ ਹੈ ਜਾਂ ਕਹਿ ਲਓ ਕਿ ਜੀਵਨ ਢੰਗ ਹੈ। ਹੁਣ ਜੇ ਅਚਾਨਕ ਬੇਰਹਿਮ ਸਰਕਾਰ ਤਿੰਨ ਕਾਲੇ ਕਾਨੂੰਨ ਬਣਾ ਦਵੇ, ਜਿਸ ਦਾ ਨਤੀਜਾ ਇਹ ਨਿਕਲਦਾ ਹੋਵੇ ਕਿ ਹੁਣ ਬਹੁਤੀ ਦੇਰ ਛੋਟਾ ਤੇ ਦਰਮਿਆਨਾ ਕਿਸਾਨ ਖੇਤੀ ਕਿੱਤੇ 'ਚ ਰਹਿ ਨਹੀਂ ਸਕਦਾ, ਕਿਉਂਕਿ ਉਸ ਨੂੰ ਯਕੀਨਨ ਫੇਲ੍ਹ ਕਰਨ ਲਈ ਮਾਰੂ ਕਾਨੂੰਨ ਬਣਾ ਦਿੱਤੇ ਹਨ ਤਾਂ ਦੱਸੋ ਉਨ੍ਹਾਂ 'ਤੇ ਕੀ ਗੁਜ਼ਰ ਰਹੀ ਹੋਏਗੀ?

ਜਦ ਕਿ ਮੈਂ ਤਾਂ ਦੋ ਡਾਲਰ ਦੇ ਟਮਾਟਿਆਂ ਅਤੇ ਖੀਰਿਆਂ ਦਾ ਹੀ ਖੇਦ ਕਰਦਾ ਰਿਹਾਂ, ਉਹ ਇਸ ਕਰਕੇ ਕਿ ਸਬਜ਼ੀ-ਬਾੜੀ 'ਚ ਕੰਮ ਕਰਨਾ ਮੈਨੂੰ ਅਨੰਦ ਦਿੰਦਾ ਹੈ, ਨਾ ਕਿ ਮੈਂ ਉਸ ਨੂੰ ਪੈਸੇ ਨਾਲ ਤੋਲ ਅਮੀਰ ਹੋਣ ਲਈ ਕਰਦਾਂ। ਇਉਂ ਕਰਨਾ ਮੈਨੂੰ ਸ਼ਾਂਤੀ ਤੇ ਖੁਸ਼ੀ ਦਿੰਦਾ ਹੈ; ਤਾਂ ਫਿਰ ਕਿਸਾਨਾਂ ਤੋਂ ਉਨ੍ਹਾਂ ਦਾ ਰੁਜ਼ਗਾਰ ਤਬਾਹ ਕਰ, ਨਾਲ ਹੀ ਉਨ੍ਹਾਂ ਦੀ ਖੁਸ਼ੀ ਕਿਉਂ ਖੋਹੀ ਜਾ ਰਹੀ ਹੈ? ਹਾਂ! ਇਸ ਕਰਕੇ ਕਿ ਕਾਰਪੋਰੇਟ ਮਗਰਮੱਛਾਂ ਦਾ ਮੋਟਾ ਤੇ ਬੇਸਬਰਾ ਢਿੱਡ ਹੋਰ ਭਰਨਾ ਹੈ। ਕਿਦਾਂ! ਕਿਸਾਨਾਂ ਦੀ ਬਲੀ ਦੇ ਕੇ?

ਇਹ ਕਾਲੇ ਕਾਨੂੰਨ ਬਣਾ, ਕਿਸਾਨਾਂ ਦੀ ਮਰਜ਼ੀ ਦੇ ਖਿਲਾਫ ਧੱਕੇ ਨਾਲ ਉਨ੍ਹਾਂ 'ਤੇ ਥੋਪਣ ਅਤੇ ਸਿੱਧਾ ਕਾਰਪੋਰੇਟ ਤਰਜ਼ ਅਨੁਸਾਰ ਤਬਦੀਲੀ ਲਿਆ ਕਿਸਾਨ/ਮਜ਼ਦੂਰਾਂ ਦੀ ਸਮੂਹਕ ਹੱਤਿਆ ਕਰਨ ਦੇ ਬਰਾਬਰ ਹੈ। ਕਾਰਪੋਰੇਟ ਮੁਨਾਫਿਆਂ ਦੇ ਸਨਮੁੱਖ ਕਿਸਾਨੀ ਦੀ ਸਮੂਹਕ ਤਬਾਹੀ ਕਰ ਅਜਿਹਾ ਹਰਗਿਜ਼ ਨਹੀਂ ਹੋਣ ਦੇਣਾ ਚਾਹੀਦਾ। ਰੀੜ੍ਹ ਦੀ ਹੱਡੀ ਵਿਹੂਣੇ ਲੀਡਰ ਅਤੇ ਸਿਆਸੀ ਪਰਟੀਆਂ ਤੋਂ ਕਿਸਾਨ ਮੋਰਚੇ ਦਾ ਕੋਹਾਂ ਦੂਰੀ ਬਣਾ ਕੇ ਰੱਖਣਾ ਹੀ ਸਹੀ ਕਦਮ ਰਿਹਾ ਹੈ। ਜੇ ਇਸੇ ਤਰ੍ਹਾਂ ਹੀ ਰਿਹਾ ਤਾਂ ਸਿਆਸੀ ਪਰਟੀਆਂ ਨੂੰ ਕਿਸਾਨਾਂ ਦੀ ਮਦਦ ਲਈ ਖੜ੍ਹਨ ਬਿਨਾ ਹੋਰ ਕੋਈ ਰਾਹ ਨਹੀਂ ਰਹੇਗਾ, ਤੇ ਉਨ੍ਹਾਂ ਨੂੰ ਆਪਣੀ ਹੋਂਦ ਦੀ ਸ਼ਾਖ ਬਚਾਉਣ ਲਈ ਕਿਸਾਨਾਂ ਦੀਆਂ ਮੰਗਾਂ ਦਾ ਭਰਪੂਰ ਸਮਰਥਨ ਕਰਨਾ ਉਨ੍ਹਾਂ ਲਈ ਸਮੇਂ ਦੀ ਲੋੜ ਹੋਏਗੀ।

ਇਸ ਭਰਮ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਕਿ ਕਿਸਾਨ ਲੀਡਰਾਂ ਨੂੰ ਸੂਝ ਨਹੀਂ ਜਾਂ ਉਹ ਦਾਅ ਪੇਚ ਨਹੀਂ ਜਾਣਦੇ ਕਿ ਮੋਰਚੇ ਨੂੰ ਅੱਗੇ ਕਿਵੇਂ ਤੋਰਨਾ ਹੈ; ਸਗੋਂ ਇਸ ਦੇ ਉਲਟ ਉਨ੍ਹਾਂ ਦੀ ਸੰਜੀਦਗੀ ਅਤੇ ਸਿਆਣਪ ਨੂੰ ਦਾਦ ਦਿੰਦਿਆਂ ਉਨ੍ਹਾਂ ਦੀ ਸੂਝ ਸਿਆਣਪ ਦੀ ਕਿਸ਼ਤੀ ਨੂੰ ਤਾਰਪੀਡੋ ਕਰਨ ਵਾਲਿਆਂ ਤੋਂ ਬਚਾਓ ਅਤੇ ਉਪਾਓ ਦੀ ਲੋੜ ਹੈ। ਕਿਸਾਨ ਮੋਰਚਾ ਸਿਖਰਾਂ 'ਤੇ ਹੈ; ਇਸ ਦਾ ਪ੍ਰਭਾਵ ਪ੍ਰਭਾਵਸ਼ਾਲੀ ਹੈ: ਇਸ ਦੀਆਂ ਧੁੰਮਾਂ ਦੇਸ਼-ਵਿਦੇਸ਼ 'ਚ ਹਨ। ਇਸ ਦੀ ਕਾਮਯਾਬੀ ਦੀ ਕਾਮਨਾ ਹਰ ਕਿਰਤੀ, ਮਿਹਨਤੀ, ਇਮਾਨਦਾਰ ਅਤੇ ਹੱਕ ਦੀ ਕਮਾਈ ਕਰਨ ਵਾਲਾ ਜੀਅ ਦੁਨੀਆਂ ਦੇ ਹਰ ਕੋਨੇ 'ਚ ਰੋਜ਼ ਕਰਦਾ ਹੈ।

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਸਮੇਂ ਦੇ ਸਬਕ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬੀਚ ਦੀਆਂ ਲਹਿਰਾਂ ਬਾਰੇ ਬਚਨ-ਬਿਲਾਸ ਕੀਤੇ ਸਨ, "ਬੀਚ ਨੂੰ ਪਤਾ ਹੈ ਕਿ ਕੁਦਰਤ ਪ੍ਰੇਮੀ ਹੀ ਬੀਚ ਦੇ ਕੋਲ ਆਪਣਾ ਰੈਣ-ਬਸੇਰਾ ਬਣਾਉਂਦੇ ਜਾਂ ਕਦੇ ਕਦਾਈ ਬੀਚ ਦੇ ਦਰੀਂ ਫੇਰਾ ਪਾਉਂਦੇ ਤੇ ਜ਼ਿੰਦਗੀ ਦੀਆਂ ਲਹਿਰਾਂ-ਬਹਿਰਾਂ ਸਿਰਜਣ ਲਈ ਯਤਨਸ਼ੀਲ ਹੁੰਦੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸਮੇਂ ਤੋਂ ਸਬਕ ਸਿੱਖਣ ਦੀ ਨਸੀਹਤ ਕੀਤੀ ਹੈ ਅਤੇ ਕਿਹਾ ਹੈ ਕਿ ਸਮੇਂ ਦੀ ਕੋਈ ਵੀ ਸਮਾਂ-ਸੀਮਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਉਹ ਕਹਿੰਦੇ ਹਨ, "ਸਮੇਂ ਨੂੰ ਸਮਝੋ, ਇਸ ਦੀ ਸਾਰਥਿਕਤਾ ਨੂੰ ਪਛਾਣੋ, ਇਸ ਦੀ ਸਦੀਵਤਾ ਅਤੇ ਸੁਹੱਪਣ ਲਈ ਉਦਮ ਕਰੋ।...ਸਮਾਂ ਬਹੁਤ ਕੁਝ ਸਿਖਾਉਂਦਾ ਏ-ਸਾਵਧਾਨ ਹੋਣ ਦੀਆਂ ਜੁਗਤਾਂ ਅਤੇ ਜ਼ਿੰਦਗੀ ਨੂੰ ਨਵੀਂ ਦਿਸ਼ਾ-ਨਿਰਦੇਸ਼ ਦੇਣ ਦੀ ਤਮੰਨਾ; ਇਹ ਤਲਖੀਆਂ, ਤੰਗੀਆਂ-ਤੁਰਸ਼ੀਆਂ ਵਿਚੋਂ ਪਾਰ ਲੰਘਣ ਦੀ ਸੂਹ ਵੀ ਦਿੰਦਾ।" ਡਾ. ਭੰਡਾਲ ਅਨੁਸਾਰ ਆਉਣ ਵਾਲਾ ਸਮਾਂ ਸਾਡੀਆਂ ਪਹਿਲਕਦਮੀਆਂ, ਪੇਸ਼ਕਦਮੀਆਂ, ਵਿਉਂਤਬੰਦੀਆਂ ਅਤੇ ਸੁਪਨਿਆਂ ਦੀ ਪਰਵਾਜ਼ ਦਾ ਬਿੰਬ ਹੁੰਦਾ।***

ਸਮਾਂ ਨਿਰੰਤਰ ਪ੍ਰਵਾਹ, ਆਪਣੇ ਤੋਰੇ ਮਸਤ, ਆਪਣੇ ਰੰਗ ਵਿਚ ਰੰਗਿਆ, ਤਹਿਜ਼ੀਬ ਦੇ ਸਫੇ 'ਤੇ ਆਪਣੀ ਪਛਾਣ ਦੇ ਨਕਸ਼ ਸਿਰਜਦਾ।

ਸਮਾਂ ਕਦੇ ਪਿੱਛਲਖੁਰੀ ਨਹੀਂ ਜਾਂਦਾ ਅਤੇ ਨਾ ਹੀ ਇਸ ਦੀ ਤੋਰ ਨੂੰ ਬੰਦੇ ਦੀ ਮਰਜ਼ੀ ਨਾਲ ਨਿਰਧਾਰਤ ਕੀਤਾ ਜਾ ਸਕਦਾ। ਵਿਅਕਤੀ ਨੂੰ ਹੀ ਆਪਣੀ ਤੋਰ ਸਮੇਂ ਅਨੁਸਾਰ ਨਿਰਧਾਰਤ ਕਰਨੀ ਪੈਣੀ।

ਸਮਾਂ ਸਮਰੱਥ, ਸੰਭਾਵਨਾ ਭਰਪੂਰ, ਸੰਭਾਵੀ ਸਫਲਤਾ ਦਾ ਮੰਜ਼ਰ, ਸੁਰਖ ਰਾਹਾਂ ਦੀ ਪਛਾਣ ਅਤੇ ਸੂਹੇ ਸਿਰਨਾਵਿਆਂ ਦੀ ਮਸਤਕ-ਰੇਖਾ।

ਸਮਾਂ ਸੁਹਜ, ਸਿਆਣਪ, ਸੁਘੜਤਾ ਅਤੇ ਸਦੀਵੀ ਰਹਿਤਲਾਂ ਨੂੰ ਆਪਣੀ ਕਰਮ-ਭੂਮੀ ਬਣਾਵੇ ਤਾਂ ਇਸ ਦੀ ਤਸਦੀਕ ਕਰਦਿਆਂ ਸਦੀਆਂ ਲੱਗ ਜਾਦੀਆਂ।

ਸਮੇਂ ਨੂੰ ਸਦੀਆਂ, ਸਾਲਾਂ, ਸੈਕਿੰਡਾਂ ਵਿਚ ਮਿੱਥਣ ਵਾਲੇ ਸਮੇਂ ਦੇ ਪਾਬੰਦ। ਦਰਅਸਲ ਸਮੇਂ ਦੀ ਕੋਈ ਵੀ ਸਮਾਂ-ਸੀਮਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ।

ਸਮਾਂ ਦੀ ਕਦੇ ਮਟਕਣੀ ਤੋਰ, ਕਦੇ ਮਸਤਾਨੀ ਲੋਰ ਤੇ ਕਦੇ ਕਾਲੇ ਵਕਤਾਂ ਦੀ ਘਣਘੋਰ। ਕਦੇ ਸਰਘੀ ਵਰਗੇ ਪਲਾਂ ਦੀ ਦਾਸਤਾਨ ਤੇ ਕਦੇ ਸਿਖਰ ਦੁਪਹਿਰਾਂ ਦਾ ਵਰਤਾਰਾ। ਕਦੇ ਢਲਦੀਆਂ ਸ਼ਾਮਾਂ ਦਾ ਪ੍ਰਤੀਕ ਤੇ ਕਦੇ ਸ਼ਾਮ ਦੇ ਘੁਸਮੁਸੇ ਦਾ ਗੀਤ।

ਬਹੁਤ ਰੰਗ, ਰੂਪ ਤੇ ਪਰਤਾਂ ਨੇ ਸਮੇਂ ਦੀਆਂ। ਸਮੇਂ ਨੂੰ ਉਸ ਦੀ ਤਾਸੀਰ, ਤਕਦੀਰ, ਤਾਰੀਫ ਤੇ ਤਹਿਜ਼ੀਬ ਵਿਚੋਂ ਦੇਖਿਆਂ ਹੀ ਇਸ ਦੀਆਂ ਪਰਤਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ।

ਸਮਾਂ ਕਦੇ ਭੂਤ, ਭਵਿੱਖ ਅਤੇ ਵਰਤਮਾਨ। ਕਦੇ ਅੱਜ, ਕੱਲ ਤੇ ਭਲਕ। ਕਦੇ ਪਲ ਪਲ ਵਰਗਾ, ਕਦੇ ਬੀਤੀਆਂ ਸਦੀਆਂ। ਕਦੇ ਉਮਰ ਵੀ ਕੁਝ ਪਲ ਲੱਗਦੇ। ਕਈ ਵਾਰ ਪਲਾਂ ਵਿਚ ਹੀ ਬੀਤ ਜਾਂਦਾ ਸਮਾਂ ਅਤੇ ਅਸੀਂ ਸਮੇਂ ਨੂੰ ਠਹਿਰ ਜਾਣ ਲਈ ਕਹਿੰਦੇ।

ਸਮਾਂ, ਬਹੁਤ ਕੁਝ ਪੜ੍ਹਾਉਂਦਾ ਤੇ ਸਿਖਾਉਂਦਾ ਅਤੇ ਬਦਲਦਾ ਤੇ ਬਦਲਾਉਂਦਾ। ਤਲਖੀਆਂ, ਤੰਗੀਆਂ ਤੇ ਤੁਰਸ਼ੀਆਂ ਵਿਚੋਂ ਪਾਰ ਲੰਘਣ ਦੀ ਸੂਹ ਵੀ ਦਿੰਦਾ। ਮਨੁੱਖੀ ਰਾਹਾਂ ਵਿਚ ਵਿਛ ਕੇ, ਮਨੁੱਖ ਨੂੰ ਉਸ ਦੀਆਂ ਮਾਨਸਿਕ ਅਤੇ ਸਰੀਰਕ ਤਕੜਾਈ ਲਈ ਪਰਖ ਵੀ ਬਣਦਾ।

ਸਮੇਂ ਤੋਂ ਸਿੱਖਣਾ ਅਤੇ ਇਸ ਨੂੰ ਜੀਵਨ-ਜਾਚ ਬਣਾਉਣਾ, ਮਨੁੱਖ ਦੇ ਹੱਥ ਵੱਸ। ਬਹੁਤ ਘੱਟ ਲੋਕ ਜਿਹੜੇ ਸਮੇਂ ਕੋਲੋਂ ਸਿੱਖ ਕੇ ਆਪਣੀਆਂ ਕਮੀਆਂ, ਕਮੀਨੀਆਂ ਤੇ ਕੁਤਾਹੀਆਂ ਨੂੰ ਦੂਰ ਕਰਕੇ, ਸੰਪੂਰਨਤਾ ਲਈ ਪਹਿਲਕਦਮੀ ਕਰਦੇ। ਜ਼ਿਆਦਾਤਰ ਲੋਕ ਤਾਂ ਸਮੇਂ ਦੀ ਸਾਰਥਿਕਤਾ ਤੇ ਸਦਉਪਯੋਗਤਾ ਦੇ ਰੰਗਾਂ ਨੂੰ ਸਮਝਣ ਤੋਂ ਅਸਮਰਥ।

ਸਮੇਂ ਨੂੰ ਯਾਰ ਬਣਾਉਣ ਵਾਲੇ ਤੇ ਇਸ ਦੀਆਂ ਪੈੜਾਂ ਵਿਚ ਪੈਰ ਧਰਨ ਵਾਲੇ ਅਤੇ ਇਸ ਦੀ ਮੁਹਾਰ ਚਾਨਣ ਵੰਨੀਂ ਮੋੜਨ ਵਾਲੇ, ਸਮੇਂ ਦੇ ਸ਼ਾਹ-ਅਸਵਾਰ। ਅਜਿਹੇ ਲੋਕ ਹੀ ਇਤਿਹਾਸ ਲਿਖਦੇ, ਇਤਿਹਾਸ ਬਣਾਉਂਦੇ ਅਤੇ ਇਤਿਹਾਸ ਹੁੰਦੇ।

ਸਮਾਂ ਸੰਦਲੀ ਸਾਹਾਂ ਵਰਗਾ, ਨਾ ਲਿਫਣ ਵਾਲੀਆਂ ਬਾਹਾਂ ਵਰਗਾ, ਅੰਬਰ ਨੂੰ ਜਾਂਦੀਆਂ ਰਾਹਾਂ ਵਰਗਾ, ਮੁਸ਼ਕਿਲ ਦੌਰਾਨ ਭਰਾਵਾਂ ਵਰਗਾ, ਰਾਹ ਬਣਾਉਂਦੇ ਦਰਿਆਵਾਂ ਵਰਗਾ, ਧੁੱਪੇ ਹੁੰਦੀਆਂ ਛਾਂਵਾਂ ਵਰਗਾ, ਸਿਰ ਪਲੋਸਦੀਆਂ ਮਾਂਵਾਂ ਵਰਗਾ ਅਤੇ ਚਾਨਣ ਦਾ ਸਿਰਨਾਵਾਂ ਵਰਗਾ।

ਸਮਾਂ ਹਰਫਾਂ ਵਿਚ ਲੋਅ ਧਰਦਾ, ਸ਼ਬਦਾਂ ਦੇ ਨਾਮ ਰੋਹ ਕਰਦਾ। ਸਫੇ 'ਤੇ ਉਕਰਿਆ ਮੋਹ ਹੁੰਦਾ, ਗਿਆਨ ਦੀ ਪੈਂਦੀ ਖੋਹ ਹੁੰਦਾ। ਕਿਤਾਬਾਂ ਵਿਚੋਂ ਉਦੈ ਚਿਰਾਗ ਵੀ ਤੇ ਸਾਹਾਂ ਵਿਚ ਉਪਜਿਆ ਰਾਗ ਵੀ। ਕਾਇਨਾਤ ਦੀ ਖੁੱਲ੍ਹੀ ਜਾਗ ਵੀ ਤੇ ਮਨ-ਝੀਤ ਦਾ ਸੁਰਾਗ ਵੀ।

ਸਮਾਂ ਕਦੇ ਕਿਸੇ ਨੂੰ ਮੁਆਫ ਨਹੀਂ ਕਰਦਾ ਅਤੇ ਨਾ ਹੀ ਕੀਤੇ ਗੁਨਾਹਾਂ ਤੋਂ ਰਾਹਤ। ਨਹੀਂ ਮਿਲਣੀ ਨਿਜ਼ਾਤ। ਭੁਗਤਣੇ ਪੈਂਦੇ ਦੂਰ-ਰਸੀ ਸਿੱਟੇ। ਇਹ ਤਾਂ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਦਾ ਵੱਲ ਵੀ ਸਿਖਾਉਂਦਾ।

ਬੀਤਿਆ ਸਮਾਂ ਸਾਡੇ ਕੀਤੇ ਕਾਰਜਾਂ ਦੀ ਪਰਖ-ਪੜਚੋਲ ਕਰਕੇ, ਸਾਡੀ ਦਿਆਨਤਦਾਰੀ, ਫਿਕਰਮੰਦੀ, ਸਿਆਣਪ ਜਾਂ ਲੋਭ, ਲਾਲਚ, ਬੇਕਦਰੀ, ਬੇਦਰਦੀ, ਨਾਦਰਦੀ ਲਾਪ੍ਰਵਾਹੀ ਆਦਿ ਰੁਬਰੂ ਕਰਦਾ। ਇਨ੍ਹਾਂ ਨੂੰ ਸਮਝਣ, ਸੁਚੇਤ ਹੋਣ ਅਤੇ ਤਰੁੱਟੀਆਂ ਨੂੰ ਦੂਰ ਕਰਕੇ, ਨਵੇਂ ਸਿਰਿਉਂ ਸਫਰਾਂ ਨੂੰ ਨਵੀਂ ਸੇਧ ਤੇ ਸਿਰਨਾਵਾਂ ਦੇਣ ਵੰਨੀਂ ਪ੍ਰੇਰਿਤ ਕਰਦਾ। ਯਾਦ ਰਹੇ, ਆਉਣ ਵਾਲਾ ਸਮਾਂ ਸਾਡੀਆਂ ਪਹਿਲਕਦਮੀਆਂ, ਪੇਸ਼ਕਦਮੀਆਂ, ਵਿਉਂਤਬੰਦੀ ਅਤੇ ਸੁਪਨਿਆਂ ਦੀ ਪਰਵਾਜ਼ ਦਾ ਬਿੰਬ ਹੁੰਦਾ।

ਬਹੁਤ ਕੁਝ ਸਿਖਾਉਂਦਾ ਏ ਸਮਾਂ, ਹਾਲਾਤ, ਸਾਵਧਾਨ ਹੋਣ ਦੀਆਂ ਜੁਗਤਾਂ ਅਤੇ ਜ਼ਿੰਦਗੀ ਨੂੰ ਨਵੀਂ ਦਿਸ਼ਾ-ਨਿਰਦੇਸ਼ ਦੇਣ ਦੀ ਤਮੰਨਾ।

ਅਜੋਕੇ ਸਮੇਂ ਨੇ ਬਹੁਤ ਕੁਝ ਸਿਖਾਇਆ ਏ ਵਿਅਕਤੀ ਨੂੰ। ਸਾਹਮਣੇ ਆਈ ਉਸ ਦੀ ਔਕਾਤ, ਮਨ ਵਿਚ ਛੁਪੀ ਕਾਲਖ, ਕੋਹਝ, ਕਪਟ, ਕਮੀਨਗੀਆਂ, ਕੁਤਾਹੀਆਂ ਅਤੇ ਕਰਤੂਤਾਂ। ਇਹ ਤਾਂ ਮਨੁੱਖ ਨੇ ਹੀ ਦੇਖਣਾ ਸੀ ਕਿ ਕਿਵੇਂ ਮਾਂ-ਬਾਪ ਦੇ ਸਸਕਾਰ ਤੋਂ ਮੁਨਕਰ ਹੋ ਜਾਂਦੇ ਨੇ ਬੱਚੇ? ਕਿਵੇਂ ਸ਼੍ਰੋਮਣੀ ਰਾਗੀ ਨੂੰ ਦੋ ਗਜ਼ ਜਮੀਨ ਵੀ ਨਾ ਮਿਲੀ? ਕਿਵੇਂ ਆਪਣੇ ਹੀ ਪਰਾਏ ਹੋ ਕੇ ਮੌਤ ਦੀਆਂ ਦੁਆਵਾਂ ਮੰਗਦੇ? ਕਿਵੇਂ ਮਨੁੱਖ ਵਿਚੋਂ ਮਾਨਵਤਾ ਹੀ ਮਰ ਗਈ? ਮਨੁੱਖ ਨੂੰ ਮਨੁੱਖ ਤੋਂ ਹੀ ਕਿਉਂ ਭੈਅ ਆਉਣ ਲੱਗ ਪਿਆ? ਕਿਵੇਂ ਰੋਟੀ ਦੇ ਟੁੱਕ ਲਈ ਵੀ ਤਰਸ ਗਏ ਸੀ ਭਰੇ ਭੜੋਲਿਆਂ ਵਾਲੇ?

ਇਹ ਵੀ ਸਮੇਂ ਨੇ ਹੀ ਦੱਸਿਆ ਕਿ ਮਨੁੱਖ ਨੇ ਕੁਦਰਤ ਤੋਂ ਦੂਰ ਹੋ ਕੇ ਕਿੰਨਾ ਕੁਝ ਗਵਾਇਆ ਏ? ਪਾਇਆ ਤਾਂ ਕੁਝ ਵੀ ਨਹੀਂ। ਕਿਵੇਂ ਦਿਨ ਰਾਤ ਧੜਕਦੀ ਜ਼ਿੰਦਗੀ ਨੂੰ ਠਹਿਰ ਜਾਣ ਲਈ ਮਜਬੂਰ ਹੋਣਾ ਪਿਆ? ਕਿਵੇਂ ਫੈਕਟਰੀਆਂ, ਮਹਾਂ-ਨਗਰਾਂ, ਨਗਰਾਂ ਅਤੇ ਦੇਸ਼-ਦੇਸ਼ਾਂਤਰਾਂ ਨੇ ਰੁਕ ਕੇ, ਗੁੰਮਸੁਦਾ ਜੀਵਨ ਨੂੰ ਫਿਰ ਤੋਂ ਨੇੜਿਉਂ ਦੇਖਿਆ? ਕਿਵੇਂ ਬੰਦਿਆਂ ਨੂੰ ਘਰ ਵਿਚ ਕੈਦੀ ਹੋਣ ਲਈ ਮਜਬੂਰ ਹੋਣਾ ਪਿਆ? ਤੇ ਕੁਦਰਤੀ ਜੀਵ-ਜੰਤੂਆਂ ਨੂੰ ਆਪਣੀ ਖੁਸੀ ਸਲਤਨਤ ਨੂੰ ਗਾਹੁਣ ਦਾ ਮੌਕਾ ਮਿਲਿਆ?

ਇਸ ਸਮੇਂ ਦੌਰਾਨ ਇਹ ਵੀ ਪਤਾ ਲੱਗਾ ਕਿ ਘਰ ਦੇ ਕੀ ਮਾਅਨੇ ਨੇ? ਪਰਿਵਾਰ ਦੇ ਕੀ ਅਰਥ ਨੇ? ਸੱਜਣਾਂ-ਮਿੱਤਰਾਂ ਨਾਲ ਮਿਲਣੀ ਵਿਚੋਂ ਕੀ ਮਿਲਦਾ? ਇਕੱਲ ਤੇ ਇਕਾਂਤ ਵਿਚ ਕਿੰਨਾ ਫਰਕ? ਬੰਦੇ ਨੂੰ ਆਪਣੇ ਅੰਦਰ ਝਾਕਣ ਦਾ ਮੌਕਾ ਮਿਲਿਆ ਤਾਂ ਪਤਾ ਲੱਗਾ ਕਿ ਉਹ ਤਾਂ ਕਦੇ ਵੀ ਖੁਦ ਨੂੰ ਨਹੀਂ ਸੀ ਮਿਲਿਆ। ਪਰਿਵਾਰ ਜਾਂ ਘਰ ਨੂੰ ਕਿਵੇਂ ਮਿਲਣਾ ਸੀ? ਨਿੱਕੇ ਨਿੱਕੇ ਹੁੰਗਾਰਿਆਂ, ਗੱਲਬਾਤ ਅਤੇ ਪਰਿਵਾਰਕ ਨਿੱਘ ਨੂੰ ਮਾਣਨ ਦਾ ਸਬੱਬ ਮਿਲਿਆ। ਇਨ੍ਹਾਂ ਦਿਨਾਂ ਵਿਚ ਹੀ ਕੰਧਾਂ ਘਰ ਬਣੀਆਂ, ਕਮਰਿਆਂ ਵਿਚ ਜ਼ਿੰਦਗੀ ਨੂੰ ਧੜਕਣ ਮਿਲੀ ਅਤੇ ਵਿਹੜਿਆਂ ਨੂੰ ਰੱਸਣ-ਵੱਸਣ ਦਾ ਵਰਦਾਨ ਮਿਲਿਆ। ਸਮੇਂ ਨੇ ਹੀ ਮਿਟਾਇਆ ਘਰ ਤੋਂ ਘਰ ਤੀਕ ਦਾ ਫਾਸਲਾ, ਬੰਦੇ ਤੋਂ ਬੰਦੇ ਤੀਕ ਦੀ ਦੂਰੀ ਅਤੇ ਆਪੇ ਤੋਂ ਅੰਤਰੀਵ ਤੀਕ ਦੀ ਵਾਟ।

ਸਮੇਂ ਨੇ ਇਹ ਵੀ ਦਰਸਾ ਦਿੱਤਾ ਕਿ ਕੁਦਰਤ ਤੋਂ ਵੱਡਾ ਕੋਈ ਨਹੀਂ। ਮਹਾਂ-ਸ਼ਕਤੀਆਂ ਅਤੇ ਧਨੀ ਲੋਕਾਂ ਨੂੰ ਆਪਣੀ ਖਾਮੋਸ਼ੀ ਵਿਚ ਉਤਰਨ ਅਤੇ ਚੁੱਪ ਨੂੰ ਮੁਖਾਤਬ ਹੋਣ ਦਾ ਮੌਕਾ ਮਿਲਿਆ। ਕੁਦਰਤ ਨਾਲ ਇਕਸੁਰਤਾ ਵਿਚੋਂ ਹੀ ਸਾਵੀਂ ਪੱਧਰੀ ਜ਼ਿੰਦਗੀ ਨੂੰ ਕਿਆਸਿਆ ਜਾ ਸਕਦਾ।

ਇਸ ਸਮੇਂ ਦੌਰਾਨ ਜਿਥੇ ਰਾਜਸੀ ਰੋਟੀਆਂ ਸੇਕਣ ਵਾਲਿਆਂ ਦੇ ਕੋਝੇ ਮਨਸੂਬੇ ਬੇਆਬਰੂ ਹੋਏ, ਉਥੇ ਰਾਜਨੀਤਕ ਨੇਤਾਵਾਂ ਨੂੰ ਆਪਣੀ ਔਕਾਤ ਦੇ ਰੂਬਰੂ ਹੋਣਾ ਵੀ ਸਮੇਂ ਦਾ ਵੱਡਾ ਸਬਕ ਹੋ ਨਿਬੜਿਆ। ਰਾਜਸੀ ਧੌਂਸ ਨੂੰ ਵੰਗਾਰਨਾ ਅਤੇ ਥੋਥੀਆਂ ਬੜ੍ਹਕਾਂ ਨੂੰ ਉਸ ਦੀ ਅਸਲੀਅਤ ਦੇ ਰੂਬਰੂ ਕਰਨ ਲਈ ਕਿਸਾਨ ਮੋਰਚਾ, ਇਕ ਅਜਿਹਾ ਮੁਹਾਜ ਸਿਰਜਿਆ ਜਿਸ ਨੇ ਇਤਿਹਾਸ ਨੂੰ ਪਿੱਛਲਖੁਰੀ ਮੋੜਾ ਜਰੂਰ ਦਿੱਤਾ ਅਤੇ ਦਰਸਾਅ ਦਿੱਤਾ ਕਿ ਪੰਜਾਬ ਦੀ ਵਿਰਾਸਤ ਕੀ ਏ? ਇਸ ਦੀ ਮਿੱਟੀ ਦੀ ਕੈਫੀਅਤ ਕੈਸੀ ਆ? ਇਸ ਦੇ ਜਾਇਆਂ ਨੂੰ ਮਿਲੀ ਅਣਖ, ਸਿਦਕ ਅਤੇ ਸਿਰੜ ਦੀ ਗੁੜ੍ਹਤੀ ਸਦਾ ਜਿੰਦਾ ਏ ਤੇ ਜਿਉਂਦੀ ਰਹਿਣੀ। ਇਸ ਅੰਦੋਲਨ ਨੇ ਰਾਜਸੀ ਧਿਰਾਂ ਨੂੰ ਧਕੇਲ ਕੇ ਖੂੰਜੇ ਲਾ ਦਿੱਤਾ ਏ। ਲੋਕ-ਰੋਹ ਨੇ ਮੌਜੂਦਾ ਹਾਕਮਾਂ ਦੀਆਂ ਰੁਕਾਵਟਾਂ ਅਤੇ ਫੋਹੜ ਚਾਲਾਂ ਤੋਂ ਉਪਰ ਉਠ ਕੇ ਇਕਮੁੱਠਤਾ, ਸਾਂਝੀ ਲੀਡਰਸ਼ਿਪ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਏਡਾ ਪੀਡਾ ਕਰ ਦਿੱਤਾ ਕਿ ਆਉਣ ਵਾਲੀਆਂ ਨਸਲਾਂ ਇਸ ਦੇ ਇਤਿਹਾਸ ਨੂੰ ਪੜ੍ਹ, ਇਸ ਦੀਆਂ ਪਰਤਾਂ ਵਿਚੋਂ ਜੀਵਨ-ਸੇਧ ਨੂੰ ਤਲਾਸ਼ਿਆ ਕਰਨਗੀਆਂ। ਸ਼ਾਂਤ ਚਿੱਤ ਰਹਿ ਕੇ ਜੁਲਮ ਤੇ ਜ਼ਬਰ ਨੂੰ ਸਿਦਕ, ਸਬਰ ਅਤੇ ਸ਼ਾਂਤੀ ਨਾਲ ਝੱਲਦਿਆਂ, ਪੋਹ-ਮਾਘ ਦੀਆਂ ਠਰੀਆਂ ਰਾਤਾਂ ਵਿਚ ਸੋਚਾਂ ਦੇ ਨਿੱਘ ਨਾਲ ਜਿਉਂਦੀਆਂ ਮਾਂਵਾਂ ਆਪਣੇ ਬੱਚਿਆਂ ਨੂੰ ਪਲੋਸਦੀਆਂ, ਅਚੇਤ ਤੇ ਸੁਚੇਤ ਰੂਪ ਵਿਚ ਬਹੁਤ ਕੁਝ ਉਨ੍ਹਾਂ ਦੀ ਚੇਤਨਾ ਵਿਚ ਧਰ ਰਹੀਆਂ ਨੇ, ਜਿਨ੍ਹਾਂ ਨੇ ਆਉਣ ਵਾਲੇ ਸਮਿਆਂ ਦੀ ਤਹਿਜ਼ੀਬ ਲਿਖਣੀ ਏ।

> ***ਸਮੇਂ ਤੋਂ ਸਿੱਖਣਾ ਅਤੇ ਇਸ ਨੂੰ ਜੀਵਨ-ਜਾਚ ਬਣਾਉਣਾ, ਮਨੁੱਖ ਦੇ ਹੱਥ ਵੱਸ। ਬਹੁਤ ਘੱਟ ਲੋਕ ਜਿਹੜੇ ਸਮੇਂ ਕੋਲੋਂ ਸਿੱਖ ਕੇ ਆਪਣੀਆਂ ਕਮੀਆਂ, ਕਮੀਨੀਆਂ ਤੇ ਕੁਤਾਹੀਆਂ ਨੂੰ ਦੂਰ ਕਰਕੇ, ਸੰਪੂਰਨਤਾ ਲਈ ਪਹਿਲਕਦਮੀ ਕਰਦੇ। ਜ਼ਿਆਦਾਤਰ ਲੋਕ ਤਾਂ ਸਮੇਂ ਦੀ ਸਾਰਥਿਕਤਾ ਤੇ ਸਦਉਪਯੋਗਤਾ ਦੇ ਰੰਗਾਂ ਨੂੰ ਸਮਝਣ ਤੋਂ ਅਸਮਰਥ।***

ਇਹ ਵੀ ਸਮੇਂ ਨੇ ਹੀ ਦੇਖਣਾ ਸੀ ਕਿ ਨਸ਼ਿਆਂ ਵਿਚ ਗਰਕੀ ਜਵਾਨੀ ਦੇ ਦਾਗ ਨੂੰ ਧੋਣ ਲਈ, ਇਹ ਦਰਸਾ ਦਿੱਤਾ ਕਿ ਪੰਜਾਬ ਸਦਾ ਗੁਰਾਂ ਦੇ ਨਾਮ 'ਤੇ ਜਿਉਂਦਾ ਏ। ਇਸ ਦੀ ਜਵਾਨੀ ਨੇ ਮੁਹਰੈਲ ਬਣ ਕੇ, ਆਪਣੇ ਹੱਕਾਂ ਦੀ ਰਾਖੀ ਕਰਨ ਅਤੇ ਬਜੁਰਗਾਂ ਦੀ ਰਹਿਨੁਮਾਈ ਹੇਠ, ਰਾਹ ਦੀਆਂ ਰੁਕਾਵਟਾਂ ਨੂੰ ਹਵਾ ਵਿਚ ਉਛਾਲ ਕੇ ਨਵੀਆਂ ਪੈੜਾਂ ਦੀ ਸਿਰਜਣਾ ਕੀਤੀ। ਇਤਿਹਾਸ ਦੇ ਪੰਨਿਆਂ ਦੀ ਜਦ ਪੁਨਰ ਸਿਰਜਣਾ ਹੁੰਦੀ ਤਾਂ ਬੀਤੇ ਨੂੰ ਵਰਤਮਾਨ 'ਤੇ ਬਹੁਤ ਮਾਣ ਹੁੰਦਾ, ਕਿਉਂਕਿ ਇਸ ਨੇ ਹੀ ਭਵਿੱਖ ਨੂੰ ਵਿਉਂਤਣਾ ਤੇ ਇਸ ਦੀ ਨੁਹਾਰ ਨੂੰ ਤਾਜਗੀ, ਨਰੋਇਆਪਣ ਅਤੇ ਨਵੀਨਤਾ ਬਖਸ਼ਣੀ ਹੁੰਦੀ। ਨੌਜਵਾਨ ਸੋਚ ਵਿਚ ਆਇਆ ਬਦਲਾਅ, ਕਈ ਦਹਾਕਿਆਂ ਤੀਕ ਮਸ਼ਾਲ ਬਣ ਕੇ, ਜੀਵਨ-ਰਾਹਾਂ ਵਿਚ ਚਾਨਣ ਦਾ ਛਿੜਕਾਅ ਕਰੇਗਾ। ਹੱਕ-ਸੱਚ ਦੀ ਬੁਲੰਦ ਆਵਾਜ਼ ਦੇ ਅਲੰਬਰਦਾਰ ਕਿਸਾਨ ਨੇ ਰਾਜਸੀ ਨੇਤਾਵਾਂ ਨੂੰ ਇਹ ਦਰਸਾ ਦਿੱਤਾ ਕਿ ਕਿਸਾਨ ਉਜੱਡ ਜਾਂ ਅਨਪੜ੍ਹ ਨਹੀਂ। ਉਹ ਰਾਜਸੀ ਮੋਹਰਿਆਂ ਤੋਂ ਜ਼ਿਆਦਾ ਸਿਆਣਾ ਅਤੇ ਉਨ੍ਹਾਂ ਦੀ ਹਰ ਚਾਲ ਨੂੰ ਬਾਖੂਬੀ ਸਮਝਦਾ ਏ। ਸਮੇਂ ਦੀ ਇਸ ਸਿਖਿਆ ਨੇ ਹੀ ਵਰਕਿਆਂ 'ਤੇ ਜੁਗਨੂੰਆਂ ਦੀ ਬਾਰਸ਼ ਬਣਨਾ ਏ।

ਇਹ ਵੀ ਅਜੋਕੇ ਸਮੇਂ ਦੀ ਕਿੰਨੀ ਵੱਡੀ ਪ੍ਰਾਪਤੀ ਹੈ ਕਿ ਨਸ਼ਿਆਂ, ਗੋਲੀਆਂ, ਗੰਡਾਸਿਆਂ ਜਾਂ ਜੱਟਵਾਦ ਦੇ ਆਲੇ-ਦੁਆਲੇ ਘੁੰਮਦੀ ਅਤੇ ਨੌਜਵਾਨਾਂ ਨੂੰ ਆਪਣੇ ਵਿਰਸੇ ਤੋਂ ਦੂਰ ਕਰ ਰਹੀ ਪੰਜਾਬੀ ਗਾਇਕੀ ਨੇ ਕੂਹਣੀ ਮੋੜ ਕੱਟਦਿਆਂ, ਉਸ ਨੂੰ ਆਪਣੀ ਅਮੀਰ ਵਿਰਾਸਤ ਤੇ ਵਿਰਸੇ ਪ੍ਰਤੀ ਪ੍ਰਤੀਬੱਧ ਕੀਤਾ। ਕੌਣ ਸੋਚ ਸਕਦਾ ਸੀ ਕਿ ਏਡਾ ਵੱਡਾ ਬਦਲਾਅ ਇਕ ਦਮ ਆ ਸਕਦਾ ਏ? ਭਾਈਚਾਰਿਆਂ ਨੂੰ ਧਰਮ ਜਾਂ ਖਿੱਤਿਆਂ ਵਿਚ ਵੰਡ ਕੇ ਕੁਰਸੀਆਂ ਦੇ ਪਾਵੇ ਬਣਨ ਵਾਲੇ ਲੋਕ ਇਕਮੁੱਠ ਹੋ ਜਾਣਗੇ ਅਤੇ ਰਾਜਸੀ ਚੌਧਰੀਆਂ ਨੂੰ ਉਨ੍ਹਾਂ ਦੇ ਕਮੀਨੇਪਣ ਦੇ ਸਨਮੁੱਖ ਕਰਨਗੇ?

ਸਮੇਂ ਦੀ ਹਿੱਕ ਤੇ ਖੁਣੀਆਂ ਪੈੜਾਂ ਹੀ ਹੁੰਦੀਆਂ, ਜਿਨ੍ਹਾਂ ਨੇ ਨਵੇਂ ਦਿਸਹੱਦਿਆਂ ਨੂੰ ਆਪਣਾ ਸਿਰਨਾਂਵਾਂ ਬਣਾਉਣਾ ਹੁੰਦਾ, ਜਿਨ੍ਹਾਂ ਵਿਚੋਂ ਸੂਰਬੀਰਾਂ, ਕਿਰਤੀਆਂ, ਕਰਮਧਰਮੀਆਂ ਅਤੇ ਕਰਮਯੋਗੀਆਂ ਨੇ ਕੀਰਤੀਮਾਨ ਸਥਾਪਤ ਕਰਨੇ ਹੁੰਦੇ। ਕੋਵਿਡ ਦੀ ਮਹਾਂਮਾਰੀ ਦੌਰਾਨ ਲੋਕਾਂ ਦੀਆਂ ਸਿੱਲੀਆਂ ਅੱਖਾਂ ਵਿਚ ਉਤਰੀ ਹੋਈ ਹਮਦਰਦੀ ਤੇ ਸੇਵਾ ਭਾਵਨਾ ਨੇ ਇਹ ਦਰਸਾ ਦਿੱਤਾ ਕਿ ਮਨੁੱਖਤਾ ਸਦਾ ਜਿਉਂਦੀ ਏ। ਅਤੁੱਟ ਚੱਲਦੇ ਲੰਗਰਾਂ ਅਤੇ ਲੋੜਵੰਦਾਂ ਲਈ ਦਾਨੀਆਂ ਦੀ ਕਦੇ ਵੀ ਕਮੀ ਨਹੀਂ ਹੁੰਦੀ। ਇਹ ਵੀ ਦਰਸਾ ਦਿੱਤਾ ਕਿ ਲੱਖਾਂ ਲੋਕਾਂ ਦੇ ਸ਼ਾਂਤਮਈ ਧਰਨੇ ਦੌਰਾਨ ਮੁਢਲੀਆਂ ਸਹੂਲਤਾਂ ਦੀ ਘਾਟ ਕਦੇ ਨਹੀਂ ਆ ਸਕਦੀ, ਕਿਉਂਕਿ ਥਾਲੀ ਵਿਚ ਪਈ ਕਣਕ ਦੀ ਰੋਟੀ ਦੀ ਕਸਮ ਖਾਣ ਵਾਲੇ ਕੁਝ ਕੁ ਅਜਿਹੇ ਵੀ ਹੁੰਦੇ, ਜਿਨ੍ਹਾਂ ਲਈ ਅਨਾਜ ਪੈਦਾ ਕਰਨ ਵਾਲੇ ਰੱਬ ਤੋਂ ਵੱਧ ਹੁੰਦੇ। ਉਹ ਆਪਣਿਆਂ ਤੋਂ ਜ਼ਿਆਦਾ ਅਪਣੱਤ ਪਾਲਦੇ, ਉਨ੍ਹਾਂ ਲਈ ਆਪਣੇ ਘਰਾਂ, ਦਰਾਂ, ਗਰਾਂ ਅਤੇ ਦਿਲਾਂ ਦੇ ਦਰਵਾਜੇ ਖੋਲ੍ਹ ਦਿੰਦੇ। ਜਦ ਦਿਲਾਂ ਦੇ ਦਰਵਾਜੇ ਖੁੱਲ੍ਹ ਜਾਂਦੇ ਤਾਂ ਕਿਸੇ ਵੀ ਚੀਜ਼ ਜਾਂ ਸਹੂਲਤ ਦੀ ਕਮੀ ਕਿੰਜ ਆ ਸਕਦੀ ਏ?

ਸਮੇਂ ਨੇ ਇਹ ਵੀ ਪ੍ਰਤੱਖ ਕਰ ਦਿੱਤਾ ਕਿ ਰਾਜਸੀ ਧੱਕੇਸ਼ਾਹੀ, ਜ਼ਬਰ ਜਾਂ ਕੱਟੜਤਾ ਨਾਲ ਲੋਕ-ਮਨਾਂ ਨੂੰ ਵਰਗਲਾਇਆ ਨਹੀਂ ਜਾ ਸਕਦਾ। ਲੋਕਾਂ ਨੂੰ ਭਾਸ਼ਣਾਂ, ਵਾਅਦਿਆਂ ਜਾਂ ਵੰਡਣ ਦੀਆਂ ਕੁਚਾਲਾਂ ਵਿਚੋਂ ਕੁਝ ਵੀ ਸੁਚਾਰੂ ਜਾਂ ਸਾਰਥਿਕ ਪ੍ਰਾਪਤ ਨਹੀਂ ਹੁੰਦਾ। ਡੋਬ ਦਿੰਦੇ ਨੇ ਲੋਕ ਆਪਣੀ ਕੌਮ, ਦੇਸ਼ ਅਤੇ ਫਿਰ ਖੁਦ ਵੀ ਡੁੱਬ ਜਾਂਦੇ। ਵਿਕਾਊ ਬਿਰਤੀ ਵਾਲੇ ਚੌਧਰੀਆਂ ਦੇ ਉਜਾੜੇ ਲੋਕ ਕਦ ਤਾਪ ਆਉਂਦੇ? 47 ਦਾ ਦਰਦ, ਪੰਜਾਬ ਦੀ ਵੰਡ ਜਾਂ 84 ਦੀ ਤ੍ਰਾਸਦੀ ਵਿਚੋਂ ਕੁਰਸੀਆਂ ਦੀ ਸਲਾਮਤੀ ਚਾਹੁਣ ਵਾਲਿਆਂ ਨੇ ਹੀ ਪੰਜਾਬ ਨੂੰ ਇਸ ਮੋੜ 'ਤੇ ਲਿਆ ਖਲਿਆਰਿਆ ਏ। ਨਿੱਜੀ ਸਲਤਨਤਾਂ ਵਿਚੋਂ ਪੰਜਾਬ ਦੀ ਤਬਾਹੀ ਦੇ ਮੰਜ਼ਰ ਸਿਰਜਣਾ ਵਾਲਿਆਂ ਦੀ ਪਛਾਣ ਵੀ ਸਮੇਂ ਨੇ ਹੀ ਕਰਵਾ ਦਿੱਤੀ। ਮੌਜੂਦਾ ਰਾਜਸੀ ਧਿਰਾਂ ਦੀ ਨਾ-ਅਹਿਲੀਅਤ ਅਤੇ ਲੋਕ ਮਨਾਂ ਵਿਚੋਂ ਗੈਰ-ਹਾਜਰੀ ਵਿਚੋਂ ਸਮੇਂ ਨੇ ਨਵੀਂ ਕਰਵਟ ਜਰੂਰ ਲੈਣੀ ਆ।

ਸਮੇਂ ਦੀ ਨਜ਼ਾਕਤ, ਸਦਾਕਤ, ਹਿਰਾਕਤ, ਨਫਾਸਤ, ਕਿਆਫਤ ਦੀ ਜ਼ਿਆਰਤ ਕਰਦਿਆਂ ਇਸ ਦੀਆਂ ਅਣਮੁੱਲੀਆਂ ਦਾਤਾਂ ਅਤੇ ਖਜਾਨਿਆਂ ਨੂੰ ਹਾਸਲ ਕੀਤਾ ਜਾ ਸਕਦਾ ਅਤੇ ਭਵਿੱਖ ਨੂੰ ਰੁਸ਼ਨਾਇਆ ਜਾ ਸਕਦਾ।

ਸਮਾਂ ਕਦੇ ਦੁੱਖ, ਕਦੇ ਸੁੱਖ, ਕਦੇ ਰੁੱਖ ਅਤੇ ਕਦੇ ਕੁੱਖ ਹੁੰਦਾ। ਸਮਾਂ ਮੰਡਾਸਾ, ਕਦੇ ਗੰਡਾਸਾ, ਕਦੇ ਚੌਮਾਸਾ ਅਤੇ ਕਦੇ ਹੁਲਾਸਾ ਹੁੰਦਾ। ਸਮਾਂ ਕਾਸ਼ਨੀ, ਕਦੇ ਚਾਸ਼ਨੀ, ਕਦੇ ਨਾਗਣੀ ਅਤੇ ਕਦੇ ਰਾਗਣੀ ਵੀ ਹੁੰਦਾ। ਸਮਾਂ ਹਾੜਾ, ਕਦੇ ਹਉਕਾ, ਕਦੇ ਝਕਾਨੀ ਅਤੇ ਕਦੇ ਮੌਕਾ ਵੀ ਹੁੰਦਾ। ਸਮਾਂ ਤਰਲਾ ਵੀ, ਲੇਰ ਵੀ, ਕਦੇ ਕਾਹਲ ਅਤੇ ਕਦੇ ਦੇਰ ਵੀ ਹੁੰਦਾ। ਸਮਾਂ ਕਦੇ ਸ਼ਾਮ, ਕਦੇ ਸਵੇਰ, ਕਦੇ ਚਾਨਣ ਅਤੇ ਕਦੇ ਅੰਧੇਰ ਵੀ ਹੁੰਦਾ। ਸਮਾਂ ਪਾਣੀਆਂ ਤੇ ਮਾਰੀਆਂ ਲੀਕਾਂ ਵੀ ਅਤੇ ਕਦੇ ਦਰਾਂ 'ਤੇ ਉਕਰੀਆਂ ਉਡੀਕਾਂ ਵੀ ਹੁੰਦਾ। ਸਮਾਂ ਜੰਗਲ 'ਚ ਉਗੀਆਂ ਚੀਖਾਂ ਵੀ ਅਤੇ ਕਦੇ ਮਨ ਦੀਆਂ ਬੰਦ ਝੀਤਾਂ ਵੀ ਹੁੰਦਾ। ਸਮਾਂ ਸ਼ਬਦ ਤੇ ਅਰਥ ਵੀ ਹੁੰਦਾ। ਕਦੇ ਪੁੰਨ ਅਤੇ ਕਦੇ ਅਨਰਥ ਵੀ ਹੁੰਦਾ। ਸਮਾਂ ਅੱਜ ਵੀ ਤੇ ਬੀਤਿਆਂ ਕੱਲ ਵੀ ਅਤੇ ਕਦੇ ਭਵਿੱਖ 'ਚ ਉਗਿਆ ਸੱਲ ਵੀ ਹੁੰਦਾ। ਸਮਾਂ ਚਾਨਣ ਦੀ ਅੱਖ ਦਾ ਟੀਰ ਵੀ ਅਤੇ ਕਦੇ ਖੇਤਾਂ ਵਿਚ ਰੁਲਦੀ ਸੀਰ ਵੀ ਹੁੰਦਾ। ਸਮਾਂ ਪਾਟੀ ਹੋਈ ਤਕਦੀਰ ਵੀ ਅਤੇ ਕਦੇ ਬੁਰਸ਼ ਤੋਂ ਰੁੱਸੀ ਤਸਵੀਰ ਵੀ ਹੁੰਦਾ।

ਸਮਾਂ ਚੁੱਪ ਵੀ ਹੁੰਦਾ ਤੇ ਗੁਫਤਗੂ ਵੀ। ਬਹੁਤ ਰੰਗ ਅਤੇ ਅਸੀਮ ਪਰਤਾਂ ਨੇ ਇਸ ਦੀਆਂ। ਇਨ੍ਹਾਂ ਨੂੰ ਫਰੋਲਣ ਵਾਲੇ ਹੀ ਇਸ ਦੀਆਂ ਸਾਰਾਂ ਜਾਣਦੇ।

ਸਮੇਂ ਦੇ ਰੰਗ ਨੇ ਡਾਢੇ
ਇਹ ਤਕਦੀਰਾਂ ਘੜਦਾ ਏ,
ਕਦੇ ਇਹ ਮੂਰਤਾਂ ਬਣਾਵੇ
ਕਦੇ ਤਿੱਤਲੀਆਂ ਫੜਦਾ ਏ।
ਕਦੇ ਇਹ ਸਾਹ ਬਣਦਾ
ਕਦੇ ਮੌਤ ਦਾ ਦਰ ਹੁੰਦਾ,
ਕਦੇ ਹੌਂਸਲਾ ਵਧਾਵੇ
ਕਦੇ ਹਿੰਮਤਾਂ ਨੂੰ ਢਾਹੁੰਦਾ।
ਸਮਾਂ ਕਮਜੋਰ ਨਹੀਂ ਹੁੰਦਾ
ਸਦਾ ਬਲਵਾਨ ਹੁੰਦਾ ਏ,
ਕਦੇ ਸਿਰ ਦਾ ਤਾਜ ਬਣਦਾ
ਕਦੇ ਅਪਮਾਨ ਹੁੰਦਾ ਏ।
ਕਦੇ ਤਾਜੋ-ਤਖਤ ਬਣਦਾ
ਕਦੇ ਸ਼ਮਸ਼ਾਨ ਹੁੰਦਾ ਏ,
ਕਦੇ ਧਰਤੀ 'ਤੇ ਵਿਛਦਾ
ਤੇ ਕਦੇ ਅਸਮਾਨ ਹੁੰਦਾ ਏ।
ਸਮੇਂ ਦੀ ਬਦਨੀਤੀ ਨੂੰ
ਦੇਖ ਕੇ ਹਯਾ ਰੋਂਦੀ ਏ,
ਕਿਧਰੇ ਧੀ ਪਈ ਸਿਸਕੇ
ਕਿਧਰੇ ਮਾਂ ਰੋਂਦੀ ਏ।
ਕਿਧਰੇ ਧੁੱਪ ਹੈ ਸੜਦੀ
ਕਿਧਰੇ ਛਾਂ ਰੋਂਦੀ ਏ,
ਕਿਧਰੇ ਵੱਸੇ ਖਾਮੋਸ਼ੀ
ਤੇ ਕਿਤੇ ਪਨਾਹ ਰੋਂਦੀ ਏ।
ਸੁੰਨ ਹੋ ਗਿਆ ਵਕਤ
ਦੇਖ ਕੇ, ਨਾਂਹ ਰੋਂਦੀ ਏ,
ਕਿਸੇ ਨੇ ਹੁੰਗਾਰਾ ਨਹੀਂ ਭਰਿਆ
ਤਾਂ ਹੀ ਹਾਂ ਰੋਂਦੀ ਏ।
ਰੋਂਦੀ ਕਲਮ ਦੀ ਕੁੱਖ ਤੇ
ਸ਼ਬਦ ਦੀ ਹਿੱਕ ਵਿਚ ਲੇਰ,
ਕੌਣ ਮਾਸੂਮੀਅਤ ਦੇ ਵਿਹੜੇ
ਹੌਕੇ ਗਿਆ ਏ ਕੇਰ।
ਭੁੱਖੇ ਬੋਟ ਲਈ ਜਦ
ਚੋਗ ਲਈ ਹੋ ਗਈ ਅਵੇਰ,
ਤਦ ਉਮੀਦ ਦੇ ਨੈਣਾਂ ਵਿਚ
ਉਤਰਿਆ ਹਨੇਰ।
ਸਮਾਂ ਜਦ ਹੱਸਦਾ ਵੀ ਰੋਵੇ
ਤਾਂ ਕਾਹਦਾ ਜੀਣ ਦਾ ਚੱਜ,
ਸਮੇਂ ਦੀ ਤੰਦੀ 'ਤੇ ਤਾਂ
ਅੱਜ ਕੱਲ੍ਹ ਮੌਤ ਦਾ ਹੀ ਹੱਜ।
ਸਮੇਂ ਦੇ ਮੁੱਖ 'ਤੇ ਘਰਾਲਾਂ ਦੀ

*(ਬਾਕੀ ਸਫਾ 24 'ਤੇ)*

# ਸੁਖਦੇਵ ਮਾਦਪੁਰੀ ਦੀਆਂ ਵਿਰਾਸਤੀ ਖੇਡਾਂ

ਪੰਜਾਬੀ ਖੇਡ ਸਾਹਿਤ 52



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਸੁਖਦੇਵ ਮਾਦਪੁਰੀ ਨੈਣਾਂ ਦਾ ਵਣਜਾਰਾ, ਜ਼ਰੀ ਦਾ ਟੋਟਾ ਤੇ ਫੁੱਲਾਂ ਭਰੀ ਚੰਗੇਰ ਸੀ। ਉਹਦੀਆਂ ਰਚਨਾਵਾਂ ਖੰਡ ਮਿਸ਼ਰੀ ਦੀਆਂ ਡਲੀਆਂ ਹਨ। ਉਸ ਨੇ ਪੰਜਾਬ ਦੀ ਲੋਕਧਾਰਾ 'ਤੇ ਦਰਜਨ ਤੋਂ ਵੱਧ ਕਿਤਾਬਾਂ ਲਿਖ ਕੇ ਇਕ ਸੰਸਥਾ ਜਿੰਨਾ ਕੰਮ ਕੀਤਾ। ਸਾਹਿਤ ਅਕਾਦਮੀ ਦਿੱਲੀ ਨੇ ਉਸ ਨੂੰ ਬਾਲ ਲੇਖਕ ਅਵਾਰਡ ਨਾਲ ਸਨਮਾਨਿਆ ਤੇ ਭਾਸ਼ਾ ਵਿਭਾਗ ਪੰਜਾਬ ਨੇ ਸ਼੍ਰੋਮਣੀ ਲੇਖਕ ਦਾ ਪੁਰਸਕਾਰ ਦਿੱਤਾ। ਉਹ ਬਹੁਪੱਖੀ ਸਾਹਿਤਕਾਰ ਸੀ। ਕਵੀ ਸੀ, ਕਹਾਣੀਕਾਰ ਸੀ, ਵਾਰਤਕਕਾਰ ਸੀ, ਸੰਪਾਦਕ ਸੀ, ਅਨੁਵਾਦਕ ਸੀ, ਖੋਜਾਰਥੀ ਸੀ ਅਤੇ ਬੜਾ ਸਨਿਮਰ ਤੇ ਮਿਲਣਸਾਰ ਜਿਊੜਾ ਸੀ। ਸਦਾ ਚੜ੍ਹਦੀ ਕਲ ਵਿਚ ਵਿਚਰਨ ਵਾਲਾ ਤੇ ਹਰ ਵੇਲੇ ਕਿਸੇ ਨਾ ਕਿਸੇ ਆਹਰੇ ਲੱਗੇ ਰਹਿਣ ਵਾਲਾ। ਉਸ ਨੇ ਕਰੀਬ ਸੱਠ-ਸੱਤਰ ਸਾਲ ਲਗਾਤਾਰ ਕਲਮ ਵਾਹੀ। ਲੋਕ ਖੇਡਾਂ, ਲੋਕ ਗੀਤ, ਲੋਕ ਕਹਾਣੀਆਂ, ਲੋਕ ਬੁਝਾਰਤਾਂ, ਪੰਜਾਬੀ ਸਭਿਆਚਾਰ, ਬਾਲ ਸਾਹਿਤ, ਇਕ ਨਾਟਕ ਤੇ ਜੀਵਨੀ ਲਿਖਣ ਦੇ ਨਾਲ ਤਿੰਨ ਪੁਸਤਕਾਂ ਦੇ ਅਨੁਵਾਦ ਵੀ ਕੀਤੇ। ਉਸ ਦੀਆਂ ਵੱਖ ਵੱਖ ਵਿਸ਼ਿਆਂ ਬਾਰੇ ਤੀਹ ਕੁ ਪੁਸਤਕਾਂ ਪ੍ਰਕਾਸ਼ਿਤ ਹੋਈਆਂ, ਜਿਨ੍ਹਾਂ ਵਿਚ 'ਪੰਜਾਬ ਦੀਆਂ ਲੋਕ ਖੇਡਾਂ' ਤੇ 'ਪੰਜਾਬ ਦੀਆਂ ਵਿਰਾਸਤੀ ਖੇਡਾਂ' ਵੀ ਸ਼ਾਮਲ ਹਨ। ਉਸ ਦੇ ਨਾਟਕ ਦਾ ਨਾਂ 'ਪਰਾਇਆ ਧਨ' ਤੇ ਜੀਵਨੀ 'ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰ ਰਾਮ ਸਿੰਘ' ਹੈ। ਉਹ 12 ਜੂਨ 1925 ਤੋਂ 26 ਅਪਰੈਲ 2020 ਤਕ ਲਗਭਗ 85 ਸਾਲ ਜੀਵਿਆ।



ਸੁਖਦੇਵ ਮਾਦਪੁਰੀ

ਉਹਦਾ ਜਨਮ ਪਿੰਡ ਮਾਦਪੁਰ, ਤਹਿਸੀਲ ਸਮਰਾਲਾ, ਜ਼ਿਲਾ ਲੁਧਿਆਣਾ ਵਿਚ ਸ. ਦਿਆ ਸਿੰਘ ਦੇ ਘਰ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਹੋਇਆ ਸੀ। ਪ੍ਰਾਇਮਰੀ ਦੀ ਪੜ੍ਹਾਈ ਆਪਣੇ ਪਿੰਡੋਂ, ਮੈਟ੍ਰਿਕ ਜਸਪਾਲੋਂ ਤੇ ਜੇ. ਬੀ. ਟੀ. ਕੁਰਾਲੀ ਤੋਂ ਕਰ ਕੇ ਉਹ 1954 ਤੋਂ 78 ਤਕ ਸਕੂਲ ਅਧਿਆਪਕ ਰਿਹਾ। ਫਿਰ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਵਿਸ਼ਾ ਮਾਹਿਰ ਬਣਿਆ ਅਤੇ 'ਪੰਖੜੀਆਂ' ਤੇ 'ਪ੍ਰਾਇਮਰੀ ਸਿੱਖਿਆ' ਰਸਾਲਿਆਂ ਦਾ ਸੰਪਾਦਕ ਰਿਹਾ। ਨਾਲ ਦੀ ਨਾਲ ਉਹ ਪੰਜਾਬ ਦੇ ਸਭਿਆਚਾਰ ਬਾਰੇ ਪੁਸਤਕਾਂ ਲਿਖੀ ਗਿਆ। ਮਸਲਨ ਗਾਉਂਦਾ ਪੰਜਾਬ, ਫੁੱਲਾਂ ਭਰੀ ਚੰਗੇਰ, ਖੰਡ ਮਿਸ਼ਰੀ ਦੀਆਂ ਡਲੀਆਂ, ਲੋਕ ਗੀਤਾਂ ਦੀ ਸਮਾਜਿਕ ਵਿਆਖਿਆ, ਨੈਣੀਂ ਨੀਂਦ ਨਾ ਆਵੇ, ਜ਼ਰੀ ਦਾ ਟੋਟਾ, ਨੈਣਾਂ ਦੇ ਵਣਜਾਰੇ, ਭਾਰਤੀ ਲੋਕ ਕਹਾਣੀਆਂ, ਬਾਤਾਂ ਦੇਸ ਪੰਜਾਬ ਦੀਆਂ, ਲੋਕ ਬੁਝਾਰਤਾਂ, ਪੰਜਾਬੀ ਬੁਝਾਰਤਾਂ, ਪੰਜਾਬ ਦੇ ਮੇਲੇ ਅਤੇ ਤਿਓਹਾਰ, ਆਓ ਨੱਚੀਏ, ਮਹਿਕ ਪੰਜਾਬ ਦੀ, ਪੰਜਾਬ ਦੇ ਲੋਕ ਨਾਇਕ, ਜਾਦੂ ਦਾ ਸ਼ੀਸ਼ਾ, ਕੇਸੂ ਦੇ ਫੁੱਲ, ਸੋਨੇ ਦਾ ਬੱਕਰਾ, ਬਾਲ ਕਹਾਣੀਆਂ, ਆਓ ਗਾਈਏ, ਮਹਾਂਬਲੀ ਰਣਜੀਤ ਸਿੰਘ ਅਤੇ ਅਨੁਵਾਦਤ ਪੁਸਤਕਾਂ ਵਰਖਾ ਦੀ ਉਡੀਕ, ਟੋਡਾ ਤੇ ਟਾਹਰ, ਤਿਤਲੀ ਤੇ ਸੂਰਮੁਖੀਆਂ। 1993 ਵਿਚ ਨੌਕਰੀ ਤੋਂ ਰਿਟਾਇਰ ਹੋਣ ਪਿੱਛੋਂ ਉਹ ਖੰਨੇ ਵਸ ਗਿਆ ਸੀ ਤੇ ਕੁਲ ਵਕਤੀ ਲੇਖਕ ਬਣ ਗਿਆ ਸੀ। ਸਮੱਧਰ ਕੱਦ ਦੇ ਗੱਠੇ ਹੋਏ ਨਰੋਏ ਜੁੱਸੇ ਨੂੰ ਕਦੇ ਕੋਈ ਬਿਮਾਰੀ ਨਹੀਂ ਸੀ ਲੱਗੀ, ਪਰ 26 ਅਪਰੈਲ 2020 ਨੂੰ ਬਾਅਦ ਦੁਪਹਿਰ ਅਚਾਨਕ ਬਰੇਨ ਸਟਰੋਕ ਹੋਇਆ, ਜਿਸ ਨਾਲ ਉਹਦਾ ਦੇਹਾਂਤ ਹੋ ਗਿਆ। ਉਹ ਇਕੋ ਜੀਵਨ ਵਿਚ ਕਈ ਜੀਵਨ ਜਿਉਂ ਗਿਆ। ਉਸ ਦੀ ਪੁਸਤਕ 'ਪੰਜਾਬ ਦੀਆਂ ਵਿਰਾਸਤੀ ਖੇਡਾਂ' ਦੇ ਮੁਖਬੰਦ ਵਿਚ ਬਲਬੀਰ ਸਿੰਘ ਕੰਵਲ ਨੇ ਲਿਖਿਆ:

## ਮੁਢਲੇ ਸ਼ਬਦ

ਭੂਗੋਲਿਕ ਤੌਰ 'ਤੇ ਪੰਜਾਬ ਦੀ ਸਥਿਤੀ ਕੁਝ ਇਹੋ ਜਿਹੀ ਹੈ ਕਿ ਖੈਬਰ ਪਾਰ ਕਰ ਕੇ ਹਮਲਾਵਰ ਹਮੇਸ਼ਾ ਏਧਰ ਦੀ ਆ ਕੇ ਹੀ ਸੋਨੇ ਦੀ ਚਿੜੀ ਕਹਾਉਣ ਵਾਲੇ ਹਿੰਦੁਸਤਾਨ ਦੀ ਲੁੱਟ-ਖਸੁੱਟ ਮਚਾਉਂਦੇ ਰਹੇ। ਇਸ ਦੇ ਮੈਦਾਨਾਂ ਵਿਚ ਗਹਿਗੱਚ ਲੜਾਈਆਂ ਹੁੰਦੀਆਂ ਰਹਿੰਦੀਆਂ। ਕਾਫੀ ਕੁਸ਼ਤੋਖੂਨ ਹੁੰਦਾ। ਘਮਸਾਨ ਦੀ ਲੜਾਈ (ਕੁਸ਼ਤੋਖੂਨ) ਕਈ ਵੇਰ ਇਕ ਦੂਜੇ ਨੂੰ ਮਰਨ-ਮਾਰਨ ਤਕ ਵੀ ਜਾਂਦੀ। ਇਸੇ ਕੁਸ਼ਤੋਖੂਨ 'ਚੋਂ 'ਕੁਸ਼ਤੀ' ਨਿਕਲੀ ਜਿਹੜੀ ਜਰਾਸੰਧੀ ਅਖਵਾਈ। ਸਮੇਂ ਦੇ ਨਾਲ ਨਾਲ ਇਸ ਦਾ ਮੁਖੜਾ ਨਿਖੜਦਾ ਗਿਆ ਅਤੇ ਹੌਲੀ ਹੌਲੀ ਇਸ ਦੀ ਅਜੋਕੀ ਵਿਗਿਆਨਕ ਸੂਰਤ ਬਣ ਗਈ।

ਪਹਿਲਵਾਨ ਲਈ ਸਾਡੇ ਕੋਲ ਪੰਜਾਬੀ ਦੇ ਹੋਰ ਸ਼ਬਦ ਮੱਲ ਤੇ ਭਲਵਾਨ ਵੀ ਹਨ। ਸਾਡੀ ਪੁਰਾਤਨ ਰਹਿਤਲ 'ਚ ਪਹਿਲਵਾਨ ਨੂੰ ਸਤਿਕਾਰ ਵਜੋਂ ਕਿਉਂਕਿ ਪਹਿਲੀ ਪੋਜ਼ੀਸ਼ਨ ਦਿੱਤੀ ਜਾਂਦੀ ਸੀ, ਇਸੇ ਲਈ ਇਹ ਲੋਕ 'ਪਹਿਲਵਾਨ' ਅਖਵਾਏ। ਭੱਲ (ਇੱਜ਼ਤ) ਦੇ ਮਾਲਕ 'ਭੱਲਵਾਨ' ਜੋ ਬੋਲ ਚਾਲ 'ਚ ਭਲਵਾਨ ਕਹਾਏ। ਇਥੋਂ ਤਕ ਕਿ ਦੁਨੀਆਂ ਦੇ ਕੁਝ ਹੋਰ ਹਿੱਸਿਆਂ ਵਿਚ ਵੀ ਕਈ ਵੇਰ ਫੌਜ ਦੇ ਪੂਰੇ ਦੇ ਪੂਰੇ ਲਸ਼ਕਰ ਦੀ ਸਰਦਾਰੀ ਕਿਸੇ ਸ਼ਾਹਜ਼ੋਰ ਭਲਵਾਨ ਨੂੰ ਹੀ ਸੌਂਪੀ ਜਾਂਦੀ ਸੀ ਜਿਵੇਂ ਈਰਾਨੀ ਪਹਿਲਵਾਨ ਰੁਸਤਮ ਤੇ ਸੋਹਰਾਬ ਨੂੰ ਸੌਂਪੀ ਗਈ ਸੀ। ਆਮ ਤੌਰ 'ਤੇ ਇੰਜ ਵੀ ਹੁੰਦਾ, ਬਜਾਏ ਇਸ ਦੇ ਕਿ ਸਾਰੀ ਫੌਜ ਲੜ ਭਿੜ ਕੇ ਇਕ ਦੂਜੇ ਦਾ ਖੂਨ ਵਹਾਏ, ਦੋਹਾਂ ਦੇਸ਼ਾਂ ਜਾਂ ਫੌਜਾਂ ਦੀ ਹਾਰ ਜਿੱਤ ਦਾ ਫੈਸਲਾ, ਇਕ ਦੂਜੇ ਦਾ ਪਹਿਲਵਾਨ ਢਹਿਣ-ਢਾਹੁਣ 'ਤੇ ਹੀ ਹੋ ਜਾਂਦਾ ਸੀ।

ਇਹ ਰਿਵਾਜ ਸਾਡੇ ਇਸ ਖਿੱਤੇ ਵਿਚ ਵੀ ਪ੍ਰਚੱਲਤ ਰਿਹਾ। ਅਜੇ ਕੱਲ੍ਹ ਦੀ ਗੱਲ ਹੈ ਕਿ ਛੇਵੀਂ ਪਾਤਸ਼ਾਹੀ ਸਮੇਂ ਵੀ ਪੈਂਦੇ ਖਾਂ (ਪਾਇੰਦੇ ਖਾਨ) ਦੀ ਫੌਜ ਦਾ ਫੈਸਲਾ ਇਸੇ ਨੇਮ ਅਨੁਸਾਰ ਹੀ ਹੋਇਆ ਸੀ। ਯਾਦ ਰਹੇ, ਪੈਂਦੇ ਖਾਂ ਪਿੰਡ ਮੀਰ, ਇਲਾਕਾ ਕਰਤਾਰਪੁਰ ਦਾ ਉਹ ਪਠਾਣ ਸੀ, ਜਿਹੜਾ ਗੁਰੂ ਸਾਹਿਬ ਨੇ ਆਪ ਪਾਲਿਆ ਸੀ। ਉਹ ਐਨਾ ਤਾਕਤਵਰ ਸੀ ਕਿ ਉਸ ਸਮੇਂ ਦੇ ਸਿੱਕੇ 'ਅਸ਼ਰਫੀ' ਨੂੰ ਆਪਣੇ ਹੱਥ 'ਤੇ ਰੱਖ ਕੇ ਉਸ ਉਤੇ ਠਾਪੇ ਗਏ ਅੱਖਰਾਂ ਨੂੰ ਅੰਗੂਠੇ ਨਾਲ ਮਲ ਕੇ ਮਿਟਾ ਦਿੰਦਾ ਸੀ। ਉਸ ਦੀ ਖੁਰਾਕ ਬਾਰੇ ਕਿਹਾ ਜਾਂਦਾ ਸੀ ਕਿ ਉਹ ਰੋਜ਼ ਦਾ ਇਕ ਚੌਟੰਗਾ ਖਾ ਜਾਂਦਾ ਸੀ। ਲੰਡਨ ਦੀ ਪ੍ਰਸਿੱਧ ਮਿਊਜ਼ੀਅਮ ਦੀਆਂ ਕੁਝ ਦਸਤਾਵੇਜ਼ਾਂ (ਔਰ 7592) ਦੇ ਸਫਾ 178 'ਤੇ ਇਸ ਗੱਲ ਦਾ ਜ਼ਿਕਰ ਮਿਲਦਾ ਹੈ ਕਿ ਮੁਨਸ਼ੀ ਰਾਮਜਸ ਸਾਕਨ ਜਵਾਲਾਪੁਰ ਕਰਤਾ 'ਮੁਹੀਤ ਆਜ਼ਮ' ਨੇ ਗੁਰੂ ਸਾਹਿਬ ਦੀਆਂ ਜਿੱਤਾਂ ਦੇ ਅੱਖੀਂ ਡਿੱਠੇ ਹਾਲ ਹਵਾਲ ਆਪਣੀ ਕਿਤਾਬ ਵਿਚ ਲਿਖੇ ਹਨ। ਉਸ ਲੜਾਈ ਦਾ ਫੈਸਲਾ ਵੀ ਇਨ੍ਹਾਂ ਦੋਹਾਂ ਬਲਕਾਰੀ ਯੋਧਿਆਂ ਦੀ ਹਾਰ-ਜਿੱਤ ਦੇ ਨਤੀਜੇ ਵਜੋਂ ਹੀ ਹੋ ਗਿਆ ਸੀ ਅਤੇ ਸਾਰੀ ਫੌਜ ਲੜਾਈ ਵਿਚ ਨਹੀਂ ਸੀ ਗੁੱਥੀ।

ਪੰਜਾਬ ਦੀ ਧਰਤੀ ਹੀ ਉਹ ਪਵਿੱਤਰ ਧਰਤੀ ਹੈ, ਜਿਸ 'ਤੇ ਫਿਰ ਤਿੰਨ ਪ੍ਰਸਿੱਧ ਦਫਾਂ ਚੱਲੀਆਂ, ਨੂਰੇ ਵਾਲੇ, ਕੋਟ ਵਾਲੇ ਅਤੇ ਕਾਲੂ ਵਾਲੇ, ਜਿਨ੍ਹਾਂ ਤਿੰਨਾਂ ਦੇ ਹੀ ਲੜਨ ਢੰਗ ਆਪੋ ਆਪਣੇ ਸਨ। ਯਾਦ ਰਹੇ, ਇਹ ਦਫਾਂ ਅੱਜ ਵੀ ਚਲੀਆਂ ਆ ਰਹੀਆਂ ਹਨ। ਅੱਜ ਦੁਨੀਆਂ ਭਰ ਦੇ ਵੱਡੇ ਇਤਿਹਾਸਕਾਰ ਇਸ ਤੱਥ ਨੂੰ ਮੰਨਦੇ ਹਨ ਕਿ ਕੁਸ਼ਤੀ ਆਈ ਭਾਵੇਂ ਕਿਧਰੋਂ ਵੀ ਹੋਵੇ, ਪਰ ਸਹੀ ਅਰਥਾਂ ਵਿਚ ਇਹ ਪੰਜਾਬ ਦੀ ਧਰਤੀ 'ਤੇ ਹੀ ਪਰਵਾਨ ਚੜ੍ਹੀ। ਕੁਸ਼ਤੀ ਤੋਂ ਛੁੱਟ, ਪੰਜਾਬੀਆਂ ਦੀ ਦੂਜੀ ਮਨਭਾਉਂਦੀ ਖੇਡ ਕੌਡੀ ਜਾਂ ਕਬੱਡੀ ਹੈ, ਜਿਸ ਨੂੰ ਮਾਂ ਖੇਡ ਦਾ ਰੁਤਬਾ ਹਾਸਲ ਹੈ। ਇਨ੍ਹਾਂ ਤੋਂ ਬਿਨਾ ਭਾਰ ਚੁੱਕਣ ਦੀਆਂ ਖੇਡਾਂ ਦੀ ਪਿਰਤ ਵੀ ਦੁਨੀਆਂ ਦੀ ਸਭ ਤੋਂ ਪੁਰਾਣੀ ਸਭਿਅਤਾ ਵਾਲੀ ਇਸ ਵਾਦੀ ਵਿਚ ਹੀ ਸਭ ਤੋਂ ਪਹਿਲਾਂ ਪਈ। ਆਰੀਆ ਲੋਕ ਧਰਤੀ ਦੇ ਇਸ ਖਿੱਤੇ ਦੀਆਂ ਲੰਮੀਆਂ ਚੌੜੀਆਂ ਚਰਾਂਦਾਂ ਵੇਖ ਕੇ ਇਥੇ ਆਬਾਦ ਹੋ ਗਏ ਸਨ। ਮਾਲ-ਢਾਂਡੇ ਰੱਖਣਾ ਅਤੇ ਫਿਰ ਸਿਰਾਂ 'ਤੇ ਪੱਠਾ ਦੱਥਾ ਢੋਣਾ ਸਮੇਂ ਦੀ ਲੋੜ ਸੀ। ਔਰਤਾਂ ਘਰਾਂ ਦੀਆਂ ਲੋੜਾਂ ਲਈ ਪਾਣੀ ਦੇ ਘੜੇ ਢੋਂਦੀਆਂ। ਪੱਠਿਆਂ ਦੀਆਂ ਪੰਡਾਂ ਚੁੱਕਣ ਵਿਚੋਂ ਹੀ ਬੋਰੀ ਚੁੱਕਣ, ਮੁੰਗਲੀਆਂ ਫੇਰਨ, ਮੁਗਦਰ ਚੁੱਕਣ ਤੇ ਅਹਿਰਨਾਂ ਦੇ ਬਾਲੇ ਕੱਢਣ ਦੇ ਮੁਕਾਬਲੇ ਤੁਰੇ। ਲੋਕ ਖੇਡਾਂ ਇਸ ਤਰ੍ਹਾਂ ਹੀ ਵਿਗਸਦੀਆਂ ਹਨ। ਇਸ ਪੁਸਤਕ ਵਿਚ ਪੰਜਾਬ ਦੇ ਪੇਂਡੂ ਜੀਵਨ ਵਿਚੋਂ ਅਲੋਪ ਹੋ ਰਹੀਆਂ 77 ਵਿਰਾਸਤੀ ਖੇਡਾਂ ਨੂੰ ਸਾਂਭਣ ਦਾ ਮਹੱਤਵਪੂਰਨ ਉਪਰਾਲਾ ਕੀਤਾ ਗਿਆ ਹੈ। ਇਉਂ ਇਨ੍ਹਾਂ ਖੇਡਾਂ ਨਾਲ ਸੰਬੰਧਿਤ ਸ਼ਬਦਾਵਲੀ ਵੀ ਅਲੋਪ ਹੋਣੋਂ ਬਚਾ ਲਈ ਗਈ ਹੈ।

## ਸੁਖਦੇਵ ਮਾਦਪੁਰੀ ਦੀ ਆਦਿਕਾ

ਖੇਡ ਖੇਡ ਕੇ ਖੇਹਨੂੰ ਗੀਟੇ, ਖੇਡ ਖੇਡ ਕੇ ਟਾਹਣਾਂ
ਖੇਡ ਖੇਡ ਕੇ ਲੁਕਣ ਮੀਟੀ, ਲੱਭਣਾ ਤੇ ਲੁਕ ਜਾਣਾ
ਖੇਡਣ ਦੇ ਦਿਨ ਚਾਰ ਨੀ ਜਿੰਦੇ, ਪੰਜਵਾਂ ਦਿਨ ਜਦ ਆਵੇ
ਗੀਟੇ ਟਾਹਣਾਂ ਤੇ ਲੁਕਣ ਮੀਟੀ, ਤਦ ਤ੍ਰਿੰਜਣ ਬਣ ਜਾਵੇ।

ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ। ਮਨੁੱਖ ਆਦਿ ਕਾਲ ਤੋਂ ਹੀ ਖੇਡਦਾ ਆਇਆ ਹੈ। ਕੁਦਰਤ ਨੇ ਹਰ ਪ੍ਰਾਣੀ ਵਿਚ ਖੇਡਣ ਦਾ ਗੁਣ ਭਰਿਆ ਹੈ। ਆਪਣੇ ਜੁੱਸੇ, ਵਿਤ ਤੇ ਸੁਭਾਓ ਅਨੁਸਾਰ ਜੀਵਾਂ ਨੇ ਆਪੋ ਆਪਣੀਆਂ ਖੇਡਾਂ ਦੀ ਸਿਰਜਣਾ ਕੀਤੀ ਹੈ। ਖੇਡਣਾ ਇਕ ਸਹਿਜ ਕਰਮ ਹੈ। ਇਹ ਮਨੁੱਖ ਦੇ ਸਰਬਪੱਖੀ ਵਿਕਾਸ ਦਾ ਮਹੱਤਵਪੂਰਨ ਸਾਧਨ ਹੈ। ਬੱਚੇ ਦੇ ਜੰਮਦਿਆਂ ਸਾਰ ਹੀ ਖੇਡ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ।




ਉਹ ਹੱਥ ਪੈਰ ਮਾਰਨਾ ਸ਼ੁਰੂ ਕਰ ਦਿੰਦਾ ਹੈ। ਪੇਂਡੂ ਸੁਆਣੀਆਂ ਬੱਚਿਆਂ ਨੂੰ ਗੋਦੀ ਚੁੱਕਣੋਂ ਵਰਜਦੀਆਂ ਹਨ ਤਾਂ ਜੋ ਉਹ ਧਰਤੀ 'ਤੇ ਖੇਡਦੇ ਸ਼ਕਤੀ ਪ੍ਰਾਪਤ ਕਰ ਸਕਣ। ਆਮ ਵੇਖਣ ਵਿਚ ਆਇਆ ਹੈ ਕਿ ਬੱਚੇ ਪੰਜ-ਸੱਤ ਵਰ੍ਹਿਆਂ ਦੀ ਉਮਰ ਵਿਚ ਖੇਡਣ ਵਿਚ ਐਨੇ ਮਗਨ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਖਾਣ-ਪੀਣ ਦੀ ਵੀ ਸੁਰਤ ਨਹੀਂ ਰਹਿੰਦੀ। ਉਨ੍ਹਾਂ ਦੀਆਂ ਮਾਂਵਾਂ ਧੱਕੇ ਨਾਲ ਉਨ੍ਹਾਂ ਨੂੰ ਕੁਝ ਖੁਆਂਦੀਆਂ ਪਿਆਂਦੀਆਂ ਹਨ। ਇਹ ਖੇਡ ਰੁਚੀਆਂ ਹੀ ਮਨੁੱਖ ਦੇ ਸਰੀਰਕ, ਮਾਨਸਿਕ ਅਤੇ ਬੌਧਿਕ ਵਿਕਾਸ ਦੀਆਂ ਸੂਚਕ ਹੁੰਦੀਆਂ ਹਨ।

ਖੇਡਾਂ ਕੇਵਲ ਸਰੀਰਕ ਕਸਰਤ ਲਈ ਹੀ ਨਹੀਂ ਖੇਡੀਆਂ ਜਾਂਦੀਆਂ, ਸਗੋਂ ਇਹ ਲੋਕਾਂ ਦੇ ਮਨੋਰੰਜਨ ਦਾ ਵੀ ਵਿਸ਼ੇਸ਼ ਸਾਧਨ ਬਣੀਆਂ ਆ ਰਹੀਆਂ ਹਨ। ਖੇਡਾਂ ਜਿਥੇ ਸਰੀਰਕ ਬਲ ਬਖਸ਼ਦੀਆਂ ਹਨ, ਉਥੇ ਰੂਹ ਨੂੰ ਆਗਾਮੀ ਖੁਸ਼ੀ ਅਤੇ ਖੇੜਾ ਪ੍ਰਦਾਨ ਕਰਦੀਆਂ ਹਨ, ਜਿਸ ਨਾਲ ਆਤਮਾ ਬਲਵਾਨ ਹੁੰਦੀ ਹੈ ਅਤੇ ਜੀਵਨ ਵਿਚ ਵਿਸ਼ਵਾਸ ਪਕੇਰਾ ਹੁੰਦਾ ਹੈ। ਇਸ ਤੋਂ ਬਿਨਾ ਖੇਡਾਂ ਨਾਲ ਜ਼ਿੰਦਗੀ ਦੀ ਦੌੜ ਵਿਚ ਹਰ ਪ੍ਰਕਾਰ ਦੀ ਸਥਿਤੀ ਦਾ ਮੁਕਾਬਲਾ ਕਰਨ ਦੀ ਭਾਵਨਾ ਵਿਕਸਿਤ ਹੁੰਦੀ ਹੈ। ਇਹ ਮਨੁੱਖ ਨੂੰ ਹਰ ਪ੍ਰਕਾਰ ਦੇ ਮੁਕਾਬਲੇ ਲਈ ਜੂਝਣ ਲਈ ਤਿਆਰ ਕਰਦੀਆਂ ਹਨ ਤੇ ਹਾਰਨ ਦੀ ਸੂਰਤ ਵਿਚ ਹਾਰ ਖਿੜੇ ਮੱਥੇ ਸਹਿਣ ਦਾ ਮਾਦਾ ਵੀ ਬਖਸ਼ਦੀਆਂ ਹਨ। ਇਸ ਤਰ੍ਹਾਂ ਹਰ ਪ੍ਰਾਣੀ ਦੇ ਸਰੀਰ ਨੂੰ ਰਿਸ਼ਟ-ਪੁਸ਼ਟ, ਚੁਸਤ, ਫੁਰਤੀਲਾ ਅਤੇ ਸ਼ਕਤੀਸ਼ਾਲੀ ਬਣਾਉਂਦੀਆਂ ਹਨ। ਖੇਡਾਂ ਸਿਰਫ ਗੱਭਰੂਆਂ ਦੀ ਵਾਫਰ ਸਰੀਰਕ ਸ਼ਕਤੀ ਦਾ ਸਦਉਪਯੋਗ ਹੀ ਨਹੀਂ ਕਰਦੀਆਂ, ਸਗੋਂ ਕਮਜ਼ੋਰ ਸਰੀਰਾਂ ਵਾਲਿਆਂ ਦੀ ਸਰੀਰਕ ਸ਼ਕਤੀ ਵਧਾਉਣ ਵਿਚ ਵੀ ਸਹਾਇਕ ਸਿੱਧ ਹੁੰਦੀਆਂ ਹਨ।

ਭਾਵੇਂ ਖੇਡਾਂ ਨੂੰ ਮਨੁੱਖ ਦੇ ਪ੍ਰਮੁੱਖ ਮਨੋਰੰਜਨੀ ਸਾਧਨ ਆਖਿਆ ਜਾਂਦਾ ਹੈ, ਪਰ ਖੇਡਾਂ ਤੋਂ ਬਿਨਾ ਵੀ ਮਨੁੱਖ ਦੇ ਅਨੇਕਾਂ ਮਨੋਰੰਜਨ ਦੇ ਸਾਧਨ ਹਨ, ਜਿਹਾ ਕਿ ਸੈਰ ਸਪਾਟਾ, ਪੁਸਤਕਾਂ ਪੜ੍ਹਨਾ, ਗੀਤ-ਸੰਗੀਤ, ਚਿਤਰਕਾਰੀ, ਸ਼ਿਲਪਕਾਰੀ, ਰਾਸਾਂ, ਨਕਲਾਂ, ਸਵਾਂਗ, ਬਾਜ਼ੀਗਰਾਂ ਦੇ ਮੇਲਿਆਂ ਮੁਸਾਵਿਆਂ 'ਤੇ ਵਿਖਾਏ ਜਾਂਦੇ ਕਰਤੱਬ, ਪੁਤਲੀਆਂ ਦੇ ਨਾਚ, ਪਸ਼ੂ ਪੰਛੀਆਂ ਦੀਆਂ ਲੜਾਈਆਂ ਦੇ ਮੁਕਾਬਲੇ ਤੇ ਬੈਲ ਗੱਡੀਆਂ ਦੀਆਂ ਦੌੜਾਂ ਆਦਿ ਸਾਰੇ ਦਰਸ਼ਕਾਂ ਦੇ ਮਨੋਰੰਜਨੀ ਸ਼ੁਗਲ ਹਨ। ਲੋਕ ਖੇਡਾਂ ਭਾਵੇਂ ਮਨੋਰੰਜਨ ਦੇ ਸਾਧਨ ਤਾਂ ਹਨ, ਪਰ ਹੋਰਨਾਂ ਮਨੋਰੰਜਨੀ ਸਾਧਨਾਂ ਨੂੰ ਅਸੀਂ ਲੋਕ ਖੇਡਾਂ ਨਹੀਂ ਆਖ ਸਕਦੇ। ਲੋਕ ਖੇਡਾਂ ਤਾਂ ਉਹ ਹਨ, ਜਿਨ੍ਹਾਂ ਨੂੰ ਲੋਕਾਂ ਦੀ ਸਮੂਹਕ ਪ੍ਰਵਾਨਗੀ ਮਿਲਦੀ ਹੈ ਤੇ ਜਿਨ੍ਹਾਂ ਨੂੰ ਸਾਰੇ ਰਲ-ਮਿਲ ਕੇ ਖੇਡਦੇ ਹਨ ਅਤੇ ਖੇਡਣ ਦਾ ਅਨੰਦ ਮਾਣਦੇ ਹਨ।

**ਲੋਕਯਾਨੀ ਡਾ. ਕਰਨੈਲ ਸਿੰਘ ਥਿੰਦ ਨੇ ਲਿਖਿਆ:** ਲੋਕਯਾਨ ਦੇ ਮਨੋਰੰਜਨ ਖੇਤਰ ਵਿਚ ਪਰੰਪਰਾਗਤ ਖੇਡਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਕਬੱਡੀ, ਕੁਸ਼ਤੀ, ਲੁਕਣਮੀਟੀ, ਗੁੱਲੀ ਡੰਡਾ, ਖਿੱਦੋ ਖੂੰਡੀ, ਰੱਸਾ-ਕਸ਼ੀ, ਕਾਂਵਾਂ ਘੋੜੀ, ਗਤਕਾਬਾਜ਼ੀ ਆਦਿ ਲੋਕ ਮਨਪਰਚਾਵੇ ਦੇ ਸ਼ੁਗਲ ਹਨ। ਇਨ੍ਹਾਂ ਤੋਂ ਛੁੱਟ ਲੋਕ ਪਸ਼ੂ ਪੰਛੀਆਂ ਦੀਆਂ ਲੜਾਈਆਂ ਵੇਖ ਕੇ ਵੀ ਅਨੰਦ ਮਾਣਦੇ ਹਨ। ਮੁਜਰੇ, ਨਾਟਕ, ਚੇਟਕ, ਰਾਸਾਂ ਆਦਿ ਰਾਹੀਂ ਵੀ ਉਹ ਮਨਪਰਚਾਉਂਦੇ ਹਨ। ਇਸ ਤਰ੍ਹਾਂ ਲੋਕ ਜੀਵਨ ਵਿਚ ਬੱਚਿਆਂ ਤੋਂ ਲੈ ਕੇ ਬੁੱਢਿਆਂ ਤਕ ਉਨ੍ਹਾਂ ਦੇ ਵੱਖੋ ਵੱਖ ਸ਼ੁਗਲ ਹਨ।

ਖੇਡ ਇਕ ਇੱਛਤ ਕਾਰਜ ਹੈ, ਇਸ ਕਾਰਜ ਤੋਂ ਕਿਸੇ ਪ੍ਰਕਾਰ ਦੇ ਮਾਇਕ ਇਵਜ਼ਾਨੇ ਦੀ ਇੱਛਾ ਨਹੀਂ ਕੀਤੀ ਜਾਂਦੀ। ਖੇਡ ਗੀਤਾਂ, ਕਾਰਜ ਵਿਧੀ ਤੇ ਸਮਾਨ ਤੋਂ ਪਛਾਣੀਆਂ ਜਾਣ ਵਾਲੀਆਂ ਵਿਰਾਸਤੀ ਖੇਡਾਂ ਨੂੰ ਲੋਕ ਖੇਡਾਂ ਕਿਹਾ ਜਾ ਸਕਦਾ ਹੈ, ਕਿਉਂਕਿ ਇਨ੍ਹਾਂ ਦਾ ਸੰਚਾਰ ਪੁਸ਼ਤ-ਦਰ-ਪੁਸ਼ਤ ਹੁੰਦਾ ਹੋਇਆ ਸਾਡੇ ਸਮਿਆਂ ਤਕ ਪੁੱਜਿਆ ਹੈ। ਇਹ ਸਹਿਜ ਰੂਪ ਵਿਚ ਨਿਗਮਦੀਆਂ ਤੇ ਵਿਗਸਦੀਆਂ ਹਨ। ਲੋਕ ਖੇਡਾਂ ਦੇ ਪ੍ਰਵਾਹ ਵਿਚ ਪਰੰਪਰਾ ਦੇ ਨਿੱਗਰ ਯੋਗਦਾਨ ਤੋਂ ਛੁੱਟ ਇਨ੍ਹਾਂ ਦੇ ਪ੍ਰਚਲਣ ਵਿਚ ਲੋਕ ਮਾਨਸ ਦੀ ਪ੍ਰਵਾਨਗੀ ਅਤਿ ਅਵੱਸ਼ਕ ਹੁੰਦੀ ਹੈ। ਜਿਸ ਦੇ ਅਭਾਵ ਦੀ ਸਥਿਤੀ ਵਿਚ ਕੋਈ ਖੇਡ ਲੋਕ ਖੇਡ ਦਾ ਰੂਪ ਨਹੀਂ ਧਾਰਨ ਕਰ ਸਕਦੀ। ਪੰਜਾਬ ਦੀਆਂ ਸਰੀਰਕ ਤੇ ਮਾਨਸਿਕ ਖੇਡਾਂ ਨੂੰ ਪੰਜਾਬੀਆਂ ਨੇ ਸਦਾ ਹੀ ਮਾਨਤਾ ਦੇ ਰੱਖੀ ਹੈ।

ਡਾ. ਨਾਹਰ ਸਿੰਘ ਪੰਜਾਬ ਦੀਆਂ ਵਿਰਾਸਤੀ ਧੱਕਤ ਖੇਡਾਂ ਨੇਜ਼ਾ ਬਾਜ਼ੀ, ਘੋੜ ਸਵਾਰੀ, ਗੱਤਕਾ ਬਾਜ਼ੀ ਅਤੇ ਖਿੱਦੋ ਖੂੰਡੀ ਆਦਿ ਨੂੰ ਸਾਡੇ ਧਾੜਵੀ ਤੇ ਲੋਟੂ ਸਮਾਜ ਦੀਆਂ ਰੂੜ੍ਹੀਆਂ ਵਜੋਂ ਪੇਸ਼ ਕਰਦਾ ਹੈ। ਇਨ੍ਹਾਂ ਲੋਕ ਖੇਡਾਂ ਦਾ ਇਤਿਹਾਸਕ ਮਹੱਤਵ ਹੈ, ਜੋ ਸਾਡੇ ਬੀਤੇ ਸਮਾਜ ਦੀਆਂ ਬਾਤਾਂ ਪਾਉਂਦੀਆਂ ਹਨ। ਵਿਰਾਸਤੀ ਖੇਡਾਂ ਵਿਚ ਵਾਧਾ ਇਹ ਹੈ ਕਿ ਇਹ ਕਿਸੇ ਕਰੜੇ ਨਿਯਮਾਂ ਅਧੀਨ ਨਹੀਂ ਖੇਡੀਆਂ ਜਾਂਦੀਆਂ। ਸਮਾਂ ਸਥਾਨ ਵੀ ਨਿਸ਼ਚਿਤ ਨਹੀਂ, ਗਰਮੀਆਂ ਨੂੰ ਦੁਪਹਿਰਾਂ ਸਮੇਂ, ਰਾਤ ਨੂੰ ਚਾਨਣੀਆਂ ਰਾਤਾਂ ਵਿਚ, ਖੁੱਲ੍ਹਿਆਂ ਵਿਹੜਿਆਂ, ਗਲੀਆਂ, ਜੂਹਾਂ, ਟਾਹਲੀਆਂ, ਬਰੋਟਿਆਂ ਦੀਆਂ ਛਾਂਵਾਂ ਅਤੇ ਕਿਸੇ ਵੀ ਮੋਕਲੀ ਥਾਂ 'ਤੇ ਇਹ ਖੇਡਾਂ ਖੇਡੀਆਂ ਜਾਂਦੀਆਂ ਹਨ। ਖੇਡਾਂ ਲਈ ਸਮਾਨ ਖਰੀਦਣ ਦੀ ਲੋੜ ਨਹੀਂ ਪੈਂਦੀ। ਸਥਾਨਕ ਉਪਲਬਧ ਸਮੱਗਰੀ ਤੋਂ ਕੰਮ ਸਾਰ ਲਿਆ ਜਾਂਦਾ ਹੈ। ਸਣ ਦੇ ਰੱਸੇ, ਕੋਲੇ, ਬੰਟੇ, ਗੀਟੇ, ਕੌਡੀਆਂ, ਅਖਰੋਟ, ਫੁੱਟੇ ਭਾਂਡਿਆਂ ਦੇ ਠੀਕਰੇ, ਇੱਟਾਂ ਦੇ ਰੋੜੇ, ਖੂਹ ਦੀਆਂ ਨਿਸਾਰਾਂ, ਤਖਤੇ, ਬਾਰੀਆਂ, ਬੇਰੀਆਂ, ਟਾਹਲੀਆਂ ਤੇ ਕਿੱਕਰਾਂ ਦੇ ਅਣਘੜ ਖੂੰਡੇ ਖੂੰਡੀਆਂ, ਲੀਰਾਂ ਤੇ ਧਾਗੇ ਨਾਲ ਮੜ੍ਹੀਆਂ ਖਿੱਦੋਆਂ, ਟੁੱਟੇ ਛਿੱਤਰ, ਪਿੱਪਲਾਂ ਬਰੋਟਿਆਂ ਦੇ ਪੱਤੇ, ਕਣਕ ਦੀਆਂ ਪੀਪਣੀਆਂ, ਨੜਿਆਂ ਤੇ ਸਰਕੰਡਿਆਂ ਦੀਆਂ ਪੋਰੀਆਂ, ਕਣਕ ਦਾ ਸੁੱਕਾ ਨਾੜ, ਇਮਲੀ ਦੀਆਂ ਗਿਟਕਾਂ ਆਦਿ ਹੋਰ ਸਥਾਨਕ ਵਸਤਾਂ ਹਨ, ਜੋ ਇਨ੍ਹਾਂ ਖੇਡਾਂ ਦੀ ਸਮੱਗਰੀ ਦੇ ਰੂਪ ਵਿਚ ਵਰਤੋਂ ਵਿਚ ਆਉਂਦੀਆਂ ਹਨ।

...ਆਧੁਨਿਕ ਮਸ਼ੀਨੀ ਸਭਿਅਤਾ ਦਾ ਪ੍ਰਭਾਵ ਸਾਡੇ ਜੀਵਨ ਦੇ ਹਰ ਖੇਤਰ 'ਤੇ ਪਿਆ ਹੈ, ਜਿਸ ਦੇ ਫਲਸਰੂਪ ਪੰਜਾਬ ਦੇ ਆਰਥਕ ਤੇ ਸਭਿਆਚਾਰਕ ਜੀਵਨ ਵਿਚ ਢੇਰ ਸਾਰੀਆਂ ਤਬਦੀਲੀਆਂ ਵਾਪਰੀਆਂ ਹਨ। ਸਾਰੇ ਪੰਜਾਬ ਵਿਚ ਸੜਕਾਂ ਦਾ ਜਾਲ ਵਿਛ ਗਿਆ ਹੈ। ਅੱਜ ਕਿਸੇ ਪੇਂਡੂ ਲਈ ਸ਼ਹਿਰ ਜਾਣਾ ਦੂਰ-ਦੁਰਾਡੇ ਦੀ ਗੱਲ ਨਹੀਂ ਰਹੀ। ਪਿੰਡ ਸ਼ਹਿਰਾਂ ਨਾਲ ਜੁੜ ਗਏ ਹਨ, ਜਿਸ ਕਰਕੇ ਸ਼ਹਿਰੀ ਜ਼ਿੰਦਗੀ ਦਾ ਪ੍ਰਭਾਵ ਪੇਂਡੂ ਜੀਵਨ ਉਤੇ ਆਏ ਦਿਨ ਵਧ ਰਿਹਾ ਹੈ। ਖੇਤੀ ਦੇ ਧੰਦੇ ਵਿਚ ਮਸ਼ੀਨਾਂ ਹਾਵੀ ਹੋ ਗਈਆਂ ਹਨ, ਖੂਹਾਂ ਦੀ ਥਾਂ ਟਿਊਬਵੈਲਾਂ ਨੇ ਲੈ ਲਈ ਹੈ। ਖੇਤਾਂ ਵਿਚ ਬਲਦਾਂ ਦੀਆਂ ਟੱਲੀਆਂ ਦੀ ਟੁਣਕਾਰ ਦੀ ਥਾਂ ਟਰੈਕਟਰ ਧੁਕ-ਧੁਕ ਕਰ ਰਹੇ ਹਨ। ਕਿਸਾਨੀ ਜੀਵਨ ਨਾਲ ਜੁੜਿਆ ਲੋਕ ਸਾਹਿਤ ਲੋਕ ਮਨਾਂ ਤੋਂ ਵਿਸਰ ਰਿਹਾ ਹੈ। ਮੇਲਿਆਂ ਮੁਸਾਵਿਆਂ ਦੀਆਂ ਰੌਣਕਾਂ ਘਟ ਰਹੀਆਂ ਹਨ। ਪੁਰਾਣੇ ਰਸਮੋ ਰਿਵਾਜ ਅਲੋਪ ਹੋ ਰਹੇ ਹਨ। ਪੇਂਡੂ ਖੇਡਾਂ ਵੀ ਮਸ਼ੀਨੀ ਸਭਿਆਚਾਰ ਦੇ ਪ੍ਰਭਾਵ ਤੋਂ ਨਹੀਂ ਬਚੀਆਂ।

ਪਹਿਲਾਂ ਖੇਡਾਂ ਹਰ ਪਿੰਡ ਦਾ ਵਿਸ਼ੇਸ਼ ਭਾਗ ਹੋਇਆ ਕਰਦੀਆਂ ਸਨ। ਖੇਡਾਂ ਦੇ ਪਿੜ ਹਰੇਕ ਪਿੰਡ ਦੀ ਜੂਹ ਵਿਚ ਜੁੜਿਆ ਕਰਦੇ ਸਨ। ਸਾਰੇ ਪਿੰਡ ਦੇ ਗੱਭਰੂਆਂ ਨੇ ਰਲ ਕੇ ਖੇਡਣਾ, ਕੋਈ ਜਾਤ-ਪਾਤ ਨਹੀਂ, ਉਚ-ਨੀਚ ਨਹੀਂ। ਅਮੀਰੀ-ਗਰੀਬੀ ਦਾ ਪਾੜਾ ਨਹੀਂ। ਸਾਰੇ ਰਲ ਕੇ ਅਨੰਦ ਮਾਣਦੇ ਸਨ। ਭਾਈਚਾਰਕ ਸਾਂਝ ਐਸੀ ਹੋਣੀ ਕਿ ਸਾਰੇ ਪਿੰਡ ਨੇ ਰਲ ਕੇ ਗੱਭਰੂਆਂ ਦੀਆਂ ਖੁਰਾਕਾਂ ਦਾ ਪ੍ਰਬੰਧ ਕਰਨਾ। ਦੇਸੀ ਘਿਉ ਦੇ ਪੀਪਿਆਂ ਦੇ ਪੀਪੇ ਖਿਡਾਰੀਆਂ ਨੂੰ ਖਾਣ ਨੂੰ ਦਿੱਤੇ ਜਾਂਦੇ। ਸਾਂਝੀਆਂ ਖੁਰਾਕਾਂ ਖਾ ਕੇ ਪਲੇ ਗੱਭਰੂ ਪਿੰਡ ਦਾ ਮਾਣ ਹੋਇਆ ਕਰਦੇ ਸਨ। ਮੇਲਿਆਂ ਮੁਸਾਵਿਆਂ 'ਤੇ ਕਿਸੇ ਨੇ ਪਹਿਲਵਾਨੀ ਵਿਚ ਆਪਣੇ ਪਿੰਡ ਦਾ ਨਾਂ ਕੱਢਣਾ, ਕਿਸੇ ਨੇ ਬੋਰੀ ਚੁੱਕਣ ਵਿਚ ਨਾਂ ਚਮਕਾਉਣਾ, ਤੇ ਕਿਸੇ ਨੇ ਮੁੰਗਲੀਆਂ ਫੇਰਨ ਵਿਚ ਬਾਜ਼ੀ ਜਿੱਤਣੀ। ਰੱਸਾ-ਕਸ਼ੀ ਤੇ ਕਬੱਡੀ ਦੀਆਂ ਟੀਮਾਂ ਨੇ ਪਿੰਡ ਨੂੰ ਪ੍ਰਸਿੱਧੀ ਦਵਾਉਣੀ। ਇਹ

(ਬਾਕੀ ਅਗਲੇ ਸਫੇ 'ਤੇ)

# ਮਿਰਜ਼ਾ ਗਾਲਿਬ ਦੀ ਮਹਿਬੂਬਾ, ਸ਼ਾਇਰੀ ਤੇ ਸਫਰ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੇ ਸਾਹਮਣੇ ਉਰਦੂ ਦੇ ਅਦਬੀ ਰਸਾਲੇ 'ਸ਼ਬੱਸਤਾਂ' ਦਾ ਮਿਰਜ਼ਾ ਗਾਲਿਬ ਵਿਸ਼ੇਸ਼ ਅੰਕ ਪਿਆ ਹੈ। ਯੂਨਸ ਦਿਹਲਵੀ ਪਰਿਵਾਰ ਨੇ ਇਹ ਅੰਕ 50 ਸਾਲ ਪਹਿਲਾਂ ਮਿਰਜ਼ਾ ਗਾਲਿਬ ਦੀ 100ਵੀਂ ਬਰਸੀ ਉੱਤੇ ਕੱਢਿਆ ਸੀ। ਮੇਰੇ ਵਲੋਂ ਇਸ ਨੂੰ ਹੁਣ ਤੱਕ ਸੰਭਾਲ ਕੇ ਰੱਖਣ ਦਾ ਕਾਰਨ ਆਪਣੇ ਪਸੰਦੀਦਾਂ ਸ਼ਾਇਰ ਬਾਰੇ ਇਸ ਵਿਚ ਦਰਜ ਇਤਿਹਾਸਕ ਸਮੱਗਰੀ ਹੈ। ਇਸ ਵਿਚ ਮੁਹੰਮਦ ਇਕਬਾਲ ਨੇ ਗਾਲਿਬ ਨੂੰ ਇਲਮ ਤੇ ਹੁਨਰ ਦੇ ਮੋਤੀ ਪ੍ਰੋਣ ਵਾਲਾ ਕਿਹਾ ਹੈ। ਭਾਰਤ ਦੇ ਸਾਬਕਾ ਰਾਸ਼ਟਰਪਤੀ ਜ਼ਾਕਿਰ ਹੁਸੈਨ ਦੇ ਸ਼ਬਦਾਂ ਵਿਚ, 'ਗਾਲਿਬ ਨੇ ਵੀਹਵੀਂ ਸਦੀ ਦੀ ਆਹਟ ਸੁਣ ਲਈ ਸੀ।'

ਫੈਜ਼ ਅਹਿਮਦ ਫੈਜ਼ ਦੇ ਸ਼ਬਦਾਂ ਵਿਚ, 'ਗਾਲਿਬ ਨੇ ਸਾਰੀ ਉਮਰ ਉਮੀਦ ਦਾ ਪੱਲਾ ਫੜੀ ਰੱਖਿਆ ਭਾਵੇਂ ਅਣ-ਦੇਖੀਆਂ ਘਟਨਾਵਾਂ ਤੇ ਨਾਮਾਲੂਮ ਭਵਿੱਖ ਨੂੰ ਲੈ ਕੇ ਉਸ ਦੇ ਮਨ ਵਿਚ ਇੱਕ ਤਰ੍ਹਾਂ ਦਾ ਡਰ ਕਾਇਮ ਰਿਹਾ।' ਫਰੰਗੀ ਰਾਜ ਵਿਚ ਭਾਰਤੀ ਵਿਵਸਥਾ ਕਾਰਨ ਆਪਣੀ ਸ਼ਾਇਰੀ ਵਿਚ ਉਸ ਨੇ ਪੁਰਾਣੇ ਤਜਰਬਿਆਂ ਦਾ ਨਿਚੋੜ ਪੇਸ਼ ਕਰਕੇ ਨਵੇਂ ਢੰਗ ਨਾਲ ਜਾਣ-ਪਛਾਣ ਕਰਵਾਈ। ਦਲੀਲ ਇਹ ਕਿ ਪੁਰਾਤਨਤਾ ਦੇ ਰਹਿਮ ਵਿਚ ਇੱਕ ਨਵਾਂ ਦੌਰ ਜਨਮ ਲੈ ਰਿਹਾ ਸੀ। ਮਿਰਜ਼ਾ ਗਾਲਿਬ ਦੇ ਸ਼ਬਦਾਂ ਵਿਚ

ਯੇਹ ਮਸਾਇਲ-ਏ-ਤਸਵਫ ਯੇਹ ਤਿਰਾ ਬਆਨ ਗਾਲਿਬ
ਤੁਝੇ ਹਮ ਵਲੀ ਸਮਝਤੇ ਜੋ ਨਾ ਬਾਦਾ-ਖ਼੍ਵਾਰ ਹੋਤਾ।

ਉਸ ਦੀ ਬਾਦਾ-ਖ਼੍ਵਾਰ ਹੀ ਭਾਵ ਸ਼ਰਾਬਨੋਸ਼ੀ ਨੇ ਉਸ ਨੂੰ ਕਾਫੀ ਬਦਨਾਮ ਕਰ ਰਖਿਆ ਸੀ, ਪਰ ਏਸ ਅੰਕ ਵਿਚ ਦਰਜ ਮੌਲਾਨਾ ਮੁਹੰਮਦ ਹੁਸੈਨ ਆਜ਼ਾਦ ਦੇ ਲੇਖ ਵਿਚ ਮਿਰਜ਼ਾ ਗਾਲਿਬ ਵਲੋਂ ਸ਼ਰਾਬਨੋਸ਼ੀ ਦੇ ਕਾਰਨ ਦੀ ਵਕਾਲਤ ਕੀਤੀ ਗਈ ਹੈ। ਗਾਲਿਬ ਦੇ ਉਸ ਸ਼ੇਅਰ ਦੀ ਟੇਕ ਲੈ ਕੇ ਜਿਸ ਵਿਚ ਉਲਝੇ ਆਪਣੀ ਬਾਦਾ-ਖ਼੍ਵਾਰੀ ਉੱਤੇ ਲਾਹਨਤ ਪਾਉਂਦਿਆਂ ਆਪਣੇ ਆਪ ਨੂੰ ਕਲਮੂੰਹਾਂ ਕਿਹਾ ਹੈ, ਪਰ ਨਾਲ ਹੀ ਇਹ ਦਲੀਲ ਵੀ ਦਿੱਤੀ ਹੈ ਕਿ ਸ਼ਰਾਬ ਨੋਸ਼ੀ ਉਸ ਨੂੰ ਬੇਖੁਦੀ ਦੇ ਉਸ ਆਲਮ ਵਿਚ ਲੈ ਜਾਂਦੀ ਹੈ, ਜੋ ਉਸ ਦੀ ਜਿੰਦ ਜਾਨ ਹੈ:

ਮੈ ਸੇ ਗਰਜ਼ ਨਿਸ਼ਾਤ ਹੈ ਕਿਸ ਰੂ-ਸਿਆ ਕੋ
ਏਕ ਗੂਨਾ-ਏ-ਬੇਖੁਦੀ ਮੁਝੇ ਦਿਨ ਰਾਤ ਚਾਹੀਏ।




ਸ਼ਬੱਸਤਾਂ ਦੇ ਗਾਲਿਬ ਅੰਕ ਵਿਚ ਮਿਰਜ਼ਾ ਗਾਲਿਬ ਦੀ ਭਟਕਣ ਦੇ ਪ੍ਰਸੰਗ ਵਿਚ ਉਸ ਦੇ ਸਫਰਾਂ ਦਾ ਜ਼ਿਕਰ ਹੈ। ਉਸ ਦਾ ਪਹਿਲਾ ਸਫਰ ਰੂਹਾਂ ਦੇ ਸੰਸਾਰ ਤੋਂ ਮਨੁੱਖੀ ਸਰੀਰ ਵਾਲੇ ਸੰਸਾਰ ਆਉਣਾ ਸੀ, ਜਿਹੜਾ ਉਸ ਨੇ 27 ਦਸੰਬਰ 1797 ਨੂੰ ਬੁੱਧਵਾਰ ਦੇ ਦਿਨ ਸੂਰਜ ਨਿਕਲਣ ਤੋਂ ਚਾਰ ਘੜੀਆਂ ਪਹਿਲਾਂ ਆਗਰਾ ਸ਼ਹਿਰ ਵਿਖੇ ਪੂਰਾ ਕੀਤਾ। ਗਾਲਿਬ ਇਸ ਸਫਰ ਬਾਰੇ ਲਿਖਦਾ ਹੈ, "ਅਸੂਲ ਤਾਂ ਇਹ ਹੈ ਕਿ ਇਸ ਸੰਸਾਰ ਦੇ ਦੋਸ਼ੀ, ਪਰੀ ਜਗਤ ਵਿਚ ਜਾ ਕੇ ਸਜ਼ਾ ਪਾਉਂਦੇ ਹਨ, ਪਰ ਪਰੀ ਜਗਤ ਦੇ ਦੋਸ਼ੀਆਂ ਨੂੰ ਇਸ ਫਾਨੀ ਦੁਨੀਆਂ ਵਿਚ ਭੇਜ ਕੇ ਸਜ਼ਾ ਦਿੱਤੀ ਜਾਂਦੀ ਹੈ। ਗਾਲਿਬ ਫੇਰ ਵੀ ਆਸ ਦਾ ਪੱਲਾ ਨਹੀਂ ਛੱਡਦਾ।

ਇਨ ਪਰੀਜਾਦੋਂ ਸੇ ਲੇਂਗੇ ਖੁਲਦ ਮੇਂ ਹਮ ਇੰਤਕਾਮ
ਕੁਦਰਤ-ਏ-ਹੱਕ ਸੇ ਯਹੀ ਹੂਰੇਂ ਅਗਰ ਵਾਂ ਹੋ ਗਈਂ।

ਉਸ ਨੇ ਖੁਲਦ (ਬਹਿਸ਼ਤ) ਦੀ ਟਿਕਟ ਖੁਦ ਹੀ ਕਟ ਰੱਖੀ ਹੈ। ਉਹ ਆਪਣੇ ਆਗਰਾ ਤੋਂ ਦਿੱਲੀ, ਲਖਨਊ, ਕਲਕੱਤਾ ਤੇ ਰਾਮਪੁਰ ਦੇ ਸਫਰਾਂ 'ਚ ਵੀ ਆਸ ਦਾ ਪੱਲਾ ਫੜੀ ਰੱਖਦਾ ਹੈ।

ਮਿਰਜ਼ਾ ਗਾਲਿਬ ਦੀ ਹਾਜ਼ਰ ਜਵਾਬੀ ਦੇ ਅਨੇਕਾਂ ਪ੍ਰਮਾਣ ਵਾਲੀ ਆਸੀ ਦੇ ਲੇਖ ਵਿਚ ਮਿਲਦੇ ਹਨ, ਏਥੇ ਨਮੂਨੇ ਵਜੋਂ ਸਿਰਫ ਇਕ ਹੀ ਦੇ ਰਿਹਾ ਹਾਂ:

ਮਿਰਜ਼ਾ ਗਾਲਿਬ ਗਰਮੀ ਦੀ ਰੁੱਤੇ ਅਪਣੀ ਛੱਤ ਵਾਲੀ ਕੋਠੜੀ ਵਿਚ ਬਿਰਾਜਦਾ ਸੀ। ਸ਼ਤਰੰਜ ਤੇ ਚੌਸਰ ਦਾ ਟਿਕਾਣਾ ਵੀ ਇਹੀਓ ਸੀ। ਇੱਕ ਵਾਰੀ ਰਮਜ਼ਾਨ ਦੇ ਦਿਨਾਂ ਵਿਚ ਵੀ ਇਹ ਖੇਡ ਖੇਡਦਿਆਂ ਵੇਖ ਕੇ ਮਿਰਜ਼ਾ ਦਾ ਮਿੱਤਰ ਮੁਫਤੀ ਸ਼ਦਰਉੱਦੀਨ ਆ ਟਪਕਿਆ ਤੇ ਕਹਿਣ ਲੱਗਿਆ, 'ਮਿਰਜ਼ਾ! ਹਦੀਸ ਵਿਚ ਲਿਖੇ ਅਨੁਸਾਰ ਤਾਂ ਰਮਜ਼ਾਨ ਦੇ ਮਹੀਨੇ ਸ਼ੈਤਾਨ ਕੈਦ ਕੱਟ ਰਿਹਾ ਹੁੰਦਾ ਹੈ।'

ਤੁਰੰਤ ਉਤਰ ਮਿਲਿਆ, 'ਹਦੀਸ ਵਿਚ ਸਹੀ ਲਿਖਿਆ ਹੈ। ਸ਼ੈਤਾਨ ਦੀ ਕਾਲ ਕੋਠੜੀ ਇਹੀਓ ਤਾਂ ਹੈ।'

ਗਾਲਿਬ ਦੀ ਆਸ਼ਕੀ ਮਾਸ਼ੂਕੀ ਦਾ ਵਰਣਨ ਹਮੀਦਾ ਸੁਲਤਾਨ ਦੇ ਲੇਖ ਵਿਚ ਹੈ। ਉਸ ਦੇ ਲਿਖਣ ਅਨੁਸਾਰ ਗਾਲਿਬ ਦੀ ਮਹਿਬੂਬਾ ਸਿਰਫ ਇਕ ਡੂਮਣੀ ਹੀ ਨਹੀਂ ਸੀ, ਜਿਸ ਦਾ ਜ਼ਿਕਰ ਕੀਤਾ ਜਾਂਦਾ ਹੈ। ਉਸ ਦੀ ਸ਼ਾਇਰੀ ਨੂੰ ਬੇਮਿਸਾਲ ਹੁਸਨ ਤੇ ਵਿਲੱਖਣਤਾ ਦੇਣ ਵਾਲੀਆਂ ਕਈ ਸਨ। ਕਿਸੇ ਵੱਡੇ ਖਾਨਦਾਨ ਦੀ ਉਸ ਹੁਸੀਨਾ ਸਮੇਤ, ਜਿਸ ਨੇ ਗਾਲਿਬ ਤੋਂ ਦੂਰੀ ਬਣਾਈ ਰੱਖੀ:

ਕਹਿਰ ਹੋ ਯਾ ਬਲਾ ਹੋ ਜੋ ਕੁਛ ਹੋ
ਕਾਸ਼ ਕੇ ਤੁਮ ਮਿਰੇ ਲੀਏ ਹੋਤੇ।

ਹਮ ਭੀ ਤਸਲੀਮ ਕੀ ਖੂ ਡਾਲੇਂਗੇ
ਬੇਨਿਆਜ਼ੀ ਤਿਰੀ ਆਦਤ ਹੀ ਸਹੀ।

ਇੱਕ ਹੋਰ ਦਾ ਜ਼ਿਕਰ ਹਮੀਦਾ ਅਹਿਮਦ ਖਾਂ ਵਲੋਂ ਗਾਲਿਬ ਦੀ ਨੂੰਹ ਬੱਗਾ ਬੇਗਮ ਨਾਲ ਕੀਤੀ ਮੁਲਾਕਾਤ ਵਿਚ ਵੀ ਮਿਲਦਾ ਹੈ।

ਉਸ ਦੇ ਸ਼ਬਦਾਂ ਵਿਚ ਮਿਰਜ਼ਾ ਗਾਲਿਬ ਦੀ ਇੱਕ ਤੁਰਕੀ ਨਸਲ ਦੀ ਸ਼ਾਗਿਰਦ ਸ਼ਾਇਰਾ ਸੀ, ਜਿਸ ਨੂੰ ਤੁਰਕ ਦਾ ਤਖੱਲੁਸ ਮਿਰਜ਼ਾ ਗਾਲਿਬ ਨੇ ਹੀ ਦਿੱਤਾ ਸੀ, ਪਰ ਉਸ ਦਾ ਗਦਰ ਦੇ ਦਿਨਾਂ ਵਿਚ ਦੇਹਾਂਤ ਹੋ ਗਿਆ। ਮਿਰਜ਼ਾ ਗਾਲਿਬ ਉਸ ਬਾਰੇ ਅਕਸਰ ਕਹਿੰਦੇ ਸਨ, "ਅਫਸੋਸ 'ਤੁਰਕ' ਦੀ ਉਮਰ ਨੇ ਵਫਾ ਨਾ ਕੀਤੀ, ਜੇ ਜਿਊਂਦੀ ਰਹਿੰਦੀ ਤਾਂ ਉੱਚੇ ਦਰਜ਼ੇ ਦੀ ਸ਼ਾਇਰਾ ਹੁੰਦੀ।"

ਮਿਰਜ਼ਾ ਗਾਲਿਬ ਦੀ ਸ਼ਖਸੀਅਤ ਤੇ ਸ਼ਾਇਰੀ ਬਾਕਮਾਲ ਸੀ। ਉਸ ਦੇ ਦੇਹਾਂਤ ਉੱਤੇ ਅਨੇਕ ਹਸਤੀਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਮੈਂ ਉਸ ਗਜ਼ਲ ਦੇ ਦੋ ਸ਼ਿਅਰ ਪੇਸ਼ ਕਰਨਾ ਚਾਹਾਂਗਾ, ਜੋ ਸ਼ਮੀਮ ਕਰਹਾਨੀ ਨੇ ਮਿਰਜ਼ਾ ਗਾਲਿਬ ਦੀ ਕਬਰ ਦੇ ਸਾਹਮਣੇ ਬੈਠ ਕੇ ਲਿਖੀ:

ਹੈ ਇਸੀ ਕਬ੍ਰ ਮੇਂ, ਗੰਜੀਨਾ-ਏ-ਮਆਨੀ ਕਾ ਤਲਿੱਸਮ
ਜਿੰਸ-ਏ-ਹਿਕਮਤ ਕਾ ਖ਼ਰੀਦਾਰ ਇਸੀ ਖਾਕ ਮੇਂ ਹੈ।

ਸੋ ਰਹਾ ਹੈ ਯਹੀਂ ਨੱਕਾਸ਼-ਏ-ਅਜੰਤਾ-ਏ-ਗਜ਼ਲ
ਅਦਬੀ ਤਾਜ ਕਾ ਮੇ'ਮਾਰ ਇਸੀ ਖਾਕ ਮੇਂ ਹੈ।

ਮਿਰਜ਼ਾ ਗਾਲਿਬ ਦੀ ਬੇਪ੍ਰਵਾਹੀ ਦਾ ਇਹ ਆਲਮ ਸੀ ਕਿ ਉਸ ਨੂੰ ਮਰਨ ਤੋਂ ਪਿਛੋਂ ਨਿਕਲਣ ਵਾਲਾ ਜਨਾਜ਼ਾ ਵੀ ਪਸੰਦ ਨਹੀਂ ਸੀ ਤੇ ਕਬਰ ਉਤੇ ਉਸਾਰਿਆ ਜਾਣ ਵਾਲਾ ਮਜ਼ਾਰ ਵੀ ਨਹੀਂ।

ਹੂਏ ਮਰ ਕੇ ਹਮ ਜੋ ਰੁਸਵਾ, ਹੂਏ ਕਿਉ ਨਾ ਗ਼ਰਕ-ਏ-ਦਰਿਆ
ਨਾ ਕਭੀ ਜਨਾਜ਼ਾ ਉਠਤਾ ਨਾ ਕਹੀਂ ਮਜ਼ਾਰ ਹੋਤਾ।

'ਸ਼ਬੱਸਤਾਂ' ਦੇ ਮਿਰਜ਼ਾ ਗਾਲਿਬ ਅੰਕ ਵਿਚ ਹੋਰ ਵੀ ਬਹੁਤ ਕੁੱਝ ਹੈ, ਜਿਸ ਨੂੰ ਮੈਂ ਪੰਜਾਹ ਸਾਲ ਸੰਭਾਲ ਰਖਿਆ ਹੈ। ਹੁਣ ਇਸ ਦੀ ਲਗਪਗ ਸਾਰੀ ਸਮੱਗਰੀ ਮੈਂ ਪੰਜਾਬੀ ਵਿਚ ਉਲਥਾ ਕਰਵਾ ਕੇ ਆਪਣੀ ਪੁਸਤਕ ਮਿਰਜ਼ਾ ਗਾਲਿਬ/ਸਮਾਂ, ਸਭਿਆਚਾਰ ਤੇ ਸ਼ਾਇਰੀ (ਲੋਕਗੀਤ ਪ੍ਰਕਾਸ਼ਨ ਮੁਹਾਲੀ, ਪੰਨੇ 175, ਮੁੱਲ 350 ਰੁਪਏ) ਵਿਚ ਸ਼ਾਮਲ ਕਰਕੇ ਆਪਣੇ ਮਹਿਬੂਬ ਸ਼ਾਇਰ ਦੇ 151ਵੇਂ ਵਰੀਨੇ ਉੱਤੇ ਪ੍ਰਕਾਸ਼ਿਤ ਕੀਤੀ ਹੈ। ਪੜ੍ਹੋ ਤੇ ਸਮਝੋ।

**ਅੰਤਿਕਾ: ਮਿਰਜ਼ ਗਾਲਿਬ**

ਰਹੀਏ ਅਬ ਐਸੀ ਜਗਾ ਚਲ ਕਰ ਜਹਾਂ ਕੋਈ ਨਾ ਹੋ
ਹਮ ਸੁਖਨ ਕੋਈ ਨਾ ਹੋ ਔਰ ਹਮ-ਜ਼ਬਾਂ ਕੋਈ ਨਾ ਹੋ।

ਬੇ-ਦਰ-ਓ-ਦੀਵਾਰ ਸਾ ਇੱਕ ਘਰ ਬਨਾਇਆ ਚਾਹੀਏ
ਕੋਈ ਹਮ-ਸਾਇਆ ਨਾ ਹੋ ਔਰ ਪਾਸਬਾਂ ਕੋਈ ਨਾ ਹੋ।

ਪੜੀਏ ਗਰ ਬੀਮਾਰ ਤੋ ਕੋਈ ਹੋ ਤੀਮਾਰਦਾਰ
ਔਰ ਅਗਰ ਮਰ ਜਾਈਏ ਤੋ ਨੌਹਾ-ਖ਼੍ਵਾਂ ਕੋਈ ਨਾ ਹੋ।

# ਸੁਖਦੇਵ ਮਾਦਪੁਰੀ ਦੀਆਂ ਵਿਰਾਸਤੀ ਖੇਡਾਂ

*(ਪਿਛਲੇ ਸਫੇ ਦੀ ਬਾਕੀ)*

ਗੱਭਰੂ ਆਪਣੇ ਜੁਸਿਆਂ ਨੂੰ ਨਰੋਆ ਰੱਖਣ ਲਈ ਨਸ਼ਿਆਂ ਨੂੰ ਨੇੜੇ ਨਹੀਂ ਸਨ ਢੁੱਕਣ ਦਿੰਦੇ। ਸਾਫ-ਸੁਥਰੀ ਖੇਡ ਖੇਡਣਾ ਹੀ ਇਨ੍ਹਾਂ ਦਾ ਮਨੋਰਥ ਹੋਇਆ ਕਰਦਾ ਸੀ। ਇਹ ਖੇਡਾਂ ਹੀ ਸਨ, ਜਿਹੜੀਆਂ ਪਿੰਡਾਂ ਦੇ ਗੱਭਰੂਆਂ ਨੂੰ ਆਹਰੇ ਲਾਈ ਰੱਖਦੀਆਂ ਸਨ ਤੇ ਕੁਰਾਹੇ ਪੈਣ ਤੋਂ ਰੋਕਦੀਆਂ ਸਨ।

ਪੇਂਡੂ ਮੁੰਡੇ-ਕੁੜੀਆਂ ਦੀਆਂ ਖੇਡਾਂ ਬੜੀਆਂ ਮਨਮੋਹਕ ਤੇ ਕਾਵਿਕ ਹੁੰਦੀਆਂ ਹਨ। ਉਹ ਆਮ ਕਰ ਕੇ ਬੁੱਢੀ ਮਾਈ, ਭੰਡਾ ਭੰਡਾਰੀਆ, ਊਠਤ ਬੈਠਤ, ਊਚ ਨੀਚ, ਕੋਟਲਾ ਛਪਾਕੀ, ਦਾਈਆਂ ਦੂਹਕੜੇ, ਬਾਂਦਰ ਕੀਲਾ, ਕਿਣ ਮਿਣ ਕਾਣੀ ਕੌਣ ਕਿਣਿਆ, ਸਮੁੰਦਰ ਤੇ ਮੱਛੀ, ਲੱਕੜ ਕਾਠ, ਖਾਨ ਘੋੜੀ, ਅੰਨਾਂ ਝੋਟਾ, ਪੂਛ ਪੂਛ, ਪਿੱਠੂ, ਪੀਚੋ ਬੱਕਰੀ, ਅੱਡੀ ਛੜੱਪਾ, ਕੂਕਾਂ ਕਾਂਗੜੇ, ਰੋੜੇ ਅਤੇ ਸ਼ੱਕਰ ਭਿੱਜੀ ਆਦਿ ਖੇਡਾਂ ਖੇਡ ਕੇ ਆਨੰਦ ਮਾਣਦੇ ਰਹੇ ਹਨ।

ਕਬੱਡੀ ਪੰਜਾਬੀ ਦੀ ਮਾਂ ਖੇਡ ਹੈ, ਜਿਸ ਰਾਹੀਂ ਇਨ੍ਹਾਂ ਦੇ ਸੁਭਾਅ ਦਾ ਅਤੇ ਮਰਦਊਪੁਣੇ ਤੇ ਬਲ ਦਾ ਪਤਾ ਲੱਗਦਾ ਹੈ। ਲੰਬੀ ਕੌਡੀ, ਗੁੰਗੀ ਕੌਡੀ ਅਤੇ ਸੌਂਚੀ ਪੱਕੀ ਆਦਿ ਕਬੱਡੀ ਦੀਆਂ ਕਿਸਮਾਂ ਬੜੀਆਂ ਹਰਮਨ ਪਿਆਰੀਆਂ ਰਹੀਆਂ ਹਨ। ਸੌਂਚੀ ਪੱਕੀ ਮਾਲਵੇ 'ਚ ਬੜੀ ਮਕਬੂਲ ਰਹੀ ਹੈ, ਜਿਸ ਨੂੰ ਖੇਡ ਚੜ੍ਹਨਾ ਵੀ ਕਿਹਾ ਜਾਂਦਾ ਸੀ। ਖਿਡਾਰੀਆਂ ਨੇ ਆਪਣੇ ਸਰੀਰਾਂ 'ਤੇ ਤੇਲ ਮਲ ਕੇ ਪਿੰਡੇ ਲਿਸ਼ਕਾਏ ਹੁੰਦੇ। ਪਾੜੇ ਵਿਚ ਦੋ ਖਿਡਾਰੀ ਆਪੋ ਆਪਣਾ ਪਾਸਾ ਮੱਲ ਕੇ ਖੇਡ ਸ਼ੁਰੂ ਕਰਦੇ ਸਨ। ਇਕ ਪਾਸੇ ਦਾ ਖਿਡਾਰੀ ਦੂਜੇ ਪਾਸੇ ਜਾਂਦਾ ਤੇ ਦੂਜੇ ਖਿਡਾਰੀ ਦੀ ਛਾਤੀ ਵਿਚ ਪੂਰੇ ਜ਼ੋਰ ਨਾਲ ਧੱਫੇ ਮਾਰਦਾ। ਧੱਫੇ ਕੇਵਲ ਛਾਤੀ 'ਤੇ ਹੀ ਮਾਰਨੇ ਜਾਇਜ਼ ਸਨ। ਧੱਫੇ ਖਾਣ ਵਾਲਾ ਖਿਡਾਰੀ ਵਿਰੋਧੀ ਦੀ ਵੀਣੀ ਫੜਦਾ ਤੇ ਜਾਣ ਵਾਲਾ ਵੀਣੀ ਛੁਡਾਉਣ ਦੇ ਯਤਨ ਕਰਦਾ। ਇਉਂ ਸਾਰੀ ਜ਼ੋਰ ਅਜ਼ਮਾਈ ਵੀਣੀ ਪਕੜਨ ਤੇ ਛੁਡਾਉਣ 'ਤੇ ਹੁੰਦੀ ਰਹਿੰਦੀ। ਇਸ ਖੇਡ ਵਿਚ ਕੁਸ਼ਤੀ ਵਾਂਗ ਇਕ ਦੂਜੇ ਦੇ ਬਲ ਦੀ ਪ੍ਰੀਖਿਆ ਹੁੰਦੀ। ਜਿਹੜਾ ਵੀਣੀ ਛੁਡਾ ਕੇ ਦੂਜਿਆਂ ਨੂੰ ਜਿੱਤ ਜਾਂਦਾ, ਉਸ ਨੂੰ ਬੱਧੀ ਮਾਲੀ ਮਿਲਦੀ।

ਖੁੱਦੋ ਖੂੰਡੀ ਅਤੇ ਲੂਣ ਤੇਲ ਲੱਲ੍ਹੇ, ਬੜੀਆਂ ਰੌਚਿਕ ਖੇਡਾਂ ਰਹੀਆਂ ਹਨ। ਲੀਰਾਂ ਦੀਆਂ ਖੁੱਦੋਆਂ ਅਤੇ ਕਿੱਕਰਾਂ ਬੇਰੀਆਂ ਦੀਆਂ ਖੂੰਡੀਆਂ ਨਾਲ ਇਹ ਖੇਡਾਂ ਖੇਡੀਆਂ ਜਾਂਦੀਆਂ ਸਨ। ਖੁੱਦੋ ਖੂੰਡੀ ਦੀ ਥਾਂ ਹੁਣ ਹਾਕੀ ਨੇ ਮੱਲ ਲਈ ਹੈ ਤੇ ਲੂਣ ਤੇਲ ਲੱਲ੍ਹੇ ਕ੍ਰਿਕਟ ਵਿਚ ਜਾ ਸਮੋਏ ਹਨ। ਲੱਲ੍ਹਿਆਂ ਦੀ ਖੇਡ ਪਿੰਡੋਂ ਬਾਹਰ ਕਿਸੇ ਮੋਕਲੀ ਥਾਂ 'ਤੇ ਖੇਡੀ ਜਾਂਦੀ ਸੀ। ਇਸ ਦੇ ਖਿਡਾਰੀਆਂ ਦੀ ਗਿਣਤੀ ਨਿਸ਼ਚਿਤ ਨਹੀਂ ਸੀ ਹੁੰਦੀ। ਇਹ ਬੜੀ ਫੁਰਤੀ ਨਾਲ ਅਤੇ ਚੌਕੰਨਾ ਹੋ ਕੇ ਖੇਡੀ ਜਾਂਦੀ ਸੀ। ਸਾਰੇ ਖਿਡਾਰੀ ਤਿੰਨ-ਤਿੰਨ, ਚਾਰ-ਚਾਰ ਮੀਟਰ ਫਾਸਲੇ 'ਤੇ ਤਿੰਨ-ਚਾਰ ਇੰਚ ਗੁਲਾਈ ਦੇ ਡੂੰਘੇ ਟੋਏ ਪੁੱਟਦੇ, ਜਿਨ੍ਹਾਂ ਨੂੰ ਲੱਲ੍ਹੇ ਆਖਦੇ। ਇਨ੍ਹਾਂ ਲੱਲ੍ਹਿਆਂ ਵਿਚ ਉਹ ਆਪਣੀਆਂ ਖੂੰਡੀਆਂ ਦੇ ਖੂੰਡ ਟਿਕਾਅ ਕੇ ਖੜੋ ਜਾਂਦੇ। ਦਾਈ ਵਾਲਾ ਲੀਰਾਂ ਦੀ ਬਣੀ ਖੁੱਦੋ ਨੂੰ ਨੱਸ ਕੇ ਫੜਦਾ ਤੇ ਨੇੜੇ ਦੇ ਖਿਡਾਰੀ ਦੇ ਜ਼ੋਰ ਦੀ ਮਾਰਦਾ। ਜੇ ਕਿਸੇ ਖਿਡਾਰੀ ਨੂੰ ਖੁੱਦੋ ਛੋਹ ਜਾਂਦੀ ਤਾਂ ਉਹਦੇ ਸਿਰ ਦਾਈ ਆ ਜਾਂਦੀ ਤੇ ਉਹ ਆਪਣੀ ਖੂੰਡੀ ਤੇ ਲੱਲ੍ਹਾ ਪਹਿਲੇ ਦਾਈ ਵਾਲੇ ਨੂੰ ਫੜਾ ਕੇ ਦਾਈ ਦਿੰਦਾ। ਇਸ ਖੇਡ ਨੂੰ ਮਘਾਈ ਰੱਖਣ ਲਈ ਖਿਡਾਰੀ ਆਪਣੇ ਲੱਲ੍ਹੇ ਛੱਡ ਕੇ ਖੁੱਦੋ ਨੂੰ ਹੋਰ ਦੂਰ ਭੇਜਣ ਲਈ ਟੱਲੇ ਮਾਰਦੇ। ਦਾਈ ਵਾਲਾ ਕਦੇ ਲੱਲ੍ਹਿਆਂ ਵੱਲ ਭੱਜਦਾ, ਕਦੇ ਖੁੱਦੋ ਵੱਲ ਦੌੜਦਾ ਜੇ ਉਹ ਕਿਸੇ ਖਾਲੀ ਲੱਲ੍ਹੇ ਵਿਚ ਪੈਰ ਪਾ ਦਿੰਦਾ ਤਾਂ ਲੱਲ੍ਹੇ ਵਾਲੇ ਸਿਰ ਦਾਈ ਆ ਜਾਂਦੀ ਤੇ ਉਹ ਉਸ ਦੀ ਖੂੰਡੀ ਫੜ ਕੇ ਖੇਡਣ ਲੱਗ ਜਾਂਦਾ।

ਡੰਡਾ ਡੁਕ, ਡੰਡ ਪਲਾਂਘੜਾ ਜਾਂ ਪੀਲ ਪਲੀਂਗਣ ਨਾਂ ਦੀ ਖੇਡ ਵੀ ਬੜੀ ਰੌਚਿਕ ਹੈ। ਗਰਮੀਆਂ ਦੀ ਰੁੱਤੇ ਦੁਪਹਿਰ ਸਮ ਆਮ ਤੌਰ 'ਤੇ ਪਿੱਪਲਾਂ ਬਰੋਟਿਆਂ ਦੇ ਦਰੱਖਤਾਂ 'ਤੇ ਖੇਡੀ ਜਾਂਦੀ ਸੀ। ਖਿਡਾਰੀ ਦਰੱਖਤ ਉਤੇ ਚੜ੍ਹ ਜਾਂਦੇ, ਪੁੱਗ ਕੇ ਬਣਿਆ ਦਾਈ ਵਾਲਾ ਦਾਈ ਦਿੰਦਾ। ਦਰੱਖਤ ਦੇ ਥੱਲੇ ਇਕ ਗੋਲ ਚੱਕਰ ਵਿਚ ਡੇਢ-ਦੋ ਫੁੱਟ ਦਾ ਡੰਡਾ ਰੱਖਿਆ ਜਾਂਦਾ। ਦਰੱਖਤ 'ਤੇ ਚੜ੍ਹੇ ਖਿਡਾਰੀਆਂ ਵਿਚੋਂ ਇਕ ਜਣਾ ਥੱਲੇ ਉੱਤਰ ਕੇ, ਦਾਇਰੇ ਵਿਚੋਂ ਡੰਡਾ ਚੁੱਕ ਕੇ ਆਪਣੀ ਖੱਬੀ ਲੱਤ ਥਲਿਓਂ ਘੁਮਾ ਕੇ ਦੂਰ ਸੁੱਟਦਾ, ਫਿਰ ਦਰੱਖਤ 'ਤੇ ਚੜ੍ਹ ਜਾਂਦਾ ਤੇ ਖੇਡ ਸ਼ੁਰੂ ਹੋ ਜਾਂਦੀ। ਦਾਈ ਵਾਲਾ ਡੰਡੇ ਨੂੰ ਚੁੱਕ ਕੇ, ਦਾਇਰੇ ਵਿਚ ਡੰਡਾ ਦੁਬਾਰਾ ਰੱਖ ਕੇ, ਦੂਜੇ ਖਿਡਾਰੀਆਂ ਨੂੰ ਛੂਹਣ ਲਈ ਦਰੱਖਤ 'ਤੇ ਚੜ੍ਹਦਾ, ਜਦੋਂ ਕਿ ਦੂਜੇ ਖਿਡਾਰੀ ਦਰੱਖਤ ਦੀਆਂ ਟਾਹਣੀਆਂ ਨਾਲ ਲਮਕ ਕੇ ਹੇਠਾਂ ਛਾਲਾਂ ਮਾਰਦੇ ਤੇ ਨੱਸ ਕੇ ਡੰਡਾ ਚੁੱਕ ਕੇ ਚੁੰਮਦੇ। ਜਿਸ ਖਿਡਾਰੀ ਨੂੰ ਦਾਈ ਵਾਲਾ, ਡੰਡਾ ਚੁੰਮਣ ਤੋਂ ਪਹਿਲਾਂ ਹੱਥ ਲਾ ਦਿੰਦਾ, ਉਹਦੇ ਸਿਰ ਦਾਈ ਆ ਜਾਂਦੀ। ਇਸ ਪ੍ਰਕਾਰ ਇਹ ਖੇਡ ਪਹਿਲਾਂ ਵਾਂਗ ਚਾਲੂ ਰਹਿੰਦੀ।

ਗੁੱਲੀ ਡੰਡਾ, ਨੂਣ ਮਿਆਣੀ, ਸ਼ੱਕਰ ਭਿੱਜੀ, ਟਿਬਲਾ ਟਿਬਲੀ ਆਦਿ ਵੀ ਬੜੀਆਂ ਦਿਲਚਸਪ ਖੇਡਾਂ ਸਨ। ਬਾਰਾਂ ਬੀਕਰੀ, ਬਾਰਾਂ ਟਾਹਣੀ, ਸ਼ਤਰੰਜ, ਚੌਪੜ, ਬੋੜਾ ਖੂਹ ਅਤੇ ਖੱਡਾ ਆਦਿ ਬੈਠ ਕੇ ਖੇਡਣ ਵਾਲੀਆਂ ਖੇਡਾਂ ਹਨ, ਜਿਨ੍ਹਾਂ ਨੂੰ ਸਾਡੇ ਵੱਡ-ਵਡੇਰੇ ਬੜੇ ਸ਼ੌਕ ਨਾਲ ਖੇਡਿਆ ਕਰਦੇ ਸਨ। ਇਹ ਖੇਡਾਂ ਸਾਡੇ ਲੋਕ ਜੀਵਨ ਵਿਚੋਂ ਅਲੋਪ ਹੋ ਰਹੀਆਂ ਹਨ। ਨਾ ਹੁਣ ਪਿੰਡਾਂ ਵਿਚ ਉਹ ਖੁੱਲ੍ਹੀਆਂ ਜੂਹਾਂ ਰਹੀਆਂ ਹਨ, ਜਿਥੇ ਖੇਡਾਂ ਦੇ ਪਿੜ ਜੁੜਦੇ ਸਨ ਤੇ ਨਾ ਹੀ ਹੁਣ ਕਿਸੇ ਕੋਲ ਖੇਡਣ ਦੀ ਵਿਹਲ ਹੈ। ਬੱਸ ਖੇਡਾਂ ਦੇ ਨਾਂ ਹੀ ਚੇਤੇ ਰਹਿ ਗਏ ਹਨ। ਸਿਆਣੇ ਸੱਚ ਆਖਦੇ ਹਨ ਕਿ ਖੇਡਾਂ ਤੇ ਮਾਂਵਾਂ ਮੁੱਕਣ 'ਤੇ ਹੀ ਚੇਤੇ ਆਉਂਦੀਆਂ ਹਨ। ਇਨ੍ਹਾਂ ਦੀ ਸਾਂਭ-ਸੰਭਾਲ ਅਤਿਅੰਤ ਜ਼ਰੂਰੀ ਹੈ।

###

# ਸਮੇਂ ਦੇ ਸਬਕ

*(ਸਫਾ 22 ਦੀ ਬਾਕੀ)*

ਖੇਤੀ ਕਰਨ ਵਾਲਿਓ,
ਸੁੱਚੀਆਂ ਸੋਚਾਂ ਦੀ
ਸ਼ੱਰੇ-ਬਾਜ਼ਾਰ ਹੇਠੀ ਕਰਨ ਵਾਲਿਓ।
ਸਮੇਂ ਨੇ ਬੀਤ ਜਾਣਾ ਏ
ਲੈ ਕੇ ਸਿੱਲੇ ਨੈਣਾਂ ਦੀ ਜਾਗ,
ਤੇ ਭਵਿੱਖ ਦੀ ਕੁੱਖ ਵਿਚ
ਉਗਣੇ ਨੇ ਨਵੇਂ ਨਵੇਲੇ ਭਾਗ।
ਉਮੀਦ ਸੀ ਸੰਘੀ ਘੁੱਟ ਕੇ
ਭਾਲਦੇ ਕਿਥੋਂ ਉਮਾਹ,
ਆਸਥਾ ਤੇ ਅਰਾਧਨਾ ਤੋਂ ਵੱਡੀ
ਕਿਹੜੀ ਸਿਫਿਤ-ਸਾਲਾਹ।

ਕਹਿੰਦੇ ਨੇ ਕਿ ਸਮਾਂ ਆਪਣਿਆਂ ਵਲੋਂ ਦਿੱਤੇ ਜਖਮ ਹੌਲੀ ਹੌਲੀ ਭਰ ਦਿੰਦਾ ਏ, ਪਰ ਅਜਿਹਾ ਨਹੀਂ ਹੁੰਦਾ। ਦਰਅਸਲ ਅਸੀਂ ਜ਼ਖਮਾਂ ਦੀ ਚੀਸ ਨਾਲ ਜਿਊਣ ਦੀ ਆਦਤ ਪਾ ਲੈਂਦੇ। ਕਦ ਭਰਦੇ ਨੇ ਆਪਣਿਆਂ ਦੇ ਲਾਏ ਹੋਏ ਡੂੰਘੇ ਫੱਟ?

ਸਮਾਂ ਕਦੇ ਵੀ ਦਿਖਾਈ ਨਹੀਂ ਦਿੰਦਾ, ਪਰ ਦਿਖਾ ਦਿੰਦਾ ਤੇ ਆਪਣਿਆਂ ਤੇ ਪਰਾਇਆਂ ਦੀ ਔਕਾਤ, ਮਨੁੱਖ ਦੀ ਜਾਤ, ਦਿਨ ਦੀਵੀਂ ਜੀਵਨ-ਰਾਹਾਂ 'ਚ ਉਤਰੀ ਰਾਤ, ਬੋਲਦਿਆਂ ਵੀ ਚੁੱਪ ਨਾਲ ਮੁਲਾਕਾਤ ਅਤੇ ਮਨ ਦੇ ਵਿਹੜੇ ਵਿਚ ਹੰਝੂਆਂ ਦੀ ਬਰਸਾਤ।

ਸਮਾਂ ਦੀ ਸੁਚਜੱਤਾ ਬਾਰੇ ਗੁਰਬਾਣੀ ਦਾ ਫੁਰਮਾਨ "ਵਖਤੁ ਵੀਚਾਰੇ ਸੁ ਬੰਦਾ ਹੋਇ" ਜਾਂ

"ਵੇਲਾ ਵਖਤ ਸਭਿ ਸੁਹਾਇਆ। ਜਿਤੁ ਸਚਾ ਮੇਰੇ ਮਨਿ ਭਾਇਆ।" ਬੰਦੇ ਮੰਨ ਲਵੇ ਤਾਂ ਬੰਦਿਆਈ, ਉਸਦਾ ਧਰਮ ਬਣ ਜਾਂਦੀ।

ਸਮੇਂ ਨੂੰ ਸੁਚੱਜ, ਸੁਲੱਗ, ਸੁਮੱਤ ਨਾਲ ਬਿਤਾਓ, ਕਿਉਂਕਿ ਜੱਗ 'ਤੇ ਕੋਈ ਵੀ ਐਸੀ ਦੁਕਾਨ ਨਹੀਂ, ਜੋ ਤੁਹਾਡਾ 'ਅੱਜ' ਲੈ ਕੇ ਬੀਤਿਆ ਹੋਇਆ 'ਕੱਲ੍ਹ' ਵਿਆਜ ਸਮੇਤ ਵਾਪਸ ਕਰ ਦੇਵੇ। ਇਸ ਲਈ 'ਅੱਜ' ਵਿਚ ਜੀਵੋ। ਬੀਤਿਆ 'ਕੱਲ' ਵਾਪਸ ਨਹੀਂ ਆਉਣਾ ਅਤੇ ਆਉਣ ਵਾਲੇ 'ਕੱਲ੍ਹ' ਦੀ ਕੁੱਖ ਵੀ ਕੀ ਏ, ਕਿਸੇ ਨੂੰ ਕੁਝ ਨਹੀਂ ਪਤਾ।

ਵੇ ਸਮਿਆਂ!
ਦੱਸ ਤਾਂ ਸਹੀ
ਜੇ ਤੈਨੂੰ ਸਿਸਕੀ ਬਣਾ ਕੇ
ਹੱਸਿਆ ਤਾਂ ਕੀ ਹੱਸਿਆ?
ਜੇ ਤੈਨੂੰ ਹੀ ਲਿਤਾੜ ਕੇ
ਮੈਂ ਵੱਸਿਆ ਤਾਂ ਕੀ ਵੱਸਿਆ?
ਜੇ ਤੇਰੇ ਤੋਂ ਕੁਝ ਲੁਕਾ ਕੇ
ਗੈਰ ਨੂੰ ਦੱਸਿਆ ਤਾਂ ਕੀ ਦੱਸਿਆ?
ਜੇ ਤੇਰੇ ਪੈਰੀਂ ਜੰਜੀਰਾਂ ਪਾ ਕੇ
ਮੈਂ ਨੱਸਿਆ ਤਾਂ ਕੀ ਨੱਸਿਆ?
ਜੇ ਤੇਰੀਆਂ ਜੁਲਫਾਂ ਨੂੰ ਉਲਝਾ ਕੇ
ਮੈਂ ਜੱਚਿਆ ਤਾਂ ਕੀ ਜੱਚਿਆ?
ਜੇ ਤੇਰੀਆਂ ਬਦ-ਦੁਆਵਾਂ ਦੀ ਤਸਬੀ ਲੈ
ਘੁੰਗਰੂ ਬੰਨ ਨੱਚਿਆ ਤਾਂ ਕੀ ਨੱਚਿਆ?

ਸਮੇਂ ਨੂੰ ਸਮਝੋ, ਇਸ ਦੀ ਸਾਰਥਿਕਤਾ ਨੂੰ ਪਛਾਣੋ, ਇਸ ਦੀ ਸਦੀਵਤਾ ਅਤੇ ਸੁਹੱਪਣ ਲਈ ਉਦਮ ਕਰੋ। ਇਸ ਦੀਆਂ ਸਦ-ਦੁਆਵਾਂ ਨੂੰ ਆਪਣੀ ਅਸੀਸ ਬਣਾਓ ਤਾਂ ਹੀ ਸਮਾਂ ਤੁਹਾਡੀ ਲੰਮੀ ਉਮਰ ਦੀਆਂ ਦੁਆਵਾਂ ਕਰੇਗਾ। ਤੁਹਾਡੇ ਲਈ ਮਾਂ ਵਰਗੀ ਜਨਤ ਵੀ ਬਣੇਗਾ, ਦਰਿਆਵਾਂ ਜਿਹੀ ਰਵਾਨਗੀ, ਪਰਬਤਾਂ ਜਿਹੀ ਉਚਾਈ, ਅੰਬਰ ਜਿਹੀ ਵਿਸ਼ਾਲਤਾ ਅਤੇ 'ਵਾ-ਰੁਮਕਣੀ ਜਿਹਾ ਸਾਹ ਸੰਗੀਤ ਵੀ। ਸਮੇਂ ਦੀਆਂ ਸੰਦਲੀ ਪੈੜਾਂ ਬਣਨ ਲਈ ਸਾਨੂੰ ਸੁਗੰਧੀਆਂ ਦਾ ਵਪਾਰੀ ਬਣਨਾ ਪਵੇਗਾ। ਸੂਹੀਆਂ ਸੋਚਾਂ ਦੀ ਕਲਮ ਮਨ ਵਿਚ ਲਾਉਣੀ ਪਵੇਗੀ ਅਤੇ ਮਨ-ਮਸਤਕ 'ਤੇ ਕਰਮ ਰੇਖਾਵਾਂ ਦੇ ਨਕਸ਼ ਉਲੀਕਣੇ ਪੈਣਗੇ। ਫਿਰ ਸਮਾਂ ਸਾਡਾ ਹੀ ਹੋਵੇਗਾ। ਅਸੀਂ ਸਮੇਂ ਦੇ ਹਾਣੀ ਬਣ, ਇਸ ਦੇ ਮੋਢੇ 'ਤੇ ਸਿਰ ਰੱਖ ਕੇ ਹੱਸ ਵੀ ਸਕਾਂਗੇ, ਸੁਸਤਾਅ ਵੀ ਸਕਾਂਗੇ ਅਤੇ ਕਦੇ ਕਦਾਈਂ ਆਪਣੀ ਗਮ/ਪੀੜਾ ਨੂੰ ਇਸ ਨਾਲ ਸਾਂਝਾ ਕਰਕੇ ਮਨ ਦਾ ਭਾਰ ਵੀ ਹਲਕਾ ਕਰ ਸਕਾਂਗੇ।

ਸਮੇਂ ਦੀ ਸਰਦਲ 'ਤੇ ਖੜ੍ਹ, ਆਉਣ ਵਾਲੇ ਸਮੇਂ ਵਾਸਤੇ ਦਹਿਲੀਜ਼ਾਂ 'ਤੇ ਤੇਲ ਚੋਈਏ। ਬੀਤੇ ਨੂੰ ਭੁੱਲ ਕੇ ਨਵੀਂ ਸ਼ੁਰੂਆਤ ਨੂੰ ਆਪਣੀ ਕਰਮ-ਜਾਚਨਾ ਬਣਾਈਏ। ਇਸੇ ਕਰਕੇ ਵਰਤਮਾਨ ਬੋਲਦਾ ਹੈ;

ਮੈਂ 'ਅੱਜ' ਹਾਂ
ਮੈਂ 'ਅੱਜ' 'ਚੋਂ
ਬੀਤੇ 'ਕੱਲ' ਦੀ ਨਿਸ਼ਾਨਦੇਹੀ
ਤਾਂ ਕਰ ਸਕਦਾਂ, ਪਰ
'ਕੱਲ' ਨੂੰ 'ਅੱਜ' ਨਹੀਂ ਬਣਾ ਸਕਦਾ।
ਮੈਂ 'ਅੱਜ' ਹਾਂ
ਮੈਂ ਆਉਣ ਵਾਲੇ 'ਕੱਲ' ਨੂੰ
ਚਿੱਤਵ ਸਕਦਾਂ, ਪਰ
ਆਉਣ ਵਾਲਾ 'ਕੱਲ'
'ਕੱਲ' ਹੀ ਹੋਵੇਗਾ
'ਅੱਜ' ਨਹੀਂ ਹੋ ਸਕਦਾ
ਕਿਉਂਕਿ 'ਕੱਲ' ਕਦੇ ਵੀ
ਵਰਤਮਾਨ ਨਹੀਂ ਹੁੰਦਾ
ਇਸ ਲਈ 'ਅੱਜ' ਨੂੰ
'ਅੱਜ' ਸਮਝ ਕੇ ਹੀ ਮਾਣੋ।

# ਪੰਜਾਬ ਦੇ ਸੰਤਾਪੇ ਦਿਨਾਂ ਦੀ ਦਾਸਤਾਨ

**ਪੰਜਾਬ ਬਾਰੇ ਸਾਬਕਾ ਆਈ.ਏ.ਐਸ. ਅਫਸਰ ਨ੍ਰਿਪਇੰਦਰ ਰਤਨ ਦੀ ਹੁਣੇ-ਹੁਣੇ ਕਿਤਾਬ 'ਉਪਰੇਸ਼ਨ ਬਲਿਊ ਸਟਾਰ 84' ਛਪੀ ਹੈ। ਉਸ ਵਕਤ ਉਨ੍ਹਾਂ ਨੂੰ ਜਲੰਧਰ ਡਿਵੀਜ਼ਨ ਦਾ ਕਮਿਸ਼ਨਰ ਲਾਇਆ ਗਿਆ ਸੀ। ਇਸ ਕਿਤਾਬ ਦਾ ਇਕ ਅਧਿਆਇ 'ਸਾਕਾ ਨੀਲਾ ਤਾਰਾ: ਡੀ.ਸੀ. ਅੰਮ੍ਰਿਤਸਰ ਦੀ ਨਿਯੁਕਤੀ' ਪੰਜਾਬ ਟਾਈਮਜ਼ ਦੇ 19 ਜੂਨ 2021 ਵਾਲੇ ਅੰਕ ਨੰਬਰ 25 ਵਿਚ ਛਾਪਿਆ ਜਾ ਚੁੱਕਾ ਹੈ। ਇਸ ਲੇਖ ਵਿਚ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸੁਰਿੰਦਰ ਸਿੰਘ ਤੇਜ ਨੇ ਕਿਤਾਬ ਦੀ ਪੁਣ-ਛਾਣ ਕੀਤੀ ਹੈ ਅਤੇ ਦੱਸਿਆ ਹੈ ਕਿ ਇਸ ਕਿਤਾਬ ਵਿਚ ਕਿਸ ਤਰ੍ਹਾਂ ਕੁਝ ਤੱਥ ਪਹਿਲੀ ਵਾਰ ਪੇਸ਼ ਹੋਏ ਹਨ।**

ਨ੍ਰਿਪਇੰਦਰ ਰਤਨ ਦੀ ਕਿਤਾਬ 'ਉਪਰੇਸ਼ਨ ਬਲਿਊ ਸਟਾਰ-84' ਅਹਿਮ ਦਸਤਾਵੇਜ਼ ਹੈ। ਨੀਲਾ ਤਾਰਾ ਸਾਕੇ ਨਾਲ ਜੁੜੇ ਸਿਆਹ ਦਿਨਾਂ ਦਾ ਪ੍ਰਮਾਣਿਕ ਦਸਤਾਵੇਜ਼। ਲੋਕ ਨਜ਼ਰਾਂ ਸਾਹਮਣੇ ਜੋ ਕੁਝ ਵਾਪਰਿਆ, ਉਸ ਦੀ ਤਸਵੀਰ ਦਰਜਨਾਂ ਕਿਤਾਬਾਂ ਵਿਚ ਮੌਜੂਦ ਹੈ। ਜੋ ਲੋਕ-ਨਜ਼ਰਾਂ ਸਾਹਮਣੇ ਨਹੀਂ ਵਾਪਰਿਆ, ਉਸ ਦੀ ਬੇਬਾਕ ਤਸਵੀਰ ਇਸ ਕਿਤਾਬ ਵਿਚ ਦਰਜ ਹੈ; ਪੂਰੀ ਬੇਲਾਗਤਾ ਤੇ ਨਿਰਭੈਤਾ ਨਾਲ। ਲੇਖਕ ਨਾ ਤਾਂ ਹਕੂਮਤ ਨਾਲ ਧਿਰ ਬਣਿਆ, ਨਾ ਫੌਜ ਨਾਲ ਅਤੇ ਨਾ ਹੀ ਉਨ੍ਹਾਂ ਅਤਿਤਾਈਆਂ ਨਾਲ ਜਿਨ੍ਹਾਂ ਨੂੰ 'ਖਾੜਕੂ' ਦਾ ਲਕਬ ਅਸੀਂ ਅੱਜ ਵੀ ਦੇਈ ਜਾਂਦੇ ਹਾਂ। ਇਨ੍ਹਾਂ ਤਿੰਨਾਂ ਦੀਆਂ ਭੂਮਿਕਾਵਾਂ ਦਾ ਪੋਸਟ-ਮਾਰਟਮ ਅਤੇ ਤਿੰਨਾਂ ਬਾਰੇ ਆਪਣੇ ਪ੍ਰਭਾਵ ਨ੍ਰਿਪਇੰਦਰ ਰਤਨ ਨੇ ਪੂਰੀ ਇਮਾਨਦਾਰੀ ਨਾਲ ਕਲਮਬੰਦ ਕੀਤੇ ਹਨ। ਤਿੰਨਾਂ ਬਾਰੇ ਭਾਸ਼ਾ ਵੀ ਅਮੂਮਨ ਖਰ੍ਹਵੀ ਵਰਤੀ ਹੈ, ਬਿਨਾ ਕਿਸੇ ਲਿਹਾਜ਼ਦਾਰੀ ਦੇ। ਇਹ ਖਰ੍ਹਵਾਪਣ ਉਸ ਘਟਨਾਕ੍ਰਮ ਦੇ ਕਿਰਦਾਰਾਂ ਅੰਦਰਲੇ ਦੰਭ ਤੇ ਮੱਕਾਰੀ ਤੋਂ ਉਪਜੀ ਅੰਤਰੀਵੀ ਪੀੜਾ ਦਾ ਇਜ਼ਹਾਰ ਹੈ। ਸੱਚਮੁੱਚ ਬੜਾ ਦੰਭ ਦੇਖਿਆ ਉਨ੍ਹੀਂ ਦਿਨੀਂ ਪੰਜਾਬ ਨੇ; ਧਰਮਾਂ ਦੇ ਨਾਂ 'ਤੇ, ਹਕੂਮਤੀ ਜਵਾਬ ਦੇ




**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**


ਨਾਂ 'ਤੇ, ਕੌਮਵਾਦ ਤੇ ਰਾਸ਼ਟਰਵਾਦ ਦੇ ਨਾਂ 'ਤੇ। ਇਸ ਦੰਭ, ਇਸ ਤੋਂ ਉਪਜੇ ਅਤਿਵਾਦ ਅਤੇ ਸਾਰੀਆਂ ਸਬੰਧਿਤ ਧਿਰਾਂ 'ਚ ਨੇਕ ਨੀਅਤੀ ਦੀ ਘਾਟ ਨੇ ਸਾਡੇ ਸੂਬੇ ਦੇ ਭਵਿੱਖ ਨੂੰ ਇਸ ਹੱਦ ਤੱਕ ਧੁਆਂਖ ਦਿੱਤਾ ਕਿ ਕਾਲਖ ਅੱਜ ਵੀ ਸਾਡੀ ਤਕਦੀਰ ਬਣੀ ਹੋਈ ਹੈ। ਜਿਨ੍ਹਾਂ ਪੈਮਾਨਿਆਂ ਰਾਹੀਂ ਵਿਕਾਸ ਨੂੰ ਆਂਕਿਆ ਜਾਂਦਾ ਹੈ, ਉਨ੍ਹਾਂ ਮੁਤਾਬਿਕ ਪੰਜਾਬ ਹੁਣ ਮੋਹਰੀ ਰਾਜਾਂ ਵਿਚ ਸ਼ੁਮਾਰ ਨਹੀਂ। ਨਿਘਾਰ ਦਾ ਇਹ ਸਿਲਸਿਲਾ ਰੁਕਣ ਦੀ ਉਮੀਦ ਵੀ ਨਜ਼ਰ ਨਹੀਂ ਆਉਂਦੀ।

ਨ੍ਰਿਪਇੰਦਰ ਰਤਨ ਨੇ ਕਿਤਾਬ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ। ਮੇਰੀ ਸੂਝ ਮੁਤਾਬਿਕ ਇਸ ਦੇ ਤਿੰਨ ਅਨੁਭਾਗ ਹਨ। ਪਹਿਲਾ ਭਾਗ 3 ਜੂਨ 1984 ਤੋਂ ਬਾਅਦ ਵਾਪਰੀਆਂ ਘਟਨਾਵਾਂ ਅਤੇ ਅਨੁਭਵਾਂ ਦੇ ਡਾਇਰੀਨੁਮਾ ਰਿਕਾਰਡ ਦੇ ਰੂਪ ਵਿਚ ਹੈ। ਲੇਖਕ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਵਜੋਂ 16 ਦਿਨਾਂ ਤੱਕ ਅੰਮ੍ਰਿਤਸਰ ਵਿਚ ਤਾਇਨਾਤ ਰਿਹਾ। ਉਸ ਦਾ ਕੰਮ ਨੀਲਾ ਤਾਰਾ ਸਾਕੇ ਦੇ ਪ੍ਰਸੰਗ ਵਿਚ ਅੰਮ੍ਰਿਤਸਰ ਤੇ ਹੋਰ ਜ਼ਿਲ੍ਹਿਆਂ ਵਿਚ ਉਭਰੀਆਂ ਪ੍ਰਸ਼ਾਸਨਿਕ ਚੁਣੌਤੀਆਂ ਨਾਲ ਸਿੱਝਣ ਵਿਚ ਡਿਪਟੀ ਕਮਿਸ਼ਨਰਾਂ ਨੂੰ ਸੇਧ ਦੇਣਾ ਅਤੇ ਫੌਜ ਤੇ ਸਿਵਲ ਪ੍ਰਸ਼ਾਸਨ ਦਰਮਿਆਨ ਤਾਲਮੇਲ ਬਿਠਾਉਣਾ ਸੀ। ਬੜੇ ਤਣਾਅ ਭਰੇ ਦਿਨ ਸਨ। ਫਿਰਕਾਪ੍ਰਸਤੀ ਨੇ ਸਿਰ ਚੁੱਕਿਆ ਹੋਇਆ ਸੀ। ਨਹੁੰ-ਮਾਸ ਦੀ ਸਾਂਝ ਦਮ ਤੋੜਦੀ ਜਾਪਣ ਲੱਗੀ ਸੀ। ਨੀਲਾ ਤਾਰਾ ਸਾਕੇ ਨੇ ਪੰਜਾਬ ਅਤੇ ਬਾਕੀ ਜਹਾਨ ਵਿਚ ਬੈਠੇ ਸਿੱਖ ਭਾਈਚਾਰੇ ਨੂੰ ਡੂੰਘੀ ਮਾਨਸਿਕ ਸੱਟ ਮਾਰੀ ਸੀ। ਉਸ ਸੱਟ ਦੀ ਸੱਲ੍ਹ ਅੱਜ ਵੀ ਬਰਕਰਾਰ ਹੈ, ਇਹ ਕੋਈ ਅਣਹੋਣੀ ਗੱਲ ਨਹੀਂ। ਆਸਥਾ ਨਾਲ ਜੁੜੇ ਸੰਤਾਪਾਂ ਦੀ ਉਮਰ ਸਦਾ ਹੀ ਬਹੁਤ ਲੰਮੀ ਹੁੰਦੀ ਹੈ। ਬਹਰਹਾਲ, ਉਨ੍ਹੀਂ ਦਿਨੀਂ ਹਾਲਾਤ ਉਤੇ ਕਾਬੂ ਪਾਉਣ ਲਈ ਅੰਤਾਂ ਦੀ ਸੰਜੀਦਗੀ ਤੇ ਸੰਵੇਦਨਸ਼ੀਲਤਾ ਦਿਖਾਉਣ ਦੀ ਲੋੜ ਸੀ। ਇਹ ਦੋਵੇਂ ਤੱਤ ਕੇਂਦਰ ਸਰਕਾਰ ਅਤੇ ਫੌਜ ਦੀ ਪਹੁੰਚ ਵਿਚੋਂ ਗਾਇਬ ਸਨ। ਇਹ ਸਾਰਾ ਬਿਰਤਾਂਤ ਕਿਸੇ ਅਜਿਹੇ ਅਧਿਕਾਰੀ ਦੀ ਕਲਮ ਰਾਹੀਂ ਸਾਹਮਣੇ ਲਿਆਉਣ ਦੀ ਜ਼ਰੂਰਤ ਸੀ ਜੋ ਸਮੁੱਚੇ ਘਟਨਾ-ਚੱਕਰ ਦਾ ਚਸ਼ਮਦੀਦ ਬਣਿਆ ਰਿਹਾ। ਨ੍ਰਿਪਇੰਦਰ ਰਤਨ ਨੇ ਇਸ ਕਿਤਾਬ ਦੇ ਪਹਿਲੇ ਅਨੁਭਾਗ ਰਾਹੀਂ ਇਹ ਜ਼ਰੂਰਤ ਬਾਖ਼ੂਬੀ ਪੂਰੀ ਕੀਤੀ ਹੈ।

ਦੂਜਾ ਅਨੁਭਾਗ ਅਨੁਲੱਗਾਂ ਦੇ ਰੂਪ ਵਿਚ ਹੈ। ਇਸੇ ਅਨੁਭਾਗ ਵਿਚ ਲੇਖਕ ਨੇ ਡਾਇਰੀ ਵਾਲੇ ਦਾਇਰੇ ਤੋਂ ਬਾਹਰ ਜਾ ਕੇ ਸਮੁੱਚੇ ਸਾਕੇ ਦੇ ਵੱਖ-ਵੱਖ ਪੱਖਾਂ ਬਾਰੇ ਆਪਣੇ ਨਿੱਜੀ ਵਿਚਾਰ ਅਤੇ ਪ੍ਰਭਾਵ ਪਾਠਕਾਂ ਨਾਲ ਸਾਂਝੇ ਕੀਤੇ ਹਨ। ਇਸ ਅਨੁਭਾਗ ਵਿਚ ਸ਼ਾਮਲ ਲੇਖਾਂ ਰਾਹੀਂ 'ਕੀ ਸਮੁੱਚਾ ਉਪਰੇਸ਼ਨ ਪਹਿਲਾਂ ਤੋਂ ਮਿਥਿਆ ਗਿਆ ਸੀ', 'ਕੀ ਇਸ ਉਪਰੇਸ਼ਨ ਦਾ ਕੋਈ ਬਦਲ ਹੋ ਸਕਦਾ ਸੀ', 'ਕੀ ਫੌਜੀ ਜਰਨੈਲ ਸਿੱਖ-ਵਿਰੋਧੀ ਸਨ' ਵਰਗੇ ਸਵਾਲਾਂ ਉਤੇ ਚਿੰਤਨ-ਮੰਥਨ ਕੀਤਾ ਗਿਆ ਹੈ ਅਤੇ ਜਵਾਬ ਵੀ ਤਾਰਕਿਕ ਢੰਗ ਨਾਲ ਸਾਹਮਣੇ ਲਿਆਂਦੇ ਗਏ ਹਨ। ਤੀਜੇ ਅਨੁਭਾਗ ਵਿਚ ਸਾਕਾ ਨੀਲਾ ਤਾਰਾ ਜਾਂ ਉਸੇ ਸਮਾਂ-ਕਾਲ ਨਾਲ ਜੁੜੀਆਂ ਨ੍ਰਿਪਇੰਦਰ ਰਤਨ ਦੀਆਂ ਸਾਹਿਤਕ ਰਚਨਾਵਾਂ ਸ਼ਾਮਲ ਹਨ। ਇਹ ਰਚਨਾਵਾਂ ਉਸੇ ਅੰਤਰੀਵੀ ਪੀੜਾ ਦੀ ਤਰਜਮਾਨੀ ਕਰਦੀਆਂ ਹਨ ਜੋ ਪਹਿਲੇ ਦੋ ਅਨੁਭਾਗਾਂ ਵਿਚ ਨਿਹਿਤ ਹੈ।






ਨ੍ਰਿਪਇੰਦਰ ਰਤਨ ਦੀ ਕਿਤਾਬ ਦਾ ਮੁਖੜਾ ਅਤੇ 1984 ਵਿਚ ਉਪਰੇਸ਼ਨ ਬਲਿਊ ਸਟਾਰ ਵੇਲੇ ਤਾਇਨਾਤ ਸੁਰੱਖਿਆ ਕਰਮੀ।

ਸਮੁੱਚੇ ਸਾਕੇ ਦੌਰਾਨ ਮਾਰੇ ਗਏ ਸਿਵਲੀਅਨਾਂ, ਫੌਜੀਆਂ ਤੇ ਅਤਿਵਾਦੀਆਂ ਦੀ ਗਿਣਤੀ ਅਤੇ ਬੰਦੀ ਬਣਾਏ ਗਏ ਲੋਕਾਂ ਤੇ ਧਰਮੀ ਫੌਜੀਆਂ ਦੇ ਵੇਰਵੇ ਵੀ ਇਸ ਕਿਤਾਬ ਵਿਚ ਸ਼ਾਮਿਲ ਹਨ। ਸਮਕਾਲੀ ਘਟਨਾਵਾਂ ਤੋਂ ਉਭਰੀ ਰੋਹ ਅਤੇ ਪੀੜ ਵਾਲੀ ਤੰਦ ਤੋਂ ਇਲਾਵਾ ਸਮੇਂ ਦਾ ਸੱਚ ਸਾਹਮਣੇ ਲਿਆਉਣ ਦੀ ਚਾਹਤ ਵੀ ਕਿਤਾਬ ਵਿਚ ਨੁਮਾਇਆ ਰੂਪ ਵਿਚ ਮੌਜੂਦ ਹੈ। ਇਹ ਦੋਵੇਂ ਜਜ਼ਬੇ ਕਿਤਾਬ ਦੀ ਪ੍ਰਮਾਣਿਕਤਾ ਤੇ ਪੜ੍ਹਨਯੋਗਤਾ ਵਧਾਉਂਦੇ ਹਨ।

ਭੂਮਿਕਾ ਵਿਚ ਨ੍ਰਿਪਇੰਦਰ ਰਤਨ ਨੇ ਕਿਤਾਬ ਛਪਣ ਵਿਚ ਹੋਈ ਦੇਰੀ ਦੀ ਵਜ੍ਹਾ ਬਿਆਨ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਿਛਲੇ 37 ਵਰ੍ਹਿਆਂ ਦੌਰਾਨ ਨੀਲਾ ਤਾਰਾ ਸਾਕੇ ਬਾਰੇ ਅੰਗਰੇਜ਼ੀ, ਪੰਜਾਬੀ ਤੇ ਹੋਰਨਾਂ ਭਾਰਤੀ ਭਾਸ਼ਾਵਾਂ ਵਿਚ 100 ਤੋਂ ਵੱਧ ਕਿਤਾਬਾਂ ਛਪ ਚੁੱਕੀਆਂ ਹਨ। ਉਸ ਹਿਸਾਬ ਨਾਲ ਇਹ ਕਿਤਾਬ ਵੀ ਪਹਿਲਾਂ ਛਪ ਜਾਣੀ ਚਾਹੀਦੀ ਸੀ ਪਰ ਨਾਲ ਹੀ ਉਨ੍ਹਾਂ ਮੰਨਿਆ ਹੈ ਕਿ ਇਤਿਹਾਸਕ ਘਟਨਾ ਜਾਂ ਘਟਨਾਵਾਂ ਨੂੰ ਸਮਝਣ ਤੇ ਵਿਸ਼ਲੇਸ਼ਣ ਕਰਨ ਵਿਚ ਦੋ-ਤਿੰਨ ਸਦੀਆਂ ਦਾ ਸਮਾਂ ਵੀ ਬਹੁਤਾ ਨਹੀਂ ਸਮਝਿਆ ਜਾਂਦਾ। ਇਹ ਕਾਰਨ ਦਰੁਸਤ ਹੈ। ਇਤਿਹਾਸ ਲੇਖਣ ਵਿਚ ਬੇਲਾਗਤਾ ਲਿਆਉਣ ਲਈ ਘੱਟੋ-ਘੱਟ ਇਕ ਪੀੜ੍ਹੀ ਦਾ ਅੰਤਰ ਜ਼ਰੂਰੀ ਹੁੰਦਾ ਹੈ। ਤੱਤ-ਫੱਟ ਲਿਖਿਆ ਬਿਰਤਾਂਤ ਅਮੂਮਨ ਅੰਤਰਮੁਖੀ ਹੋ ਨਿਬੜਦਾ ਹੈ। ਨਾ ਚਾਹੁੰਦੇ ਹੋਏ ਵੀ ਉਸ ਵਿਚ ਉਲਾਰ ਦਾਖਲ ਹੋ ਜਾਂਦਾ ਹੈ। ਉਂਜ ਵੀ, ਕਾਹਲ ਕਾਰਨ ਤੱਥਾਂ, ਹਾਲਾਤ ਤੇ ਘਟਨਾਵਾਂ ਦੀ ਗਲਤ ਵਿਆਖਿਆ ਦੀ ਗੁੰਜਾਇਸ਼ ਲਗਾਤਾਰ ਬਣੀ ਰਹਿੰਦੀ ਹੈ। ਸਾਕਾ ਨੀਲਾ ਤਾਰਾ ਬਾਰੇ ਬਹੁਤੀਆਂ ਕਿਤਾਬਾਂ ਵਿਚ ਉਲਾਰਵਾਦੀ ਰੁਝਾਨ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਰਹੇ ਹਨ। ਨ੍ਰਿਪਇੰਦਰ ਰਤਨ ਦੀ ਕਿਤਾਬ ਦਾ ਬੁਨਿਆਦੀ ਖਰੜਾ 1985 ਵਿਚ ਲਿਖਿਆ ਗਿਆ। ਉਸ ਤੋਂ ਬਾਅਦ ਜੇਕਰ ਕਿਤਾਬ ਛਪਣ ਵਿਚ 37 ਵਰ੍ਹਿਆਂ ਦੀ ਦੇਰੀ ਹੋਈ ਤਾਂ ਇਤਿਹਾਸ ਦੀ ਦ੍ਰਿਸ਼ਟੀ ਅਤੇ ਪ੍ਰਸੰਗ ਤੋਂ ਇਹ ਲਾਹੇਵੰਦੀ ਰਹੀ। ਇਨ੍ਹਾਂ ਵਰ੍ਹਿਆਂ ਦੌਰਾਨ ਉਨ੍ਹਾਂ ਨੂੰ ਖੋਜ ਤੇ ਤੱਥਾਂ ਦੀ ਤਸਦੀਕ ਕਰਨ ਵਾਸਤੇ ਵਾਜਬ ਸਮਾਂ ਮਿਲ ਗਿਆ। ਉਹ ਬਲਿਊ ਸਟਾਰ ਦੌਰਾਨ ਮਾਰੇ ਗਏ ਨਾਗਰਿਕਾਂ ਦੀ ਗਿਣਤੀ, ਮ੍ਰਿਤ ਸੈਨਿਕਾਂ ਦੀ ਗਿਣਤੀ, ਬਗਾਵਤ ਕਰਨ ਵਾਲੇ ਸੈਨਿਕਾਂ (ਧਰਮੀ ਫੌਜੀਆਂ) ਦੀ ਸੰਖਿਆ, ਬਗਾਵਤ ਦੀਆਂ ਘਟਨਾਵਾਂ ਦੌਰਾਨ ਮਰਨ ਵਾਲੇ ਜਾਂ ਗੁੰਮਸ਼ੁਦਾ ਸੈਨਿਕਾਂ ਦੀ ਸੰਖਿਆ ਅਤੇ ਸਜ਼ਾਵਾਂ ਭੋਗਣ ਵਾਲੇ ਸੈਨਿਕਾਂ ਦੀ ਗਿਣਤੀ ਨਾਲ ਜੁੜੇ ਸਾਰੇ ਪੱਖਾਂ ਦੀ ਤਸਦੀਕ ਕਰ ਸਕੇ। ਉਨ੍ਹਾਂ ਵੱਲੋਂ ਪੇਸ਼ ਅੰਕੜੇ (ਜਿਵੇਂ ਮ੍ਰਿਤਕ ਨਾਗਰਿਕਾਂ (ਸਿਵਲੀਅਨਾਂ) ਦੀ ਸੰਖਿਆ ਵੱਧ ਤੋਂ ਵੱਧ 800 ਤੇ ਘੱਟ ਤੋਂ ਘੱਟ 543 ਜਾਂ ਮ੍ਰਿਤਕ ਸੈਨਿਕਾਂ ਦੀ ਸਹੀ ਸੰਖਿਆ 79) ਭਰਮ-ਭੁਲੇਖੇ ਦੂਰ ਕਰਨ ਵਾਲੇ ਹਨ। ਇਨ੍ਹਾਂ ਅੰਕੜਿਆਂ ਉੱਤੇ ਉਜ਼ਰ ਅਜੇ ਵੀ ਹੋਣਗੇ। ਦਰਅਸਲ, ਕੈਨੇਡੀਅਨ/ਅਮਰੀਕਾ ਡਾਲਰਾਂ ਦੀ ਚਮਕ ਅਤੇ ਧਾਰਮਿਕ ਉਲਾਰਵਾਦ ਦੋ ਅਜਿਹੇ ਤੱਤ ਹਨ ਜੋ ਸੈਂਕੜਿਆਂ ਨੂੰ ਹਜ਼ਾਰਾਂ ਵਿਚ ਬਦਲਣ ਵਿਚ ਰਤਾ ਵੀ ਦੇਰ ਨਹੀਂ ਲਾਉਂਦੇ। ਬਾਬੇ ਨਾਨਕ ਦੀ ਤਰਕਸ਼ੀਲ ਸਿੱਖੀ ਨੂੰ ਕਰਾਮਾਤੀ ਸਾਖੀਕਾਰੀ ਵਿਚ ਬਦਲਣ ਦੀ ਇਹੋ ਪ੍ਰਥਾ ਅਤੇ ਵਿਧਾ ਹੀ ਸਿੱਖੀ ਵਿਚੋਂ ਉਸ ਤਰਕ-ਬਿਬੇਕ ਦਾ ਬੀਜ-ਨਾਸ ਕਰਦੀ ਆ ਰਹੀ ਹੈ ਜੋ ਸਿੰਘ ਸਭਾ ਲਹਿਰ ਦੇ ਉਭਾਰ ਅਤੇ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਮੁੱਢਲੇ ਵਰ੍ਹਿਆਂ ਦੌਰਾਨ ਨਜ਼ਰ ਆਇਆ ਸੀ।

> **ਸਾਕਾ ਨੀਲਾ ਤਾਰਾ ਨੂੰ ਸਿੱਖ ਇਤਿਹਾਸ ਦਾ ਤੀਜਾ ਘੱਲੂਘਾਰਾ ਮੰਨਿਆ ਜਾਣ ਲੱਗਾ ਹੈ। ਇਸ ਘੱਲੂਘਾਰੇ ਦੀ ਬਰਸੀ ਮੌਕੇ ਬੜੀਆਂ ਤੱਤੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਹਕੂਮਤਾਂ ਤੇ ਉਨ੍ਹਾਂ ਦੇ ਕਾਰਿੰਦਿਆਂ ਨੂੰ ਕੋਸਣ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਂਦੀ। ਹਕੂਮਤਾਂ ਨੂੰ ਕੋਸਣਾ ਗਲਤ ਵੀ ਨਹੀਂ ਪਰ ਨਾਲ ਹੀ ਇਮਾਨਦਾਰੀ ਨਾਲ ਆਤਮ-ਪੜਚੋਲ ਕਰਨ ਅਤੇ ਆਪਣੀਆਂ ਭੁੱਲਾਂ ਦੀ ਨਿਸ਼ਾਨਦੇਹੀ ਕਰਨ ਦਾ ਅਮਲ ਵੀ ਹੁਣ ਸ਼ੁਰੂ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਘੱਲੂਘਾਰੇ ਨੂੰ ਹਵਾ ਦਿੱਤੀ। ਆਪਣੜੇ ਗਿਰੇਬਾਨ ਵਿਚ ਝਾਕਣ ਦਾ ਗੁਰ-ਉਪਦੇਸ਼, ਗੁਰ-ਸਥਾਨਾਂ ਵਿਚ ਰਟਾਇਆ ਰੋਜ਼ ਜਾਂਦਾ ਹੈ, ਇਸ ਨੂੰ ਅਸਲੀ ਰੂਪ ਦੇਣ ਦੀ ਸ਼ੁਰੂਆਤ ਵੀ ਹਲੀਮੀ, ਨੇਕ ਨੀਅਤੀ ਤੇ ਤਨਦੇਹੀ ਨਾਲ ਕੀਤੀ ਜਾਣੀ ਚਾਹੀਦੀ ਹੈ। ਨ੍ਰਿਪਇੰਦਰ ਰਤਨ ਦੀ ਕਿਤਾਬ ਅਜਿਹੀ ਆਤਮ-ਪੜਚੋਲ ਵਿਚ ਸਹਾਈ ਹੋਣ ਦੀ ਸਮਰੱਥਾ ਰੱਖਦੀ ਹੈ।**

ਤਿੰਨ ਜੂਨ ਤੋਂ 16 ਜੂਨ 1984 ਤੱਕ ਦੀ ਤਫਸੀਲ ਪੇਸ਼ ਕਰਨ ਵਾਲੇ ਪੰਨੇ ਦਰਸਾਉਂਦੇ ਹਨ ਕਿ ਜਿਨ੍ਹਾਂ ਨੇ ਬਲਿਊ ਸਟਾਰ ਅਪਰੇਸ਼ਨ ਉਲੀਕਿਆ, ਉਹ ਜ਼ਮੀਨੀ ਹਕੀਕਤਾਂ ਤੋਂ ਕਿੰਨੇ ਕੋਰੇ ਸਨ। ਇਸ ਤੋਂ ਇਲਾਵਾ ਉਨ੍ਹਾਂ ਨੇ ਨਾ ਤਾਂ ਫੌਜ ਤੇ ਸਿਵਲ ਪ੍ਰਸ਼ਾਸਨ ਦਰਮਿਆਨ ਤਾਲਮੇਲ ਦੀ ਕੋਈ ਯੋਜਨਾ ਉਲੀਕੀ ਅਤੇ ਨਾ ਹੀ ਅਹਿਮ ਸਿਆਸੀ ਧਿਰਾਂ ਤੇ ਸੂਬਾਈ ਪੱਧਰ ਦੇ ਉੱਚ ਅਧਿਕਾਰੀਆਂ ਨੂੰ ਭਰੋਸੇ ਵਿਚ ਲੈਣਾ ਮੁਨਾਸਿਬ ਸਮਝਿਆ। ਫੌਜੀ ਅਫਸਰ, ਸਿਵਲ ਪ੍ਰਸ਼ਾਸਨ ਪ੍ਰਤੀ ਆਪਣੀ ਹਿਕਾਰਤ ਅਕਸਰ ਛੁਪਾਉਂਦੇ ਨਹੀਂ। ਉਨ੍ਹਾਂ ਨੂੰ ਹਰ ਬਾਬੂ ਕੰਮਚੋਰ, ਭ੍ਰਿਸ਼ਟ ਅਤੇ ਲਾਲਫੀਤਾਸ਼ਾਹੀ ਦਾ ਪਾਬੰਦ ਨਜ਼ਰ ਆਉਂਦਾ ਹੈ। ਕਸੂਰ ਉਨ੍ਹਾਂ ਦਾ ਨਹੀਂ। ਉਨ੍ਹਾਂ ਨੂੰ ਸਿਖਲਾਈ ਦੌਰਾਨ ਇਹ ਬੋਧ ਹੀ ਨਹੀਂ ਕਰਾਇਆ ਜਾਂਦਾ ਕਿ ਪਲਟਣ ਦੇ ਪ੍ਰਬੰਧ ਅਤੇ ਸਿਵਲੀਅਨ ਪ੍ਰਸ਼ਾਸਨ ਦਰਮਿਆਨ ਜ਼ਮੀਨ ਅਸਮਾਨ ਦਾ ਫਰਕ ਹੈ। ਬਾਬੂ ਚਾਹੇ ਜਿੰਨਾ ਵੀ ਵੱਡਾ ਕਿਉਂ ਨਾ ਹੋਵੇ, ਕੋਈ ਵੀ ਹੁਕਮ ਦੇਣ ਤੋਂ ਪਹਿਲਾਂ ਉਸ ਨੂੰ ਲੋਕ ਭਾਵਨਾਵਾਂ ਦਾ ਧਿਆਨ ਰੱਖਣਾ ਪੈਂਦਾ ਹੈ। ਸਿਵਲ ਅਫਸਰਾਂ ਦੀ ਸਿਖਲਾਈ ਹੀ ਇਸੇ ਲੀਹ 'ਤੇ ਹੁੰਦੀ ਹੈ। ਸਖਤੀ ਵਰਗੇ ਹਥਿਆਰ ਉਨ੍ਹਾਂ ਕੋਲ ਵੀ ਹੁੰਦੇ ਹਨ ਪਰ ਇਹ ਹਥਿਆਰ ਪੁੱਠੇ ਰੱਖਣ ਦੀ ਮਜਬੂਰੀ ਉਨ੍ਹਾਂ ਨੂੰ ਆਪਣੇ ਅੰਦਰ ਵਿਕਸਿਤ ਕਰਨੀ ਹੀ ਪੈਂਦੀ ਹੈ। ਫੌਜ ਤੇ ਸਿਵਲ ਪ੍ਰਸ਼ਾਸਨ ਦੇ ਸੁਭਾਅ ਅੰਦਰਲਾ ਇਹੋ ਬੁਨਿਆਦੀ ਫਰਕ, ਹੰਗਾਮੀ ਹਾਲਾਤ ਦੌਰਾਨ ਦੋਵਾਂ ਧਿਰਾਂ ਦਰਮਿਆਨ ਤਣਾਅ ਦਾ ਸਬਬ ਅਕਸਰ ਬਣ ਜਾਂਦਾ ਹੈ। ਸਾਕਾ ਨੀਲਾ ਤਾਰਾ ਦੇ ਦਿਨਾਂ ਦੌਰਾਨ ਤਾਂ ਇਹ ਤਣਾਅ ਕੁਝ ਜ਼ਿਆਦਾ ਹੀ ਸੀ। ਕੇਂਦਰੀ ਹਾਕਮਾਂ ਵੱਲੋਂ ਫੌਜ ਦੇ ਅਧਿਕਾਰਾਂ ਤੇ ਅਧਿਕਾਰ ਖੇਤਰ ਦੀ ਸਪਸ਼ਟ ਨਿਸ਼ਾਨਦੇਹੀ ਨਹੀਂ ਸੀ ਕੀਤੀ ਗਈ। ਲਿਹਾਜ਼ਾ, ਸਿਵਲ ਪ੍ਰਸ਼ਾਸਨ ਨੂੰ ਗੁੱਠੇ ਲਾ ਕੇ ਰੱਖਣਾ ਫੌਜ ਨੂੰ ਆਪਣਾ ਪਰਮ-ਧਰਮ ਜਾਪਣ ਲੱਗਾ ਸੀ। ਇਸ ਨੇ ਹਾਲਾਤ ਦੀ ਪੇਚੀਦਗੀ ਵਧਾਈ। ਸਿਵਲ ਪ੍ਰਸ਼ਾਸਨ ਨੇ ਮੂੰਹ ਵੱਟ ਕੇ ਬੈਠਣਾ ਮੁਨਾਸਿਬ ਸਮਝਿਆ। ਪ੍ਰੇਸ਼ਾਨੀ ਆਮ ਲੋਕਾਂ ਨੂੰ ਹੋਈ। ਅੰਮ੍ਰਿਤਸਰ, ਸਮੁੱਚੀ ਫੌਜੀ ਕਾਰਵਾਈ ਦਾ ਧੁਰਾ ਸੀ। ਉਥੇ ਫਿਰਕੂ ਕਸ਼ੀਦਗੀ ਵੀ ਸਭ ਤੋਂ ਵੱਧ ਸੀ। ਇਕ ਫਿਰਕੇ ਵਿਚ ਰੋਸਾ ਤੇ ਨਮੋਸ਼ੀ ਸੀ, ਦੂਜੇ ਫਿਰਕੇ ਵਾਲੇ ਜਸ਼ਨ ਮਨਾ ਰਹੇ ਸਨ। ਫੌਜ ਇਸ ਹਾਲਤ ਦੀ ਨਜ਼ਾਕਤ ਤੋਂ ਨਾਵਾਕਫ ਸੀ। ਇਤਫਾਕਵੱਸ, ਨ੍ਰਿਪਇੰਦਰ ਰਤਨ 7 ਜੂਨ ਨੂੰ ਇਸ 'ਗਰਾਊਂਡ ਜ਼ੀਰੋ' ਉਤੇ ਪਹੁੰਚ ਗਏ। ਅੰਮ੍ਰਿਤਸਰ ਦੇ ਜੰਮਪਲ ਹੋਣ ਦੇ ਨਾਤੇ ਉਹ ਸ਼ਹਿਰ ਦੇ ਚੱਪੇ-ਚੱਪੇ ਤੋਂ ਵਾਕਫ ਸਨ। ਬਿਖਰੀਆਂ ਤੰਦਾਂ ਨੂੰ ਸਮੇਟਣ ਅਤੇ ਫੌਜ ਤੇ ਸਿਵਲ ਪ੍ਰਸ਼ਾਸਨ ਦਰਮਿਆਨ ਰਾਬਤਾ ਬਿਹਤਰ ਬਣਾਉਣ ਵਾਸਤੇ ਉਨ੍ਹਾਂ ਨੂੰ ਖੂਬ ਮੁਸ਼ੱਕਤ ਕਰਨੀ ਪਈ। ਇਹ ਸਾਰਾ ਬਿਰਤਾਂਤ ਇਸ ਕਿਤਾਬ ਦੀ ਜਿੰਦ-ਜਾਨ ਹੈ।

ਨ੍ਰਿਪਇੰਦਰ ਰਤਨ ਸਮੁੱਚੇ ਘਟਨਾਕ੍ਰਮ ਦੇ ਚਸ਼ਮਦੀਦ (ਇਕ ਹੱਦ ਤੱਕ ਪਾਤਰ) ਵੀ ਸਬਬੀ ਹੀ ਬਣੇ। ਇਸ ਦੇ ਪ੍ਰਸੰਗ ਵਿਚ ਉਹ ਲਿਖਦੇ ਹਨ: "ਕਦੇ-ਕਦੇ ਘਟਨਾ ਚੱਕਰ ਐਨਾ ਤੇਜ਼ ਚਲਦਾ ਹੈ ਅਤੇ ਹਾਲਾਤ ਐਸੇ ਬਣ ਜਾਂਦੇ ਹਨ ਕਿ ਅਣਚਾਹੇ ਹੀ, ਅਣਜਾਣੇ ਹੀ ਜ਼ਿੰਮੇਵਾਰੀ ਦਾ ਬੋਝ ਆ ਪੈਂਦਾ ਹੈ ਅਤੇ ਤੁਸੀਂ ਐਸੇ ਘਟਨਾ-ਚੱਕਰ ਦੇ ਅੱਖੀਂ ਦੇਖੇ ਗਵਾਹ ਬਣ ਜਾਂਦੇ ਹੋ ਜਿਸ ਬਾਰੇ ਕਦੇ ਕਿਸੇ ਨੇ ਸੁਪਨੇ ਵਿਚ ਵੀ ਸੋਚਿਆ ਨਾ ਹੋਵੇ ਅਤੇ ਜਿਸ ਨਾਲ ਤੁਹਾਡਾ, ਆਮ ਜੀਵਨ ਵਿਚ, ਕੋਈ ਦੂਰ-ਨੇੜੇ ਦਾ ਵੀ ਸਬੰਧ ਨਾ ਹੋਵੇ।" (ਪੰਨਾ 14)। ਉਨ੍ਹਾਂ ਦੀ ਨਿਯੁਕਤੀ ਕਮਿਸ਼ਨਰ (ਅਪੀਲ), ਜਲੰਧਰ ਡਿਵੀਜ਼ਨ ਹੋਈ ਸੀ। ਕਮਿਸ਼ਨਰ (ਪ੍ਰਸ਼ਾਸਨ) ਵਾਲਾ ਅਹੁਦਾ ਦਿਨੇਸ਼ ਚੰਦਰ ਆਈ.ਏ.ਐਸ. ਕੋਲ ਸੀ। ਦਿਨੇਸ਼ ਚੰਦਰ ਤਿੰਨ ਤੋਂ 10 ਜੂਨ ਤੱਕ ਛੁੱਟੀ ਚਲਾ ਗਿਆ। ਉਸ ਦਾ ਚਾਰਜ ਕਮਿਸ਼ਨਰ (ਅਪੀਲ) ਨੂੰ ਸੌਂਪ ਦਿੱਤਾ ਗਿਆ।

ਇਹੋ ਚਾਰਜ ਨ੍ਰਿਪਇੰਦਰ ਰਤਨ ਨੂੰ ਅੰਮ੍ਰਿਤਸਰ ਲੈ ਗਿਆ ਜਿੱਥੇ ਉਨ੍ਹਾਂ ਨੂੰ ਕਰੀਬ 12 ਦਿਨ ਕੈਂਪ ਦਫਤਰ ਬਣਾ ਕੇ ਰਹਿਣਾ ਪਿਆ। ਇਸ ਦੌਰਾਨ ਉਨ੍ਹਾਂ ਨੂੰ ਹੋਰ ਜ਼ਿੰਮੇਵਾਰੀਆਂ ਤੋਂ ਇਲਾਵਾ ਫੌਜੀ ਅਫਸਰਾਂ ਤੇ ਸਿਵਲ ਪ੍ਰਸ਼ਾਸਨ ਦਰਮਿਆਨ ਫਾਇਰ ਫਾਈਟਰ ਦੀ ਭੂਮਿਕਾ ਵੀ ਨਿਭਾਉਣੀ ਪਈ। ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਦੇ ਮੁਕਾਬਲੇ ਉਪਰੋਕਤ ਭੂਮਿਕਾ ਕਿਤੇ ਵੱਧ ਅਕਾਊ ਤੇ ਥਕਾਊ ਸੀ।

ਕਿਤਾਬ ਦਾ 8 ਜੂਨ 1984 ਵਾਲਾ ਅਧਿਆਇ ਬੜਾ ਹੌਲਨਾਕ ਮੰਜ਼ਰ ਉਭਾਰਦਾ ਹੈ, ਖਾਸ ਤੌਰ 'ਤੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਤੇ ਬਾਹਰ ਦਾ। ਉਨ੍ਹਾਂ ਦੇ ਸ਼ਬਦਾਂ ਵਿਚ "ਬੜਾ ਭਿਅੰਕਰ ਦ੍ਰਿਸ਼ ਸੀ। ਸ਼ਾਬਦਿਕ ਅਰਥਾਂ ਵਿਚ, ਜਿਵੇਂ ਕੂੜਾ ਤੇ ਗੰਦ ਭਰਿਆ ਜਾਂਦਾ ਹੈ, ਉਂਜ ਹੀ ਟ੍ਰਾਲੀਆਂ ਭਰੀਆਂ ਜਾ ਰਹੀਆਂ ਸਨ- ਇਕ ਦੂਜੇ ਉਤੇ ਲਾਸ਼ਾਂ ਚੜ੍ਹੀਆਂ ਹੋਈਆਂ ਸਨ। ਕਿਸੇ ਦਾ ਸਿਰ ਫਟਿਆ ਪਿਆ, ਕਿਸੇ ਦੀਆਂ ਆਂਤੜਾਂ ਨਿਕਲੀਆਂ ਹੋਈਆਂ। ... ਮੈਂ ਬਿੰਦ ਦੀ ਬਿੰਦ ਹੀ ਇਹ ਸਭ ਕੁਝ ਦੇਖਿਆ ਅਤੇ ਮੂੰਹ ਫੇਰ ਲਿਆ।" (ਪੰਨਾ 31)। ਸਰਕਾਰੀ ਅਧਿਕਾਰੀਆਂ ਜਾਂ ਅਮਲੇ-ਫੈਲੇ ਨੂੰ ਅਜਿਹੇ ਸਮਿਆਂ ਦੌਰਾਨ ਕਿਸ ਹੱਦ ਤੱਕ ਮਨ ਮਾਰਨਾ ਪੈਂਦਾ ਹੈ, ਇਸ ਦੀਆਂ ਦਰਜਨਾਂ ਮਿਸਾਲਾਂ ਇਸ ਕਿਤਾਬ ਦਾ ਹਿੱਸਾ ਹਨ।

ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜਾਂ ਆਪਣੇ ਕੁਝ ਸਹਿਕਰਮੀਆਂ (ਸਾਥੀ ਆਈ.ਏ.ਐਸ. ਅਫਸਰਾਂ) ਬਾਰੇ ਨ੍ਰਿਪਇੰਦਰ ਰਤਨ ਦੀਆਂ ਟਿੱਪਣੀਆਂ ਸਖਤ ਕਿਸਮ ਦੀਆਂ ਹਨ ਪਰ ਹੈਨ ਜਾਇਜ਼। ਹਵਾਵਾਂ ਦੇ ਰੁਖ ਮੁਤਾਬਿਕ ਚੱਲਣ ਵਾਲੇ ਜਾਂ ਅਖੌਤੀ ਕੁਰਬਾਨੀਆਂ ਕਰਨ ਵਾਲੇ ਇਹ ਅਫਸਰ ਪੰਜਾਬ ਦੇ ਸਿਆਹ ਦਿਨਾਂ ਦੌਰਾਨ ਵੀ ਹਕੂਮਤਕਾਰਾਂ ਵੱਲੋਂ ਪੁਚਕਾਰੇ ਜਾਂਦੇ ਰਹੇ ਅਤੇ ਸਿਆਹ ਦਿਨਾਂ ਤੋਂ ਬਾਅਦ ਵੀ। ਰਤਨ ਨੇ ਆਪਣੀ ਕਲਮ ਦੀ ਧਾਰ ਉਸ 'ਹਸਤੀ' ਬਾਰੇ ਵੀ ਓਨੀ ਹੀ ਤਿੱਖੀ ਰੱਖੀ ਹੈ ਜਿਸ ਨੇ ਆਪਣੀ ਧੌਂਸ ਤੇ ਘੁਮੰਡ ਦੀ ਖਾਤਿਰ ਸਿੱਖ ਧਰਮ ਦੇ ਸਭ ਤੋਂ ਮੁਕੱਦਸ ਸਥਾਨ ਅੰਦਰ ਜੰਗੀ ਮੋਰਚਾਬੰਦੀ ਕੀਤੀ। ਅਜਿਹੀ ਪਹੁੰਚ ਇਤਿਹਾਸ ਦੀ ਦ੍ਰਿਸ਼ਟੀ ਤੋਂ ਵੀ ਦਲੇਰੀ ਦੀ ਨਿਸ਼ਾਨੀ ਹੈ ਅਤੇ ਵਿਅਕਤੀਗਤ ਪੱਖੋਂ ਵੀ।

ਸਾਕਾ ਨੀਲਾ ਤਾਰਾ ਨੂੰ ਸਿੱਖ ਇਤਿਹਾਸ ਦਾ ਤੀਜਾ ਘੱਲੂਘਾਰਾ ਮੰਨਿਆ ਜਾਣ ਲੱਗਾ ਹੈ। ਇਸ ਘੱਲੂਘਾਰੇ ਦੀ ਬਰਸੀ ਮੌਕੇ ਬੜੀਆਂ ਤੱਤੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਹਕੂਮਤਾਂ ਤੇ ਉਨ੍ਹਾਂ ਦੇ ਕਾਰਿੰਦਿਆਂ ਨੂੰ ਕੋਸਣ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਂਦੀ। ਹਕੂਮਤਾਂ ਨੂੰ ਕੋਸਣਾ ਗਲਤ ਵੀ ਨਹੀਂ ਪਰ ਨਾਲ ਹੀ ਇਮਾਨਦਾਰੀ ਨਾਲ ਆਤਮ-ਪੜਚੋਲ ਕਰਨ ਅਤੇ ਆਪਣੀਆਂ ਭੁੱਲਾਂ ਦੀ ਨਿਸ਼ਾਨਦੇਹੀ ਕਰਨ ਦਾ ਅਮਲ ਵੀ ਹੁਣ ਸ਼ੁਰੂ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਘੱਲੂਘਾਰੇ ਨੂੰ ਹਵਾ ਦਿੱਤੀ। ਆਪਣੜੇ ਗਿਰੇਬਾਨ ਵਿਚ ਝਾਕਣ ਦਾ ਗੁਰ-ਉਪਦੇਸ਼, ਗੁਰ-ਸਥਾਨਾਂ ਵਿਚ ਰਟਾਇਆ ਰੋਜ਼ ਜਾਂਦਾ ਹੈ, ਇਸ ਨੂੰ ਅਸਲੀ ਰੂਪ ਦੇਣ ਦੀ ਸ਼ੁਰੂਆਤ ਵੀ ਹਲੀਮੀ, ਨੇਕ ਨੀਅਤੀ ਤੇ ਤਨਦੇਹੀ ਨਾਲ ਕੀਤੀ ਜਾਣੀ ਚਾਹੀਦੀ ਹੈ। ਨ੍ਰਿਪਇੰਦਰ ਰਤਨ ਦੀ ਕਿਤਾਬ ਅਜਿਹੀ ਆਤਮ-ਪੜਚੋਲ ਵਿਚ ਸਹਾਈ ਹੋਣ ਦੀ ਸਮਰੱਥਾ ਰੱਖਦੀ ਹੈ। ਇਸ ਦਾ ਲਾਭ ਲਿਆ ਜਾਣਾ ਚਾਹੀਦਾ ਹੈ।

# ਵਿਗੜਦਾ ਵਾਤਾਵਰਣ ਅਤੇ ਵੱਧਦਾ ਤਾਪਮਾਨ

ਦੁਨੀਆਂ ਦੇ ਲੱਗਭੱਗ ਸਾਰੇ ਹੀ ਦੇਸ਼ਾਂ ਵਿਚ ਵਾਤਾਵਰਣ ਵਿਗੜ ਰਿਹਾ ਹੈ ਅਤੇ ਇਸ ਕਾਰਨ ਤਾਪਮਾਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਨੂੰ 'ਗਲੋਬਲ ਵਾਰਮਿੰਗ' ਦਾ ਨਾਂ ਦਿੱਤਾ ਗਿਆ ਹੈ। ਇਹ ਧਰਤੀ ਦੇ ਧਰਾਤਲ ਉਪਰ, ਵਾਤਾਵਰਣ ਵਿਚ ਹੌਲੀ-ਹੌਲੀ ਹੋ ਰਿਹਾ ਔਸਤਨ ਵਾਧਾ ਹੈ, ਜਿਸ ਦੇ ਦੂਰ-ਗਾਮੀ ਬੁਰੇ ਪ੍ਰਭਾਵ ਬੜੀ ਦੇਰ ਨਾਲ ਸਾਹਮਣੇ ਆਉਂਦੇ ਹਨ। ਮੌਸਮ ਦੇ ਮਾਹਿਰ-ਵਿਗਿਆਨੀਆਂ ਅਨੁਸਾਰ ਪਿਛਲੀ ਸਦੀ ਵਿਚ ਇਹ ਤਾਪਮਾਨ 1 ਤੋਂ 2 ਡਿਗਰੀ ਸੈਂਟੀਗਰੇਡ ਤੱਕ ਵਧਿਆ ਹੈ ਅਤੇ ਜੇ ਇਹ ਸਿਲਸਿਲਾ ਇੰਜ ਹੀ ਚੱਲਦਾ ਰਿਹਾ ਤਾਂ ਇਸ ਸਦੀ ਦੇ ਅਖੀਰ ਤੱਕ ਇਹ ਵਾਧਾ 2 ਤੋਂ ਲੈ ਕੇ 6 ਡਿਗਰੀ ਸੈਂਟੀਗਰੇਡ ਤੱਕ ਹੋ ਸਕਦਾ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ 1905 ਤੋਂ 2005 ਦੇ ਵਿਚਕਾਰ ਇਹ ਵਾਧਾ ਸਿਰਫ 0.6 ਤੋਂ 0.9 ਡਿਗਰੀ ਸੈਂਟੀਗਰੇਡ,



**ਡਾ. ਸੁਖਦੇਵ ਸਿੰਘ ਝੰਡ**
ਫੋਨ: 647-567-9128

ਭਾਵ 1.1 ਤੋਂ 1.6 ਡਿਗਰੀ ਫਾਰਨਹੀਟ ਦੇ ਵਿਚਕਾਰ ਸੀ ਅਤੇ ਇਸ ਤੋਂ ਉੱਪਰਲਾ ਦੁੱਗਣਾ ਵਾਧਾ 2005 ਤੋਂ ਬਾਅਦ ਹੋਇਆ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ 'ਬਰਫ ਦੇ ਯੁੱਗ' (Ice Age) ਵਿਚ ਧਰਤੀ ਦਾ ਔਸਤ ਤਾਪਮਾਨ ਅੱਜ ਦੇ ਔਸਤ ਤਾਪਮਾਨ ਨਾਲੋਂ 6 ਡਿਗਰੀ ਸੈਂਟੀਗਰੇਡ ਘੱਟ ਸੀ। ਇਸ ਤੋਂ ਅਗਲੇ 'ਡਾਇਨੋਸਾਰਸ ਯੁੱਗ' (Dinosaurs Age) ਵਿਚ ਇਹ ਅੱਜ ਨਾਲੋਂ 4 ਡਿਗਰੀ ਸੈਂਟੀਗਰੇਡ ਵੱਧ ਹੋ ਗਿਆ, ਜਿਸ ਕਰਕੇ ਲੱਗਭੱਗ ਸੱਤ ਕਰੋੜ ਸਾਲ ਪਹਿਲਾਂ ਧਰਤੀ 'ਤੇ ਬੜੀ ਉਥਲ-ਪੁਥਲ ਹੋਈ ਸੀ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਤਾਪਮਾਨ ਦੇ ਅਜੋਕੇ ਵਾਧੇ ਲਈ ਮਨੁੱਖ ਹੀ ਜ਼ਿੰਮੇਵਾਰ ਹੈ। ਉਸ ਦੁਆਰਾ ਕੀਤੀ ਗਈਆਂ ਨਵੀਆਂ ਨਵੀਆਂ ਖੋਜਾਂ ਅਤੇ ਕਾਢਾਂ ਹੀ ਤਾਪਮਾਨ ਦੇ ਇਸ ਵਾਧੇ ਨੂੰ ਜਨਮ ਦੇ ਰਹੀਆਂ ਹਨ। ਅਜੋਕੇ ਸਮੇਂ ਵਿਚ ਮਨੁੱਖ 'ਫੌਸਿਲ ਫਿਊਲ' (Fossil Fuel) ਦੀ ਵਰਤੋਂ ਧੜਾਧੜ ਕਰ ਰਿਹਾ ਹੈ, ਜਿਸ ਵਿਚ ਕੋਇਲਾ, ਪੈਟਰੋਲ, ਡੀਜ਼ਲ, ਮਿੱਟੀ ਦਾ ਤੇਲ, ਕੁਦਰਤੀ ਗੈਸ, ਆਦਿ ਸਭ ਆ ਜਾਂਦੇ ਹਨ ਅਤੇ ਇਹ ਸਾਰੇ ਹੀ ਬਲਣ ਸਮੇਂ ਵੱਡੀ ਮਾਤਰਾ ਵਿਚ ਗਰੀਨਹਾਊਸ ਗੈਸਾਂ ਨੂੰ ਜਨਮ ਦਿੰਦੇ ਹਨ। ਤਾਪ-ਬਿਜਲੀਘਰਾਂ ਵਿਚ ਬਿਜਲੀ ਬਣਾਉਣ ਲਈ ਕੋਇਲੇ ਦੀ ਭਾਰੀ ਵਰਤੋਂ ਹੋ ਰਹੀ ਹੈ। ਇਸ ਸਮੇਂ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਕੁਲ ਗਰੀਨਹਾਊਸ ਗੈਸਾਂ ਦਾ 25 ਫੀਸਦੀ ਹਿੱਸਾ ਵਾਯੂਮੰਡਲ ਵਿਚ ਭੇਜ ਰਿਹਾ ਹੈ ਅਤੇ ਚੀਨ ਵੀ ਇਸ ਦੌੜ ਵਿਚ ਉਸ ਤੋਂ ਪਿੱਛੇ ਨਹੀਂ ਹੈ। ਭਾਰਤ ਸਮੇਤ ਤੀਸਰੀ ਦੁਨੀਆਂ ਦੇ ਦੇਸ਼ਾਂ ਲਈ ਵਾਤਾਵਰਣ ਡੂੰਘੀ ਅਤੇ ਗੁੰਝਲਦਾਰ ਸਮੱਸਿਆ ਬਣਦੀ ਜਾ ਰਹੀ ਹੈ। ਕੁਦਰਤੀ ਪ੍ਰਕਿਰਿਆਵਾਂ ਵਿਚ ਵਿਗਾੜ ਪਾ ਕੇ ਮਨੁੱਖ ਆਪਣੇ ਲਈ ਕੁਦਰਤੀ ਕਰੋਪੀਆਂ ਸਹੇੜ ਰਿਹਾ ਹੈ ਅਤੇ ਆਪਣੇ ਜੀਵਨ ਨੂੰ ਖਤਰੇ ਵਿਚ ਪਾ ਰਿਹਾ ਹੈ।

ਸੰਸਾਰਕ ਪੱਧਰ 'ਤੇ ਵਧੇ ਹੋਏ ਤਾਪਮਾਨ ਨਾਲ ਵਾਤਾਵਰਣ ਵਿਚ ਬਹੁਤ ਵੱਡੀਆਂ ਤਬਦੀਲੀਆਂ ਹੋ ਰਹੀਆਂ ਹਨ। ਵੱਡੇ-ਵੱਡੇ ਗਲੇਸ਼ੀਅਰ ਹੌਲੀ-ਹੌਲੀ ਪਿਘਲ ਰਹੇ ਹਨ ਅਤੇ ਜਦੋਂ ਇਹ ਵੱਡੇ ਪੱਧਰ 'ਤੇ ਪਿਘਲਣਗੇ ਤਾਂ ਨਦੀਆਂ ਅਤੇ ਦਰਿਆਵਾਂ ਵਿਚ ਹੜ੍ਹ ਆ ਸਕਦੇ ਹਨ। ਹਿਮਾਲੀਆ ਪਰਬਤ ਦੀ ਲੰਮੀ ਲੜੀ ਵਿਚ ਲੱਗਭੱਗ ਦੋ ਲੱਖ ਵਰਗ ਕਿਲੋਮੀਟਰ ਦੇ ਖੇਤਰਫਲ ਵਿਚ ਗਲੇਸ਼ੀਅਰ ਹਨ ਅਤੇ ਇਨ੍ਹਾਂ ਦੇ ਪਿਘਲਣ ਨਾਲ ਭਾਰਤ ਦੇ ਦਰਿਆਵਾਂ ਨੂੰ ਵੀ ਖਤਰਾ ਪੈਦਾ ਹੋ ਸਕਦਾ ਹੈ। ਦਰਿਆਵਾਂ ਦੇ ਇਸ ਵਾਧੂ ਪਾਣੀ ਦੇ ਨਾਲ ਸਮੁੰਦਰ ਦੀ ਸਤਹ ਹੌਲੀ-ਹੌਲੀ ਉੱਚੀ ਹੁੰਦੀ ਜਾਏਗੀ ਅਤੇ ਨੇੜ-ਭਵਿੱਖ ਵਿਚ ਵੱਖ-ਵੱਖ ਸਮੁੰਦਰਾਂ ਦੇ ਕੰਢਿਆਂ 'ਤੇ ਵੱਸੇ ਸ਼ਹਿਰਾਂ ਤੇ ਹੋਰ ਇਲਾਕਿਆਂ ਦੇ ਸਮੁੰਦਰ ਵਿਚ ਡੁੱਬਣ ਦਾ ਖਤਰਾ ਪੈਦਾ ਹੋ ਸਕਦਾ ਹੈ। ਇਨ੍ਹਾਂ ਵਿਚ ਭਾਰਤ ਦੇ ਗਵਾਂਢੀ ਬੰਗਲਾ ਦੇਸ਼ ਤੇ ਕਈ ਹੋਰ ਦੇਸ਼ਾਂ ਦੇ ਡੁੱਬਣ ਦੀ ਵੀ ਗੱਲ ਕੀਤੀ ਜਾ ਰਹੀ ਹੈ। ਅਮਰੀਕਾ ਵਿਚ ਸੈਲਾਨੀਆਂ ਦੇ ਬੇਹੱਦ ਮਨਪਸੰਦ ਸ਼ਹਿਰ ਮਿਆਮੀ ਦੀ ਹੋਂਦ ਵੀ ਖਤਰੇ ਵਿਚ ਦਸੀ ਜਾ ਰਹੀ ਹੈ।

ਮੌਸਮ ਵਿਗਿਆਨੀਆਂ ਦੀ ਧਾਰਨਾ ਹੈ ਕਿ 1850 ਤੋਂ ਅਰੰਭ ਹੋਈ 'ਉਦਯੋਗਿਕ-ਕ੍ਰਾਂਤੀ' (Industrial Revolution) ਦੌਰਾਨ ਹੋਏ ਮਸ਼ੀਨੀਕਰਨ ਨਾਲ ਵਾਤਾਵਰਣ ਵਿਚ 'ਗਰੀਨਹਾਊਸ ਗੈਸਾਂ' ਦੀ ਮਿਕਦਾਰ ਵਧਣੀ ਸ਼ੁਰੂ ਹੋ ਗਈ, ਕਿਉਂਕਿ ਮਸ਼ੀਨਾਂ ਨੂੰ ਚਲਾਉਣ ਲਈ ਵਧੇਰੇ ਕਰਕੇ 'ਫੌਸਿਲ ਫਿਊਲ' ਦੀ ਹੀ ਵਰਤੋਂ ਕੀਤੀ ਗਈ। ਗਰੀਨਹਾਊਸ ਗੈਸਾਂ ਵਿਚ ਸ਼ਾਮਲ ਕਾਰਬਨ ਡਾਇਆਕਸਾਈਡ ਅਤੇ ਮੀਥੇਨ ਹਵਾ ਵਿਚ ਗਰਮੀ ਛੱਡਦੀਆਂ ਹਨ। ਇਨ੍ਹਾਂ ਵਿਚੋਂ ਕਾਰਬਨ ਡਾਇਆਕਸਾਈਡ ਦੀ ਮਾਤਰਾ 2009 ਤੱਕ 38 ਫੀਸਦੀ ਵਧੀ, ਜਦ ਕਿ ਮੀਥੇਨ ਦੀ ਮਾਤਰਾ ਵਿਚ 148 ਫੀਸਦੀ ਵਾਧਾ ਹੋਇਆ, ਜੋ ਕਾਰਬਨ ਡਾਇਆਕਸਾਈਡ ਨਾਲੋਂ ਚਾਰ ਗੁਣਾਂ ਵੱਧ ਹੈ ਅਤੇ ਇਹ ਗਰਮੀ ਵੀ ਹਵਾ ਵਿਚ ਕਾਰਬਨ ਡਾਇਆਕਸਾਈਡ ਨਾਲੋਂ 300 ਗੁਣਾਂ ਵਧੇਰੇ ਛੱਡਦੀ ਹੈ। ਇਨ੍ਹਾਂ ਗਰੀਨਹਾਊਸ ਗੈਸਾਂ ਵਿਚ ਸ਼ਾਮਲ 'ਲਾਫਿੰਗ ਗੈਸ' (ਨਾਈਟਰਸ ਆਕਸਾਈਡ) ਵੀ ਇਸ ਗਰਮੀ ਵਿਚ ਆਪਣਾ ਪੂਰਾ ਯੋਗਦਾਨ ਪਾਉਂਦੀ ਹੈ। ਇਤਿਹਾਸਕ ਤੱਥ ਬਿਆਨ ਕਰ ਰਹੇ ਹਨ ਕਿ ਪਿਛਲੇ 5000 ਸਾਲਾਂ ਵਿਚ ਧਰਤੀ ਦੇ ਔਸਤ ਤਾਪਮਾਨ ਵਿਚ 5 ਡਿਗਰੀ ਸੈਂਟੀਗਰੇਡ ਵਾਧਾ ਹੋਇਆ ਹੈ ਅਤੇ ਅਗਲੀ ਸਦੀ ਵਿਚ ਤਾਪਮਾਨ ਦਾ ਇਹ ਵਾਧਾ 20 ਗੁਣਾਂ ਹੋਣ ਦੀ ਭਵਿੱਖਵਾਣੀ ਕੀਤੀ ਜਾ ਰਹੀ ਹੈ।

ਦੁਨੀਆਂ ਦੇ 195 ਦੇਸ਼ਾਂ ਦੀ ਸਮੂਹਿਕ ਜਥੇਬੰਦੀ 'ਸੰਯੁਕਤ ਰਾਸ਼ਟਰ ਸੰਘ' (ਯੂ. ਐਨ. ਓ.) ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਸੰਸਾਰ ਵਿਚ ਹਰ ਸਾਲ ਲੱਗਭੱਗ 9 ਲੱਖ ਮਿਲੀਅਨ ਹੈਕਟੇਅਰ ਰਕਬੇ ਵਿਚੋਂ ਹਰ ਸਾਲ ਜੰਗਲ ਅਲੋਪ ਹੋ ਰਹੇ ਹਨ ਅਤੇ ਇਸ ਨਾਲ ਵਾਤਾਵਰਣ ਵਿਚ ਵੱਡੀ ਪੱਧਰ 'ਤੇ ਗੜਬੜ ਹੋ ਰਹੀ ਹੈ। ਆਸਟ੍ਰੇਲੀਆ, ਅਮਰੀਕਾ ਦੇ ਸੂਬੇ ਕੈਲੀਫੋਰਨੀਆ, ਕੈਨੇਡਾ ਦੇ ਸੂਬੇ ਅਲਬਰਟਾ ਅਤੇ ਕਈ ਹੋਰ ਥਾਂਵਾਂ 'ਤੇ ਜੰਗਲਾਂ ਨੂੰ ਅੱਗ ਲੱਗਣ ਕਾਰਨ ਲੱਖਾਂ ਏਕੜ ਰਕਬਾ ਜੰਗਲ ਤੋਂ ਵਿਹਲਾ ਹੋ ਗਿਆ ਹੈ। ਜੰਗਲਾਂ ਦੇ ਇਸ ਤਰ੍ਹਾਂ ਖਤਮ ਹੋਣ ਨਾਲ ਇਨ੍ਹਾਂ ਵਿਚ ਰਹਿਣ ਵਾਲੇ ਜੀਵ-ਜੰਤੂਆਂ ਅਤੇ ਜਾਨਵਰਾਂ ਦਾ ਵੀ ਖਾਤਮਾ ਹੋ ਰਿਹਾ ਹੈ। ਇਨ੍ਹਾਂ ਦੀਆਂ ਕਈ ਪ੍ਰਜਾਤੀਆਂ ਹੌਲੀ-ਹੌਲੀ ਅਲੋਪ ਹੁੰਦੀਆਂ ਜਾ ਰਹੀਆਂ ਹਨ। ਅਸੀਂ ਭਲੀ-ਭਾਂਤ ਜਾਣਦੇ ਹਾਂ ਕਿ ਵਾਤਾਵਰਣ ਵਿਚ ਸਮਤੋਲ ਰੱਖਣ ਲਈ ਰੁੱਖਾਂ ਦੀ ਅਹਿਮ ਭੂਮਿਕਾ ਹੈ। ਉਹ ਹਵਾ ਵਿਚੋਂ ਕਾਰਬਨ ਡਾਇਆਕਸਾਈਡ ਲੈ ਕੇ ਆਸਾਨੀ ਨਾਲ ਸਾਹ ਲੈਣ ਲਈ ਸਾਨੂੰ ਆਕਸੀਜਨ ਦਿੰਦੇ ਹਨ। ਪੌਦਾ-ਵਿਗਿਆਨੀਆਂ ਦਾ ਵਿਚਾਰ ਹੈ ਇਕ ਵੱਡੇ ਰੁੱਖ ਵਿਚ 22 ਤੋਂ 25 ਕਿਲੋਗ੍ਰਾਮ ਕਾਰਬਨ ਡਾਇਆਕਸਾਈਡ ਹਵਾ ਵਿਚੋਂ ਜਜ਼ਬ ਕਰਨ ਦੀ ਸਮਰੱਥਾ ਹੈ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੂੰ ਕਾਰਬਨ ਮੋਨੋਆਕਸਾਈਡ, ਸਲਫਰ ਡਾਇਆਕਸਾਈਡ ਅਤੇ ਨਾਈਟਰੋਜਨ ਵਰਗੀਆਂ ਜ਼ਹਿਰੀਲੀਆਂ ਗੈਸਾਂ ਨੂੰ ਆਪਣੇ ਅੰਦਰ ਲਿਜਾਣ ਦਾ ਵੀ ਵਰਦਾਨ ਪ੍ਰਾਪਤ ਹੈ।

ਫਰਾਂਸ ਦੀ ਰਾਜਧਾਨੀ ਪੈਰਿਸ ਵਿਚ 2007 ਵਿਚ 46 ਦੇਸ਼ਾਂ ਦੀ ਵਾਤਾਵਰਣ ਸਬੰਧੀ ਹੋਈ ਕਾਨਫਰੰਸ ਵਿਚ ਵਿਗਿਆਨੀਆਂ ਵੱਲੋਂ ਚਿਤਾਵਨੀ ਦਿੱਤੀ ਗਈ ਸੀ ਕਿ ਜੇ ਹੁਣ ਵੀ ਗਰੀਨਹਾਊਸ ਗੈਸਾਂ ਤੋਂ ਮੁਕਤ ਨਾ ਕਰਵਾਇਆ ਗਿਆ ਤਾਂ ਫਿਰ ਸਾਡੇ ਲਈ ਪਛਤਾਉਣ ਦਾ ਸਮਾਂ ਵੀ ਨਹੀਂ ਬਚੇਗਾ। ਵਿਗਿਆਨੀਆਂ ਦੀ ਇਸ ਚਿਤਾਵਨੀ ਨੂੰ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵੱਲੋਂ ਗੰਭੀਰਤਾ ਨਾਲ ਲਿਆ ਗਿਆ ਅਤੇ 2015 ਵਿਚ ਪੈਰਿਸ ਵਿਚ ਹੀ ਮੁੜ ਹੋਈ ਕਾਨਫਰੰਸ ਵਿਚ 200 ਦੇਸ਼ਾਂ ਦੇ ਪ੍ਰਤੀਨਿਧੀਆਂ ਵੱਲੋਂ ਇਸ ਉਪਰ ਦਸਤਖਤ ਕੀਤੇ ਗਏ, ਜਿਸ ਨੂੰ 'ਪੈਰਿਸ ਵਾਤਾਵਰਣ ਸਮਝੌਤੇ' ਦਾ ਨਾਂ ਦਿੱਤਾ ਗਿਆ। ਇਹ ਸਮਝੌਤਾ ਅਗਲੇ ਸਾਲ 2016 ਨੂੰ ਲਾਗੂ ਕੀਤਾ ਗਿਆ।

ਇਸ ਸਮਝੌਤੇ ਦਾ ਮੁੱਖ ਉਦੇਸ਼ ਸੰਸਾਰਕ ਪੱਧਰ 'ਤੇ ਤਾਪਮਾਨ ਵਿਚ ਵਾਧੇ ਨੂੰ ਹਰ ਹਾਲਤ ਵਿਚ 2 ਡਿਗਰੀ ਸੈਂਟੀਗਰੇਡ ਤੋਂ ਹੇਠਾਂ ਰੱਖਣਾ ਹੈ ਅਤੇ ਬੇਹਤਰ ਹੈ ਜੇ ਇਹ 1.5 ਡਿਗਰੀ ਦੇ ਆਸ-ਪਾਸ ਹੀ ਰਹੇ। ਇਸ ਸਮਝੌਤੇ ਅਨੁਸਾਰ ਗਰੀਨਹਾਊਸ ਗੈਸਾਂ ਦੀ ਹਵਾ ਵਿਚ ਮਾਤਰਾ ਓਨੀ ਕੁ ਹੀ ਰਹਿਣੀ ਚਾਹੀਦੀ ਹੈ, ਜਿੰਨੀ ਰੁੱਖ, ਧਰਤੀ ਅਤੇ ਸਮੁੰਦਰ ਆਪਣੇ ਵਿਚ ਆਸਾਨੀ ਨਾਲ ਸਮਾਅ ਸਕਣ। ਇਸ ਦੇ ਲਈ ਹਰੇਕ ਮੈਂਬਰ ਦੇਸ਼ ਇਨ੍ਹਾਂ ਗੈਸਾਂ ਨੂੰ ਘਟਾਉਣ ਦਾ ਆਪਣਾ 'ਨਿਸ਼ਾਨਾ' (ਟਾਰਗੈਟ) ਤੈਅ ਕਰਦਾ ਹੈ, ਜਿਸ ਨੂੰ ਐਨ. ਡੀ. ਸੀ. (National Determined Contribution) ਦਾ ਨਾਂ ਦਿੱਤਾ ਗਿਆ ਹੈ ਅਤੇ ਉਹ ਉਸ ਨੂੰ ਪੂਰਿਆਂ ਕਰਨ ਦੀ ਕੋਸ਼ਿਸ਼ ਕਰਦਾ ਹੈ। ਵਾਤਾਵਰਣ ਦੀ ਤਬਦੀਲੀ ਅਤੇ ਨਵਿਆਉਣਯੋਗ-ਊਰਜਾ (Renewable Energy) ਵਰਗੇ ਪ੍ਰਾਜੈਕਟਾਂ ਨੂੰ ਅਪਨਾਉਣ ਲਈ ਅਮੀਰ ਦੇਸ਼ਾਂ ਵੱਲੋਂ ਗਰੀਬ ਦੇਸ਼ਾਂ ਦੀ ਮਾਇਕ-ਸਹਾਇਤਾ ਵੀ ਕੀਤੀ ਜਾਂਦੀ ਹੈ। ਇਸ ਵੱਲੋਂ ਮਿਥੇ ਗਏ ਨਿਸ਼ਾਨੇ ਅਨੁਸਾਰ ਦੁਨੀਆਂ ਦੇ ਸਾਰੇ ਦੇਸ਼ 2050 ਤੱਕ ਵਾਤਾਵਰਣ ਪੱਖੋਂ 'ਨਿਊਟਰਲ' (Neutral) ਹੋ ਜਾਣਗੇ। ਇਸ ਤੋਂ ਭਾਵ ਹੈ ਕਿ ਵਾਤਾਵਰਣ ਗਰੀਨਗੈਸਾਂ ਦੇ ਵਾਧੂ ਰਿਸਾਅ ਤੋਂ ਮੁਕਤ ਹੋ ਜਾਏਗਾ ਅਤੇ ਹਵਾ ਵਿਚ ਇਹ ਗੈਸਾਂ ਓਨੀ ਹੀ ਮਾਤਰਾ ਵਿਚ ਹੋਣਗੀਆਂ, ਜਿੰਨੀਆਂ ਰੁੱਖ, ਧਰਤੀ ਅਤੇ ਸਮੁੰਦਰ ਦੇ ਪਾਣੀ ਆਪਣੇ ਵਿਚ ਸਮਾਅ ਲੈਣਗੇ।

ਦੁਨੀਆਂ ਦੇ ਸੱਭ ਤੋਂ ਅਮੀਰ ਮਨੁੱਖ ਅਤੇ ਵਾਤਾਵਰਣ ਪ੍ਰਤੀ ਗੰਭੀਰ ਚਿੰਤਕ ਬਿੱਲ ਗੇਟਸ ਨੇ ਮਾਰਚ 2021 ਵਿਚ ਛਪੀ ਆਪਣੀ ਪੁਸਤਕ "How to avoid a Climate Disaster" ਵਿਚ ਸਾਰੀ ਦੁਨੀਆਂ ਨੂੰ ਵਾਤਾਵਰਣ ਦੇ ਗੰਭੀਰ ਖਤਰੇ ਤੋਂ ਬਚਣ ਲਈ ਗਰੀਨਹਾਊਸ ਗੈਸਾਂ ਵਿਚ ਸ਼ਾਮਲ ਕਾਰਬਨ ਡਾਇਆਕਸਾਈਡ ਤੇ ਹੋਰ ਹਾਨੀਕਾਰਕ ਗੈਸਾਂ ਦੀ ਹਵਾ ਵਿਚ ਮਾਤਰਾ ਨੂੰ 2030 ਤੀਕ ਅੱਧਾ ਕਰਨ ਅਤੇ 2050 ਤੱਕ ਇਨ੍ਹਾਂ ਨੂੰ 'ਜ਼ੀਰੋ' ਪੱਧਰ ਤੱਕ ਲਿਜਾਣ ਦੀ ਗੱਲ ਕੀਤੀ ਹੈ। ਲੇਖਕ ਵੱਲੋਂ ਇਨ੍ਹਾਂ ਗੈਸਾਂ ਨੂੰ 'ਜ਼ੀਰੋ'



ਤੱਕ ਲਿਜਾਣਾ ਭਾਵੇਂ 'ਆਦਰਸ਼ਕ' (Ideal) ਹੀ ਜਾਪਦਾ ਹੈ, ਪਰ ਇਸ ਤੋਂ ਉਸ ਦਾ ਭਾਵ ਇਨ੍ਹਾਂ ਦੇ ਹਵਾ ਵਿਚ ਰਿਸਾਅ ਨੂੰ ਘੱਟ ਤੋਂ ਘੱਟ ਕਰਨਾ ਹੈ। ਇਸ ਦੇ ਲਈ ਸਾਰਿਆਂ ਨੂੰ 'ਫੌਸਿਲ ਫਿਊਲ' ਦੀ ਵਰਤੋਂ ਘੱਟ ਕਰਨ ਅਤੇ ਬਿਜਲੀ ਦੇ ਉਤਪਾਦਨ ਲਈ ਤੇਜ਼ ਹਵਾਵਾਂ, ਸੂਰਜੀ ਊਰਜਾ, ਐਟਮੀ ਊਰਜਾ ਆਦਿ ਸਾਧਨਾਂ ਉੱਪਰ ਵਧੇਰੇ ਨਿਰਭਰ ਹੋਣ ਲਈ ਕਿਹਾ ਗਿਆ ਹੈ ਅਤੇ ਇਸ ਦੇ ਲਈ ਕਈ ਢੰਗ-ਤਰੀਕੇ ਵੀ ਸੁਝਾਏ ਗਏ ਹਨ। ਗੱਡੀਆਂ, ਮੋਟਰਾਂ, ਕਾਰਾਂ ਤੇ ਆਵਾਜਾਈ ਦੇ ਹੋਰ ਸਾਧਨਾਂ ਨੂੰ ਬਿਜਲੀ ਨਾਲ ਚੱਲਣ ਵਾਲੇ ਬਣਾਉਣ ਦੀ ਲੋੜ ਹੈ। ਉਂਜ, ਵੇਖਣ-ਸੁਣਨ ਨੂੰ ਇਹ ਸਭ ਬਹੁਤ ਸੋਹਣਾ, ਸੁਚਾਰੂ ਅਤੇ ਆਦਰਸ਼ਕ ਲੱਗਦਾ ਹੈ, ਪਰ ਅਮਲੀ ਤੌਰ 'ਤੇ ਕੀ ਇਹ ਸਭ ਸੰਭਵ ਹੋ ਸਕੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

'ਪੈਰਿਸ ਸਮਝੌਤੇ' ਦੇ ਮੁੱਖ-ਹਸਤਾਖਰੀ ਅਮਰੀਕਾ ਵੱਲੋਂ 2017 ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਾਜ ਸਮੇਂ ਉਨ੍ਹਾਂ ਵੱਲੋਂ ਇਸ ਸਮਝੌਤੇ ਤੋਂ ਵੱਖ ਹੋਣ ਦੀ ਗੱਲ ਕਰਦਿਆਂ ਕਿਹਾ ਗਿਆ ਸੀ ਕਿ ਭਾਰਤ ਤੇ ਚੀਨ ਵਰਗੇ ਵੱਡੇ ਦੇਸ਼ ਫੌਸਿਲ ਫਿਊਲ ਦੀ ਧੜਾਧੜ ਵਰਤੋਂ ਕਰ ਰਹੇ ਹਨ ਅਤੇ ਉਨ੍ਹਾਂ ਉੱਪਰ ਇਸ ਬਾਰੇ ਕੋਈ ਜ਼ੋਰ ਨਹੀਂ ਪਾਇਆ ਜਾ ਰਿਹਾ। ਪਾਠਕਾਂ ਨੂੰ ਯਾਦ ਹੋਵੇਗਾ ਕਿ ਅਮਰੀਕਾ ਨੇ ਨਵੰਬਰ 2020 ਵਿਚ ਪੈਰਿਸ ਸਮਝੌਤੇ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਸੀ ਅਤੇ ਇਸ ਦੀ ਉਦੋਂ ਦੂਸਰੇ ਦੇਸ਼ਾਂ ਵੱਲੋਂ ਕਾਫੀ ਨੁਕਤਾਚੀਨੀ ਵੀ ਹੋਈ ਸੀ। ਇਸੇ ਮਹੀਨੇ ਹੋਈ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿਚ ਹੋਰ ਕਈ ਮੁੱਦਿਆਂ ਸਮੇਤ ਇਸ ਅਹਿਮ ਮਸਲੇ ਦੇ ਕਾਰਨ ਵੀ ਟਰੰਪ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਸੀ। ਇਹ ਵੱਖਰੀ ਗੱਲ ਹੈ ਕਿ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਇਸ ਸਮਝੌਤੇ ਵਿਚ ਮੁੜ ਸ਼ਾਮਲ ਹੋ ਕੇ ਅਮਰੀਕਾ ਦੀ ਇਸ ਗਲਤੀ ਨੂੰ ਸੁਧਾਰ ਲਿਆ ਗਿਆ ਹੈ। ਦੁਨੀਆ ਦਾ ਮੋਹਰੀ ਕਹਾਉਣ ਵਾਲਾ ਦੇਸ਼ ਹੀ ਜੇ ਮਨੁੱਖਤਾ ਨਾਲ ਜੁੜੇ ਇਸ ਤਰ੍ਹਾਂ ਦੇ ਅਗਾਂਹ-ਵਧੂ ਸਮਝੌਤਿਆਂ ਤੋਂ ਆਪਣਾ ਹੱਥ ਪਿੱਛੇ ਖਿੱਚੇਗਾ ਤਾਂ ਫਿਰ ਤੀਸਰੀ ਦੁਨੀਆਂ ਦੇ ਗਰੀਬ ਦੇਸ਼ਾਂ ਦਾ ਕੀ ਬਣੇਗਾ!

ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਔਸਤ ਤਾਪਮਾਨ ਹੁਣ ਤੀਕ ਪਹਿਲਾਂ ਹੀ 1 ਡਿਗਰੀ ਸੈਂਟੀਗਰੇਡ ਵੱਧ ਚੁੱਕਾ ਹੈ ਅਤੇ ਇਹ ਕਿਸੇ ਵੀ ਹਾਲਤ ਵਿਚ 1.5 ਡਿਗਰੀ ਤੋਂ ਅੱਗੇ ਨਹੀਂ ਵੱਧਣਾ ਚਾਹੀਦਾ। ਅਜਿਹਾ ਨਾ ਹੋਣ ਦੀ ਹਾਲਤ ਵਿਚ ਵਾਤਾਵਰਣ ਵਿਚ ਭਾਰੀ ਵਿਗਾੜ ਪੈਦਾ ਹੋ ਸਕਦੇ ਹਨ, ਜਿਨ੍ਹਾਂ ਵਿਚ ਨਿੱਕੇ-ਵੱਡੇ ਟਾਪੂਆਂ ਦਾ ਸਮੁੰਦਰੀ ਲਹਿਰਾਂ ਦੇ ਹੇਠ ਦੱਬੇ ਜਾਣਾ, ਬਰਫ-ਰਹਿਤ ਆਰਕਟਿਕ ਗਰਮੀਆਂ ਦੇ ਸੀਜ਼ਨ ਅਤੇ ਮੌਸਮ ਵਿਚ ਭਾਰੀ ਉਤਰਾਅ-ਚੜ੍ਹਾਅ ਸ਼ਾਮਲ ਹੋ ਸਕਦੇ ਹਨ। ਬੀਤੇ ਦਿਨੀਂ ਉੱਤਰੀ-ਅਮਰੀਕਨ ਖਿੱਤੇ ਦੇ ਕਈ ਸ਼ਹਿਰਾਂ ਵਿਚ ਤਾਪਮਾਨ 49-50 ਡਿਗਰੀ ਸੈਂਟੀਗਰੇਡ ਦੇ ਨੇੜੇ ਹੋ ਚੁਕਾ ਹੈ। ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਜਿੱਥੇ ਗਰਮੀਆਂ ਵਿਚ ਇਹ ਤਾਪਮਾਨ ਆਮ ਤੌਰ 'ਤੇ 25-30 ਡਿਗਰੀ ਤੱਕ ਹੀ ਰਹਿੰਦਾ ਸੀ, ਵਿਚ ਪਿਛਲੇ ਦਿਨੀਂ ਇਹ 49.5 ਡਿਗਰੀ ਹੋ ਗਿਆ ਸੀ ਅਤੇ ਗਰਮੀ ਨਾਲ ਉੱਥੇ ਕਰੀਬ 134 ਮੌਤਾਂ ਹੋ ਚੁਕੀਆਂ ਹਨ। ਅਮਰੀਕਾ ਦੀਆਂ ਦੱਖਣ-ਪੱਛਮੀ ਸਟੇਟਾਂ ਵਿਚ ਭਾਰੀ ਗਰਮੀ ਵੇਖਣ ਨੂੰ ਮਿਲ ਰਹੀ ਹੈ। ਕਈਆਂ ਵਿਚ ਤਾਂ ਗਰਮੀ ਨਾਲ ਸੋਕੇ ਵਾਲੀ ਸਥਿਤੀ ਵੀ ਪੈਦਾ ਹੋ ਰਹੀ ਹੈ। ਭਾਰਤ ਦੇ ਕਈ ਹਿੱਸਿਆਂ ਵਿਚ ਇਹ ਤਾਪਮਾਨ 50 ਡਿਗਰੀ ਤੋਂ ਵੀ ਉੱਪਰ ਹੋ ਗਿਆ ਹੈ। ਦੂਸਰੇ ਪਾਸੇ ਨਿਊਜ਼ੀਲੈਂਡ ਵਿਚ ਤਾਪਮਾਨ ਮਨਫੀ ਚਾਰ ਡਿਗਰੀ ਸੈਂਟੀਗਰੇਡ ਵੀ ਹੋ ਗਿਆ ਹੈ ਅਤੇ ਉੱਥੇ ਬਰਫ ਪੈਣੀ ਅਰੰਭ ਹੋ ਚੁਕੀ ਹੈ।

ਦੁਨੀਆਂ ਦੇ ਲੱਗਭੱਗ ਸਾਰੇ ਹੀ ਦੇਸ਼ਾਂ ਵਿਚ ਹੀ ਆਬਾਦੀ ਵਿਚ ਧੜਾਧੜ ਵਾਧਾ ਹੋ ਰਿਹਾ ਹੈ ਅਤੇ ਇਸ ਸਦੀ ਦੇ ਅਖੀਰ ਵਿਚ ਇਸ ਦੇ 10 ਬਿਲੀਅਨ ਤੱਕ ਪਹੁੰਚਣ ਦਾ ਅਨੁਮਾਨ ਹੈ। ਭਾਰਤ, ਚੀਨ, ਨਾਈਜ਼ੇਰੀਆ ਆਦਿ ਦੇਸ਼ਾਂ ਵਿਚ ਤਾਂ ਇਸ ਦੇ ਵਾਧੇ ਦੀ ਦਰ ਹੋਰ ਵੀ ਵਧੇਰੇ ਹੋਵੇਗੀ ਅਤੇ ਇਹ ਬਹੁਤਾ ਕਰਕੇ ਸ਼ਹਿਰੀ ਆਬਾਦੀ ਦੀ ਹੋਵੇਗੀ। ਇਹ ਖਿਆਲ ਕੀਤਾ ਜਾ ਰਿਹਾ ਹੈ ਕਿ 2060 ਤੀਕ ਸ਼ਹਿਰਾਂ ਵਿਚ ਘਰਾਂ ਅਤੇ ਹੋਰ ਲੋੜੀਂਦੀਆਂ ਏਅਰ-ਕੰਡੀਸ਼ਨਿੰਗ ਤੇ ਹੀਟਿੰਗ ਵਰਗੀਆਂ ਸੁੱਖ-ਸਹੂਲਤਾਂ ਦੀ ਮੰਗ ਲੱਗਭੱਗ ਦੁੱਗਣੀ ਹੋ ਜਾਏਗੀ। ਇਨ੍ਹਾਂ ਵਿਚੋਂ ਬਿਜਲੀ ਦੀ ਮੰਗ 2050 ਤੱਕ 50 ਫੀਸਦੀ ਵੱਧ ਜਾਏਗੀ ਅਤੇ ਇਸ ਨੂੰ ਪੈਦਾ ਕਰਨ ਲਈ ਇਸ ਸਮੇਂ ਮੌਜੂਦਾ ਢੰਗਾਂ-ਤਰੀਕਿਆਂ ਤੋਂ ਇਲਾਵਾ ਜੇ ਹੋਰ ਸੁਚਾਰੂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਹਵਾ ਵਿਚ ਕਾਰਬਨ ਡਾਇਆਕਸਾਈਡ ਅਤੇ ਹੋਰ ਗਰੀਨਹਾਊਸ ਗੈਸਾਂ ਦੀ ਮਾਤਰਾ ਵੀ 50 ਫੀਸਦੀ ਵੱਧ ਜਾਣ ਦੀ ਸੰਭਾਵਨਾ ਹੈ ਜਿਸ ਨੂੰ ਹਰ ਹਾਲਤ ਵਿਚ ਘੱਟ ਕਰਨ ਦੀ ਸਖਤ ਲੋੜ ਹੈ।

ਜ਼ਿਕਰਯੋਗ ਹੈ ਕਿ ਉਤਪਾਦਨ ਸੈਕਟਰ ਵਿਚ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਹੁੰਦਾ ਹੈ। ਸਿਰਫ ਸਟੀਲ ਅਤੇ ਸੀਮੈਂਟ ਬਣਾਉਣ ਵਿਚ ਹੀ ਹਵਾ-ਪ੍ਰਦੂਸ਼ਣ ਵਿਚ 10 ਫੀਸਦੀ ਵਾਧਾ ਹੋ ਰਿਹਾ ਹੈ ਅਤੇ ਪਲਾਸਟਿਕ ਤੇ ਹੋਰ ਕਈ ਕਿਸਮ ਦੀ ਇੰਡਸਟਰੀ ਇਸ ਪ੍ਰਦੂਸ਼ਣ ਵਿਚ ਹੋਰ ਵਾਧਾ ਕਰਦੀ ਹੈ। ਇਨ੍ਹਾਂ ਨੂੰ ਬਿਜਲੀ ਦੀ ਲੋੜ ਹੈ, ਜਿਸ ਨੂੰ ਬਣਾਉਣ ਲਈ ਕੋਇਲੇ, ਤੇਲ, ਕੁਦਰਤੀ ਗੈਸ, ਹਾਈਡਰੋ ਪਾਵਰ, ਐਟਮੀ ਊਰਜਾ ਆਦਿ ਦੀ ਲੋੜ ਹੈ। ਮਾਹਿਰਾਂ ਦੁਆਰਾ ਇਹ ਮੰਨਿਆ ਗਿਆ ਹੈ ਕਿ ਇਕ ਟਨ ਸਟੀਲ ਬਣਾਉਣ ਵਿਚ 1.8 ਟਨ ਕਾਰਬਨ ਡਾਇਆਕਸਾਈਡ ਹਵਾਈ ਪ੍ਰਦੂਸ਼ਣ ਪੈਦਾ ਹੁੰਦਾ ਹੈ। ਵੱਖ-ਵੱਖ ਕਿਸਮ ਦੀਆਂ ਖਾਦਾਂ ਬਣਾਉਣ ਲਈ 2010 ਤੱਕ 1.3 ਮਿਲੀਅਨ ਟਨ ਗਰੀਨਹਾਊਸ ਗੈਸਾਂ ਹਵਾ ਵਿਚ ਦਾਖਲ ਹੋਈਆਂ ਹਨ ਅਤੇ ਇਸ ਸਦੀ ਦੇ ਅੱਧ ਤੱਕ, ਭਾਵ 2050 ਤੀਕ ਇਹ ਪ੍ਰਦੂਸ਼ਣ 1.7 ਬਿਲੀਅਨ ਟਨ ਤੱਕ ਪਹੁੰਚ ਸਕਦਾ ਹੈ।

ਵਾਤਾਵਰਣ ਦੇ ਵਿਗਾੜ ਦੀ ਗੱਲ ਕਰਦਿਆਂ ਜੇ ਪਾਣੀ ਦੇ ਪ੍ਰਦੂਸ਼ਣ ਦੀ ਵੀ ਥੋੜ੍ਹੀ ਜਿਹੀ ਗੱਲ ਕਰ ਲਈ ਜਾਏ ਤਾਂ ਇਹ ਕੁਥਾਂ ਨਹੀਂ ਹੋਵੇਗੀ। ਅਮਰੀਕਾ, ਕੈਨੇਡਾ ਤੇ ਹੋਰ ਵਿਕਸਿਤ ਦੇਸ਼ਾਂ ਨੂੰ ਛੱਡ ਕੇ ਜੇ ਅਸੀਂ ਤੀਸਰੀ ਦੁਨੀਆਂ ਦੇ ਦੇਸ਼ਾਂ ਦੀ ਗੱਲ ਕਰੀਏ ਤਾਂ ਉੱਥੇ ਬਹੁਤ ਸਾਰੇ ਥਾਂਵਾਂ 'ਤੇ ਇਸ ਸਮੇਂ ਪੀਣ ਦੇ ਪਾਣੀ ਦੀ ਵੀ ਬੜੀ ਸਮੱਸਿਆ ਹੈ। ਭਾਰਤ ਦੇ ਕਈ ਸੂਬਿਆਂ ਵਿਚ ਕਈ ਅਜਿਹੇ ਪਿੰਡ ਹਨ, ਜਿੱਥੇ ਪੀਣ ਦੇ ਪਾਣੀ ਲਈ ਲੋਕਾਂ ਨੂੰ ਕਈ ਕਈ ਮੀਲ ਦੂਰ ਜਾਣਾ ਪੈਂਦਾ ਹੈ। ਇਸ ਦੇ ਨਾਲ ਹੀ ਜੇ ਪੰਜਾਬ ਦੀ ਗੱਲ ਨਾ ਕੀਤੀ ਜਾਏ ਤਾਂ ਇਹ ਚਰਚਾ ਅਧੂਰੀ ਹੋਵੇਗੀ। ਪੰਜਾਂ ਦਰਿਆਵਾਂ ਦੀ ਧਰਤੀ 'ਪੰਜਾਬ' (ਹੁਣ ਇਸ ਸਮੇਂ ਢਾਈ ਦਰਿਆਵਾਂ ਦੀ) ਦੇ ਬਹੁਤ ਸਾਰੇ ਜਿਲਿਆਂ ਵਿਚ ਪਾਣੀ ਦੀ ਥੁੜ੍ਹ ਪੈਦਾ ਹੋ ਗਈ ਹੈ। ਮਾਲਵੇ ਦੇ ਇਲਾਕੇ ਵਿਚ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ ਅਤੇ ਇਹ ਕੈਂਸਰ ਦਾ ਮੁੱਖ ਕਾਰਨ ਬਣਿਆ ਹੋਇਆ ਹੈ।

ਹੁਣ ਤਾਂ ਮਾਝੇ ਅਤੇ ਦੁਆਬੇ ਵਿਚ ਵੀ ਪਾਣੀ ਤਿੰਨ-ਚਾਰ ਸੌ ਫੁੱਟ ਤੱਕ ਡੂੰਘਾ ਚਲਾ ਗਿਆ ਹੈ। ਪੰਜਾਬ ਵਿਚ ਝੋਨੇ ਦੀ ਲਗਾਤਾਰ ਬਿਜਾਈ ਨੇ ਪਾਣੀ ਡੂੰਘੇ ਕਰ ਦਿੱਤੇ ਹਨ ਅਤੇ ਖਾਦਾਂ ਤੇ ਕੀੜੇ-ਮਾਰ ਦਵਾਈਆਂ ਦੀ ਅੰਧਾ-ਧੁੰਦ ਵਰਤੋਂ ਨੇ ਪਾਣੀ ਦੇ ਧਰਾਤਲ ਨੂੰ ਜ਼ਹਿਰੀਲਾ ਕਰ ਛੱਡਿਆ ਹੈ। ਪੀਣ ਵਾਲਾ ਪਾਣੀ 300-400 ਫੁੱਟ ਡੂੰਘਾਈ 'ਤੇ ਜਾ ਕੇ ਮਸਾਂ ਹੀ ਥਿਆਉਂਦਾ ਹੈ। ਫੈਕਟਰੀਆਂ ਵਾਲਿਆਂ ਨੇ ਆਪਣੇ ਜ਼ਹਿਰੀਲੀ 'ਇੰਡਸਟ੍ਰੀਅਲ ਰਹਿੰਦ-ਖੂੰਹਦ ਨੂੰ ਬਿਨਾ ਸੋਧਿਆਂ 200-300 ਡੂੰਘੇ ਬੋਰ ਕਰਕੇ ਧਰਤੀ ਹੇਠਲੇ ਪਾਣੀ ਵਿਚ ਮਿਲਾ ਛੱਡਿਆ ਹੈ ਅਤੇ ਉਹ ਪੀਣ ਵਾਲੇ ਪਾਣੀ ਤੋਂ ਇਲਾਵਾ ਫਸਲਾਂ ਲਈ ਵੀ ਹਾਨੀਕਾਰਕ ਸਾਬਤ ਹੋ ਰਹੇ ਹਨ। ਪਿਛਲੇ ਦਿਨੀਂ ਭਵਾਨੀਗੜ੍ਹ ਦੇ ਨੇੜੇ ਇਕ ਪਿੰਡ ਦੇ ਟਿਊਬਵੈੱਲ ਵਿਚੋਂ ਨਿਕਲਿਆ ਲਾਲ ਰੰਗ ਦਾ ਪਾਣੀ ਇਸ ਦੀ ਤਾਜ਼ਾ ਮਿਸਾਲ ਹੈ। ਲੁਧਿਆਣੇ ਦਾ 'ਬੁੱਢਾ ਨਾਲਾ' ਕਿਸੇ ਵੀ ਪੰਜਾਬੀ ਨੂੰ ਭੁੱਲਿਆ ਨਹੀਂ।

ਬਾਬਾ ਬਲਬੀਰ ਸਿੰਘ ਸੀਚੇਵਾਲ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ 'ਕਾਲੀ ਵੇਈਂ' ਦੀ ਸਫਾਈ ਕਰਵਾ-ਕਰਵਾ ਕੇ ਥੱਕ ਗਿਆ ਹੈ, ਪਰ ਫੈਕਟਰੀਆਂ ਵਾਲੇ ਫਿਰ ਵੀ ਇਸ ਵਿਚ ਆਪਣੀ 'ਇੰਡਸਟਰੀਅਲ ਵੇਸਟ' ਪਾਉਣੋਂ ਨਹੀਂ ਟਲਦੇ। ਇਕ ਹੋਰ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਹੈ, ਜੋ ਸੜਕਾਂ ਦੇ ਕਿਨਾਰਿਆਂ ਅਤੇ ਹੋਰ ਸਾਂਝੀਆਂ ਥਾਂਵਾਂ 'ਤੇ ਰੁੱਖ ਲਾਉਣ ਦੀ ਵਧੀਆ ਮੁਹਿੰਮ ਛੇੜੀ ਬੈਠਾ ਹੈ, ਪਰ ਉਸ ਦੇ ਸੇਵਾਦਾਰਾਂ ਵੱਲੋਂ ਲਾਏ ਗਏ ਰੁੱਖ ਵੀ ਕਈ ਥਾਂਈਂ ਕਿਸਾਨਾਂ ਦੇ ਟਰੈਕਟਰਾਂ ਦੀ ਭੇਟ ਚੜ੍ਹ ਗਏ ਹਨ। ਇਨ੍ਹਾਂ 'ਦੋ ਬਾਬਿਆਂ' ਬਾਰੇ ਮੇਰੇ ਇਕ ਦੋਸਤ ਦਾ ਕਹਿਣਾ ਹੈ ਕਿ ਪੰਜਾਬ ਵਿਚ ਸਿਰਫ ਇਹ ਹੀ 'ਅਸਲੀ ਬਾਬੇ' ਹਨ-'ਸੀਚੇਵਾਲ ਵਾਲਾ' ਤੇ 'ਖਡੂਰ ਸਾਹਿਬ ਵਾਲਾ'। ਬਾਕੀ 'ਕਾਰ-ਸੇਵਾ ਵਾਲੇ' ਤਾਂ ਗੁਰਦੁਆਰਿਆਂ ਵਿਚ ਸੰਗਮਰਮਰ ਜੜਨ, ਛਕਣ-ਛਕਾਉਣ ਅਤੇ ਲੋਕਾਂ ਨੂੰ ਲੁੱਟਣ ਵਾਲੇ ਹੀ ਹਨ। ...ਤੇ ਮੈਨੂੰ ਉਸ ਦਾ ਇਹ ਕਥਨ ਕਾਫੀ ਹੱਦ ਤੀਕ ਸਹੀ ਲੱਗਦਾ ਹੈ।

ਅੰਤ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਹਵਾਈ ਪ੍ਰਦੂਸ਼ਣ ਤੇ ਪਾਣੀ ਦਾ ਪ੍ਰਦੂਸ਼ਣ ਇਸ ਸਮੇਂ ਲੱਗਭੱਗ ਸਾਰੀ ਦੁਨੀਆਂ ਲਈ ਹੀ ਚੁਣੌਤੀ ਬਣੇ ਹੋਏ ਹਨ ਅਤੇ ਇਨ੍ਹਾਂ ਦੇ ਯੋਗ ਹੱਲ ਤਲਾਸ਼ ਕਰਨੇ ਸਮੇਂ ਦੀ ਮੁੱਖ ਲੋੜ ਹੈ। ਜੇ ਇੰਜ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਇਹ ਮਨੁੱਖਤਾ ਦੇ ਵਿਨਾਸ਼ ਦਾ ਮੁੱਖ ਕਾਰਨ ਬਣ ਜਾਣਗੇ। ਸੰਸਾਰਕ ਪੱਧਰ 'ਤੇ ਸਾਨੂੰ ਸਾਰਿਆਂ ਨੂੰ ਇਸ ਸਬੰਧੀ ਸੁਚੇਤ ਹੋਣ ਦੀ ਲੋੜ ਹੈ।

# ਬੈਚ ਫੁੱਲ ਰੈੱਡ ਚੈਸਟਨਟ: ਚਿੰਤਾ ਆਪਣਿਆਂ ਦੀ

ਮੁਹਾਵਰਾ ਹੈ, ਭਾਵ ਚਿੰਤਾ ਕਰਨ ਵਾਲਾ ਵਿਅਕਤੀ ਜਿਉਂਦਾ ਹੀ ਜਲਦੀ ਚਿਤਾ ਵਿਚ ਪਏ ਬੰਦੇ ਵਾਂਗ ਭੁੱਜਦਾ ਰਹਿੰਦਾ ਹੈ। ਚਿੰਤਾ (Anxiety) ਇਕ ਅੱਗ ਵਾਂਗ ਹੈ, ਜੋ ਲੱਗੀ ਹੋਈ ਵੀ ਤੜਪਾਉਂਦੀ ਹੈ ਤੇ ਬੁਝਣ ਤੋਂ ਬਾਅਦ ਵੀ ਸਾੜਾ ਪਾਉਂਦੀ ਰਹਿੰਦੀ ਹੈ। ਇਸ ਲਈ ਇਸ ਨੂੰ 'ਚਿੰਤਾ ਚਿਤਾ ਸਮਾਨ' ਕਹਿ ਕੇ ਮੌਤ ਨਾਲ ਤਰਬੀਹ ਦਿੱਤੀ ਗਈ ਹੈ। ਉਂਜ ਤਾਂ ਹਰ ਬਿਮਾਰੀ ਰੋਗੀ ਨੂੰ ਹੌਲੀ ਹੌਲੀ ਮੌਤ ਵਲ ਕੇ ਲੈ ਜਾਂਦੀ ਹੈ ਤੇ ਇਸ ਦੀ ਦਿਸ਼ਾ ਹੇਠਾਂ ਵਲ, ਭਾਵ ਘਾਟੇ ਵਲ ਹੁੰਦੀ ਹੈ, ਜੋ ਘਟਦੀ ਘਟਦੀ ਸਿਫਰ ਹੋ ਜਾਂਦੀ ਹੈ, ਪਰ ਚਿੰਤਾ ਇਕ ਅਜਿਹਾ ਰੋਗ ਹੈ, ਜੋ ਬਿਮਾਰ ਨੂੰ ਚੌਵੀ ਘੰਟੇ ਮੌਤ ਦੇ ਮੂੰਹ ਵਿਚ ਰੱਖਦਾ ਹੈ। ਇਸ ਦਾ ਕੋਈ ਇਲਾਜ ਵੀ ਨਹੀਂ ਹੈ, ਤੇ ਜੇ ਹੈ ਉਹ ਬਹੁਤਿਆਂ ਨੂੰ ਪਤਾ ਨਹੀਂ ਹੈ। ਇਸ ਲਈ ਇਸ ਨੂੰ ਭਜਾਉਣ ਲਈ ਕੋਈ ਸ਼ਰਾਬ ਪੀਂਦਾ ਹੈ, ਕੋਈ ਅਫੀਮ ਖਾਂਦਾ ਹੈ ਤੇ ਕੋਈ ਐਲੋਪੈਥੀ ਦੀ ਕੋਈ ਗੋਲੀ ਲੈਂਦਾ ਹੈ। ਇਨ੍ਹਾਂ ਪਦਾਰਥਾਂ ਦੇ ਫਾਇਦਿਆਂ ਨਾਲੋਂ ਨੁਕਸਾਨ ਵੱਧ ਹੁੰਦੇ ਹਨ, ਜਿਨ੍ਹਾਂ ਦੀ ਕੋਈ ਪ੍ਰਵਾਹ ਨਹੀਂ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਕਰਦਾ। ਹੋਮਿਓਪੈਥੀ ਤੇ ਬੈਚ ਫਲਾਵਰ ਰੈਮਿਡੀਜ਼ ਵਿਚ ਇਸ ਤਕਲੀਫ ਦੇ ਕਈ ਚੰਗੇ ਇਲਾਜ ਹਨ, ਜੋ ਇਸ ਨੂੰ ਜੜ੍ਹੋਂ ਠੀਕ ਕਰ ਦਿੰਦੇ ਹਨ, ਪਰ ਇਹ ਜਨਤਾ ਦੀ ਨਜ਼ਰ ਵਿਚ ਨਹੀਂ ਹਨ। ਰੈੱਡ ਚੈਸਟਨਟ (Red Chestnut) ਇਕ ਅਜਿਹੀ ਹੀ ਖਾਸ ਦਵਾਈ ਹੈ, ਜੋ ਮਰੀਜ਼ ਨੂੰ ਸਹਿਜੇ ਹੀ ਚਿੰਤਾ ਮੁਕਤ ਕਰ ਦਿੰਦੀ ਹੈ।

ਇਨ੍ਹਾਂ ਲੇਖਾਂ ਵਿਚ ਬੈਚ ਫੁੱਲ ਚਿਕਿਤਸਾ ਦੀ ਭੂਮਿਕਾ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਹਰ ਇਕ ਵਿਅਕਤੀ ਆਪਣੇ ਘਰ ਬੈਠਾ ਹੀ ਆਪਣੇ ਰੋਗਾਂ ਨੂੰ ਸਮਝ ਕੇ ਇਨ੍ਹਾਂ ਦਾ ਉੱਤਮ ਇਲਾਜ ਕਰ ਸਕੇ। ਹਥਲੇ ਲੇਖ ਵਿਚ ਚਿੰਤਾ ਦੀ ਪ੍ਰਮੁੱਖ ਦਵਾਈ ਰੈੱਡ ਚੈਸਟਨਟ ਦਾ ਵਰਣਨ ਕੀਤਾ ਗਿਆ ਹੈ, ਜੋ ਐਸਕੂਲਸ ਕਾਰਨੀਆ (Aesculus Carnea) ਨਾਮਕ ਪੌਦੇ ਦੇ ਫੁੱਲਾਂ ਤੋਂ ਤਿਆਰ ਕੀਤੀ ਹੁੰਦੀ ਹੈ। ਇਹ ਹਰ ਚਿੰਤਾ ਦਾ ਇਲਾਜ ਨਹੀਂ ਕਰਦੀ, ਕਿਉਂਕਿ ਹਰੇਕ ਚਿੰਤਾ, ਚਿੰਤਾ ਹੁੰਦੀ ਵੀ ਨਹੀਂ। ਸਭ ਚਿੰਤਾਵਾਂ ਦੀ ਸਾਂਝੀ ਜੜ੍ਹ ਡਰ ਹੁੰਦੀ ਹੈ। ਇਸ ਲਈ ਇਹ ਦੇਖਣਾ ਜਰੂਰੀ ਹੈ ਕਿ ਇਹ ਸਿੱਧਾ ਡਰ ਹੈ ਜਾਂ ਡਰ ਤੋਂ ਨਿਕਲਿਆ ਫਿਕਰ। ਇਸ ਲਈ ਚਿੰਤਾ ਦੇ ਕਾਰਨ ਜਾਂ ਲੱਛਣ ਦੇਖ ਕੇ ਹੀ ਸਹੀ ਦਵਾਈ ਦੀ ਚੋਣ ਕੀਤੀ ਜਾਂਦੀ ਹੈ। ਜਿਸ ਨੂੰ ਆਪਣੀ ਬਿਮਾਰੀ ਦੀ ਚਿੰਤਾ ਭਾਵ ਡਰ ਹੈ, ਉਹ ਮਿਮੂਲਸ ਲਵੇ। ਜਿਸ ਨੂੰ ਪਤਾ ਹੀ ਨਹੀਂ ਕਿ ਚਿੰਤਾ ਜਾਂ ਡਰ ਕਿਸ ਚੀਜ਼ ਦਾ ਹੈ, ਉਹ ਅਸਪੈਨ ਲਵੇ ਤੇ ਜੋ ਆਪਣੀ ਚਿੰਤਾ ਦਾ ਪ੍ਰਗਟਾਵਾ ਕਰਦਾ ਹੋਇਆ ਦੂਜਿਆਂ ਨੂੰ ਪ੍ਰੇਸ਼ਾਨ ਕਰਦਾ ਫਿਰਦਾ ਹੈ, ਉਸ ਨੂੰ ਹੈਦਰ ਲੈਣੀ ਬਣਦੀ ਹੈ, ਪਰ ਜਿਨ੍ਹਾਂ ਨੂੰ ਆਪਣੇ ਬੱਚਿਆਂ ਅਤੇ ਨੇੜੇ-ਤੇੜੇ ਦੇ ਰਿਸ਼ਤੇਦਾਰਾਂ, ਜਿਨ੍ਹਾਂ ਨੂੰ ਉਹ ਵਧੇਰੇ ਪਿਆਰ ਕਰਦੇ ਹਨ, ਦੀ ਚਿੰਤਾ ਰਹਿੰਦੀ ਹੈ, ਉਨ੍ਹਾਂ ਦੇ ਇਲਾਜ ਲਈ ਫੁੱਲ ਦਵਾਈ ਰੈੱਡ ਚੈਸਟਨਟ ਹੈ।

ਰੈੱਡ ਚੈਸਟਨਟ ਦੇ ਮਰੀਜ਼ਾਂ ਦੀ ਪਛਾਣ ਉਨ੍ਹਾਂ ਦੀ ਆਪਣੇ ਨੇੜਲਿਆਂ ਪ੍ਰਤੀ ਬੇਹੱਦ ਫਿਕਰਮੰਦੀ ਹੁੰਦੀ ਹੈ। ਇੱਥੇ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਆਪਣਿਆਂ ਦਾ ਥੋੜ੍ਹਾ ਬਹੁਤਾ ਫਿਕਰ ਤਾਂ ਹਰ ਕਿਸੇ ਨੂੰ ਹੁੰਦਾ ਹੈ। ਕੁਦਰਤ ਵਲੋਂ ਉਹ ਦੂਜਿਆਂ ਦੀ ਭਲਾਈ ਤੇ ਚੰਗੀ ਸਿਹਤ ਦਾ ਖਿਆਲ ਰੱਖਦਾ ਹੈ। ਇਹ ਗੁਣ ਆਮ ਆਦਮੀਆਂ ਦੀ ਤਰ੍ਹਾਂ ਡਾਕਟਰਾਂ ਵਿਚ ਵੀ ਪਾਏ ਜਾਂਦੇ ਹਨ। ਡਾਕਟਰ ਆਪਣੇ ਪਰਿਵਾਰ ਦਾ ਆਪਰੇਸ਼ਨ ਆਪ ਨਹੀਂ ਕਰਦੇ। ਨਿਯਮ ਅਨੁਸਾਰ ਕੋਈ ਡਾਕਟਰ ਆਪਣੇ ਪਰਿਵਾਰਕ ਮੈਂਬਰ ਦਾ ਇਲਾਜ ਨਹੀਂ ਕਰ ਸਕਦਾ, ਪਰ ਇਹ ਸੁੰਦਰ ਜਜ਼ਬੇ ਤਦੇ ਹੀ ਸਿਹਤਮੰਦ ਗਿਣੇ ਜਾ ਸਕਦੇ ਹਨ, ਜੇ ਹੱਦ ਤੋਂ ਨਾ ਵਧ ਜਾਣ। ਜੇ ਇਹੀ ਸੁਭਾਵਿਕ ਫਿਕਰ ਹੱਦ ਪਾਰ ਕਰ ਜਾਣ ਤਾਂ ਬਿਮਾਰੀ ਦਾ ਰੂਪ ਧਾਰਨ ਕਰ ਲੈਂਦੇ ਹਨ। ਰੈੱਡ ਚੈਸਟਨਟ ਦੇ ਮਰੀਜ਼ਾਂ ਵਿਚ ਉਨ੍ਹਾਂ ਦਾ ਸਾਧਾਰਨ ਫਿਕਰ ਚਿੰਤਾ ਨਾਮਕ ਬਿਮਾਰੀ ਵਿਚ ਬਦਲ ਗਿਆ ਹੁੰਦਾ ਹੈ। ਰੈੱਡ ਚੈਸਟਨਟ ਫੁੱਲ ਦਵਾਈ ਇਸੇ ਬਿਮਾਰੀ ਦੀ ਦਵਾਈ ਹੈ।

ਰੈੱਡ ਚੈਸਟਨਟ ਦੀਆਂ ਅਲਾਮਤਾਂ ਕਲਮ-ਬੱਧ ਕਰਦਿਆਂ ਡਾਕਟਰ ਬੈਚ ਲਿਖਦੇ ਹਨ, "ਇਹ ਦਵਾਈ ਉਨ੍ਹਾਂ ਲਈ ਹੈ, ਜਿਨ੍ਹਾਂ ਲਈ ਦੂਜਿਆਂ ਦੀ ਚਿੰਤਾ ਨਾ ਕਰਨਾ ਮੁਸ਼ਕਿਲ ਹੈ। ਅਕਸਰ ਉਹ ਆਪਣੀ ਚਿੰਤਾ ਕਰਨਾ ਛੱਡ ਗਏ ਹੁੰਦੇ ਹਨ, ਪਰ ਉਨ੍ਹਾਂ ਲਈ ਜਿਹੜੇ ਉਨ੍ਹਾਂ ਨੂੰ ਪਿਆਰੇ ਹੁੰਦੇ ਹਨ, ਉਹ ਹਰ ਦਮ ਇਸੇ ਫਿਕਰ ਵਿਚ ਡੁੱਬੇ ਰਹਿੰਦੇ ਹਨ ਕਿ ਉਨ੍ਹਾਂ ਨਾਲ ਕੋਈ ਬਦਕਿਸਮਤੀ ਵਾਲੀ ਘਟਨਾ ਵਾਪਰਨ ਵਾਲੀ ਹੈ।"

ਡਾ. ਬੈਚ ਦਾ ਵਰਣਨ ਚੈਸਟਨਟ ਦੀ ਚਿੰਤਾ ਬਾਰੇ ਕੁਝ ਅਹਿਮ ਇਸ਼ਾਰੇ ਕਰਦਾ ਹੈ। ਪਹਿਲਾ ਇਹ ਕਿ ਇਹ ਚਿੰਤਾ ਕੋਈ ਇੱਛਕ ਜਾਂ ਅਚਨਚੇਤੀ ਜਾਂ ਸੁਭਾਵਿਕ ਫਿਕਰ ਨਹੀਂ ਹੈ। ਇਹ ਇਕ ਮਜਬੂਰਨ ਚਿੰਤਾ ਹੈ, ਜਿਸ ਨੂੰ ਕਰਨ ਤੋਂ ਬਿਨਾ ਰੋਗੀ ਰਹਿ ਨਹੀਂ ਸਕਦਾ। ਇਸ ਲਈ ਇਹ ਕਿਸੇ ਹੋਰ ਬਿਮਾਰੀ ਦੀ ਅਲਾਮਤ ਨਹੀਂ, ਸਗੋਂ ਆਪਣੇ ਆਪ ਵਿਚ ਇਕ ਬਿਮਾਰੀ ਹੈ, ਜੋ ਚਾਹੁਣ 'ਤੇ ਵੀ ਮਰੀਜ਼ ਦਾ ਖਹਿੜਾ ਨਹੀਂ ਛੱਡਦੀ। ਰੈੱਡ ਚੈਸਟਨਟ




ਇਸ ਫਿਕਰਮੰਦੀ ਦਾ ਇਲਾਜ ਕਰਦੀ ਹੈ। ਦੂਜਾ, ਜਿਨ੍ਹਾਂ ਲੋਕਾਂ ਦਾ ਫਿਕਰ ਚਿੰਤਾ ਹੰਢਾਉਣ ਵਾਲਾ ਰੋਗੀ ਕਰਦਾ ਹੈ, ਉਹ ਆਮ ਤੌਰ 'ਤੇ ਉਸ ਦੇ ਬਹੁਤ ਕਰੀਬੀ ਰਿਸ਼ਤੇਦਾਰ ਹੁੰਦੇ ਹਨ। ਉਹ ਬਹੁਤਾ ਕਰ ਕੇ ਉਸ ਦੇ ਬਾਲ ਬੱਚੇ ਜਾਂ ਸਕੇ-ਸਬੰਧੀ ਹੀ ਹੁੰਦੇ ਹਨ, ਜਿਨ੍ਹਾਂ ਦਾ ਉਸ ਨੂੰ ਵਧੇਰੇ ਮੋਹ ਆਉਂਦਾ ਹੈ। ਦੂਰ ਦਿਆਂ ਦਾ ਫਿਕਰ ਉਨ੍ਹਾਂ ਨੂੰ ਇੰਨਾ ਪ੍ਰੇਸ਼ਾਨ ਨਹੀਂ ਕਰਦਾ। ਤੀਜਾ, ਚਿੰਤਾ ਦਾ ਮੁੱਦਾ ਫਿਕਰ ਨਾਲ ਸਬੰਧਤ ਵਿਅਕਤੀਆਂ ਦੀ ਸਲਾਮਤੀ ਦਾ ਹੁੰਦਾ ਹੈ। ਸਲਾਮਤ ਤਾਂ ਉਹ ਹੁੰਦੇ ਹੀ ਹਨ, ਪਰ ਫਿਕਰਮੰਦ ਵਿਅਕਤੀ ਨੂੰ ਚਿੰਤਾ ਇਹ ਹੁੰਦੀ ਹੈ ਕਿ ਉਨ੍ਹਾਂ ਨਾਲ ਕੁਝ ਅਣਸੁਖਾਵਾਂ ਹੋਣ ਵਾਲਾ ਹੈ। ਉਨ੍ਹਾਂ ਨੂੰ ਇਕ ਜੋਰਦਾਰ ਫਰਜ਼ੀ ਖਿਆਲ ਘੇਰ ਲੈਂਦਾ ਹੈ, ਜਿਸ ਨੂੰ ਚਿਕਿਤਸਾ ਵਿਗਿਆਨ ਵਿਚ ਇਲਿਊਜ਼ਨ (Illusion) ਕਹਿੰਦੇ ਹਨ।

ਇਸ ਇਲਿਊਜ਼ਨ ਦਾ ਅਰਥ ਕਿਸੇ ਨਾ ਘਟੀ ਘਟਨਾ ਨੂੰ ਘਟ ਚੁਕੀ ਮੰਨ ਲੈਣਾ ਤੇ ਉਸ ਅਨੁਸਾਰ ਵਿਹਾਰ ਕਰਨਾ ਹੁੰਦਾ ਹੈ। ਜਿਵੇਂ ਜੇ ਕਿਸੇ ਔਰਤ ਦਾ ਪਤੀ ਕਿਸੇ ਦੂਜੇ ਪਿੰਡ ਗਿਆ ਹੋਵੇ, ਜਿਸ ਦੇ ਰਸਤੇ ਵਿਚ ਇਕ ਨਦੀ ਪੈਂਦੀ ਹੋਵੇ ਤੇ ਉਹ ਇਹ ਮੰਨ ਕੇ ਰੋਣ ਕੁਰਲਾਉਣ ਲੱਗੇ ਕਿ ਉਹ ਡੁੱਬ ਗਿਆ ਹੈ, ਇਸ ਲਈ ਉਹ ਨਹੀਂ ਆਵੇਗਾ। ਜੇ ਉਹ ਬਾਹਰ ਖੇਤ ਵਿਚ ਗਿਆ ਹੋਵੇ ਤਾਂ ਉਹ ਫਿਕਰ ਕਰਦੀ ਹੈ ਕਿ ਉਨ੍ਹਾਂ ਨੂੰ ਸੱਪ ਨੇ ਡੰਗ ਲਿਆ ਹੋਣਾ ਹੈ ਤੇ ਅਜਿਹਾ ਸੋਚ ਕੇ ਡੁਸਕਣ ਲਗਦੀ ਹੈ। ਕਈ ਮਾਂਵਾਂ ਨੂੰ ਸਫਰ ਤੇ ਗਏ ਪੁੱਤਾਂ ਨਾਲ ਦੁਰਘਟਨਾ ਹੋਣ ਦਾ ਖਿਆਲ ਚਿੰਤਾ ਲਾਈ ਰੱਖਦਾ ਹੈ। ਕਈ ਪਿਓ ਲਾਮ 'ਤੇ ਗਏ ਪੁੱਤਰ ਦੀ ਕਿਸੇ ਮੁਠ-ਭੇੜ ਵਿਚ ਮਾਰੇ ਜਾਣ ਦੀ ਖਬਰ ਤੋਂ ਭੈ-ਭੀਤ ਰਹਿੰਦੇ ਹਨ। ਘਰ ਵਿਚ ਛੋਟੇ ਬੱਚੇ ਹੋਣ ਤਾਂ ਮਾਪੇ ਤੜਪਦੇ ਹਨ ਕਿ ਕਿਤੇ ਬਿਜਲੀ ਦੇ ਪਲੱਗ ਵਿਚ ਉਂਗਲ ਪਾ ਲੈਣ ਜਾਂ ਮੰਜੇ ਤੋਂ ਨਾ ਡਿੱਗ ਪੈਣ। ਜੇ ਉਹ ਬਾਹਰ ਨਿਕਲ ਕੇ ਖੇਡਣ ਤਾਂ ਡਰਦੇ ਹਨ ਕਿ ਕਿਸੇ ਸਵਿਮਿੰਗ-ਪੂਲ, ਟੋਭੇ ਜਾਂ ਬੋਰ ਦੀ ਖੂਹੀ ਵਿਚ ਡਿੱਗ ਜਾਣਗੇ। ਇਸ ਲਈ ਉਹ ਉਨ੍ਹਾਂ ਨੂੰ ਬੋਚ ਬੋਚ ਰੱਖਦੇ ਹਨ। ਜੇ ਬੱਚੇ ਸਕੂਲ ਗਏ ਹੋਣ ਤਾਂ ਸੋਚਣਗੇ ਕਿ ਉਨ੍ਹਾਂ ਦੇ ਆਟੋ ਦਾ ਕਿਸੇ ਟਰੱਕ ਨਾਲ ਐਕਸੀਡੈਂਟ ਹੋ ਗਿਆ ਹੋਣਾ ਹੈ। ਉਨ੍ਹਾਂ ਨੂੰ ਆਪਣੇ ਬੱਚੇ ਦਿਖਾਈ ਨਹੀਂ ਦਿੰਦੇ, ਸਗੋਂ ਉਨ੍ਹਾਂ ਦੀਆਂ ਲਾਸ਼ਾਂ, ਤੇ ਲਾਸ਼ਾਂ ਦੁਆਲੇ ਚੀਕ ਚਿਹਾੜਾ ਪਾਉਂਦੀਆਂ ਭੀੜਾਂ ਜੁੜੀਆਂ ਦਿਖਾਈ ਦਿੰਦੀਆਂ ਹਨ। ਉਨ੍ਹਾਂ ਨੂੰ ਖੂਨ, ਕਫਨ, ਐਂਬੂਲੈਂਸ, ਹਸਪਤਾਲ, ਆਪਰੇਸ਼ਨ, ਡਾਕਟਰ ਤੇ ਨਰਸਾਂ ਦੇ ਝਉਲੇ ਪੈਂਦੇ ਹਨ। ਘੋਰ ਚਿੰਤਾ ਨਾਲ ਉਨ੍ਹਾਂ ਦਾ ਚਿਹਰਾ ਜ਼ਰਦ ਹੋ ਜਾਂਦਾ ਹੈ, ਸਰੀਰ ਨੂੰ ਪਸੀਨਾ ਆ ਜਾਂਦਾ ਹੈ ਤੇ ਅੱਖਾਂ ਖਰ੍ਹਾਬ ਜਾਂਦੀਆਂ ਹਨ। ਉਹ ਫੌਰਨ ਉਨ੍ਹਾਂ ਦਾ ਪਤਾ ਕਰਨ ਲਈ ਜਾਂਦੇ ਹਨ ਜਾਂ ਕਿਸੇ ਨੂੰ ਭੇਜਦੇ ਹਨ। ਉਨ੍ਹਾਂ ਦੇ ਹੱਥ ਆਪ ਮੁਹਾਰੇ ਅਰਦਾਸਾਂ ਵਿਚ ਬੰਨ ਜਾਂਦੇ ਹਨ। ਅਜਿਹੀ ਘੜੀ ਵਿਚ ਜੇ ਕਿਸੇ ਨੇ ਰੈੱਡ ਚੈਸਟਨਟ ਬਾਰੇ ਪੜ੍ਹਿਆ/ਸੁਣਿਆ ਹੋਵੇ ਤੇ ਜੇ ਉਹ ਇਸ ਦੀਆਂ ਕੁਝ ਬੂੰਦਾਂ ਉਸ ਚਿੰਤਾਵਾਨ ਮਾਪੇ ਨੂੰ ਦੇ ਦੇਵੇ ਤਾਂ ਉਸ ਦੀ ਚਿੰਤਾ ਗਾਇਬ ਹੋ ਜਾਵੇਗੀ ਤੇ ਉਸ ਨੂੰ ਸਹੀ ਸੋਝੀ ਆ ਜਾਵੇਗੀ। ਫਿਰ ਉਹ ਸਾਰੀ ਉਮਰ ਉਸ ਦਵਾਈ ਦੇਣ ਵਾਲੇ ਦਾ ਅਹਿਸਾਨਮੰਦ ਰਹੇਗਾ। ਇਸ ਚਿੰਤਾ ਵਾਲੀ ਪ੍ਰਕਿਰਤੀ ਕਾਰਨ ਜੇ ਉਸ ਨੂੰ ਕੁਝ ਹੋਰ ਤਕਲੀਫਾਂ ਵੀ ਹੋਣ, ਉਹ ਵੀ ਹਟ ਜਾਣਗੀਆਂ।

ਦੋ ਕੁ ਸਾਲ ਪਹਿਲਾਂ ਦੀ ਗੱਲ ਹੈ ਕਿ ਇਕ ਨੌਜਵਾਨ ਲੜਕੀ ਆਪਣੀ 42 ਸਾਲਾਂ ਦੀ ਮਾਂ ਨੂੰ ਮੇਰੇ ਕੋਲ ਲੈ ਕੇ ਆਈ। ਉਸ ਦਾ ਕਹਿਣਾ ਸੀ ਕਿ ਉਸ ਦੀ ਸਿਹਤ ਦਿਨੋ ਦਿਨ ਨਿਘਰਦੀ ਜਾਂਦੀ ਹੈ ਤੇ ਖਾਧਾ ਪੀਤਾ ਵੀ ਨਹੀਂ ਲਗਦਾ। ਡਾਕਟਰ ਨੇ ਥਾਇਰੋਇਡ ਦੀ ਸਮੱਸਿਆ ਦੱਸ ਕੇ ਇਸ ਨੂੰ ਦਵਾਈ ਦੀ ਇਕ ਗੋਲੀ ਹਰ ਰੋਜ਼ ਲੈਣ ਲਈ ਦਿੱਤੀ ਹੋਈ ਸੀ, ਪਰ ਉਸ ਨਾਲ ਉਸ ਦੀ ਸਿਹਤ ਨੂੰ ਕੋਈ ਫਰਕ ਨਹੀਂ ਸੀ ਪਿਆ। ਲੜਕੀ ਉਸ ਦੀਆਂ ਰਿਪੋਰਟਾਂ ਕੱਢ ਕੇ ਮੈਨੂੰ ਦਿਖਾਉਣ ਲੱਗੀ, ਮੈਂ ਉਸ ਨੂੰ ਰੋਕ ਦਿੱਤਾ। ਮੈਂ ਉਸ ਨੂੰ ਕਿਹਾ ਕਿ ਇਨ੍ਹਾਂ ਦੀ ਲੋੜ ਉਨ੍ਹਾਂ ਨੂੰ ਹੁੰਦੀ ਹੈ, ਜਿਨ੍ਹਾਂ ਨੇ ਆਪਰੇਸ਼ਨ ਕਰਨਾ ਹੈ। ਜਦੋਂ ਮੂੰਹੋਂ ਬੋਲਦਾ ਮਰੀਜ਼ ਸਾਹਮਣੇ ਖੜ੍ਹਾ ਹੋਵੇ ਤਾਂ ਉਸੇ ਦੀ ਸੁਣੋ। ਮੈਂ ਬੀਬੀ ਨੂੰ ਪੁੱਛਿਆ, "ਬੀਬੀ ਕੀ ਕੀ ਹਾਲ ਹੈ ਤੇਰਾ?" ਉਹ ਬੋਲੀ, "ਜੀ ਹੋਰ ਤਾਂ ਕੋਈ ਨਹੀਂ, ਬੱਸ ਇਹੋ ਆ ਜੋ ਬੇਟੀ ਨੇ ਦੱਸੀ ਆ।"

ਸਿਰਫ ਇੰਨੀ ਗੱਲ ਦੱਸਣ 'ਤੇ ਦਵਾਈ ਦੇਣੀ ਸੰਭਵ ਨਹੀਂ ਸੀ। ਇਸ ਲਈ ਮੈਂ ਲੜਕੀ ਤੋਂ ਫਿਰ ਪੁੱਛਿਆ, "ਬੇਟੇ ਤੂੰ ਆਪਣੀ ਮੰਮੀ ਦੀ ਤਕਲੀਫ ਮੁੜ ਬਿਆਨ ਕਰ।" ਉਹ ਬੋਲੀ, "ਜੀ ਮੰਮੀ ਸਰੀਰ ਦੇ ਕਮਜ਼ੋਰ ਤਾਂ ਹਨ ਈ, ਇਹ ਦਿਲ ਦੇ ਵੀ ਬੜੇ ਕਮਜ਼ੋਰ ਹਨ। ਹਰ ਵੇਲੇ ਘਬਰਾਈ ਜਾਂਦੇ ਹਨ।" ਮੈਂ ਪੁੱਛਿਆ, ਉਹ ਕਿਵੇਂ? ਲੜਕੀ ਯਾਦ ਕਰਦੀ ਹੋਈ ਬੋਲੀ, "ਇਹ ਛੋਟੀਆਂ ਛੋਟੀਆਂ ਚੀਜ਼ਾਂ ਤੋਂ ਡਰੀ ਜਾਂਦੇ ਹਨ, ਜਿਵੇਂ ਮੇਜ਼ 'ਤੇ ਪਏ ਗਿਲਾਸ ਨੂੰ ਦੇਖ ਕੇ ਕਹੀ ਜਾਣਗੇ ਕਿ ਡਿੱਗ ਕੇ ਟੁੱਟ ਜਾਵੇਗਾ। ਜਦੋਂ ਤੀਕ ਉਸ ਨੂੰ ਕਬਰਡ ਵਿਚ ਨਾ ਰੱਖੀਏ, ਇਨ੍ਹਾਂ ਨੂੰ ਉਸ ਦਾ ਫਿਕਰ ਲੱਗਿਆ ਰਹੇਗਾ। ਮੇਰਾ ਭਰਾ ਸੱਤਵੀਂ ਵਿਚ ਪੜ੍ਹਦਾ ਹੈ। ਉਸ ਨਾਲ ਦੇ ਬੱਚੇ ਆਪ ਚਲ ਕੇ ਸਕੂਲ ਜਾਂਦੇ ਹਨ, ਪਰ ਇਹ ਉਸ ਨੂੰ ਆਪ ਛੱਡ ਕੇ ਆਉਣਗੇ ਤੇ ਆਪ ਹੀ ਲੈ ਕੇ ਆਉਣਗੇ। ਡਰਦੇ ਹਨ ਕਿ ਉਸ ਨੂੰ ਰਸਤੇ ਵਿਚ ਕੁਝ ਹੋ ਨਾ ਜਾਵੇ। ਛੁੱਟੀ ਤੋਂ ਅੱਧਾ ਘੰਟਾ ਪਹਿਲਾਂ ਹੀ ਸਕੂਲ ਮੂਹਰੇ ਜਾ ਖੜ੍ਹਦੇ ਹਨ। ਮੈਂ ਤਾਂ ਭਲਾ ਲੜਕੀ ਸੀ, ਪਰ ਕਰਦੇ ਮੇਰੇ ਨਾਲ ਵੀ ਇੰਦਾਂ ਹੀ ਸਨ।"

ਮੈਂ ਬੀਬੀ ਤੋਂ ਪੁੱਛਿਆ ਕਿ ਕੀ ਇਹ ਠੀਕ ਹੈ? ਉਸ ਨੇ ਹਾਂ ਵਿਚ ਸਿਰ ਹਿਲਾਉਂਦਿਆਂ ਕਿਹਾ, "ਜਦੋਂ ਦੀ ਪੰਜ ਸਾਲ ਪਹਿਲਾਂ ਮੇਰੇ ਪਤੀ ਦੀ ਮੌਤ ਹੋਈ ਹੈ, ਮੈਥੋਂ ਇਨ੍ਹਾਂ ਬੱਚਿਆਂ ਦਾ ਦੂਰ ਹੋਣਾ ਸਹਾਰਿਆ ਨਹੀਂ ਜਾਂਦਾ। ਅੱਖੋਂ ਪਰ੍ਹੇ ਹੁੰਦੇ ਈ ਬੁਰੇ ਬੁਰੇ ਖਿਆਲ ਆਉਣ ਲੱਗ ਜਾਂਦੇ ਹਨ।" ਮੈਂ ਬੀਬੀ ਨੂੰ ਰੈੱਡ ਚੈਸਟਨਟ ਸਵੇਰੇ-ਸ਼ਾਮ ਮਹੀਨਾ ਭਰ ਖਾਣ ਲਈ ਦਿੱਤੀ ਤੇ ਇਸ ਦੇ ਖਤਮ ਹੋਣ ਉਪਰੰਤ ਮੁੜ ਆਉਣ ਲਈ ਕਿਹਾ। ਮਹੀਨੇ ਬਾਅਦ ਆ ਕੇ ਬੀਬੀ ਨੇ ਦੱਸਿਆ ਕਿ ਹੁਣ ਉਸ ਦਾ ਮਨ ਪਹਿਲਾਂ ਨਾਲੋਂ ਸ਼ਾਂਤ ਰਹਿੰਦਾ ਹੈ। ਉਸ ਦੀ ਲੜਕੀ ਨੇ ਕਿਹਾ, "ਬੱਸ ਇੰਨਾ ਫਾਇਦਾ ਹੈ ਕਿ ਹੁਣ ਇਹ ਭਰਾ ਨੂੰ ਸਕੂਲ ਛੱਡਣ ਨਹੀਂ ਜਾਂਦੇ, ਲੈਣ ਹੀ ਜਾਂਦੇ ਨੇ, ਉਹ ਵੀ ਸਮੇਂ ਦੇ ਸਮੇਂ।" ਉਸ ਨੇ ਉਹੀ ਦਵਾਈ ਦੋ ਮਹੀਨੇ ਹੋਰ ਖਾਧੀ ਤੇ ਉਸ ਦੀ ਚਿੰਤਾ ਬੇਫਿਕਰੀ ਵਿਚ ਬਦਲ ਗਈ।

ਰੈੱਡ ਚੈਸਟਨਟ ਦੇ ਮਰੀਜ਼ ਕੋਮਲ ਹਿਰਦੇ ਵਾਲੇ ਤੇ ਆਪਣੇ-ਪਰਾਏ ਸਭ ਨੂੰ ਪਿਆਰ ਕਰਨ ਵਾਲੇ ਹੁੰਦੇ ਹਨ। ਉਹ ਕਿਸੇ ਦਾ ਬੁਰਾ ਨਹੀਂ ਸੋਚਦੇ। ਉਹ ਆਪਣੇ ਪਰਿਵਾਰ ਦੇ ਲੋਕਾਂ, ਸਬੰਧੀਆਂ ਤੇ ਦੋਸਤਾਂ ਨਾਲ ਨਿੱਘੇ ਸਬੰਧ ਰੱਖਣ ਵਾਲੇ ਹੁੰਦੇ ਹਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਵਿਚੋਂ ਕਿਸੇ ਨਾਲ ਕੁਝ ਵੀ ਬੁਰਾ ਨਾ ਵਾਪਰੇ। ਕਿਸੇ ਦੀ ਵੀ ਬਦਕਿਸਮਤੀ ਵਾਲੀ ਕੋਈ ਘਟਨਾ ਸੁਣਨ ਤਾਂ ਉਨ੍ਹਾਂ ਦਾ ਹਿਰਦਾ ਕੰਬ ਜਾਂਦਾ ਹੈ। ਦਹਿਲੇ ਹੋਏ ਉਹ ਆਪਣਿਆਂ ਦਾ ਵਧੇਰੇ ਫਿਕਰ ਕਰਨ ਲੱਗਦੇ ਹਨ। ਜੇ ਸੁਣ ਲੈਣ ਕਿ ਸ਼ਹਿਰ ਵਿਚ ਬੱਚੇ ਚੁੱਕਣ ਵਾਲੇ ਆਏ ਹੋਏ ਹਨ ਤਾਂ ਆਪਣੇ ਬੱਚਿਆਂ ਨੂੰ ਅੰਦਰ ਡੱਕ ਲੈਂਦੇ ਹਨ। ਜੇ ਕਿਸੇ ਲੜਕੀ ਦੇ ਉੱਧਲ ਜਾਣ ਦੀ ਅਫਵਾਹ ਸੁਣਦੇ ਹਨ ਤਾਂ ਆਪਣੀਆਂ ਲੜਕੀਆਂ ਨੂੰ ਘਰੋਂ ਬਾਹਰ ਨਹੀਂ ਨਿਕਲਣ ਦਿੰਦੇ। ਡਰੱਗ ਦੀਆਂ ਗੱਲਾਂ ਸੁਣ ਕੇ ਨੌਜਵਾਨ ਪੁੱਤਰਾਂ ਦੇ ਦੁਆਲੇ ਹੋ ਜਾਂਦੇ ਹਨ। ਆਪਣੇ ਬੱਚਿਆਂ ਦੀ ਪੜ੍ਹਾਈ ਤੇ ਇਮਤਿਹਾਨਾਂ ਦਾ ਸਭ ਤੋਂ ਜ਼ਿਆਦਾ ਫਿਕਰ ਉਨ੍ਹਾਂ ਨੂੰ ਹੁੰਦਾ ਹੈ। ਜਦੋਂ ਤੀਕ ਇਨ੍ਹਾਂ ਦੇ ਬੱਚੇ ਰਾਤ ਨੂੰ ਪੜ੍ਹਦੇ ਰਹਿੰਦੇ ਹਨ, ਉਦੋਂ ਤੀਕ ਇਹ ਵੀ ਜਾਗਦੇ ਰਹਿੰਦੇ ਹਨ। ਬਾਹਰ ਗਏ ਧੀਆਂ-ਪੁੱਤਰਾਂ ਨੂੰ ਫਿਕਰ ਨਾਲ ਫੋਨ ਕਰਦੇ ਰਹਿੰਦੇ ਹਨ। ਜੇ ਉਹ ਫੋਨ ਨਾ ਚੁੱਕਣ ਤਾਂ ਉਨ੍ਹਾਂ ਦੇ ਦੋਸਤਾਂ ਤੋਂ ਉਨ੍ਹਾਂ ਦੇ ਥਾਂ ਟਿਕਾਣੇ ਬਾਰੇ ਪੁੱਛਣਾ ਸ਼ੁਰੂ ਕਰ ਦਿੰਦੇ ਹਨ। ਜੇ ਪਤਾ ਲੱਗ ਜਾਵੇ ਤਾਂ ਉੱਥੇ ਹੀ ਲੈਣ ਲਈ ਚਲੇ ਜਾਂਦੇ ਹਨ। ਕੁਝ ਨਾ ਪਤਾ ਲੱਗਣ 'ਤੇ ਕੁੜ੍ਹਦੇ ਬੋਲਦੇ ਫਿਰੀ ਜਾਣਗੇ। ਰੈੱਡ ਚੈਸਟਨਟ ਇਨ੍ਹਾਂ ਦੇ ਮਨ ਦੀ ਚਿੰਤਾ ਦੇ ਭਾਂਬੜ ਪਲ ਭਰ ਵਿਚ ਠੰਡੇ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਦੇ ਸੇਵਨ ਤੋਂ ਬਾਅਦ ਇਹੀ ਵਿਲਕਦੇ ਮਾਪੇ ਕਹਿਣ ਲੱਗਦੇ ਹਨ, "ਫਿਰ ਕੀ ਹੋਇਆ ਗੱਭਰੂ ਲੜਕੇ ਬਾਹਰ ਜਾਇਆ ਈ ਕਰਦੇ ਐ।" ਉਹ ਆਪਣੇ ਪੁਰਾਣੇ ਤਰਕ, "ਉਸ ਨੂੰ ਜਰੂਰ ਕੁਝ ਹੋ ਗਿਆ ਹੈ, ਨਹੀਂ ਤਾਂ ਉਹ ਹੁਣ ਤੀਕ ਆ ਜਾਂਦਾ", ਨੂੰ ਇਸ ਨਵੇਂ ਤਰਕ ਵਿਚ ਬਦਲ ਦਿੰਦੇ ਹਨ, "ਲੜਕਾ ਸਮਝਦਾਰ ਐ, ਆਪੇ ਆ ਜਾਵੇਗਾ। ਕੋਈ ਅੜਿੱਕਾ ਹੋ ਗਿਆ ਹੋਣਾ ਐ, ਜੋ ਲੇਟ ਐ ਅੱਜ।"

ਜਿਨ੍ਹਾਂ ਲੋਕਾਂ ਨੂੰ ਰੈੱਡ ਚੈਸਟਨਟ ਜਿਹੀ ਘਣਘੋਰ ਚਿੰਤਾ ਰਹਿੰਦੀ ਹੈ, ਉਹ ਅੰਦਰੋਂ ਬੀਮਾਰ ਹੁੰਦੇ ਹਨ; ਪਰ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਹੀਂ ਚਲਦਾ ਕਿ ਉਹ ਬਿਮਾਰ ਹਨ। ਉਹ ਤਾਂ ਸਮਝਦੇ ਹਨ ਕਿ ਉਹ ਠੀਕ ਹਨ, ਸਗੋਂ ਦੂਜਿਆਂ ਨਾਲੋਂ ਵਧੇਰੇ ਠੀਕ ਹਨ, ਕਿਉਂਕਿ ਉਹ ਆਪਣਿਆਂ ਦਾ ਪਿਆਰ ਨਾਲ ਫਿਕਰ ਕਰਦੇ ਹਨ। ਉਹ ਸਮਝਦੇ ਹਨ, ਉਹ ਨਾ ਸਿਰਫ ਪਰਿਵਾਰਕ ਜਨਾਂ ਦੀ ਸੁਖ ਸਮ੍ਰਿਧੀ ਮੰਗਣ ਵਾਲੇ ਹਨ, ਸਗੋਂ ਪਰਿਵਾਰ ਨੂੰ ਪਿਆਰ ਦੇ ਤਾਂਤੇ ਵਿਚ ਜੋੜ ਕੇ ਰੱਖਦੇ ਹਨ, ਪਰ ਉਨ੍ਹਾਂ ਦੀ ਇਹ ਗੱਲ ਤਦੇ ਹੀ ਸਹੀ ਸਾਬਤ ਹੋ ਸਕਦੀ ਹੈ, ਜੇ ਉਹ ਆਪਣੇ ਮਨ ਨੂੰ ਚਿੰਤਾ ਨਾ ਲਾਉਣ। ਜੇ ਉਹ ਹਰ ਸਾਧਾਰਨ ਗੱਲ ਵਿਚ ਸੋਗ, ਮਾਤਮ ਤੇ ਮੌਤ ਦੇ ਮੰਜ਼ਰ ਦੇਖਣ ਤੇ ਹਰ ਨਜ਼ਾਰਾ ਕਾਲਖ ਨਾਲ ਰੰਗਿਆ ਕਲਪਣ, ਫਿਰ ਉਨ੍ਹਾਂ ਦੀ ਸੋਚ ਦੂਸ਼ਿਤ ਸਮਝੋ। ਇਸ ਤਰੁੱਟੀਪੂਰਣ ਸੋਚ ਦਾ ਪਤਾ ਦੂਜਿਆਂ ਨੂੰ ਲੱਗ ਜਾਂਦਾ ਹੈ। ਜਿਹੜੇ ਉਨ੍ਹਾਂ ਦੇ ਵਿਹਾਰ ਨੂੰ ਵੇਖਦੇ ਹਨ ਜਾਂ ਉਨ੍ਹਾਂ ਦੀ ਇਸ ਸੋਚ ਤੋਂ ਪ੍ਰਭਾਵਿਤ ਹੁੰਦੇ ਹਨ, ਉਹ ਵਧੇਰੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਹ ਚਿੰਤਾ ਰੋਗ ਨਾਲ ਪੀੜਿਤ ਹਨ। ਚੰਗਾ ਹੋਵੇ ਜੇ ਉਨ੍ਹਾਂ ਦੀ ਜਾਣ-ਪਛਾਣ ਵਿਚੋਂ ਕੋਈ ਵਿਅਕਤੀ ਬੈਚ ਫੁੱਲ ਪ੍ਰਣਾਲੀ ਦਾ ਅਧਿਐਨ ਰੱਖਦਾ ਹੋਵੇ ਤੇ ਉਹ ਉਸ ਨੂੰ ਕੁਝ ਦਿਨਾਂ ਲਈ ਰੈੱਡ ਚੈਸਟਨਟ ਦੀਆਂ ਤਿੰਨ ਖੁਰਾਕਾਂ ਰੋਜ਼ਾਨਾ ਖਾਣ ਨੂੰ ਦੇ ਦੇਵੇ। ਇਸ ਨਾਲ ਉਹ ਤੇ ਉਨ੍ਹਾਂ ਦਾ ਗਵਾਂਢ ਵਧੇਰੇ ਸ਼ਾਂਤਮਈ ਤੇ ਧਨਾਤਮਿਕ ਊਰਜਾ ਨਾਲ ਭਰਪੂਰ ਹੋ ਜਾਵੇਗਾ।

ਮੇਰੀ ਕਲਿਨਿਕ ਵਿਚ ਕਈ ਵਾਰ ਅਜਿਹੀਆਂ ਤ੍ਰੀਮਤਾਂ ਵੀ ਆਉਂਦੀਆਂ ਹਨ, ਜਿਨ੍ਹਾਂ ਨਾਲ ਉਨ੍ਹਾਂ ਦੇ ਪਤੀ ਤੇ ਇਕ ਦੋ ਬੱਚੇ ਵੀ ਹੁੰਦੇ ਹਨ। ਆਪਣਾ ਕੇਸ ਦੱਸਦੇ ਵੇਲੇ ਉਨ੍ਹਾਂ ਦਾ ਸਾਰਾ ਧਿਆਨ ਆਪਣੇ ਬੱਚਿਆਂ ਵਿਚ ਰਹਿੰਦਾ ਹੈ। ਉਹ ਉਨ੍ਹਾਂ ਕੋਲ ਜਾ ਜਾ ਉਨ੍ਹਾਂ ਨੂੰ ਕੁਝ ਕਰਨ ਤੋਂ ਵਰਜਦੀਆਂ ਰਹਿੰਦੀਆਂ ਹਨ। ਬੱਚੇ ਜਰਾ ਵੀ ਹਿਲਣ ਤਾਂ ਉਨ੍ਹਾਂ ਨੂੰ ਬਿਠਾਉਣ ਜਾਂਦੀਆਂ ਹਨ। ਜੇ ਬੱਚੇ ਦਰਖਤ 'ਤੇ ਚੜ੍ਹਨ ਜਾਂ ਸੜਕ ਵਲ ਜਾਣ ਫਿਰ ਤਾਂ ਉਹ ਨਾਲ ਹੀ ਦੌੜ ਲੈਂਦੀਆਂ ਹਨ। ਬੱਚੇ ਬਾਹਰ ਕਾਰ ਵਿਚ ਬੈਠੇ ਹੋਣ ਤਾਂ ਇਕ ਦੋ ਵਾਰੀ ਕਾਰ ਵਿਚ ਵੇਖਣ ਜਾਂਦੀਆਂ ਹਨ ਕਿ ਸਹੀ ਸਲਾਮਤ ਤਾਂ ਬੈਠੇ ਹੋਏ ਹਨ! ਜਦੋਂ ਦੋ-ਚਾਰ ਵਾਰ ਆਪ ਕੋਸ਼ਿਸ਼ ਕਰ ਕੇ ਥੱਕ ਜਾਂਦੀਆਂ ਹਨ ਤਾਂ ਆਪਣੇ ਪਤੀਆਂ ਨੂੰ ਧਿਆਨ ਰੱਖਣ ਲਈ ਕਹਿੰਦੀਆਂ ਹਨ। ਉਨ੍ਹਾਂ ਦੇ ਇਹ ਚਾਲੇ ਦੇਖ ਕੇ ਮੈਂ ਉਨ੍ਹਾਂ ਨੂੰ ਫੁੱਲ ਦਵਾਈ ਰੈੱਡ ਚੈਸਟਨਟ ਜ਼ਰੂਰ ਦਿੰਦਾ ਹਾਂ।


ਇਨ੍ਹਾਂ ਮਰੀਜ਼ਾਂ ਬਾਰੇ ਸੋਚ ਕੇ ਮੈਨੂੰ ਆਪਣੀ ਪਛਾਣ ਵਾਲੀ ਇਕ ਲੜਕੀ ਦੀ ਯਾਦ ਆਉਂਦੀ ਹੈ। ਉਹ ਆਪਣੇ ਬੇਟੇ ਨੂੰ ਹਮੇਸ਼ਾ ਰੋਕਾਂ-ਟੋਕਾਂ ਹੇਠ ਰੱਖਦੀ ਸੀ। ਉਹ ਉਸ ਨੂੰ ਸ਼ੁਰੂ ਤੋਂ ਹੀ ਇੰਨਾ ਸੰਭਾਲ ਕੇ ਰੱਖਦੀ ਸੀ ਕਿ ਬੇਬੀ ਸਿਟਰ ਕੋਲ ਵੀ ਨਹੀਂ ਸੀ ਭੇਜਦੀ। ਅਸਲ ਵਿਚ ਉਸ ਨੂੰ ਕਿਸੇ ਤੇ ਵਿਸ਼ਵਾਸ ਹੀ ਨਹੀਂ ਸੀ, ਇਸ ਲਈ ਉਹ ਉਸ ਦੀ ਸੰਭਾਲ ਆਪ ਕਰਦੀ ਸੀ। ਇਸ ਕੰਮ ਲਈ ਉਸ ਨੇ ਆਪਣੇ ਨੌਕਰੀ ਤੀਕ ਛੱਡ ਦਿੱਤੀ। ਠੰਡ ਲੱਗ ਜਾਣ ਦੇ ਡਰੋਂ ਉਹ ਉਸ ਨੂੰ ਵਾਧੂ ਕੱਪੜੇ ਪਹਿਨਾ ਕੇ ਘਰ ਤੋਂ ਬਾਹਰ ਨਾ ਜਾਣ ਦਿੰਦੀ। ਜਿਉਂ ਜਿਉਂ ਬੱਚਾ ਵੱਡਾ ਹੁੰਦਾ ਗਿਆ, ਉਹ ਉਸ ਦੀ ਹੋਰ ਵਧੇਰੇ ਚਿੰਤਾ ਕਰਨ ਲੱਗੀ। ਹੁਣ ਉਹ ਉਸ ਦੀ ਖੁਰਾਕ ਆਪ ਨਿਸ਼ਚਿਤ ਕਰਦੀ ਤੇ ਉਸ ਦੇ ਦੋਸਤਾਂ ਦੀ ਚੋਣ ਵੀ ਆਪ ਕਰਦੀ। ਇੱਥੋਂ ਤੀਕ ਕਿ ਉਸ ਨੇ ਲੜਕੇ ਦੀਆਂ ਸਕੂਲ ਦੀਆਂ ਗਤੀਵਿਧੀਆਂ ਨੂੰ ਵੀ ਕੰਟਰੋਲ ਕਰਦੀ। ਇਸ ਕੰਮ ਵਿਚ ਸਹਾਇਤਾ ਲਈ ਉਹ ਉਸ ਦੀ ਅਧਿਆਪਕਾ ਤੀਕ ਵੀ ਪਹੁੰਚ ਕਰਦੀ। ਜੇ ਉਨ੍ਹਾਂ ਦੀ ਕਲਾਸ ਸਕੂਲ ਵਲੋਂ ਕਿਤੇ ਬਾਹਰ ਘੁੰਮਣ ਜਾਂਦੀ ਤਾਂ ਉਹ ਨਾਲ ਜਾਂਦੀ। ਆਖਰਕਾਰ ਫਿਕਰ ਕਰਦੀ ਮਾਂ ਡਿਪ੍ਰੈਸ਼ਨ ਨਾਲ ਢਿੱਲੀ ਹੋ ਗਈ। ਆਪਣੇ ਪਤੀ ਨਾਲ ਇਲਾਜ ਲਈ ਆਈ। ਉਸ ਨੇ ਮੰਨਿਆ ਕਿ ਉਸ ਦਾ ਇਕੋ ਇਕ ਲੜਕਾ ਹੈ ਤੇ ਉਹ ਉਸ ਨੂੰ ਕਿਸੇ ਕੀਮਤ 'ਤੇ ਕਿਸੇ ਪਾਸਿਓਂ ਖੋਣਾ ਨਹੀਂ ਚਾਹੁੰਦੀ। ਇਸ ਲਈ ਉਸ ਨੂੰ ਹਰ ਵੇਲੇ ਉਸ ਦਾ ਫਿਕਰ ਖਾਈ ਜਾਂਦਾ ਹੈ। ਉਸ ਦੇ ਪਤੀ ਨੇ ਦੱਸਿਆ ਕਿ ਲੜਕੇ ਦੀ ਲੋੜ ਨਾਲੋਂ ਵਾਧੂ ਸੁਰਖਿਆ (Over protection) ਕਰਨਾ ਉਸ ਦਾ ਸੁਭਾਉ ਬਣ ਗਿਆ ਸੀ। ਮੈਂ ਉਸ ਔਰਤ ਨੂੰ ਛੇ ਮਹੀਨੇ ਤੀਕ ਫੁੱਲ ਦਵਾਈ ਰੈੱਡ ਚੈਸਟਨਟ ਖਵਾਈ। ਇਸ ਨਾਲ ਨਾ ਸਿਰਫ ਉਸ ਦਾ ਡਿਪ੍ਰੈਸ਼ਨ ਦੂਰ ਹੋਇਆ, ਸਗੋਂ ਉਸ ਦੇ ਪੁੱਤਰ ਪ੍ਰਤੀ ਉਸ ਦਾ ਰਵੱਈਆ ਵੀ ਠੀਕ ਹੋਇਆ। ਉਸ ਨੇ ਉਸ ਨੂੰ ਆਪਣੇ ਜੀਵਨ ਦੇ ਫੈਸਲੇ ਆਪ ਕਰਨ ਦੀ ਖੁੱਲ੍ਹ ਦੇਣੀ ਸ਼ੁਰੂ ਕਰ ਦਿੱਤੀ ਤੇ ਬੇਫਿਕਰ ਹੋ ਕੇ ਆਪ ਵੀ ਮੁੜ ਨੌਕਰੀ ਪ੍ਰਾਪਤ ਕਰ ਲਈ। ਅੱਜ ਜਦੋਂ ਉਸ ਦਾ ਲੜਕਾ ਇੰਜੀਨੀਅਰ ਬਣ ਕੇ ਫੌਜ ਵਿਚ ਉੱਚੇ ਅਹੁਦੇ 'ਤੇ ਤਾਇਨਾਤ ਹੈ ਤੇ ਦੂਰ ਰਹਿੰਦਾ ਹੈ ਤਾਂ ਵੀ ਉਸ ਦਾ ਦਿਲ ਕਾਇਮ ਹੈ!

ਚਿੰਤਾਤੁਰ ਵਿਅਕਤੀ ਆਪ ਤਾਂ ਬੀਮਾਰ ਹੁੰਦੇ ਹੀ ਹਨ, ਉਨ੍ਹਾਂ ਦੇ ਸੁਭਾਅ ਦਾ ਮਾੜਾ ਪ੍ਰਭਾਵ ਉਨ੍ਹਾਂ 'ਤੇ ਵੀ ਪੈਂਦਾ ਹੈ, ਜਿਨ੍ਹਾਂ ਦੀ ਚਿੰਤਾ ਉਹ ਕਰਦੇ ਹਨ। ਇਕ ਤਾਂ ਉਹ ਉਨ੍ਹਾਂ ਦੀ ਵਾਧੂ ਰੋਕ ਟੋਕ ਕਾਰਨ ਆਪ ਸੁਤੰਤਰ ਨਹੀਂ ਹੋ ਸਕਦੇ ਤੇ ਲਗਾਤਾਰ ਦੂਜੇ ਦੇ ਨਿਰਧਾਰਤ ਬੰਧਨਾਂ ਵਿਚ ਜਿਉਣ ਕਾਰਨ ਆਪਣੇ ਆਪ ਨੂੰ ਜੀਵਨ ਦੇ ਸੰਘਰਸ਼ ਲਈ ਲਾਮਬੰਦ ਨਹੀਂ ਕਰ ਸਕਦੇ। ਦੂਜੇ ਜਿਸ ਕੰਮ ਨੂੰ ਕਰਨ ਦਾ ਉਨ੍ਹਾਂ ਨੂੰ ਆਦੇਸ਼ ਹੁੰਦਾ ਹੈ, ਉਹ ਉਸ ਨੂੰ ਵੀ ਪੂਰਾ ਨਹੀਂ ਕਰ ਸਕਦੇ। ਮਿਸਾਲ ਵਜੋਂ ਬੱਚੇ ਸਕੂਲ ਜਾਂਦੇ ਹਨ ਤੇ ਵੱਡੇ ਜੀਅ ਕੰਮ ਕਰਨ ਲਈ ਦਿਨ ਭਰ ਬਾਹਰ ਰਹਿੰਦੇ ਹਨ। ਉਨ੍ਹਾਂ ਦਾ ਘਰ ਮੁੜਨ ਦਾ ਇਕ ਖਾਸ ਸਮਾਂ ਹੁੰਦਾ ਹੈ। ਜੇ ਕਿਸੇ ਦਿਨ ਉਨ੍ਹਾਂ ਨੂੰ ਅਚਨਚੇਤ ਕੁਝ ਹੋਰ ਸਮਾਂ ਬਾਹਰ ਰੁਕਣਾ ਪਵੇ ਤਾਂ ਉਹ ਆਪ ਤਣਾਓ ਹੇਠ ਆ ਜਾਂਦੇ ਹਨ। ਉਨ੍ਹਾਂ ਨੂੰ ਫਿਕਰ ਹੁੰਦਾ ਹੈ ਕਿ ਜੇ ਉਹ ਸਮੇਂ ਸਿਰ ਘਰ ਨਾ ਗਏ ਤਾਂ ਉਨ੍ਹਾਂ ਦੀ ਮਾਂ ਜਾਂ ਪਤਨੀ ਚਿੰਤਾ ਦੀ ਮਾਰੀ ਝੱਲੀ ਹੋ ਜਾਵੇਗੀ। ਉਹ ਆਪਣੇ ਕੰਮਾਂ ਨੂੰ ਵਿਚਾਲੇ ਛੱਡ ਕੇ ਘਰ ਪਹੁੰਚਦੇ ਹਨ। ਅਜਿਹੀ ਹਾਲਤ ਵਿਚ ਦੋਵੇਂ ਧਿਰਾਂ ਨੂੰ ਪ੍ਰੇਸ਼ਾਨੀ ਤੇ ਨਿਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਫੁੱਲ ਦਵਾਈ ਰੈੱਡ ਚੈਸਟਨਟ ਦੋਹਾਂ ਧਿਰਾਂ ਨੂੰ ਆਪਣੀ ਆਪਣੀ ਥਾਂ ਸ਼ਾਂਤ ਕਰ ਦੇਵੇਗੀ।

ਇਹ ਫੁੱਲ ਦਵਾਈ ਉਨ੍ਹਾਂ ਮਰੀਜ਼ਾਂ ਲਈ ਵੀ ਅਤਿਅੰਤ ਢੁਕਵੀਂ ਹੈ, ਜੋ ਨਰਮ ਹਿਰਦੇ ਵਾਲੇ ਤੇ ਸੱਚਾ ਪਿਆਰ ਕਰਨ ਵਾਲੇ ਹੁੰਦੇ ਹਨ। ਉਹ ਭਾਵਨਾਤਮਿਕ ਤੌਰ 'ਤੇ ਦੂਜਿਆਂ ਨਾਲ ਮੋਹ ਦੇ ਰਿਸ਼ਤੇ ਬਣਾ ਬੈਠਦੇ ਹਨ। ਜੇ ਉਨ੍ਹਾਂ ਦਾ ਮਿੱਤਰ ਪਿਆਰਾ ਉਨ੍ਹਾਂ ਨਾਲੋਂ ਦੂਰ ਹੋ ਜਾਵੇ ਜਾਂ ਸਦਾ ਲਈ ਵਿਛੜ ਜਾਵੇ ਤਾਂ ਉਨ੍ਹਾਂ ਨੂੰ ਅਸਹਿ ਸਦਮਾ ਲਗਦਾ ਹੈ। ਅਜਿਹਾ ਗਮ ਸੱਚੇ ਮਿੱਤਰਾਂ ਦੇ ਸਦੀਵੀ ਵਿਛੋੜੇ ਨਾਲ, ਪਿਆਰ ਸਬੰਧਾਂ ਦੇ ਟੁੱਟਣ ਨਾਲ, ਤੇ ਨੇੜਲੇ ਪਰਿਵਾਰਕ ਮੈਂਬਰਾਂ ਦੇ ਪੱਕੇ ਘਾਟੇ ਪੈਣ ਨਾਲ ਆਮ ਲੱਗ ਜਾਂਦਾ ਹੈ। ਫਿਰ ਇਨ੍ਹਾਂ ਗਮਗੀਨ ਵਿਅਕਤੀਆਂ ਦੀ ਹਾਲਤ ਤਰਸਯੋਗ ਹੋ ਜਾਂਦੀ ਹੈ। ਉਹ ਉਨ੍ਹਾਂ ਨੂੰ ਭੁਲਾ ਨਹੀਂ ਸਕਦੇ। ਕਈ ਉਨ੍ਹਾਂ ਦੀ ਯਾਦ ਵਿਚ ਰੋਂਦੇ ਰਹਿੰਦੇ ਹਨ, ਕਈ ਕਵੀ ਬਣ ਜਾਂਦੇ ਹਨ, ਕਈ ਦਿਲ ਦੇ ਪਥਰਾ ਜਾਣ ਨਾਲ ਗੁੰਮ ਸੁੰਮ ਹੋ ਕੇ ਬਾਵਰੇ ਬਣ ਜਾਂਦੇ ਹਨ। ਕਈ ਆਪਣੇ ਕੰਮ ਕਾਜ ਵਿਚ ਰੁਚੀ ਖੋ ਬੈਠਦੇ ਹਨ ਤੇ ਕਈ ਘੋਰ ਡਿਪ੍ਰੈਸ਼ਨ ਕਾਰਨ ਮੌਤ

(ਬਾਕੀ ਸਫਾ 29 'ਤੇ)

## ਮੇਰੀ ਪਾਕਿਸਤਾਨ ਫੇਰੀ-4



**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ: 510-909-8204**

# ਮੋਹ-ਮੁਹੱਬਤਾਂ ਦਾ ਮੀਂਹ

*ਸੰਨ ਸੰਤਾਲੀ ਵਿਚ ਭਾਰਤ ਵੰਡਿਆ ਗਿਆ ਪਰ ਅਸਲ ਵੰਡ ਤਾਂ ਪੰਜਾਬ ਅਤੇ ਬੰਗਾਲ ਦੀ ਹੋਈ ਜਿਥੇ ਦੋ ਕੌਮਾਂ ਟੋਟੇ-ਟੋਟੇ ਹੋ ਗਈਆਂ। ਇਸ ਵੰਡ ਵੇਲੇ ਵਸੋਂ ਦੀ ਅਦਲਾ-ਬਦਲੀ ਦੌਰਾਨ ਪੰਜਾਬ ਲਹੂ-ਲੁਹਾਣ ਹੋ ਗਿਆ। ਬਾਅਦ ਵਿਚ ਦੋਹਾਂ ਮੁਲਕਾਂ ਦੇ ਸਿਆਸਤਦਾਨ ਭਾਵੇਂ ਇਕ-ਦੂਜੇ ਖਿਲਾਫ ਨਫਰਤ ਵਾਲੀ ਸਿਆਸਤ ਕਰਦੇ ਰਹੇ ਪਰ ਦੋਹਾਂ ਪਾਸਿਆਂ ਦੇ ਲੋਕ ਇਕ-ਦੂਜੇ ਨੂੰ ਧਾਹ ਗਲਵੱਕੜੀ ਪਾਉਂਦੇ ਹਨ। 'ਪੰਜਾਬ ਟਾਈਮਜ਼' ਨਾਲ ਚਿਰਾਂ ਤੋਂ ਜੁੜੇ ਰਹੇ ਅਤੇ ਅੱਜਕੱਲ੍ਹ ਅਮਰੀਕਾ ਵੱਸਦੇ ਜਸਵੰਤ ਸਿੰਘ ਸੰਧੂ ਨੇ ਪਾਕਿਸਤਾਨ ਫੇਰੀ ਬਾਰੇ ਲੰਮਾ ਲੇਖ ਸਾਨੂੰ ਲਿਖ ਭੇਜਿਆ ਹੈ। ਇਸ ਦੀ ਚੌਥੀ ਅਤੇ ਆਖਰੀ ਕਿਸ਼ਤ ਹਾਜ਼ਰ ਹੈ।*

ਫਿਰ ਪ੍ਰੋਗਰਾਮ ਬਣਿਆ ਡਾ. ਤਾਹਿਰ ਮਹਿਮੂਦ ਨੂੰ ਉਨ੍ਹਾਂ ਦੇ ਚੱਕ ਨੰਬਰ 97 ਆਰ.ਬੀ. ਜੌਹਲ ਜੜ੍ਹਾਂ ਵਾਲਾ ਜ਼ਿਲ੍ਹਾ ਲਾਇਲਪੁਰ ਨੂੰ ਮਿਲਣ ਦਾ। ਮੈਂ ਫੋਨ 'ਤੇ ਆਪਣੇ ਆਉਣ ਦੀ ਸੂਚਨਾ ਦੇ ਦਿੱਤੀ ਸੀ। ਡਾ. ਸਾਹਿਬ ਪੇਸ਼ੇ ਵਜੋਂ ਵੈਟਰਨਰੀ ਡਾਕਟਰ ਨੇ। ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਬੜੇ ਵੱਡੇ ਮਦਾਹ ਨੇ। ਤਿੰਨ ਦਹਾਕਿਆਂ ਤੋਂ ਉਨ੍ਹਾਂ ਦੇ ਲੇਖ 'ਅਜੀਤ' ਛਪਦੇ ਰਹੇ ਨੇ। ਚੜ੍ਹਦੇ ਪੰਜਾਬ ਵਿਚ ਉਨ੍ਹਾਂ ਦੇ ਲੇਖ ਪੜ੍ਹੇ ਅਤੇ ਸਲਾਹੇ ਜਾਂਦੇ ਨੇ। ਸ. ਅਮੋਲਕ ਸਿੰਘ ਜੰਮੂ ਆਪਣੇ ਹਫਤਾਵਾਰੀ ਅਖਬਾਰ 'ਪੰਜਾਬ ਟਾਈਮਜ਼' ਵਿਚ ਵੀ ਛਾਪਦੇ ਨੇ।

ਦੋ-ਢਾਈ ਘੰਟੇ ਦੇ ਸਫਰ ਬਾਅਦ ਅਸੀਂ ਉਨ੍ਹਾਂ ਦੇ ਨਿਵਾਸ 'ਤੇ ਪਹੁੰਚ ਗਏ। ਚਾਹ-ਪਾਣੀ ਦੇ ਨਾਲ ਹੀ ਗੱਲਾਂ-ਬਾਤਾਂ ਦਾ ਸਿਲਸਿਲਾ ਚੱਲ ਪਿਆ। ਉਨ੍ਹਾਂ ਦੱਸਿਆ, "ਜਦ ਮੈਂ ਗੁਰਮੁਖੀ ਲਿਪੀ ਸਿੱਖ ਕੇ ਰੋਜ਼ਾਨਾ ਅਜੀਤ ਵਿਚ ਛਪਣਾ ਸ਼ੁਰੂ ਕੀਤਾ ਤਾਂ ਚੜ੍ਹਦੇ ਪੰਜਾਬ ਵਿਚੋਂ ਕਾਫੀ ਤਾਦਾਦ ਵਿਚ ਰੋਜ਼ ਚਿੱਠੀਆਂ ਆਉਣ ਲੱਗ ਪਈਆਂ। ਮੈਨੂੰ ਡਾਕੀਆ ਕਹਿੰਦਾ- 'ਡਾਕਟਰ ਸਾਹਬ, ਤੁਸੀਂ ਚੜ੍ਹਦੇ ਪੰਜਾਬ ਵਿਚ ਕੀ ਅੱਗ ਲਾ ਦਿੱਤੀ ਜੇ, ਡਾਕ ਵਿਚ ਅੱਧੀਆਂ ਚਿੱਠੀਆਂ ਤੁਹਾਡੀਆਂ ਹੀ ਹੁੰਦੀਆਂ'। ਜਦ ਮੈਂ ਵੀਜ਼ਾ ਲਵਾ ਕੇ ਚੜ੍ਹਦੇ ਪੰਜਾਬ ਗਿਆ ਤਾਂ ਮੇਰੇ ਪ੍ਰਸ਼ੰਸਕਾਂ ਨੇ ਮੇਰਾ ਬੜਾ ਆਦਰ-ਮਾਣ ਕੀਤਾ। ਕਈਆਂ ਨੇ ਤਾਂ ਆਪਣੇ ਘਰਾਂ ਵਿਚ ਮੇਰੀਆਂ ਫੋਟੋਆਂ ਵੀ ਲਾਈਆਂ ਹੋਈਆਂ ਨੇ। ਡਾ. ਨਿਰਮਲ ਸਿੰਘ, ਪੰਜਾਬੀ ਸੱਥ ਲਾਂਬੜਾ ਵਾਲਿਆਂ ਨੇ ਸੱਦ ਕੇ ਸਨਮਾਨਿਤ ਕੀਤਾ। ਉਨ੍ਹਾਂ ਮੈਨੂੰ ਪੰਜਾਬ ਦੇ ਨਕਸ਼ੇ ਵਿਚ ਲਾਲ ਲਕੀਰ ਦੇ ਸਾਹਮਣੇ ਖੜ੍ਹਾ ਕਰਕੇ ਕਿਹਾ- 'ਡਾਕਟਰ ਸਾਹਬ! ਕਿਸੇ ਦਿਨ ਇਹ ਲਾਲ ਲਕੀਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸਾਹਮਣੇ ਬੇਅਰਥ ਹੋ ਜਾਵੇਗੀ, ਬਿਨਾ ਸ਼ੱਕ ਸਰਹੱਦਾਂ ਭਾਵੇਂ ਰਹਿਣਗੀਆਂ'।"

ਕੁਝ ਦੇਰ ਚੁੱਪ ਰਹਿ ਕੇ ਫਿਰ ਬੋਲੇ, "ਜਦ ਮੈਂ ਵਿਹੜੇ ਵਿਚ ਬੈਠਾ ਚੰਦਰਮਾ ਨੂੰ ਦੇਖ ਰਿਹਾ ਹੁੰਦਾ ਹਾਂ ਤਾਂ ਮੈਂ ਆਖਦਾ ਹੁੰਦਾ- ਤੂੰ ਚੜ੍ਹਦੇ ਤੇ ਲਹਿੰਦੇ ਵਾਲੇ ਸਭ ਪੰਜਾਬੀਆਂ ਨੂੰ ਦੇਖ ਰਿਹਾ ਹੈਂ। ਜਦ ਸਾਂਦਲ ਬਾਰ ਵੀਹਵੀਂ ਸਦੀ ਦੇ ਅਖੀਰ ਵਿਚ ਵਸੀ ਤਾਂ ਸਾਡੇ ਸਿੱਖ ਭਰਾ ਕੁਝ ਘੱਟ ਗਿਣਤੀ ਵਿਚ ਸਨ ਤਾਂ ਜਾਗਲੀਆਂ ਨੇ ਉਨ੍ਹਾਂ ਦੇ ਕਤਲ, ਵੱਢ-ਕੱਟ ਕਰ ਕੇ ਡੰਗਰ ਵੀ ਲੈ ਜਾਣੇ ਆਮ ਜਿਹੀ ਗੱਲ ਸੀ। ਜਦ ਜੱਟ ਸਿੱਖਾਂ ਦੀ ਇਥੇ ਕਾਫੀ ਗਿਣਤੀ ਹੋ ਗਈ ਤਾਂ ਸਰਦਾਰਾਂ ਨੇ ਉਲਟੀ ਗੰਗਾ ਵਹਾ ਦਿੱਤੀ। ਉਨ੍ਹਾਂ ਨੂੰ ਮਾਰ-ਕੁੱਟ ਕੇ, ਲੁੱਟ-ਮਾਰ ਕੇ ਮੱਝਾਂ ਵੀ ਖੋਲ੍ਹ ਲਿਆਉਣੀਆਂ। ਫਿਰ ਇਨ੍ਹਾਂ ਤੋਂ ਜਾਂਗਲੀ ਡਰਨ ਲੱਗ ਪਏ। ਕਈਆਂ ਨੇ ਤਾਂ ਦੋਸਤੀਆਂ ਗੰਢ ਲਈਆਂ। ਲਾਇਲਪੁਰ ਸ਼ਹਿਰ ਸਿੱਖਾਂ ਦੇ ਖੂਨ ਪਸੀਨੇ ਨਾਲ ਬਣਿਆ ਸੀ ਪਰ 47 ਦੀ ਹਿਜਰਤ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਘਰ ਅਤੇ ਮਿਹਨਤ ਨਾਲ ਬਣਾਈਆਂ ਜ਼ਮੀਨਾਂ ਦੇ ਮੁਰੱਬੇ ਦੇਖਣੇ ਨਸੀਬ ਨਾ ਹੋਏ। ਓਧਰ, ਮਸੀਤਾਂ ਮੁਸਲਮਾਨਾਂ ਨੂੰ ਉਡੀਕਦੀਆਂ ਤੇ ਇਧਰ ਸਿੱਖਾਂ ਨੂੰ ਗੁਰਦੁਆਰੇ ਉਡੀਕਦੇ ਢੱਠ ਗਏ ਨੇ।

ਬੇਸ਼ਕ ਪੰਜਾਬ ਵੰਡਿਆ ਗਿਆ ਸੀ। ਕੀ ਭਰਾ ਭਰਾ ਅੱਡ ਨਹੀਂ ਹੁੰਦੇ। ਕੀ ਉਹ ਮਿਲਣਾ ਜੁਲਣਾ ਛੱਡ ਦਿੰਦੇ ਨੇ? ਕੀ ਉਹ ਦੁੱਖ-ਸੁੱਖ ਦੇ ਭਾਈਵਾਲ ਨਹੀਂ ਹੁੰਦੇ? ਜਦ ਜਨਰਲ ਕਮਰ ਜਾਵੇਦ ਬਾਜਵਾ ਅਤੇ ਨਵਜੋਤ ਸਿੰਘ ਸਿੱਧੂ ਦੀ ਜੱਫੀ ਪਈ ਤਾਂ ਹਿੰਦੁਸਤਾਨ ਵਿਚ ਬੜਾ ਰੌਲਾ ਪਿਆ। ਸਿੱਧੂ ਗੱਦਾਰ ਹੈ। ਦੇਸ਼ ਧ੍ਰੋਹੀ ਹੈ। ਇਹਨੂੰ ਫਾਂਸੀ ਲਾ ਦਿਓ। ਉਦੋਂ ਮੈਂ ਅਜੀਤ ਵਿਚ ਇਸ ਬਾਬਤ ਲਿਖਿਆ ਸੀ, ਮੈਂ ਕਿਹਾ ਸੀ- 'ਇਹ ਜੱਫੀ ਦੋ ਇਨਸਾਨਾਂ ਦੀ, ਦੋ ਪੰਜਾਬੀਆਂ ਦੀ ਤੇ ਦੋ ਜੱਟਾਂ ਦੀ ਜੱਫੀ ਹੈ! ਦੋਹਾਂ ਦਾ ਇਹੋ ਜਿਹਾ ਜੱਟ-ਜੱਫਾ ਪਿਆ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹ ਗਿਆ।"

ਉਨ੍ਹਾਂ ਹੋਰ ਦੱਸਿਆ, "ਜਦ ਮੈਂ ਚੜ੍ਹਦੇ ਪੰਜਾਬ ਤੋਂ ਵਾਪਸ ਆਉਣਾ ਸੀ ਤਾਂ ਮੈਂ ਆਪਣੇ ਇਕ ਕਰਨਲ ਦੋਸਤ ਕੋਲ ਠਹਿਰਿਆ ਹੋਇਆ ਸੀ। ਜਦ ਮੈਂ ਸਵੇਰੇ ਵਾਪਸ ਆਪਣੇ ਵਤਨ ਜਾਣਾ ਸੀ, ਸਵੇਰੇ ਉਠਿਆ ਤਾਂ ਕਰਨਲ ਸਾਹਿਬ ਮਸ਼ੀਨ ਵਿਚ ਪਾ ਕੇ ਮੇਰੇ ਕੱਪੜੇ ਧੋ ਰਹੇ ਸਨ। ਮੈਂ ਪੁੱਛਿਆ- 'ਕਰਨਲ ਸਾਹਿਬ! ਇਹ ਕੀ ਕਰ ਰਹੇ ਜੇ?' ਉਨ੍ਹਾਂ ਦਾ ਜਵਾਬ ਸੀ- 'ਤੇਰੇ ਕੱਪੜੇ ਧੋ ਰਿਹਾ ਹਾਂ।' ਮੈਂ ਕਿਹਾ- 'ਕਰਨਲ ਸਾਹਿਬ! ਮੈਂ ਆਪ ਧੋ ਲੈਂਦਾ। ਤੁਸੀਂ ਮੈਥੋਂ ਉਮਰ ਵਿਚ ਵੱਡੇ ਹੋਣ ਦੇ ਬਾਵਜੂਦ ਮੇਰੇ ਕੱਪੜੇ ਧੋ ਰਹੇ ਹੋ।' ਉਨ੍ਹਾਂ ਦਾ ਜਵਾਬ ਸੀ- 'ਯਾਰ! ਫਿਰ ਤੂੰ ਮੇਰੇ ਤੇ ਆਪਣੇ ਵਿਚ ਫਰਕ ਸਮਝਿਆ ਨਾ'। ... ਸਰਦਾਰ ਜੀ! ਉਸ ਸਰਦਾਰ ਕਰਨਲ ਨੇ ਮੈਨੂੰ ਬਿਨਾ ਮੁੱਲ ਤੋਂ ਖਰੀਦ ਲਿਆ। ਕਿਥੇ ਉਹ ਕਰਨਲ ਜਿਥੇ ਦੋਹੀਂ ਪਾਸੀਂ ਆਰਮੀ ਨੂੰ ਦੁਸ਼ਮਣੀ ਦਾ ਹੀ ਸਬਕ ਪੜ੍ਹਾਇਆ ਜਾਂਦਾ ਹੈ।..."

ਜੇ ਦੋਹਾਂ ਪਾਸਿਆਂ ਦੇ ਪੰਜਾਬੀਆਂ ਦੀ ਸੋਚ ਡਾ. ਸਾਹਿਬ ਵਰਗੀ ਹੋ ਜਾਏ ਤਾਂ ਉਹ ਦਿਨ ਦੂਰ ਨਹੀਂ ਜਦੋਂ ਦੋਹਾਂ ਪੰਜਾਬਾਂ ਵਾਲੇ ਲੋਕ ਭਰਾਵਾਂ ਵਾਂਗ, ਚੰਗੇ ਗਵਾਂਢੀਆਂ ਵਾਂਗ ਰਹਿਣ ਲੱਗ ਪੈਣਗੇ ਤੇ ਸਰਹੱਦਾਂ 'ਤੇ ਮਾਵਾਂ ਦੇ ਪੁੱਤ ਅਣਿਆਈ ਮੌਤ ਨਹੀਂ ਮਰਨਗੇ। ਨਾਨਕ ਸਿੰਘ ਨਾਵਲਿਸਟ ਦੇ ਕਹਿਣ ਮੁਤਾਬਕ- 'ਮੈਨੂੰ ਕੋਈ ਦੱਸ ਦੇਵੇ ਕਿ ਮੁਸਲਮਾਨ, ਸਿੱਖ ਤੇ ਹਿੰਦੂ ਮਾਂ ਦੇ ਅੱਥਰੂਆਂ ਵਿਚ ਕਿੰਨਾ ਕੁ ਫਰਕ ਹੁੰਦਾ?'



*ਜਸਵੰਤ ਸਿੰਘ ਸੰਧੂ ਉਘੇ ਰੇਡੀਓ ਕਲਾਕਾਰ ਚੌਧਰੀ ਨਿਜ਼ਾਮੁਦੀਨ ਦੀ ਨੂੰਹ ਗਜ਼ਾਲਾ ਨਿਜ਼ਾਮੁਦੀਨ ਨਾਲ।*



*ਜਸਵੰਤ ਸਿੰਘ ਸੰਧੂ (ਵਿਚਕਾਰ) ਦਿਲਦਾਰ ਹੁਸੈਨ ਸ਼ਾਹ ਅਤੇ ਅਮਾਨਤ ਅਲੀ ਗੁੱਜਰ (ਜੈਕਟ ਵਾਲੇ) ਨਾਲ।*

***000***

ਸਾਜਦ ਅੰਬਰਸਰੀਆ ਵੀ ਮੇਰਾ ਫੇਸਬੁੱਕ ਫਰੈਂਡ ਹੈ। ਉਹ ਲਾਹੌਰ ਦੇ ਐਸ.ਐਸ.ਪੀ. ਦਾ ਡਰਾਇਵਰ ਹੈ। ਉਸ ਦੇ ਬਜ਼ੁਰਗਾਂ ਦਾ ਪਿਛਲਾ ਪਿੰਡ ਬੋਹਲੀਆਂ (ਨੇੜੇ ਅਜਨਾਲਾ) ਅੰਮ੍ਰਿਤਸਰ ਹੈ। ਅੱਜ ਕੱਲ੍ਹ ਉਹ ਚੱਕ 55 ਕਿਲ੍ਹਾ ਬਲਾਕਾ ਸਿੰਘ ਪਿੰਡ ਵਿਚ ਆਬਾਦ ਨੇ। ਉਹ ਮੈਨੂੰ ਆਪਣਾ ਪਿੰਡ ਦਿਖਾਉਣਾ ਚਾਹੁੰਦਾ ਸੀ। ਅਸੀਂ ਸਵਖਤੇ ਪੀ.ਸੀ. ਹੋਟਲ ਤੋਂ ਕਾਰ 'ਤੇ ਫੀਰੋਜ਼ਪੁਰ ਮੋਟਰਵੇਅ 'ਤੇ ਤਰਦੇ ਜਾ ਰਹੇ ਸਾਂ। ਫੀਰੋਜ਼ਪੁਰ ਰੋਡ ਪਾਕਿਸਤਾਨ ਦੀ ਸਰਹੱਦੀ ਚੌਕੀ ਗੰਡਾ ਸਿੰਘ ਵਾਲਾ ਤੱਕ ਜਾਂਦੀ ਹੈ। ਰਾਹ ਵਿਚ ਕਾਨਾ-ਕਾਛਾ, ਅਮਰ ਸਿੱਧੂ, ਹੁਡਿਆਰਾ ਆਦਿ ਵੱਡੇ ਵੱਡੇ ਪਿੰਡ ਲਾਹੌਰ ਸ਼ਹਿਰ ਨੇ ਨਵੀਆਂ ਨਵੀਆਂ ਕਲੋਨੀਆਂ ਦੇ ਰੂਪ ਵਿਚ ਆਪਣੇ ਕਲਾਵੇ ਵਿਚ ਲੈ ਲਏ ਨੇ।

***000***

11 ਕੁ ਵਜੇ ਅਸੀਂ ਕਿਲ੍ਹਾ ਬਲਾਕਾ ਸਿੰਘ ਪਹੁੰਚ ਗਏ। ਸਾਜਦ ਦਾ ਪਰਿਵਾਰ ਬੜੇ ਮੁਹੱਬਤ-ਪਿਆਰ ਨਾਲ ਮਿਲਿਆ। ਚਾਹ-ਪਾਣੀ ਪੀਣ ਤੋਂ ਬਾਅਦ ਉਸ ਨੇ ਮੈਨੂੰ ਆਪਣਾ ਸਾਰਾ ਪਿੰਡ ਘੁਮਾਇਆ। ਪਿੰਡ ਦੀਆਂ ਗਲੀਆਂ ਨਾਲੀਆਂ ਚੜ੍ਹਦੇ ਪੰਜਾਬ ਵਾਂਗ ਪੱਕੀਆਂ ਨੇ। ਪਿੰਡ ਦੇ ਆਲੇ-ਦੁਆਲੇ ਕਮਾਦ ਦੇ ਕਾਫੀ ਖੇਤ ਸਨ। ਲੋਕ ਵੇਲਣਿਆਂ 'ਤੇ ਆਪ ਗੁੜ ਬਣਾਉਂਦੇ ਹਨ। ਲਾਗੇ ਇਕ ਵੇਲਣੇ ਤੋਂ ਅਸੀਂ ਰਹੁ ਪੀਤੀ ਅਤੇ ਤੱਤਾ-ਤੱਤਾ ਗੁੜ ਖਾਧਾ। ਕੁਦਰਤੀ ਵੇਲਣੇ ਵਾਲੇ ਮੇਰੇ ਪਿੰਡ ਘਰਿੰਡੇ ਦੇ ਨਿਕਲ ਆਏ ਜੋ ਹਿਜਰਤ ਤੋਂ ਬਾਅਦ ਇਸ ਪਿੰਡ 'ਚ ਆਣ ਵਸੇ ਸਨ। ਪਿੰਡ ਦਾ ਹੋਣ ਕਰਕੇ ਉਹ ਬੜੇ ਖੁਸ਼ ਹੋਏ ਤੇ ਮੈਨੂੰ ਉਨ੍ਹਾਂ ਪੰਜ ਕਿਲੋ ਗੁੜ ਲਿਫਾਫੇ ਵਿਚ ਪਾ ਕੇ ਬਦੋ-ਬਦੀ ਦੇ ਦਿੱਤਾ। ਚੜ੍ਹਦੇ ਪੰਜਾਬ ਵਾਂਗ ਹੀ ਸਾਜਦ ਨੇ ਮੈਨੂੰ ਪੀਰ ਦੀ ਜਗ੍ਹਾ ਦਿਖਾਈ ਜਿਥੇ ਲੋਕ ਹਰ ਵੀਰਵਾਰ ਚਿਰਾਗ ਜਗਾਉਂਦੇ ਨੇ ਤੇ ਮੰਨਤਾਂ ਮੰਨਦੇ ਨੇ।




*ਜਸਵੰਤ ਸਿੰਘ ਸੰਧੂ ਲਾਹੌਰ ਦੇ ਪੀ.ਸੀ. ਹੋਟਲ ਵਿਚ।*

ਵੇਲਣੇ ਵਾਲਿਆਂ ਦੀ ਅੰਮਾਂ (ਹਨੀਫਾ ਬੀਬੀ) ਮੇਰੇ ਪਿੰਡ ਘਰਿੰਡੇ ਦੀ ਧੀ ਸੀ। ਮੈਂ ਉਸ ਨੂੰ ਮਿਲਣ ਦੀ ਖਾਹਸ਼ ਜਾਹਿਰ ਕੀਤੀ। ਉਹ ਮੈਨੂੰ ਆਪਣੇ ਘਰ ਲੈ ਗਏ ਤੇ ਆਪਣੀ ਅੰਮਾਂ ਨੂੰ ਮਿਲਾਇਆ ਕਿ ਇਹ ਡੁਹਾਡੇ ਪਿੰਡ ਘਰੰਡਿਓਂ ਆਏ ਨੇ। ਸਲਾਮ-ਦੁਆ ਤੋਂ ਬਾਅਦ ਉਸ ਭੈਣ ਨੇ ਦੱਸਿਆ, "ਉਜੜਨ ਵੇਲੇ ਮੇਰੀ ਉਮਰ 14 ਸਾਲ ਦੀ ਸੀ। ਸਾਡਾ ਘਰ ਮਸੀਤ ਲਾਗੇ ਹੁੰਦਾ ਸੀ। ਮਸੀਤ ਹੈਗੀ ਐ ਕਿ ਢਹ ਗਈ ਐ?" ਮੈਂ ਕਿਹਾ, "ਢੱਠ ਗਈ ਐ।" ਉਹਨੇ ਫਿਰ ਦੱਸਣਾ ਸ਼ੁਰੂ ਕੀਤਾ, "ਘਰਿੰਡੇ ਮੁਸਲਮਾਨਾਂ ਦੇ ਘਰ ਪੰਜ ਸੌ, ਤੇ ਸਿੱਖਾਂ ਹਿੰਦੂਆਂ ਦੇ ਤਿੰਨ ਸੌ ਸਨ (ਵੰਡ ਵੇਲੇ ਮੇਰੇ ਪਿਤਾ ਜੀ ਵੀ ਇੰਨੇ ਹੀ ਦੱਸਦੇ ਹੁੰਦੇ ਸਨ)। ਮੇਰੀ ਦਾਦੀ ਦਾ ਨਾਂ ਕਰਮ ਬੀਬੀ, ਦਾਦੇ ਨਾ ਨਾਂ ਸ਼ਾਦੀ, ਅੱਬਾ ਜਮਾਲਦੀ ਥੇਹਵਾਲੀਆ, ਚਾਚਾ ਫੱਜ਼ਾ, ਸਰਾਜ ਖੂਹੀ ਵਾਲਾ, ਇਮਾਮਦੀਨ, ਗੁਲਾਮਦੀਨ ਤੇ ਸ਼ਰੀਫ ਖੁੱਡੂ ਦਾ ਸਰਾਂ ਵਾਲਾ ਮੈਨੂੰ ਅੱਜ ਵੀ ਯਾਦ ਨੇ। ਸੋਹਣ ਸਿੰਘ ਨੰਬਰਦਾਰ, ਤੇਜ ਭਾਨ ਬਾਹਮਣ ਤੇ ਬਸੰਤ ਕੌਰ ਮਹਿਰੀ ਜਿਸ ਤੋਂ ਮੈਂ ਦਾਣੇ ਭੁਨਾ ਕੇ ਲਿਆਉਂਦੀ ਹੁੰਦੀ ਸੀ। ਖੂਹਾਂ ਦੇ ਨਾਂ ਸਨ- ਥੇਹ ਵਾਲਾ, ਬੋੜੇ ਵਾਲਾ, ਵਰੀਏ ਵਾਲਾ, ਐਵੇ ਵਾਲਾ ਤੇ ਪਿੱਪਲ ਵਾਲਾ। ਮੈਨੂੰ ਸਭ ਯਾਦ ਨੇ।"

ਜਦ ਉਹ ਗੱਲਾਂ ਕਰ ਰਹੀ ਸੀ ਤਾਂ 47 ਤੋਂ ਪਹਿਲਾਂ ਦੇ ਘਰਿੰਡੇ ਦੀ ਗੱਲਾਂ ਸੁਣ ਕੇ ਮਨ ਨੂੰ ਬੜਾ ਸਕੂਨ ਮਿਲ ਰਿਹਾ ਸੀ, ਕਿਵੇਂ ਉਸ ਨੂੰ ਉਸ ਵਕਤ ਦੇ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਅਤੇ ਖੂਹਾਂ ਦੇ ਨਾਂ ਉਂਗਲਾਂ 'ਤੇ ਯਾਦ ਨੇ। ਉਹ ਮੈਨੂੰ ਰਾਤ ਰਹਿਣ ਵਾਸਤੇ ਬੜਾ ਜ਼ੋਰ ਲਾ ਰਹੇ ਸਨ ਪਰ ਨਾ ਰਹਿ ਸਕਣ ਦੀ ਮੇਰੀ ਮਜਬੂਰੀ ਸੀ। ਮੈਂ ਆਪਣੀ ਉਸ ਪਿੰਡ-ਭੈਣ ਨੂੰ ਯਥਾ-ਸ਼ਕਤੀ ਮਾਇਆ ਦਾ ਪਿਆਰ ਦਿੱਤਾ।

ਉਥੇ ਹੀ ਮੇਰੇ ਪਿੰਡ ਦਾ ਅਬਦੁਰ ਰਹਿਮਾਨ ਮਿਲ ਪਿਆ ਜਿਸ ਦੀ ਮੈਂ ਫੇਸਬੁਕ 'ਤੇ ਇੰਟਰਵਿਊ ਦੀ ਵੀਡੀਓ ਦੇਖੀ ਸੀ ਜਿਸ ਵਿਚ ਉਸ ਨੇ ਕਿਹਾ ਸੀ, "ਮੈਨੂੰ ਵਾਹਗੇ ਬਾਡਰ 'ਤੇ ਛੱਡ ਆਓ, ਮੈਂ ਤਿੰਨ ਛਾਲਾਂ ਮਾਰ ਕੇ ਘਰਿੰਡੇ ਚਲਾ ਜਾਵਾਂਗਾ। ਉਸ ਵਿਚ ਉਸ ਨੇ ਪਿੰਡ ਦੇ ਮਸ਼ਹੂਰ ਮਸ਼ਹੂਰ ਬੰਦਿਆਂ ਤੇ ਆਪਣੇ ਜਮਾਤੀਆਂ ਦੇ ਨਾਂ ਵੀ ਦੱਸੇ।

ਸਾਜਦ ਦੇ ਘਰ ਆ ਕੇ ਦੁਪਹਿਰ ਦਾ ਖਾਣਾ ਖਾਧਾ। ਉਸ ਦੇ ਪਰਿਵਾਰ ਨਾਲ ਗੱਲਾਂ ਕਰਦੇ ਰਹੇ। ਗੱਲਾਂ-ਗੱਲਾਂ ਵਿਚ ਸਾਜਦ ਦੀ ਅੰਮਾਂ ਨੇ ਦੱਸਿਆ, "ਸਾਜਦ ਦੇ ਵਿਆਹ ਨੂੰ ਅੱਠ ਸਾਲ ਹੋ ਗਏ ਪਰ ਬੱਚਾ ਕੋਈ ਨਹੀਂ। ਸਰਦਾਰ ਜੀ! ਤੁਸੀਂ ਵੀ ਇਹਦੇ ਘਰ ਬੱਚਾ ਹੋਣ ਦੀ ਦੁਆ ਅੰਮ੍ਰਿਤਸਰ ਕਰਿਓ।" ਮੈਂ ਸੋਚ ਰਿਹਾ ਸਾਂ ਕਿ ਆਪਣੇ ਪੋਤਰੇ-ਪੋਤਰੀਆਂ ਦਾ ਕਿੰਨਾ ਮੋਹ ਹੁੰਦਾ ਹੈ ਕਿ ਉਹ ਦੂਸਰੇ ਮਜ਼੍ਹਬ ਦੇ ਬੰਦੇ ਨੂੰ ਆਪਣੇ ਧਰਮ ਸਥਾਨ 'ਤੇ ਦੁਆ ਕਰਨ ਨੂੰ ਕਹਿ ਰਹੀ ਹੈ।

ਖਾਣਾ ਖਾਣ ਤੋਂ ਬਾਅਦ ਮੈਂ ਸਾਜਦ ਨੂੰ ਵਾਰਿਸ ਸ਼ਾਹ ਦਾ ਮਜ਼ਾਰ ਦਿਖਾਉਣ ਲਈ ਆਖਿਆ ਤਾਂ ਉਸ ਨੇ ਕਾਰ ਵਾਰਿਸ ਦੇ ਪਿੰਡ ਜੰਡਿਆਲਾ ਸ਼ੇਰ ਖਾਂ (ਸ਼ੇਖੂਪੁਰਾ) ਵੱਲ ਮੋੜ ਲਈ। ਥੋੜ੍ਹੇ ਚਿਰ ਬਾਅਦ ਅਸੀਂ ਵਾਰਿਸ ਸ਼ਾਹ ਦੇ ਮਜ਼ਾਰ ਪਹੁੰਚ ਗਏ।

ਵਾਰਿਸ ਸ਼ਾਹ ਨੇ ਜਿਥੇ ਹੀਰ-ਰਾਂਝੇ ਦੀ ਪ੍ਰੇਮ ਕਹਾਣੀ ਆਪਣੀ ਲਿਖਤ 'ਹੀਰ ਵਾਰਿਸ ਸ਼ਾਹ' ਰਾਹੀਂ ਬਿਆਨ ਕੀਤੀ ਹੈ, ਉਥੇ ਉਸ ਵਕਤ ਦੇ ਸਮਾਜਕ, ਧਾਰਮਿਕ, ਸਿਆਸੀ ਆਮ ਹਾਲਾਤ 'ਤੇ ਵੀ ਬੜੀ ਬਰੀਕੀ ਨਾਲ ਚਾਨਣਾ ਪਾਇਆ। ਦੋਹਾਂ ਪੰਜਾਬਾਂ ਵਿਚ ਉਸ ਦੀ ਇਹ ਲਿਖਤ ਬੜੇ ਅਕੀਦਤ ਨਾਲ ਪੜ੍ਹੀ ਜਾਂਦੀ ਹੈ। ਉਸ ਦੇ ਮਜ਼ਾਰ ਦੇ ਸਾਲਾਨਾ ਉਰਸ 'ਤੇ ਸੁਰੀਲੀ ਆਵਾਜ਼ ਵਿਚ ਹੀਰ ਪੜ੍ਹਨ ਦੇ ਮੁਕਾਬਲੇ ਹੁੰਦੇ ਨੇ। ਮਜ਼ਾਰ ਅੰਦਰ ਜਾ ਕੇ ਵਾਰਿਸ ਸ਼ਾਹ ਨੂੰ ਸ਼ਰਧਾ ਦੇ ਫੁਲ ਭੇਟ ਕੀਤੇ। ਉਨ੍ਹਾਂ ਦੀਆਂ ਉਸ ਵਕਤ ਦੀਆਂ ਨਿਸ਼ਾਨੀਆਂ ਜੋ ਬੜੀਆਂ ਸੰਭਾਲ ਕੇ ਰੱਖੀਆਂ ਹੋਈਆਂ ਨੇ, ਦੇ ਦਰਸ਼ਨ ਕੀਤੇ। ਬਾਹਰ ਵਿਹੜੇ ਵਿਚ ਮਜ਼ਾਰ ਦੇ ਦਰਸ਼ਨ ਕਰਨ ਵਾਲਿਆਂ ਦੀ ਕਾਫੀ ਭੀੜ ਸੀ। ਮਜ਼ਾਰ ਦੇ ਮੁੱਖ ਗੇਟ 'ਤੇ ਸ਼ਾਹਮੁਖੀ ਵਿਚ ਵਾਰਿਸ ਸ਼ਾਹ ਦੀ ਹੀਰ ਦੀਆਂ ਇਹ ਸਤਰਾਂ ਲਿਖੀਆਂ ਹੋਈਆਂ ਨੇ:

ਵਾਰਿਸ ਸ਼ਾਹ ਨਾ ਦੱਬੀਏ ਮੋਤੀਆਂ ਨੂੰ,
ਫੁੱਲ ਅੱਗ ਦੇ ਵਿਚ ਨਾ ਸਾੜੀਏ ਜੀ।

ਮਜ਼ਾਰ ਦੇ ਮਜੌਰ (ਪੁਜਾਰੀ) ਨੇ ਮੇਰੇ ਗਲ ਵਿਚ ਗੁਲਾਬ ਦੇ ਫੁੱਲਾਂ ਦਾ ਹਾਰ ਪਾ ਕੇ ਮੇਰਾ ਆਦਰ-ਮਾਣ ਕੀਤਾ ਤੇ ਮੇਰੇ ਨਾਲ ਫੋਟੋ ਲੁਹਾਈ। ਕਾਫੀ ਸਮਾਂ ਹੋ ਚੁੱਕਾ ਸੀ। ਲਾਹੌਰ ਪਹੁੰਚਣ ਦੀ ਕਾਹਲ ਕਰਕੇ ਅਸੀਂ ਉਸ ਅਜ਼ੀਮ ਸ਼ਖਸੀਅਤ ਦੇ ਮਜ਼ਾਰ ਨੂੰ ਅਲਵਿਦਾ ਕਹੀ ਅਤੇ ਕਾਰ ਲਾਹੌਰ ਵੱਲ ਮੋੜ ਲਈ।

***000***

ਅਗਲੇ ਦਿਨ ਮੈਂ ਲਾਹੌਰ ਵਿਚ ਦਰਗਾਹ ਦਾਤਾ ਗੰਜ ਹਜ਼ਰਤ ਅਲੀ ਹਜਵੇਰੀ, ਆਪਣੇ ਪਿੰਡ ਦੇ ਸਾਬਕਾ ਵਜ਼ੀਰ ਦੇ ਲੜਕੇ ਅਬਦੁਲ ਰਸ਼ੀਦ ਅਤੇ ਰੇਡੀਓ ਪਾਕਿਸਤਾਨ, ਲਾਹੌਰ ਦੇ ਮਸ਼ਹੂਰ ਕਲਾਕਾਰ ਚੌਧਰੀ ਨਿਜ਼ਾਮੁਦੀਨ ਦੀ ਨੂੰਹ ਗਜ਼ਾਲਾ ਨਿਜ਼ਾਮੁਦੀਨ ਜੋ ਟੀ.ਵੀ. ਸੰਚਾਲਕਾ ਹੈ, ਨੂੰ ਮਿਲਣਾ ਚਾਹੁੰਦਾ ਸੀ। ਸਾਜਦ ਅੰਬਰਸਰੀਏ ਨੇ ਟੈਕਸੀ ਦਾ ਪ੍ਰਬੰਧ ਕਰ ਦਿੱਤਾ ਸੀ।

ਇਸ ਦਰਗਾਹ ਨੂੰ ਅੱਲ੍ਹਾ ਤਾਲਾ ਦਾ ਘਰ ਸਮਝਿਆ ਜਾਂਦਾ ਹੈ। ਇਥੇ ਹਜ਼ਾਰਾਂ ਮੁਸਲਮਾਨ ਰੋਜ਼ਾਨਾ ਆਪਣੀ ਅਕੀਦਤ ਦੇ ਫੁੱਲ ਭੇਟ ਕਰਨ ਆਉਂਦੇ ਨੇ। ਮੱਥਾ ਟੇਕ ਕੇ ਮਨ ਦੀਆਂ ਮੁਰਾਦਾ ਪੂਰੀਆਂ ਕਰਦੇ ਨੇ। ਇਹ ਲਾਹੌਰ ਦਾ ਸਭ ਤੋਂ ਵੱਧ ਰੌਣਕ ਵਾਲਾ ਤੇ ਪੂਜਿਆ ਜਾਣ ਵਾਲਾ ਮੁਕੱਦਸ (ਪਵਿੱਤਰ) ਸਥਾਨ ਮੰਨਿਆ ਜਾਂਦਾ ਹੈ। ਇਹ ਅੰਦਰੂਨੀ ਲਾਹੌਰ ਤੋਂ ਬਾਹਰ ਪੂਰਬ-ਦੱਖਣ ਵਿਚ ਵਾਕਿਆ ਹੈ। ਦਾਤਾਗੰਜ ਅਲੀ ਹਜਵੇਰੀ ਇਸ ਮਕਬਰੇ ਦੇ ਨਜ਼ਦੀਕ ਦਫਨਾਇਆ ਗਿਆ ਸੀ ਜੋ ਉਸ ਨੇ ਆਪ ਆਪਣੀ ਜ਼ਿੰਦਗੀ ਵਿਚ ਪਹਿਲਾਂ ਹੀ ਬਣਵਾ ਦਿੱਤਾ ਸੀ। ਲਾਹੌਰ ਨੂੰ ਆਮ ਲੋਕ ਦਾਤਾ ਸਾਹਿਬ ਦੀ ਨਗਰੀ ਕਹਿੰਦੇ ਨੇ।

ਦਰਗਾਹ ਵਿਚ ਦਾਖਲ ਹੋਣ ਤੋਂ ਪਹਿਲਾਂ ਸਕਿਓਰਿਟੀ ਵਾਲਿਆਂ ਦੀ ਬੜੀ ਸਖਤ ਚੈਕਿੰਗ ਹੁੰਦੀ ਹੈ। ਕਾਰਨ ਇਹ ਕਿ ਕੁਝ ਸਾਲ ਪਹਿਲਾਂ ਇਸ ਸਥਾਨ 'ਤੇ ਦਹਿਸ਼ਤਗਰਦਾਂ ਨੇ ਹਮਲਾ ਕਰਕੇ ਸਜਦਾ ਕਰਨ ਆਏ ਸ਼ਰਧਾਲੂ ਹਲਾਕ ਕਰ ਦਿੱਤੇ ਸਨ। ਉਸ ਦਿਨ ਜੁਮਾ (ਸ਼ੁੱਕਰਵਾਰ) ਹੋਣ ਕਾਰਨ ਮਜ਼ਾਰ ਅੰਦਰ ਕਾਰਨ ਕਾਫੀ ਭੀੜ ਸੀ। ਦਹਿਸ਼ਤਗਰਦ ਮਸੀਤਾਂ ਵਿਚ ਨਮਾਜ਼ੀਆਂ, ਜਨਾਜ਼ੇ ਵੇਲੇ ਕਬਰਸਤਾਨਾਂ ਤੇ ਆਮ ਜਗ੍ਹਾ 'ਤੇ ਹਮਲੇ ਕਰਕੇ ਬੇਗੁਨਾਹ ਲੋਕਾਂ ਨੂੰ ਹਲਾਕ ਕਰ ਦਿੰਦੇ ਸਨ। ਜਦੋਂ ਖੈਬਰ ਪਖਤੂਨਖਵਾ (ਪਿਸ਼ਾਵਰ) ਵਿਚ ਇਕ ਸਕੂਲ 'ਤੇ ਹਮਲਾ ਕਰਕੇ ਤਕਰੀਬਨ ਡੇਢ ਸੌ ਬੱਚਿਆਂ ਦਾ ਕਤਲੇਆਮ ਕਰ ਦਿੱਤਾ ਸੀ ਤਾਂ ਪਾਕਿਸਤਾਨ ਵਿਚ ਕਾਫੀ ਲੋਕ ਇਨ੍ਹਾਂ ਦੇ ਵਿਰੁਧ ਹੋ ਗਏ ਨੇ। ਬਲੋਚਿਸਤਾਨ ਅਤੇ ਖੈਬਰ ਪਖਤੂਨਖਵਾ ਸੂਬੇ ਵਿਚ ਅਜੇ ਵੀ ਕਈ ਥਾਈਂ ਵਾਰਦਾਤਾਂ ਕਰਕੇ ਰਹਿੰਦੇ ਨੇ ਪਰ ਪੰਜਾਬ ਵਿਚ ਹੁਣ ਅਮਨ-ਅਮਾਨ ਹੈ।

ਦਰਗਾਹ ਅੰਦਰ ਜਾ ਕੇ ਸਜਦਾ ਕੀਤਾ। ਦਰਗਾਹ ਦੇ ਮੁਖੀ ਨੇ ਮੇਰੇ ਗਲ ਫੁਲਾਂ ਦਾ ਹਾਰ ਪਾ ਕੇ ਆਦਰ-ਮਾਣ ਕੀਤਾ ਤੇ ਆਪਣੇ ਨਾਲ ਫੋਟੋ ਖਿਚਵਾਈ। ਮੈਂ ਵੀ ਦਰਗਾਹ 'ਤੇ ਕੁਝ ਮਾਇਆ ਭੇਟ ਕੀਤੀ ਤੇ ਬਾਹਰ ਵਿਹੜੇ ਵਿਚ ਆ ਗਿਆ। ਕਾਫੀ ਲੋਕਾਂ ਨੇ ਮੇਰੇ ਨਾਲ ਫੋਟੋਆਂ ਖਿਚਵਾਈਆਂ। ਲੋਕ ਆਪਣੇ ਪਿੰਡਾਂ ਬਾਰੇ ਪੁੱਛ

***(ਬਾਕੀ ਅਗਲੇ ਸਫੇ 'ਤੇ)***

# ਮੋਹ-ਮੁਹੱਬਤਾਂ ਦਾ ਮੀਂਹ

*(ਪਿਛਲੇ ਸਫੇ ਦੀ ਬਾਕੀ)*

ਰਹੇ ਸਨ। ਲੋਕਾਂ ਦੇ ਮਨ ਵਿਚ ਅੱਜ ਵੀ ਆਪਣੇ ਪੁਰਾਣੇ ਪਿੰਡ ਦੇਖਣ ਦੀ ਪ੍ਰਬਲ ਇੱਛਾ ਹੈ। ਦਰਗਾਹ ਦੇ ਬਾਹਰ ਆਇਆ ਤਾਂ ਮੰਗਤੇ ਕਤਾਰਾਂ ਬੰਨ੍ਹ ਕੇ ਖਲੋਤੇ ਸਨ ਤੇ ਹਰ ਸ਼ਰਧਾਲੂ ਤੋਂ ਦਾਨ ਮੰਗ ਰਹੇ ਸਨ।

000

ਹੁਣ ਮੈਂ ਆਪਣੇ ਪਿੰਡ ਦੇ ਵਜ਼ੀਰ ਰਹਿ ਚੁੱਕੇ ਚੌਧਰੀ ਅਨਾਇਤ ਉਲ੍ਹਾ ਦੇ ਲੜਕੇ ਅਬਦੁਲ ਰਸ਼ੀਦ ਨੂੰ ਮਿਲਣ ਗੜ੍ਹੀ ਸ਼ਾਹੂ ਪਹੁੰਚ ਗਿਆ ਸਾਂ। ਉਸ ਦੇ ਲੜਕੇ ਨੇ ਦੱਸਿਆ ਕਿ ਉਹ ਮਸਜਿਦ ਵਿਚ ਨਮਾਜ਼ ਪੜ੍ਹਨ ਗਏ ਨੇ। ਉਹਨੇ ਮੈਨੂੰ ਡਰਾਇੰਗ ਰੂਮ ਵਿਚ ਬਿਠਾ ਦਿੱਤਾ। ਥੋੜ੍ਹੀ ਦੇਰ ਬਾਅਦ ਰਸ਼ੀਦ ਆ ਗਿਆ। ਮਿਲ ਕੇ ਬੜਾ ਖੁਸ਼ ਹੋਇਆ। ਘਰਿੰਡੇ ਸਕੂਲ ਵਿਚ ਆਪਣੇ ਨਾਲ ਪੜ੍ਹਦੇ ਜਮਾਤੀਆਂ ਅਤੇ ਪਿੰਡ ਬਾਰੇ ਪੁੱਛਣ ਲੱਗਾ। ਉਸ ਨੇ ਦੱਸਿਆ ਕਿ ਸਕੂਲੋਂ ਛੁੱਟੀ ਹੋਣ 'ਤੇ ਅਸੀਂ ਮਲ੍ਹਿਆਂ ਦੇ ਬੇਰ ਖਾਂਦੇ ਹੁੰਦੇ ਸੀ।

ਅਬਦੁਲ ਰਸ਼ੀਦ ਦਾ ਬਾਪ ਚੌਧਰੀ ਅਨਾਇਤ ਉਲ੍ਹਾ ਸਾਡੇ ਪਿੰਡ ਦਾ ਅਮੀਰ ਮੁਸਲਮਾਨ ਸੀ। ਉਹ ਘਰਿੰਡੇ ਦਾ ਵਸਨੀਕ ਹੋਣ ਦੇ ਨਾਲ-ਨਾਲ ਲਾਹੌਰ ਗੜ੍ਹੀ ਸ਼ਾਹੂ ਵਿਚ ਵੀ ਰਹਿੰਦਾ ਸੀ। ਪਿੰਡ ਦੇ ਲੋਕ ਉਸ ਨੂੰ 'ਲਾਹੌਰੀਆ' ਵੀ ਕਹਿੰਦੇ ਸਨ। ਸਰਕਾਰੇ-ਦਰਬਾਰੇ ਉਸ ਦੀ ਵਾਹਵਾ ਚੱਲਦੀ ਸੀ। ਉਦੋਂ ਹਰ ਸ਼ੈਅ ਰਾਸ਼ਨ ਡੀਪੂਆਂ ਤੋਂ ਮਿਲਦੀ ਸੀ। ਜਦੋਂ ਪਿੰਡ ਦੀ ਕਿਸੇ ਵੀ ਧੀ ਦੀ ਸ਼ਾਦੀ 'ਤੇ ਖੰਡ ਦੀ ਲੋੜ ਪੈਣੀ ਤਾਂ ਉਹ ਨੇਕ ਦਿਲ ਆਦਮੀ ਬਿਨਾ ਕਿਸੇ ਮਜ਼ਬੀ ਵਿਤਕਰੇ ਤੋਂ ਹਰ ਭਾਈਚਾਰੇ ਦੀ ਮਦਦ ਕਰਦਾ ਸੀ। ਅੱਜ ਵੀ ਪਿੰਡ ਦੇ ਲੋਕ ਉਸ ਦੇ ਨੇਕ ਕੰਮ ਨੂੰ ਯਾਦ ਕਰਦੇ ਨੇ। ਵਜ਼ੀਰ ਬਣਨ ਤੋਂ ਬਾਅਦ ਉਹ ਸਾਡੇ ਪਿੰਡ ਵੀ ਆਏ ਸਨ।


ਰਸ਼ੀਦ ਕਹਿ ਰਿਹਾ ਸੀ, "ਮੇਰੇ ਹੁੰਦਿਆਂ ਤੈਨੂੰ ਹੋਟਲ ਵਿਚ ਠਹਿਰਨ ਦੀ ਕੀ ਲੋੜ ਸੀ। ਤੂੰ ਸਿੱਧਾ ਮੇਰੇ ਘਰ ਆ ਕੇ ਜਿੰਨੇ ਦਿਨ ਮਰਜ਼ੀ ਰਹਿ ਲੈਂਦਾ। ਇਹ ਤੇਰਾ ਘਰ ਹੈ। ਅੱਗੇ ਤੋਂ ਇਹ ਗਲਤੀ ਨਹੀਂ ਕਰਨੀ।" ਮੈਂ ਕਿਹਾ, "ਮੇਰੇ ਪਾਸ ਨਾ ਘਰ ਦਾ ਪਤਾ ਤੇ ਫੋਨ ਸੀ, ਇਸ ਲਈ ਰਾਬਤਾ ਨਾ ਕਰ ਸਕਿਆ।" ਅੱਗੇ ਤੋਂ ਉਸ ਦੇ ਘਰ ਠਹਿਰਨ ਦਾ ਵਾਅਦਾ ਕਰਕੇ ਮੈਂ ਉਸ ਤੋਂ ਵਿਦਾਈ ਲਈ।

000

ਰਸ਼ੀਦ ਦੇ ਘਰੋਂ ਨਿਕਲ ਕੇ ਮੈਂ ਡਰਾਈਵਰ ਨੂੰ ਟੈਕਸੀ ਗਜ਼ਾਲਾ ਨਿਜ਼ਾਮੁਦੀਨ ਦੇ ਘਰ ਵੱਲ ਮੋੜਨ ਨੂੰ ਕਿਹਾ ਜੋ ਮੁਲਤਾਨ ਰੋਡ 'ਤੇ ਪੈਂਦਾ ਹੈ। ਗਜ਼ਾਲਾ ਨਿਜ਼ਾਮੁਦੀਨ ਪਾਕਿਸਤਾਨ ਰੇਡੀਓ ਲਾਹੌਰ ਦੇ ਮਸ਼ਹੂਰ ਕਲਾਕਾਰ ਮਰਹੂਮ ਚੌਧਰੀ ਨਿਜ਼ਾਮੁਦੀਨ ਦੀ ਨੂੰਹ ਹੈ। ਮੇਰਾ ਉਸ ਨਾਲ ਫੇਸਬੁੱਕ ਰਾਹੀਂ ਰਾਬਤਾ ਕਾਇਮ ਹੋਇਆ ਸੀ। ਚੌਧਰੀ ਨਿਜ਼ਾਮੁਦੀਨ ਦਾ ਅਸਲ ਨਾਂ ਸੁਲਤਾਨ ਬੇਗ ਸੀ ਤੇ ਉਹ ਮੇਰੇ ਪਿੰਡ ਦੇ ਲਾਗਲੇ ਪਿੰਡ ਮੋਦੇ ਵਿਚ ਪੈਦਾ ਹੋਇਆ ਸੀ। ਦਸਵੀਂ ਜਮਾਤ ਉਸ ਨੇ ਗੌਰਮਿੰਟ ਹਾਈ ਸਕੂਲ, ਅਟਾਰੀ (ਅੰਮ੍ਰਿਤਸਰ) ਤੋਂ ਕੀਤੀ ਅਤੇ 27 ਜਨਵਰੀ, 1945 ਨੂੰ ਉਹ ਆਲ ਇੰਡੀਆ ਰੇਡੀਓ ਲਾਹੌਰ ਵਿਚ 75 ਰੁਪਏ ਮਹੀਨੇ 'ਤੇ ਭਰਤੀ ਹੋ ਗਿਆ। ਪਾਕਿਸਤਾਨ ਬਣਨ 'ਤੇ ਉਹ ਆਪਣੇ ਜੱਦੀ ਪਿੰਡ ਤੋਂ ਹਿਜਰਤ ਕਰਕੇ ਲਾਹੌਰ ਚਲਾ ਗਿਆ ਸੀ।


ਵੰਡ ਤੋਂ ਬਾਅਦ ਨਿਜ਼ਾਮੁਦੀਨ ਲਾਹੌਰ ਰੇਡੀਓ ਤੋਂ ਪੇਂਡੂ ਭਰਾਵਾਂ ਲਈ ਸ਼ਾਮ ਨੂੰ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮ 'ਸੋਹਣੀ ਧਰਤੀ' ਵਿਚ ਦਹਾਕਿਆਂ ਤੱਕ ਆਪਣੀ ਬੋਲ-ਕਲਾ ਦੇ ਜੌਹਰ ਦਿਖਾਉਂਦਾ ਰਿਹਾ। ਉਸ ਦੇ ਹਾਸੇ ਵਿਚ ਲਪੇਟੇ ਬੋਲਾਂ ਵਿਚ ਆਮ ਲੋਕਾਂ ਲਈ ਡੂੰਘੀ ਸਿੱਖਿਆ ਹੁੰਦੀ ਸੀ। ਰੇਡੀਓ 'ਤੇ ਗੱਲਾਂ ਕਰਦਿਆਂ ਉਹ ਆਪਣੇ ਪੁਰਾਣੇ ਪਿੰਡ ਮੋਦੇ ਤੇ ਆਪਣੇ ਜਾਣ-ਪਛਾਣ ਵਾਲੇ ਲੋਕਾਂ ਦਾ ਜ਼ਿਕਰ ਬੜੇ ਤਿਹੁ-ਮੋਹ ਨਾਲ ਕਰਦਾ। ਆਪਣੇ ਪਿੰਡ ਨੂੰ ਯਾਦ ਕਰਦਿਆਂ ਉਹ ਕਈ ਵਾਰ ਰੇਡੀਓ ਤੋਂ ਕਹਿ ਜਾਂਦਾ, "ਮੈਂ ਸੱਤਾਂ ਵਲੈਤਾਂ ਨੂੰ ਵਾਰ ਸੁੱਟਾਂ ਆਪਣੇ ਪਿੰਡ ਦੀ ਇੱਕ ਨਿੱਕੀ ਜਿਹੀ ਗਲੀ ਉਤੋਂ।" ਪਿੰਡ ਬਾਰਡਰ 'ਤੇ ਹੋਣ ਕਰਕੇ ਮੈਂ 'ਸੋਹਣੀ ਧਰਤੀ' ਪ੍ਰੋਗਰਾਮ ਬਾਕਾਇਦਾ ਸੁਣਦਾ ਸਾਂ ਤੇ ਉਸ ਦੇ ਠੇਠ ਪੰਜਾਬੀ ਦੇ ਬੋਲਾਂ ਤੋਂ ਪ੍ਰਭਾਵਿਤ ਹੋ ਕੇ ਉਸ ਦਾ ਪ੍ਰਸ਼ੰਸਕ ਬਣ ਗਿਆ ਸਾਂ।

1965 ਦੀ ਲੜਾਈ ਲੱਗ ਗਈ। ਪਿੰਡਾਂ ਵਿਚ ਅਖਬਾਰ ਆਉਣੀ ਬੰਦ ਹੋ ਗਈ। ਮੈਂ ਖਬਰਾਂ ਸੁਣਨ ਲਈ ਟ੍ਰਾਂਜਿਸਟਰ ਲੈ ਆਂਦਾ। ਉਹ ਲਾਹੌਰ ਰੇਡੀਓ ਤੋਂ ਆਪਣੇ ਬਾਰਡਰ ਦੇ ਲੋਕਾਂ ਅਤੇ ਫੌਜਾਂ ਦੇ ਹੌਸਲੇ ਬੁਲੰਦ ਰੱਖਣ ਲਈ ਧੜੱਲੇਦਾਰ ਪ੍ਰਚਾਰ ਕਰਦਾ। ਉਹਦੇ ਪ੍ਰਚਾਰ ਵਿਚ ਬੜਾ ਕੁਝ ਛੁਪਿਆ ਹੁੰਦਾ। ਉਹ ਸਿੱਖਾਂ ਨੂੰ ਬੜਾ ਸਲਾਹੁੰਦਾ। ਇਕ ਵਾਰ ਰੇਡੀਓ ਤੋਂ ਕਹਿ ਰਿਹਾ



ਜਸਵੰਤ ਸਿੰਘ ਸੰਧੂ ਜੰਡਿਆਲਾ ਸ਼ੇਰ ਖਾਨ ਵਿਚ ਵਾਰਿਸ ਸ਼ਾਹ ਦੀ ਮਜ਼ਾਰ ਅੱਗੇ।

ਸੀ, "ਚੌਧਰੀ ਜੀ! ਆਹ ਸਾਨੂੰ ਵਾਹਗੇ ਤੋਂ ਲੈ ਕੇ ਅੰਬਾਲੇ ਤੱਕ ਹੀ ਥੋੜ੍ਹੀ ਜਿਹੀ ਰੁਕਾਵਟ ਪੈਣੀ ਆਂ। ਅੱਗੇ ਤਾਂ ਭਾਵੇਂ ਡੀ.ਡੀ.ਟੀ. ਛਿੜਕੀ ਜਾਈਏ, ਹਥਿਆਰਾਂ ਦੀ ਲੋੜ ਈ ਨਹੀਂ ਪੈਣੀ। ਅੱਗਿਓਂ ਚੌਧਰੀ ਨੇ ਕਿਹਾ, "ਉਹ ਕਿਉਂ?" ਕਹਿੰਦਾ, "ਓ ਜੀ! ਇਥੇ ਬਹਾਦਰ ਸਿੱਖ ਕੌਮ ਵਸਦੀ ਆ। ਅਸੀਂ ਆਹਨੇ ਆਂ ... ਭਾਵੇਂ ਦੁਸ਼ਮਣ ਹੀ ਹੋਵੇ ਪਰ ਹੋਵੇ ਬਹਾਦਰ।" ਮੇਰੀ ਬੜੀ ਰੀਝ ਸੀ ਕਿ ਮੈਂ ਉਨ੍ਹਾਂ ਨੂੰ ਲਾਹੌਰ ਜਾ ਕੇ ਮਿਲਾਂ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। 3 ਜੁਲਾਈ, 1991



ਜਸਵੰਤ ਸਿੰਘ ਸੰਧੂ ਲਾਹੌਰ ਦੇ ਪੀ.ਸੀ. ਹੋਟਲ ਦੇ 8 ਫੁੱਟ ਉਚੇ ਸਕਿਓਰਿਟੀ ਗਾਰਡ ਬਾਬੂ ਪਾਕਿਸਤਾਨੀ ਨਾਲ।

ਨੂੰ ਦਿਲ ਦੀ ਹਰਕਤ ਬੰਦ ਹੋਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਲਿਖਿਆ- "ਪੰਜਾਬੀ ਦਾ ਸੱਚਾ ਸਪੂਤ ਚਲ ਵਸਿਆ।"

ਉਨ੍ਹਾਂ ਦੀ ਨੂੰਹ ਟੀ.ਵੀ. ਸੰਚਾਲਕਾ ਹੈ ਅਤੇ ਹੋਰ ਪੰਜਾਬੀ ਸਮਰਥਕ ਸੰਸਥਾਵਾਂ ਨਾਲ ਰਲ ਕੇ ਪੰਜਾਬੀ ਨੂੰ ਪਹਿਲੀ ਜਮਾਤ ਤੋਂ ਬੀ.ਏ. ਤੱਕ ਸਿੱਖਿਆ ਦਾ ਮਾਧਿਅਮ ਬਣਾਉਣ ਲਈ ਜਦੋਜਹਿਦ ਕਰ ਰਹੀ ਹੈ।

ਜਲਦੀ ਹੀ ਮੈਂ ਉਨ੍ਹਾਂ ਦੀ ਕੋਠੀ ਪਹੁੰਚ ਗਿਆ। ਉਨ੍ਹਾਂ ਮੇਰੇ ਗਲ ਫੁੱਲਾਂ ਦਾ ਹਾਰ ਪਾ ਕੇ ਮੇਰਾ ਇਸਤਕਬਾਲ ਕੀਤਾ। ਮਹਿਮਾਨ ਨਵਾਜ਼ੀ ਤਾਂ ਕੋਈ ਪਾਕਿਸਤਾਨੀ ਪੰਜਾਬੀਆਂ ਤੋਂ ਸਿੱਖੇ! ਸਾਰਾ ਮੇਜ਼ ਫਲਾਂ ਅਤੇ ਮਠਿਆਈਆਂ ਨਾਲ ਭਰਿਆ ਪਿਆ ਸੀ। ਉਸੇ ਵੇਲੇ ਤਾਜ਼ੇ ਪਕੌੜੇ ਕਢਵਾਏ। ਚਾਹ ਦਾ ਆਨੰਦ ਮਾਣਨ ਤੋਂ ਬਾਅਦ ਚੌਧਰੀ ਨਿਜ਼ਾਮੁਦੀਨ ਦੀਆਂ ਰੇਡੀਓ ਤੋਂ ਸੁਣੀਆਂ ਗੱਲਾਂ ਮੈਂ ਗਜ਼ਾਲਾ ਨਾਲ ਸਾਂਝੀਆਂ ਕੀਤੀਆਂ, ਜਿਵੇਂ ਉਹ ਕਹਿੰਦੇ ਹੁੰਦੇ ਸਨ- 'ਓਨੇ ਲੋਕ ਭੁੱਖ ਨਾਲ ਨਹੀਂ ਮਰੇ, ਜਿੰਨੇ ਬਹੁਤਾ ਖਾ ਕੇ ਮਰੇ ਨੇ ... ਮਾਇਆ ਪੱਗ ਨੂੰ ਲੱਗ ਜਾਏ ਤਾਂ ਉਹ ਆਕੜ ਜਾਂਦੀ ਹੈ, ਤੇ ਜੇ ਆਦਮੀ ਕੋਲ ਆਏ ਤਾਂ ਕਿਉਂ ਨਾ ਆਕੜੇ? ... ਸਾਰੀ ਉਮਰ ਰੋਟੀ ਤੇ ਵਹੁਟੀ ਤੋਂ ਡਰਦਾ ਰਿਹਾ।' ਕਸ਼ਮੀਰ ਬਾਰੇ ਕਹਿਣਾ- 'ਧਰੇਕ ਸਾਡੇ ਵਿਹੜੇ 'ਚ ਉਗੀ ਹੈ ਤੇ ਸੂਰਜ ਢਲਣ ਨਾਲ ਧਰੇਕ ਦੀ ਛਾਂ ਇਨ੍ਹਾਂ ਦੇ ਵਿਹੜੇ ਵਿਚ ਚਲੇ ਗਈ ਹੈ ਤੇ ਇਹ ਕਹਿੰਦੇ ਨੇ, ਧਰੇਕ ਸਾਡੀ ਹੈ।' ਇਨਸਾਨੀਅਤ ਦੇ ਇਕ ਹੋਣ ਬਾਰੇ ਕਹਿੰਦੇ ਹੁੰਦੇ ਸੀ, 'ਚੌਦਾਂ ਤਬੱਕਾ ਤੋਂਣ ਗੁਨਾਈ ਤੇ ਦੁੱਖਾਂ ਕੀਤੇ ਪੇੜੇ। ਮੁੱਢੋਂ ਇਕੋ ਜਿਣਸ ਮੁਹੰਮਦ, ਹੁਣ ਅੱਗੋਂ ਪਏ ਨਿਖੇੜੇ।' ਉਨ੍ਹਾਂ ਮੇਰੀਆਂ ਕੀਤੀਆਂ ਗੱਲਾਂ ਦੀ ਵੀਡੀਓ ਬਣਾ ਲਈ; ਕਿਹਾ ਕਿ 'ਮਿਰਜ਼ਾ ਸਾਹਿਬ ਬਾਰੇ ਤੁਹਾਡੀਆਂ ਕੀਤੀਆਂ ਇਹ ਗੱਲਾਂ ਯਾਦ ਵਜੋਂ ਰਿਕਾਰਡ ਕਰ ਲਈਆਂ ਹਨ।'

ਗਜ਼ਾਲਾ ਨੇ ਮੈਨੂੰ ਉਨ੍ਹਾਂ ਦੇ ਸਟੇਟ ਅਤੇ ਨੈਸ਼ਨਲ ਪੱਧਰ ਦੇ ਸਨਮਾਨਾਂ ਦੀਆਂ ਆਨਰ ਬੋਰਡ 'ਤੇ ਤਸਵੀਰਾਂ ਦਿਖਾਈਆਂ। ਇਕ ਇਨਾਮ ਜਨਰਲ ਜ਼ਿਆ-ਉਲ-ਹੱਕ ਤੋਂ ਪ੍ਰਾਪਤ ਕਰਨ ਦੀ ਫੋਟੋ ਵੀ ਹੈ। ਮੇਰੀ ਉਮਰ ਦੇ ਲੋਕ ਅੱਜ ਵੀ ਉਨ੍ਹਾਂ ਦੀਆਂ ਕੀਮਤੀ ਗੱਲਾਂ ਯਾਦ ਕਰਕੇ ਆਨੰਦ ਮਾਣਦੇ ਨੇ। ਮੈਂ ਉਸ ਮਹਾਨ ਹਸਤੀ ਦਾ ਘਰ ਦੇਖ ਕੇ ਅਤੇ ਗਜ਼ਾਲਾ ਨੂੰ ਮਿਲ ਕੇ ਮਾਨਸਿਕ ਤੌਰ 'ਤੇ ਸੰਤੁਸ਼ਟ ਸਾਂ। ਗਜ਼ਾਲਾ ਵੀ ਉਨ੍ਹਾਂ ਦੇ ਚੜ੍ਹਦੇ ਪੰਜਾਬ ਦੇ ਪ੍ਰਸ਼ੰਸਕਾਂ ਬਾਰੇ ਗੱਲਾਂ ਸੁਣ ਕੇ ਬੜੇ ਖੁਸ਼ ਹੋਏ।

000

ਬੜੇ ਪਿਆਰੇ ਮਿੱਤਰ, ਨੇਕ ਦਿਲ ਇਨਸਾਨ ਅਤੇ ਫੇਸਬੁੱਕ ਫਰੈਂਡ ਸਈਅਦ ਦਿਲਦਾਰ ਹੁਸੈਨ ਸ਼ਾਹ ਨੇ ਰਾਤ ਦੇ ਖਾਣੇ 'ਤੇ ਆਪਣੇ ਘਰ ਬੁਲਾਇਆ ਸੀ। ਉਹ ਮੈਨੂੰ ਆਪਣੀ ਕਾਰ 'ਤੇ ਪੀ.ਸੀ. ਹੋਟਲ ਤੋਂ ਆਪਣੇ ਨਿਵਾਸ ਸਥਾਨ ਗੁਲਸ਼ਨ-ਏ-ਰਾਵੀ ਸਥਿਤ ਕੋਠੀ 'ਤੇ ਲੈ ਗਏ। ਸਾਰੇ ਪਰਿਵਾਰ ਨੂੰ ਬੜੇ ਚਾਅ ਨਾਲ ਨਾਲ ਮਿਲਾਇਆ। ਉਸ ਦਾ ਛੋਟਾ ਪੁੱਤਰ ਮੇਰੇ ਬੁਲਾਉਣ 'ਤੇ ਮੇਰੀ ਗੋਦ ਵਿਚ ਆਣ ਬੈਠਾ ਹਾਲਾਂਕਿ ਮੇਰੀ ਪਹਿਰਾਵਾ ਅਤੇ ਸ਼ਕਲ ਉਸ ਦੇ ਅੱਬੂ ਨਾਲੋਂ ਮੁਖਤਲਿਫ ਸੀ। ਸਾਰੇ ਪਰਿਵਾਰ ਨੇ ਖੁੱਲ੍ਹ ਕੇ ਗੱਲਾਂ ਕੀਤੀਆਂ।

ਦਿਲਦਾਰ ਹੁਸੈਨ ਸ਼ਾਹ ਨੇ ਆਪਣੇ ਦੋ ਨਜ਼ਦੀਕੀ ਦੋਸਤਾਂ ਅਮਾਨਤ ਅਲੀ ਗੁੱਜਰ ਤੇ ਮਲਕ ਰਫਾਕਤ ਅਵਾਣ ਨੂੰ ਵੀ ਖਾਣੇ 'ਤੇ ਬੁਲਾਇਆ ਸੀ ਜੋ ਕਾਫੀ ਮੈਂਬਰ ਰਲ ਕੇ ਫੇਸਬੁੱਕ 'ਤੇ 'ਦਿਲ ਦੀ ਅਵਾਜ਼' ਅਤੇ 'ਮੇਰਾ ਵਸਦਾ ਰਹੇ ਪੰਜਾਬ' ਨਾਮਕ ਪ੍ਰੋਗਰਾਮ ਚਲਾ ਰਹੇ ਨੇ। ਇਸ ਵਿਚ ਚੜ੍ਹਦੇ ਪੰਜਾਬ ਤੋਂ ਵੀ ਕਾਫੀਮੈਂਬਰ ਨੇ। ਦਿਲਦਾਰ ਹੁਸੈਨ ਸ਼ਾਹ ਦਾ ਜੱਦੀ ਪਿੰਡ ਮਸਾਨੀਆਂ ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਅਤੇ ਅਮਾਨਤ ਅਲੀ ਗੁੱਜਰ ਦਾ ਨਾਨਕਾ ਪਿੰਡ ਕੋਹਲੀਆਂ ਜ਼ਿਲ੍ਹਾ ਪਠਾਨਕੋਟ ਵਿਚ ਹੈ। ਇਹ ਫੇਸਬੁੱਕ ਸੰਸਥਾ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਨੇੜੇ ਲਿਆਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਖਾਣੇ ਤੋਂ ਬਾਅਦ ਭਾਰਤ ਪਾਕਿਸਤਾਨ ਦੇ ਬਣਦੇ ਵਿਗੜਦੇ ਸਬੰਧਾਂ ਬਾਰੇ ਗੱਲਾਂ ਹੁੰਦੀਆਂ ਰਹੀਆਂ ਕਿ ਜੇ ਸਰਕਾਰਾਂ ਚਾਹੁਣ ਤਾਂ ਕਸ਼ਮੀਰ ਦਾ ਮਸਲਾ ਹੱਲ ਹੋ ਸਕਦਾ ਹੈ, ਇਕ ਦੂਜੇ ਦੇ ਬਰਖਲਾਫ ਕੂੜ ਪ੍ਰਚਾਰ ਬੰਦ ਹੋ ਜਾਵੇ, ਬਜ਼ੁਰਗਾਂ ਨੂੰ ਦੋਹਾਂ ਪਾਸਿਆਂ ਤੋਂ ਵੀਜ਼ੇ ਜਾਰੀ ਕੀਤੇ ਜਾਣ, ਇਕ ਦੂਜੇ ਨੂੰ ਮਿਲਣ-ਗਿਲਣ ਨਾਲ ਮੁਹੱਬਤ ਪਿਆਰ ਪੈਦਾ ਹੋਵੇਗਾ, ਵਪਾਰ ਹੋਵੇਗਾ ਜਿਸ ਨਾਲ ਦੋਹਾਂ ਪਾਸਿਆਂ ਦੇ ਲੋਕਾਂ ਨੂੰ ਚੀਜ਼ਾਂ ਸਸਤੀਆਂ ਮਿਲਣਗੀਆਂ, ਸਿਆਸਤਦਾਨਾਂ ਦਾ ਅਸਲ ਮਕਸਦ ਦੋਹਾਂ ਪਾਸੀਂ ਰੋਟੀ, ਕੱਪੜਾ, ਮਕਾਨ ਤੇ ਵਿਦਿਆ ਦੇਣਾ ਹੋਣਾ ਚਾਹੀਦਾ ਹੈ, ਲੋਕਾਂ ਨੂੰ ਰੁਜ਼ਗਾਰ ਮਿਲਣਾ ਚਾਹੀਦਾ ਹੈ, ਕਸ਼ਮੀਰ ਮਸਲਾ ਦੋਹੀਂ ਪਾਸੀਂ ਆਪਣੀਆਂ ਕੁਰਸੀਆਂ ਕਾਇਮ ਲਈ ਬਰਕਰਾਰ ਰੱਖਿਆ ਜਾ ਰਿਹਾ ਹੈ ਅਤੇ ਗਰੀਬੀ, ਰਿਸ਼ਵਤ, ਮਿਲਾਵਟ, ਬੇਰੁਜ਼ਗਾਰੀ ਦੋਹੀਂ ਪਾਸੀਂ ਹੈ, ਆਦਿ।

ਪੰਜਾਬ ਦੀ ਵੰਡ ਨੇ ਪੰਜਾਬ ਦਾ ਬੜਾ ਨੁਕਸਾਨ ਕੀਤਾ। ਵੰਡ ਤੋਂ ਬਾਅਦ ਦੋਹਾਂ ਮੁਲਕਾਂ ਵਿਚ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋਇਆ ਹੈ। ਗੁਰਭਜਨ ਸਿੰਘ ਗਿੱਲ ਦੇ ਕਹਿਣ ਮੁਤਾਬਕ, 'ਮੇਰੇ ਪਾਕਿਸਤਾਨ ਵਾਲੇ ਪਿੰਡ ਦੀ ਗਰੀਬ ਔਰਤ ਅਤੇ ਮੇਰੇ ਨਵੇਂ ਬਣੇ ਭਾਰਤੀ ਪਿੰਡ ਦੀ ਗਰੀਬ ਔਰਤ ਦੇ ਗਰੀਬੀ ਵੇਸ ਵਾਲੇ ਕੱਪੜਿਆਂ ਵਿਚ 73 ਸਾਲ ਵਿਚ ਕੋਈ ਫਰਕ ਨਹੀਂ ਪਿਆ। ਗੋਰੇ ਸਰਮਾਏਦਾਰ ਜਾਣ ਤੋਂ ਬਾਅਦ ਕਾਲੇ ਸਰਮਾਏਦਾਰ ਆ ਗਏ। ਵੰਡ ਦੇ ਦੁਖਾਂਤ ਬਾਰੇ ਲੇਖਕਾਂ ਨੇ ਕਹਾਣੀਆਂ, ਨਾਵਲ, ਕਵਿਤਾਵਾਂ ਤੇ ਲੇਖ ਲਿਖੇ ਜਿਸ ਵਿਚ ਪੰਜਾਬੀਆਂ ਦੇ ਦਰਦ ਦਾ ਜ਼ਿਕਰ ਕੀਤਾ ਗਿਆ ਹੈ। ਮੇਰੇ ਛੋਟੇ ਵੀਰ ਅਤੇ ਪ੍ਰਸਿਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਵੰਡ ਦੇ ਦਰਦ ਨੂੰ ਬਿਆਨ ਕਰਦੀ ਕਵਿਤਾ ਲਿਖੀ ਹੈ ਜੋ ਮੈਂ ਆਪਣੇ ਮੇਜ਼ਬਾਨ ਦੇ ਘਰ ਸੁਣਾਈ। ਇਸ ਕਵਿਤਾ ਦੀਆਂ ਸਤਰਾਂ ਕੁਝ ਇਸ ਤਰ੍ਹਾਂ ਨੇ:

ਦਿਲ ਸੀ ਦਿੱਲੀ ਧੜਕਦਾ, ਮੈਨੂੰ ਪੁੱਛਾਂ ਪੁੱਛੇ ਪਸ਼ੌਰ।

ਇਕ ਬਾਂਹ ਅੰਬਰਸਰ ਸੀ ਤੇ ਦੂਜੀ ਬਾਂਹ ਲਾਹੌਰ।

ਮੇਰੇ ਪਾਣੀ ਬਾਣੀ ਬੋਲਦੇ, ਕਲਮਾਂ ਪੜ੍ਹਨ ਪਹਾੜ।

ਹਿਰਨ ਸੀ ਭਰਦਾ ਚੁੰਗੀਆਂ, ਰਾਹ ਵਿਚ ਵੱਟ ਨਾ ਵਾੜ।

ਅੱਖਰ ਪਾਕ ਕੁਰਾਨ ਦੇ, ਮਸਜਿਦ ਵਿਚ ਆਜ਼ਾਨ।

ਹਰ ਮੰਦਰ ਹਰ ਵੱਸਦਾ, ਗੀਤਾ ਵਿਚ ਭਗਵਾਨ।

ਭਾਈ, ਪੰਡਤ, ਮੌਲਵੀ, ਬੋਲ ਹੋਏ ਹਲਕਾਨ।

ਜ਼ੋਰ ਲਾ ਲਿਆ ਦੁਸ਼ਮਣਾਂ, ਮਰਿਆ ਨਾ ਇਨਸਾਨ।

ਹੋਣੀ ਮੇਰੇ ਨਾਲ ਪਰ, ਕੀਤਾ ਕੀ ਖਿਲਵਾੜ।

ਸਾਉਣ ਸੌਂ ਗਏ ਸੁੱਤਿਆ, ਬਲਦੇ ਰਹਿ ਗਏ ਹਾੜ੍ਹ।

ਦੁਸ਼ਮਣ ਅੰਗ-ਅੰਗ ਕੱਟਿਆ, ਜਾਮਾ ਲਹੂ-ਲੁਹਾਣ।

ਇਕ ਦੂਜੇ ਗਲ ਮਿਲਣ ਲਈ, ਮੇਰੇ ਟੋਟੇ ਤੜਫੀ ਜਾਣ।

(ਮੇਰੇ) ਖੰਭ ਕੁਤਰ ਲਏ ਉਤਲਿਆਂ, (ਮੇਰਾ) ਖੁੱਸ ਗਿਆ ਅਸਮਾਨ।

ਕੀ ਹਾਂ ਪਤਾ ਨਾ ਚਲਿਆ, ਮਿੱਟੀ ਕਿ ਇਨਸਾਨ।

ਉਚੇ ਬੁਰਜ ਲਾਹੌਰ ਦੇ, ਡਿੱਗ ਪਏ ਗਸ਼ ਖਾ।

ਭਰ-ਭਰ ਅੱਖਾਂ ਡੁਲ੍ਹੀਆਂ, ਸਭ ਸੁੱਕ ਗਏ ਦਰਿਆ।

ਧਰਮ ਦਿਲਾਂ ਵਿਚੋਂ ਨਿਕਲ ਕੇ, ਸਿਰਾਂ 'ਤੇ ਹੋਇਆ ਸਵਾਰ।

ਉਠ ਗਈ ਸਭਾ ਮਲੇਸ਼ ਦੀ, ਫਿਰ ਵੀ ਕੂੜ ਪਸਾਰ।

ਕੁਰਖੇਤਰ ਵਿਚ ਭਟਕਦਾ, ਮੇਰਾ ਜਾਮਾ ਲਹੂ-ਲੁਹਾਣ।

ਮੈਂ 'ਕੱਲਾ ਭੋਗਾਂ ਹੋਣੀਆਂ, ਮੇਰਾ ਕੋਈ ਨਹੀਂ ਰਖਵਾਨ।

ਦਿੱਲੀ ਦੁੱਲੇ ਮਾਰਦੀ, ਮੱਚਿਆ ਪਿਆ ਕੁਹਰਾਮ।

ਬਾਹਵਾਂ ਵੱਢਣ ਆਪ ਨੂੰ, ਸੌਂ ਗਈ ਲਾਲ ਸਲਾਮ।

(ਮੇਰੀ) ਚੌੜੀ ਛਾਤੀ ਖੋਖਲੀ, (ਵਿਚ) ਹੈ ਨਹੀਂ ਜਾਨ-ਪਰਾਣ।

ਸਭ ਸੁਪਨੇ ਮੇਰੇ ਰਾਂਗਲੇ, ਜਾਇ ਸੁੱਤੇ ਜੀਰਾਣ।

ਵਰਿਆਮ ਸਿੰਘ ਸੰਧੂ ਦੀ ਕਵਿਤਾ ਪੜ੍ਹ ਕੇ ਪਸ਼ੌਰਾ ਸਿੰਘ ਢਿੱਲੋਂ ਨੇ ਹੁਣ ਨਵੀਂ ਲੱਗੀ ਵਾੜ ਬਾਰੇ ਲਿਖੀ ਕਵਿਤਾ ਦੀਆਂ ਸਤਰਾਂ ਵੀ ਮੈਂ ਸੁਣਾਈਆਂ:

ਕੱਲ੍ਹ ਤੱਕ ਸਾਂਝੀ ਜੂਹ ਸੀ, ਨਾ ਵੱਟ ਨਾ ਵਾੜ।

ਦੋਹੀਂ ਪਾਸੀਂ ਬਹਿ ਗਏ, ਗੱਡ ਬੰਦੇ ਖਾਣੀ ਤਾਰ।

(ਤੈਨੂੰ) ਸੁਘੜ ਸਿਆਣਾ ਜਾਣ ਕੇ, ਪੁੱਛਾਂ ਮੈਂ ਵਰਿਆਮ!

ਕੀ ਇਹਦੇ ਨਾਲੋਂ ਭੈੜ ਸੀ, ਜੇ ਰਹਿੰਦਾ ਦੇਸ਼ ਗੁਲਾਮ।

ਇਨ੍ਹਾਂ ਦੋਹਾਂ ਕਵਿਤਾਵਾਂ ਨੂੰ ਸੁਣ ਕੇ ਸਰੋਤੇ ਬੜੇ ਪ੍ਰਭਾਵਿਤ ਹੋਏ।

ਹੁਣ ਸਮਾਂ ਕਾਫੀ ਹੋ ਚੁੱਕਾ ਸੀ। ਸਵੇਰੇ ਵਾਹਗਾ ਬਾਰਡਰ 'ਤੇ ਅਲਵਿਦਾ ਕਰਨ ਦਾ ਵਾਅਦਾ ਕਰਕੇ ਦਿਲਦਾਰ ਹੁਸੈਨ ਸ਼ਾਹ ਅਤੇ ਅਮਾਨਤ ਅਲੀ ਗੁਜਰ ਮੈਨੂੰ ਪੀ.ਸੀ. ਹੋਟਲ ਛੱਡ ਗਏ।

000

ਮੈਂ ਸਵਖਤੇ ਨਹਾ-ਧੋ ਕੇ ਤਿਆਰ ਹੋ ਕੇ ਨਾਸ਼ਤਾ ਕੀਤਾ। ਕਾਊਂਟਰ 'ਤੇ ਜਾ ਕੇ ਹੋਟਲ ਦਾ ਬਿੱਲ ਅਦਾ ਕੀਤਾ। ਕਮਰੇ ਵਿਚ ਆ ਕੇ ਲਾਹੌਰੋਂ ਖਰੀਦੇ ਸੁੱਕੇ ਮੇਵੇ ਅਤੇ ਹੋਰ ਸਮਾਨ ਅਟੈਚੀ ਵਿਚ ਪੈਕ ਕੀਤਾ। ਹੋਟਲ ਤੋਂ ਬਾਹਰ ਆ ਕੇ ਮੈਂ ਦਿਲਦਾਰ ਹੁਸੈਨ ਸ਼ਾਹ ਅਤੇ ਅਮਾਨਤ ਅਲੀ ਗੁੱਜਰ ਦੀ ਉਡੀਕ ਕਰਨ ਲੱਗਾ।

ਹੋਟਲ ਦੇ ਬਾਹਰ ਲਾਹੌਰ ਪੁਲਿਸ ਦੀ ਗਾਰਦ ਲੱਗੀ ਹੋਈ ਹੈ ਜਿਸ ਦਾ ਇੰਚਾਰਜ ਛੋਟਾ ਥਾਣੇਦਾਰ ਸੀ। ਇਕ ਸਿਪਾਹੀ ਦੀ ਛਾਤੀ 'ਤੇ ਜਮਸ਼ੇਦ ਸੰਧੂ ਦੀ ਨਾਮ ਪਲੇਟ ਲੱਗੀ ਹੋਈ ਸੀ ਜਿਸ ਨੂੰ ਦੇਖ ਕੇ ਮੈਂ ਕਿਹਾ, "ਪਢਾਣੇ ਪਿੰਡ ਦੇ ਸਾਰੇ ਮੁਸਲਮਾਨ ਅਤੇ ਸਿੱਖ ਵਸਨੀਕਾਂ ਦੀ ਗੋਤ ਸੰਧੂ ਹੈ ਤੇ ਮੈਂ ਵੀ ਸੰਧੂ ਹਾਂ।" ਉਸ ਨੇ ਦੱਸਿਆ ਕਿ ਉਹਦਾ ਪਿੰਡ ਵੀ ਪਢਾਣਾ ਹੈ। ਉਸ ਨੇ ਮੇਰੇ ਨਾਲ ਫੋਟੋ ਵੀ ਲੁਹਾਈ। ਗਾਰਦ ਦੇ ਸਾਰੇ ਸਿਪਾਹੀ ਬੜੀ ਮੁਹੱਬਤ ਨਾਲ ਗੱਲਾਂ ਕਰ ਰਹੇ ਸਨ ਪਰ ਉਸ ਥਾਣੇਦਾਰ ਦਾ ਮੂੰਹ ਕਿਸੇ ਕੁਨੈਨ ਖਾਧੀ ਬੰਦੇ ਵਾਂਗ ਹੀ ਬਣਿਆ ਰਿਹਾ। ਮੈਂ ਵੀ ਉਸ ਨੂੰ ਕਵਾਉਣਾ ਮੁਨਾਸਬ ਨਾ ਸਮਝਿਆ। ਸਾਰੀ ਯਾਤਰਾ ਦੌਰਾਨ ਮੈਂ ਇਹ ਪਹਿਲਾ ਆਦਮੀ ਦੇਖਿਆ ਜਿਸ ਨੇ ਸਿੱਖ ਸ਼ਕਲ ਵਾਲੇ ਆਦਮੀ ਨੂੰ ਨਹੀਂ ਸੀ ਬੁਲਾਇਆ; ਸੋਚਦਾ ਸਾਂ, ਹੋ ਸਕਦਾ ਹੈ ਕਿ ਉਸ ਨੇ ਆਪਣੇ ਬਜ਼ੁਰਗਾਂ ਤੋਂ ਸੰਤਾਲੀ ਦੀ ਕੱਟ-ਵੱਢ ਵਿਚ ਆਪਣੇ ਵਡੇਰਿਆਂ ਦੇ ਕਤਲੇਆਮ ਦੀ ਗਲਾਂ ਸੁਣੀਆਂ ਹੋਣ। ਇਹ ਵੀ ਹੋ ਸਕਦਾ ਕਿ ਉਹ ਜਨੂਨੀ ਹੋਵੇ।

ਥੋੜ੍ਹੇ ਚਿਰ ਬਾਅਦ ਦਿਲਦਾਰ ਹੁਸੈਨ ਸ਼ਾਹ ਅਤੇ ਅਮਾਨਤ ਅਲੀ ਗੁਜਰ ਸ਼ਾਹ ਕਾਰ ਲੈ ਕੇ ਆ ਗਏ। ਅੱਧੇ ਪੌਣੇ ਘੰਟੇ ਵਿਚ ਅਸੀਂ ਵਾਹਗਾ ਬਾਰਡਰ 'ਤੇ ਪਹੁੰਚ ਗਏ। ਮੈਂ ਆਪਣਾ ਅਟੈਚੀ ਅਤੇ ਹੈਂਡਬੈਗ ਟਰਾਲੀ 'ਤੇ ਰੱਖ ਕੇ ਉਨ੍ਹਾਂ ਤੋਂ ਵਿਦਾਈ ਲਈ। ਦੋਹਾਂ ਪਾਸਿਆਂ ਦੀ ਇਮੀਗਰੇਸ਼ਨ ਅਤੇ ਕਸਟਮ ਦੀ ਪ੍ਰਕਿਰਿਆ 'ਚੋਂ ਲੰਘ ਕੇ ਮੈਂ ਅਟਾਰੀ ਬਾਰਡਰ ਦੀ ਜੀ.ਟੀ. ਰੋਡ 'ਤੇ ਆ ਗਿਆ ਜਿਥੇ ਮੇਰਾ ਪੁੱਤਰ ਜਸਜੀਤ ਸਿੰਘ ਅਤੇ ਪੋਤਰਾ-ਪੋਤਰੀ ਮੈਨੂੰ ਉਡੀਕ ਰਹੇ ਸਨ। ਕਾਰ ਵਿਚ ਬੈਠ ਕੇ ਅਸੀਂ ਪੰਦਰਾਂ ਮਿੰਟਾਂ ਵਿਚ ਘਰਿੰਡੇ ਆਪਣੇ ਘਰ ਪਹੁੰਚ ਗਏ।

*(ਸਮਾਪਤ)*

# ਬੈਚ ਫੁੱਲ ਰੈਡ ਚੈਸਟਨਟ: ਚਿੰਤਾ ਆਪਣਿਆਂ ਦੀ

*(ਸਫਾ 27 ਦੀ ਬਾਕੀ)*

ਨੂੰ ਗਲੇ ਲਾਉਣ ਤੀਕ ਜਾਂਦੇ ਹਨ। ਇਹ ਗੱਲਾਂ ਸਮਾਜ ਵਿਚ ਹਰ ਰੋਜ਼ ਦੇਖਣ ਨੂੰ ਮਿਲਦੀਆਂ ਹਨ। ਇਨ੍ਹਾਂ ਦੁਖੀ ਹਿਰਦਿਆਂ ਦੇ ਜੀਵਨ ਵਿਚ ਜੇ ਕੋਈ ਚੀਜ਼ ਮੁੜ ਖੇੜਾ ਲਿਆ ਸਕਦੀ ਹੈ ਤੇ ਉਨ੍ਹਾਂ ਨੂੰ ਭਾਣਾ ਮੰਨਣ ਲਈ ਤਿਆਰ ਕਰ ਸਕਦੀ ਹੈ ਤਾਂ ਉਹ ਹੈ, ਫੁੱਲ ਦਵਾਈ ਰੈਡ ਚੈਸਟਨਟ। ਆਰਾਮ ਤਾਂ ਉਨ੍ਹਾਂ ਨੂੰ ਕੁਝ ਖੁਰਾਕਾਂ ਲੈਣ ਤੋਂ ਬਾਅਦ ਹੀ ਆ ਜਾਵੇਗਾ, ਪਰ ਲਗਾਤਾਰ ਸੇਵਨ ਕਰਨ ਨਾਲ ਇਸ ਫੁੱਲ ਦਵਾਈ ਦੀਆਂ ਸਾਰੀਆਂ ਧਨ-ਆਤਮਿਕ ਵਿਸ਼ੇਸ਼ਤਾਈਆਂ ਉਨ੍ਹਾਂ ਅੰਦਰ ਭਰ ਜਾਣਗੀਆਂ। ਮੇਰੇ ਖਿਆਲ ਵਿਚ ਉਪਰੋਕਤ ਮਾਨਸਿਕ ਸਥਿਤੀਆਂ ਵਿਚੋਂ ਗੁਜ਼ਰ ਰਹੇ ਵਿਅਕਤੀਆਂ ਨੂੰ ਤਾਂ ਇਸ ਦਵਾਈ ਦੀਆਂ ਕੁਝ ਖੁਰਾਕਾਂ ਫੌਰਨ ਲੈ ਲੈਣੀਆਂ ਚਾਹੀਦੀਆਂ ਹਨ।

ਰੈਡ ਚੈਸਟਨਟ ਦੇ ਮਰੀਜ਼ਾਂ ਨੂੰ ਕਈ ਬੀਮਾਰੀਆਂ ਆਮ ਹੋ ਜਾਂਦੀਆਂ ਹਨ। ਚਿੰਤਾ ਕਾਰਨ ਸਭ ਤੋਂ ਵਧ ਅਸਰ ਉਨ੍ਹਾਂ ਦੇ ਮਿਹਦੇ 'ਤੇ ਹੁੰਦਾ ਹੈ। ਮਿਹਦੇ ਦੀ ਜਲਣ, ਬਦਹਜ਼ਮੀ, ਗੈਸ-ਡੱਕਾਰ, ਜਖਮ, ਫੋੜੇ, ਤੇ ਬੇਚੈਨੀ ਉਨ੍ਹਾਂ ਨੂੰ ਸਭ ਤੋਂ ਪਹਿਲਾ ਹੁੰਦੇ ਹਨ। ਉਨ੍ਹਾਂ ਦੀ ਦੂਜੀ ਆਮ ਬਿਮਾਰੀ ਬੇਚੈਨੀ ਵਾਲਾ ਦਮਾ ਹੈ। ਉਹ ਵਹਿਮੀ, ਉਨੀਂਦਰੇ, ਚਿੜਚਿੜੇ, ਘਬਰਾਏ ਤੇ ਦਿਲ ਦੇ ਕਮਜ਼ੋਰ ਹੁੰਦੇ ਹਨ। ਇਸ ਲਈ ਉਨ੍ਹਾਂ ਨੂੰ ਰਕਤ-ਦਬਾਓ, ਐਨਜਾਈਨਾ, ਦਿਲ ਦਾ ਦੌਰਾ ਤੇ ਖੂਨ ਦੀ ਕਮੀ ਜਿਹੇ ਰੋਗ ਹੋ ਜਾਂਦੇ ਹਨ। ਉਨ੍ਹਾਂ ਦੀ ਰੋਗਾਂ ਨਾਲ ਟਕਰਾਉਣ ਦੀ ਸ਼ਕਤੀ ਵੀ ਘਟ ਜਾਂਦੀ ਹੈ। ਰੈਡ ਚੈਸਟਨਟ ਉਨ੍ਹਾਂ ਨੂੰ ਤੰਦਰੁਸਤ ਕਰਕੇ ਸ਼ਕਤੀਸ਼ਾਲੀ ਬਣਾਉਂਦੀ ਹੈ।

# ਪੰਜਾਬ: ਤੀਆਂ ਤੋਂ ਰੱਖੜੀ ਤੱਕ

**ਤਿੱਥ-ਤਿਓਹਾਰ**

ਪੰਜਾਬ ਦੇ ਦੇਸੀ ਮਹੀਨਿਆਂ ਵਿਚ ਸਾਵਣ ਦਾ ਮਹੀਨਾ ਵੱਖਰੀ ਤਬੀਅਤ ਦਾ ਮਹੀਨਾ ਹੁੰਦਾ ਹੈ। ਇਸ ਨਾਲ ਪੰਜਾਬੀਆਂ ਦੇ ਬਹੁ-ਅਨੁਭਵੀ ਚਾਅ-ਮਲ੍ਹਾਰ ਜੁੜੇ ਹੋਏ ਹਨ। ਜੇਠ-ਹਾੜ ਦੀਆਂ ਤਪਦੀਆਂ ਲੂਆਂ ਅਤੇ ਭਖਦੇ ਤੰਦੂਰ ਵਰਗੇ ਤਪਸ਼ੀ ਦਿਨਾਂ ਤੋਂ ਬਾਅਦ ਜਦ ਬੱਦਲਾਂ ਦੀਆਂ ਠੰਡੀਆਂ ਮਿੱਠੀਆਂ ਫੁਹਾਰਾਂ ਧਰਤੀ ਤੱਕ ਪਹੁੰਚਦੀਆਂ ਹਨ ਤਾਂ ਇੱਕ ਅਲੌਕਿਕ ਸੁਖਾਵਾਂ ਵਾਤਾਵਰਣ ਸਿਰਜਿਆ ਜਾਂਦਾ ਹੈ। ਵਰਖਾ ਦੀਆਂ ਇਹ ਰਹਿਮਤਾਂ ਜਿਸਮਾਂ ਨੂੰ ਤਾਂ ਧੁਰ ਅੰਦਰ ਤੱਕ ਤ੍ਰਿਪਤੀ ਬਖਸ਼ਦੀਆਂ ਹੀ ਹਨ, ਇਹ



**ਡਾ. ਆਸਾ ਸਿੰਘ ਘੁੰਮਣ**
(ਨਡਾਲਾ, ਕਪੂਰਥਲਾ)
ਫੋਨ: 91-98152-53245

ਉਪਜੀਵਕਾ ਦੇ ਸਾਧਨਾਂ 'ਚ ਵੀ ਵੱਡਾ ਰੋਲ ਅਦਾ ਕਰਦੀਆਂ ਹਨ। ਪੰਜਾਬ ਦੀ ਸੰਭਾਵਨਾਵਾਂ-ਭਰਪੂਰ ਜਰਖੇਜ਼ ਧਰਤੀ ਇੰਜ ਮੌਲਦੀ ਹੈ, ਜਿਵੇਂ ਨਵ-ਵਿਆਹੀ ਨਵੇਂ ਵਸਤਰਾਂ ਵਿਚ, ਗਹਿਣਿਆਂ-ਲੱਦੀ, ਮਹਿਕਦੀ-ਚਹਿਕਦੀ-ਟਹਿਕਦੀ, ਪੱਬ ਭੁੰਜੇ ਨਹੀਂ ਲਾਉਂਦੀ। ਜਿਵੇਂ ਸਿਰਜਣਾ-ਪ੍ਰਕਿਰਿਆ ਵਿਚ ਸੁਆਣੀ ਦਾ ਮੱਥਾ ਨੂਰੋ-ਨੂਰ ਹੁੰਦਾ ਹੈ। ਧਰਤੀ ਹੀ ਨਹੀਂ, ਅਸਮਾਨ ਵੀ ਪੁਰ-ਜਲੌਅ ਹੁੰਦਾ ਹੈ। ਉਹ ਅਕਾਸ਼ ਜਿੱਥੇ ਪੰਜਾਬੀਆਂ ਦਾ ਰੱਬ ਵੱਸਦੈ, ਸਵੇਰ ਤੋਂ ਸ਼ਾਮ ਤੱਕ ਕਈ ਰੰਗ-ਰੂਪ ਬਦਲਦੈ ਅਤੇ ਦ੍ਰਿਸ਼ਟ-ਇੰਦਰੀਆਂ ਨੂੰ ਤ੍ਰਿਪਤ ਕਰਦੈ। ਕਾਲੇ-ਸਿਆਹ ਬੱਦਲਾਂ ਵਿਚ ਚਮਕਦੀਆਂ ਚਾਂਦੀ-ਰੰਗੀ ਬਿਜਲੀ ਦੀਆਂ ਤਾਰਾਂ ਕਿਆ ਇਲਾਹੀ ਨਜ਼ਾਰਾ ਬੰਨ੍ਹਦੀਆਂ ਹਨ! ਚਮਕ ਦੇ ਤਲਿਸਮੀ ਝਲਕਾਰਿਆਂ ਦੇ ਨਾਲ ਜਦ ਗੜ-ਗੜ ਕਰਦੀ ਗਰਜਾਹਟ ਰਲਦੀ ਹੈ ਤਾਂ ਮਨ-ਮਸਤਕ ਵਿਸਮਾਦੀ ਹੋ ਉਠਦੈ। ਅਕਾਸ਼ੋਂ ਵਰ੍ਹਦੀਆਂ ਕਣੀਆਂ ਜਦ ਧਰਤੀ 'ਤੇ ਡਿਗਦੀਆਂ ਹਨ, ਡਿਗਣ ਵਾਲੀ ਵਸਤੂ ਦੇ ਅਨੁਸਾਰ ਕਈ ਕਿਸਮ ਦੀਆਂ ਸੰਗੀਤਕ ਲੈਆਂ ਪੈਦਾ ਕਰਦੀਆਂ ਹਨ। ਸਹਿਜ-ਭਾਅ ਡਿਗਦੀਆਂ ਫੁਹਾਰਾਂ ਦੀ ਲੈਅ ਹੋਰ ਹੁੰਦੀ ਹੈ ਅਤੇ ਤਾਬੜ-ਤੋੜ ਮੂਸਲਧਾਰ ਬਾਰਸ਼ ਦੀ ਹੋਰ। ਕਣੀਆਂ ਦਾ ਆਪਣਾ ਰਾਗ ਹੁੰਦਾ ਹੈ, ਪਰਨਾਲਿਆਂ ਦਾ ਆਪਣਾ। ਖਾਣ-ਪੀਣ, ਸੁੰਘਣ, ਦੇਖਣ ਅਤੇ ਮਹਿਸੂਸ ਕਰਨ ਦੀਆਂ ਸੱਭੇ ਇੰਦਰੀਆਂ ਤ੍ਰਿਪਤ ਹੋ ਜਾਂਦੀਆਂ ਹਨ।

ਇਸ ਸਮੇਂ ਦੌਰਾਨ ਜਿੱਥੇ ਕੁਦਰਤ ਆਪਣੇ ਰਹੱਸਮਈ ਸੰਸਾਰ ਵਿਚੋਂ ਕਈ ਨੇਹਮਤਾਂ ਪ੍ਰਦਾਨ ਕਰਦੀ ਹੈ, ਉਥੇ ਪੰਜਾਬੀ ਵੀ ਕੁਦਰਤ ਸੰਗ ਹੇਲ-ਮੇਲ ਹੋਣ ਵਿਚ ਪਿੱਛੇ ਨਹੀਂ ਰਹਿੰਦੇ, ਖਾਸ ਤੌਰ 'ਤੇ ਪੰਜਾਬਣਾਂ। ਪੰਜਾਬਣਾਂ ਨੇ ਸਾਉਣ ਮਹੀਨੇ ਵਿਚ ਰਲ ਬੈਠਣ ਅਤੇ ਖੁਸ਼ੀਆਂ ਮਨਾਉਣ ਲਈ ਰਿਸ਼ਤੇਦਾਰੀਆਂ ਦੇ ਮੋਹ-ਮੱਤੇ ਮੌਕੇ ਸੰਜੋਅ ਰੱਖੇ ਹਨ। ਅੱਜ ਦੇ ਕਾਰੋਬਾਰੀ-ਕੇਂਦਰਤ, ਗਲੋਬਲ ਸੰਸਾਰ ਨੂੰ ਦੇਣ ਲਈ ਜੇ ਪੰਜਾਬੀ ਵਿਰਾਸਤ ਕੋਲ ਕੁਝ ਹੈ ਤਾਂ ਉਹ ਹੈ ਪਰਿਵਾਰ-ਪ੍ਰਤੀਬੱਧਤਾ ਅਤੇ ਰਿਸ਼ਤੇਦਾਰੀਆਂ ਕਾਇਮ ਰੱਖਣ ਅਤੇ ਨਿਭਾਉਣ ਦੀ ਪਰੰਪਰਾ; ਆਪਸੀ ਮੋਹ-ਪਿਆਰ ਦੀਆਂ ਪੀਡੀਆਂ ਗੰਢਾਂ ਅਤੇ ਨਰੋਈਆਂ ਤੰਦਾਂ। ਇਸ ਦੀ ਮਿਸਾਲ ਹੈ, ਸਾਉਣ ਮਹੀਨੇ ਵਿਚ ਮਨਾਏ ਜਾਂਦੇ ਦੋ ਤਿਉਹਾਰ, ਜੋ ਮੁੱਖ ਤੌਰ ਤੇ ਔਰਤਾਂ ਨਾਲ ਸੰਬੰਧਤ ਹਨ: ਤੀਆਂ ਅਤੇ ਰੱਖੜੀ।

ਔਰਤ ਹਰ ਸਮਾਜ ਵਿਚ ਹੀ ਆਪਸੀ ਸੰਬੰਧਾਂ ਦੀ ਮਹਿਕ ਕਾਇਮ ਰੱਖਣ ਵਿਚ ਅਹਿਮ ਰੋਲ ਅਦਾ ਕਰਦੀ ਰਹੀ ਹੈ। ਸਮਾਜ ਵਿਚਲੇ ਖੂਨ ਦੇ ਸਾਰੇ ਰਿਸ਼ਤੇ ਜਨਨੀ ਤੋਂ ਹੀ ਬਣਦੇ-ਵਿਗਸਦੇ ਹਨ। ਜਨਮ ਦਾਤੀ ਹੀ ਰਿਸ਼ਤਿਆਂ ਦਾ ਪੰਘੂੜਾ ਅਤੇ ਪ੍ਰਤੀ-ਪਾਲਕ ਹੈ। ਪੰਜਾਬੀਆਂ ਨੇ ਹਮੇਸ਼ਾ ਹੀ ਧੀ-ਭੈਣ ਦੇ ਰਿਸ਼ਤੇ ਨੂੰ ਪਾਕ-ਪਵਿੱਤਰ ਰਿਸ਼ਤਾ ਗਿਣਿਆ ਹੈ। ਰਿਸ਼ਤਿਆਂ ਪੱਖੋਂ ਅਜੋਕੇ ਧੁੰਦੂਕਾਰੇ ਵਾਲੇ ਵਰਤਾਰਿਆਂ ਨੂੰ ਫੋਕਸ ਵਿਚ ਰੱਖ ਕੇ ਵੇਖਦਿਆਂ, ਇਹ ਅਹਿਸਾਸ ਨਿੱਤਰ ਆਉਂਦੇ ਹਨ ਕਿ ਪੰਜਾਬੀ ਸਮਾਜ ਮੁੱਖ ਤੌਰ 'ਤੇ ਹਯਾਈ ਮਰਿਆਦਾਵਾਂ ਕਾਇਮ ਰੱਖਣ ਵਾਲਾ ਸਮਾਜ ਹੈ। ਇਹ ਅਜਿਹਾ ਸਮਾਜ ਹੈ, ਜਿਸ ਵਿਚ ਕੇਂਦਰੀ ਧੁਰੇ 'ਤੇ ਫਰਾਇਡੀਅਨ ਮਨੋ-ਵੇਗ ਅਤੇ ਮਨੋ-ਬਿਰਤੀਆਂ ਨਹੀਂ, ਸਗੋਂ ਸਮਰਪਣ ਅਤੇ ਸ਼ਰਹ; ਪਾਕੀਜ਼ਗੀ ਅਤੇ ਪਵਿੱਤਰਤਾ; ਉੱਚਤਮ ਅਤੇ ਸੁੱਚਤਮ ਦੇ ਅਹਿਸਾਸ ਵਿਦਮਾਨ ਹਨ। ਪੰਜਾਬਣ ਦੇ ਮਨ ਵਿਚ ਵੀ ਸਾਉਣ ਮਹੀਨੇ ਵਿਚ ਕੰਤ-ਕਲੋਲ ਅਤੇ ਮਾਹੀ-ਮਿਲਣ ਦੇ ਅਨੇਕਾਂ ਚਾਵ-ਭਾਵ ਉੱਸਲਵੱਟੇ ਤਾਂ ਲੈਂਦੇ ਹਨ, ਪਰ ਉਸ ਲਈ ਬਾਬਲ ਦੀ ਇੱਜ਼ਤ, ਅੰਬੜੀ ਦਾ ਵਿਹੜਾ, ਚਾਚੇ-ਤਾਏ ਦੀਆਂ ਮੋਹ-ਪਿਆਰ ਦੀਆਂ ਤੰਦਾਂ, ਆਪਣੇ ਖੇਤਾਂ ਦੀ ਖੁਸ਼ਹਾਲੀ ਅਤੇ ਆਪਣੇ ਪਿੰਡ ਦੇ ਜੂਹਾਂ-ਬੇਲਿਆਂ ਦੀਆਂ ਅਦਭੁਤ ਖਿੱਚਾਂ ਵੱਧ ਮਹੱਤਵਪੂਰਨ ਹਨ। ਇਹੀ ਵਜ੍ਹਾ ਹੈ ਕਿ ਪਹਿਲੇ ਸਮਿਆਂ ਵਿਚ ਵਿਆਹ ਤੋਂ ਬਾਅਦ ਸਖੀਆਂ ਸਹੇਲੀਆਂ, ਚਾਚੀਆਂ-ਤਾਈਆਂ, ਭਰਾ-ਭਰਜਾਈਆਂ ਇਥੋਂ ਤੱਕ ਕਿ ਮੱਝੀਆਂ-ਗਾਈਆਂ ਯਾਦਾਂ ਵਿਚ ਵਾਰ ਵਾਰ ਆਉਂਦੀਆਂ ਸਨ ਅਤੇ ਪੇਕਾ ਪਿੰਡ ਸੈਨਤਾਂ ਹੀ ਨਹੀਂ ਸੀ ਮਾਰਦਾ, ਸਗੋਂ ਕੂਕ ਕੂਕ ਕੇ ਪੁਕਾਰਦਾ ਅਤੇ ਖਿੱਚਾਂ ਪਾਉਂਦਾ ਸੀ; ਖਾਸ ਤੌਰ 'ਤੇ ਸਾਵਣ ਦੇ ਦਿਨਾਂ ਵਿਚ।

ਸਾਉਣ ਮਹੀਨਾ ਆਉਣ ਤੋਂ ਪਹਿਲਾਂ ਪਿੰਡ ਦੀ ਕੀ ਕੁਆਰੀ ਤੇ ਕੀ ਵਿਆਹੀ, ਕੀ ਬੇਬੇ ਤੇ ਕੀ ਬੀਬੀ-ਸਭ ਦੁਪਹਿਰ ਵੇਲੇ ਗਰਮੀ ਤੋਂ ਬਚਣ ਲਈ, ਹਵਾ-ਵਾਰੇ, ਪਿੰਡ ਦੇ ਬਾਹਰ ਵੱਲ, ਕਿਸੇ ਰੁੱਖ ਦੀ ਝੰਗੀ ਥੱਲੇ ਆ ਡੇਰੇ ਲਾਉਂਦੀਆਂ ਸਨ। ਕੋਈ ਚਰਖਾ ਡਾਹ ਲੈਂਦੀ, ਕੋਈ ਅਟੇਰਨ 'ਤੇ ਕੰਮ ਕਰਨ ਲੱਗਦੀ, ਕੋਈ ਪੱਖੀ ਬੁਨਣ ਲੱਗਦੀ, ਕੋਈ ਛੱਜ ਛੱਟਣ ਲੱਗਦੀ, ਕੋਈ ਫੁਲਕਾਰੀ 'ਤੇ ਫੁੱਲ-ਬੂਟੇ ਪਾਉਣ ਲੱਗਦੀ। ਵਿਚੇ ਹੀ ਦੁੱਖ-ਸੁੱਖ ਫੋਲੇ ਜਾਂਦੇ, ਚੁਗਲੀ-ਬੁਖਾਲੀ ਵੀ ਹੋ ਜਾਂਦੀ। ਅਚਾਨਕ ਹੀ ਕੋਈ ਜਣੀ ਗੀਤ ਗੁਨਗੁਨਾਉਣ ਲੱਗਦੀ, ਕੋਈ ਹੋਰ ਆਵਾਜ਼ ਨਾਲ ਆਵਾਜ਼ ਰਲਾ ਦਿੰਦੀ। ਕੋਈ ਮਾਂਗ੍ਹਾ ਮਾਰਨ ਲੱਗਦੀ ਅਤੇ ਕੋਈ ਉੱਠ ਕੇ ਗਿੱਧਾ ਪਾਉਣ ਲੱਗਦੀ। ਹੌਲੀ ਹੌਲੀ ਪਿੜ ਬੱਝ ਜਾਂਦਾ। ਚਰਖੇ ਦੀ ਘੂਕਰ ਰੁਕ ਜਾਂਦੀ, ਸੂਈ ਫੁਲਕਾਰੀ ਦੇ ਵਿਚੇ ਖੁੰਭੀ ਰਹਿ ਜਾਂਦੀ। ਗਿੱਧਾ ਮਘ



ਉੱਠਦਾ। ਗੋਡਿਆਂ-ਗਿਟਿਆਂ ਤੱਕ ਜਿਸਮ ਪਸੀਨੋ-ਪਸੀਨੀ ਹੋ ਜਾਂਦਾ। ਕੋਈ ਹਿੰਮਤੀ ਕੁੜੀ ਪਿੰਡ ਦੇ ਕਿਸੇ ਲੰਘਦੇ-ਜਾਂਦੇ ਨੂੰ ਪੀਂਘ ਪਾਉਣ ਦਾ ਤਰਲਾ ਕਰਦੀ। ਅਗਲਾ ਤਾਂ ਦੌੜਿਆ ਆਉਂਦਾ ਅਤੇ ਕਿਸੇ ਮਜ਼ਬੂਤ ਟਾਹਣੇ 'ਤੇ ਪੀਂਘ ਪਾ ਦਿੰਦਾ। ਕਿਆ ਨਜ਼ਾਰਾ ਬੱਝਦਾ! ਕੁਦਰਤ ਦੀ ਗੋਦ ਵਿਚ ਪੀਂਘ ਝੂਟਣਾ ਕਿਸੇ ਮਾੜੀ-ਮੋਟੀ ਦਾ ਕੰਮ ਥੋੜ੍ਹਾ ਹੁੰਦੈ! ਟਾਹਣੀਆਂ ਨੂੰ ਪੈਰ ਲਾਉਣ, ਮੂੰਹ ਨਾਲ ਜਾਂ ਇਕ ਹੱਥ ਨਾਲ ਪੱਤੇ ਤੋੜ ਲਿਆਉਣ ਦੇ ਮੁਕਾਬਲੇ ਚੱਲ ਪੈਂਦੇ। ਚੁੰਨੀਆਂ ਉੱਡ-ਪੁੱਡ ਜਾਂਦੀਆਂ, ਗੁੱਤਾਂ ਨਾਗਣਾਂ ਬਣ ਜਾਂਦੀਆਂ। ਮਨ ਹੋਰ ਉੱਚਾ, ਹੋਰ ਉੱਚਾ, ਕਿਤੇ ਦੂਰ-ਦੁਰੇਡੇ ਪਹੁੰਚ ਜਾਣਾ ਲੋਚਦਾ। ਸਿਆਣੀ ਉਮਰ ਦੀਆਂ ਔਰਤਾਂ ਉੱਚੀ ਆਵਾਜ਼ ਵਿਚ ਡਰਾਵੇ ਦਿੰਦੀਆਂ, ਜੁਆਨੀ ਹੋਰ ਚਾਂਭਲਦੀ। ਉਧਰੋਂ ਕਾਲੀਆਂ ਘਟਾਵਾਂ ਚੜ੍ਹ ਆਉਂਦੀਆਂ। ਪੀਂਘਾਂ ਝੂਟਣ ਵਾਲੀਆਂ ਦੀਆਂ ਵਾਰੀਆਂ ਨਾ ਟੁੱਟਦੀਆਂ। ਉਪਰੋਂ ਫੁਹਰ ਆਣ ਲੱਥਦੀ। ਸਿਆਣੀ ਉਮਰ ਦੀਆਂ ਆਪਣਾ ਸਾਜ਼ੋ-ਸਾਮਾਨ ਲੈ ਘਰੀਂ ਪਹੁੰਚਦੀਆਂ। ਅੱਲ੍ਹੜਾਂ ਨੂੰ ਪਹਿਲੇ-ਪਹਿਲੇ ਮੀਂਹ ਵਿਚ ਭਿੱਜਣਾ-ਸਿਜਣਾ ਸਗੋਂ ਚੰਗਾ-ਚੰਗਾ ਲੱਗਦਾ।

ਸਹੁਰੇ ਪਿੰਡ ਜਾ ਕੇ ਅਜਿਹੀਆਂ ਯਾਦਾਂ ਆਉਂਦੀਆਂ ਵੀ ਤੇ ਸਤਾਉਂਦੀਆਂ ਵੀ। ਖਾਸ ਤੌਰ 'ਤੇ ਸ਼ੁਰੂ ਸ਼ੁਰੂ ਵਿਚ। ਇਸ ਲਈ ਮਾਪੇ ਕੁੜੀ ਨੂੰ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਪਿੰਡ ਲੈ ਆਉਂਦੇ। ਤੀਆਂ ਦੇ ਦਿਨਾਂ ਵਿਚ ਤਾਂ ਉਚੇਚੇ ਤੌਰ 'ਤੇ ਪਿਤਾ ਜਾਂ ਭਰਾ ਕੁੜੀ ਨੂੰ ਲੈਣ ਜਾਂਦਾ। ਖਾਲੀ ਹੱਥੀਂ ਤਾਂ ਧੀ-ਭੈਣ ਕੋਲ ਕਦੀ ਵੀ ਨਹੀਂ ਸੀ ਜਾਣਾ ਹੁੰਦਾ। ਬਾਪ ਜਾਂ ਭਰਾ ਕੱਪੜਾ-ਲੱਤਾ, ਫਲ ਅਤੇ ਮਠਿਆਈ ਵਗੈਰਾ ਜ਼ਰੂਰ ਲੈ ਕੇ ਜਾਂਦਾ। ਸਹੁਰਿਓਂ ਜਦੋਂ ਕੋਈ ਲੈਣ ਆਉਂਦਾ, ਉਹ ਵੀ ਘੱਟ ਨਾ ਕਰਦੇ। ਖਾਸ ਤੌਰ 'ਤੇ ਪਹਿਲੀ ਵਾਰ ਤਾਂ ਕਿੰਨਾ ਕੁਝ ਲੈ ਕੇ ਆਉਂਦੇ, ਜਿਸ ਨੂੰ ਪੜ੍ਹੇ-ਲਿਖੇ ਲੋਕ "ਸੰਧਾਰਾ" ਆਖਦੇ ਹਨ। ਪੁਰਾਣੀਆਂ ਬੀਬੀਆਂ ਉਨ੍ਹਾਂ ਨੂੰ ਸਾਉਣ ਦੇ ਨਾਂ ਤੇ "ਸਾਵੇ" ਹੀ ਕਹਿੰਦੀਆਂ ਸਨ। ਇਨ੍ਹਾਂ ਸਾਵਿਆਂ ਦਾ ਖਾਸ ਤੌਰ 'ਤੇ ਛੋਟੇ ਪਿੰਡਾਂ ਵਿਚ ਬੜਾ ਚਾਅ ਚੜ੍ਹਿਆ ਹੁੰਦਾ ਸੀ। ਸਹੁਰਿਆਂ ਨੇ ਕੁੜੀ ਲਈ ਅਤੇ ਉਸ ਦੇ ਪਰਿਵਾਰ ਲਈ ਤਾਂ ਕੱਪੜਾ-ਟਾਕੀ, ਗਹਿਣਾ-ਗੱਟਾ, ਫਲ, ਮਠਿਆਈ ਵਗੈਰਾ ਲਿਆਉਣੀ ਹੀ ਹੁੰਦੀ ਸੀ, ਸਾਰੇ ਪਿੰਡ ਵਿਚ ਜਾਂ ਭਾਈਚਾਰੇ ਵਿਚ ਵੰਡਣ ਲਈ ਵੀ ਕੁਝ ਨਾ ਕੁਝ ਲੈ ਕੇ ਆਉਂਦੇ।

"ਸਾਵੇ" ਕਈ ਵਾਰੀ ਪ੍ਰਾਹੁਣਾ ਲੈ ਕੇ ਆਉਂਦਾ, ਪਰ ਬਹੁਤੀ ਵਾਰ ਉਹਦੇ ਮਾਂ-ਪਿਉ ਵੀ ਆਣ ਢੁੱਕਦੇ। ਨਵੇਂ ਨਵੇਂ ਸਾਕਾਂ ਦੀ ਪ੍ਰਾਹੁਣਾਚਾਰੀ ਦਾ ਚਾਅ ਚੜ੍ਹ ਜਾਂਦਾ। ਸਾਉਣ ਵਿਚ ਘਾਹ-ਪੱਠਾ ਵਾਧੂ ਹੋਣ ਕਰਕੇ ਮੱਝੀਂ-ਗਾਈਆਂ ਵੱਲੋਂ ਚੋਖੇ ਦਿੱਤੇ ਦੁੱਧ ਦੀਆਂ ਖੀਰਾਂ ਬਣਨ ਲੱਗਦੀਆਂ; ਘਰ ਦੇ ਗੁੜ ਦੇ ਪੂੜੇ ਬਣਨ ਲੱਗਦੇ; ਗਰਮੀਆਂ ਵਿਚ ਦੁਪਹਿਰੇ ਆਪਣੇ ਹੱਥੀਂ ਵੱਟੀਆਂ ਸੇਵੀਆਂ ਰਿੱਝਣ ਲੱਗਦੀਆਂ। ਖੂਬ ਮਹਿਮਾਨ ਨਿਵਾਜ਼ੀ ਹੁੰਦੀ। ਪ੍ਰਾਹੁਣੇ ਬੜੇ ਹੱਕ ਨਾਲ ਪਿੰਡ ਵਿਚ ਘੁੰਮਦੇ-ਫਿਰਦੇ, ਖੇਤਾਂ ਵਿਚ ਜਾਂਦੇ, ਹਰ ਕਿਸੇ ਦੇ ਵਾਕਫ ਬਣ ਬਣ ਬਹਿੰਦੇ।

ਤੀਆਂ ਦੇ ਮੌਕੇ ਉਚੇਚੇ ਤੌਰ 'ਤੇ ਪੇਕੇ-ਪਿੰਡ ਆਈਆਂ ਨਵ-ਵਿਆਹੀਆਂ ਮੁਟਿਆਰਾਂ ਇਕ ਦੂਜੀ ਨੂੰ ਘੁੱਟ ਘੁੱਟ ਕੇ ਮਿਲਦੀਆਂ। ਰਲ ਮਿਲ ਖੁੱਲ੍ਹੇ ਪਿੜਾਂ ਵਿਚ ਖੂਬ ਧਮੱਚੜ ਪਾਂਦੀਆਂ; ਰੁੱਖਾਂ ਉੱਤੇ ਪੀਂਘਾਂ ਝੂਟਦੀਆਂ, ਗਿੱਧੇ ਪਾਂਦੀਆਂ, ਗੀਤ ਗਾਉਂਦੀਆਂ, ਮਸ਼ਕਰੀਆਂ ਕਰਦੀਆਂ, ਇਕ ਦੂਜੀ ਦੇ ਘਰ ਵਾਲੇ ਦਾ ਨਾਂ ਲੈ ਲੈ ਮਖੌਲਾਂ ਕਰਦੀਆਂ, ਇਸ਼ਾਰਿਆਂ 'ਚ ਕਈ ਕੁਝ ਕਹਿੰਦੀਆਂ ਤੇ ਲੋਟ-ਪੋਟ ਹੋਈ ਜਾਂਦੀਆਂ। ਕੁਝ ਦਿਨਾਂ 'ਚ ਹੀ ਪੁੰਨਿਆਂ ਆ ਜਾਂਦੀ। ਸਵੇਰੇ ਸਵੇਰੇ ਨਹਾ-ਧੋ ਕੇ, ਵਾਗੁਰੂ-ਵਾਗੁਰੂ ਕਰਦੀਆਂ, ਸੁੱਚੇ ਮੂੰਹ ਆਪਣੇ ਵੀਰਾਂ ਨੂੰ ਰੱਖੜੀ ਬੰਨ੍ਹਦੀਆਂ ਤੇ ਮੂੰਹ ਮਿੱਠਾ ਕਰਾਉਂਦੀਆਂ। ਆਪਣੇ ਪਿਉ ਅਤੇ ਚਾਚੇ-ਤਾਇਆਂ ਨੂੰ ਵੀ ਰੱਖੜੀ ਬੰਨ੍ਹਦੀਆਂ, ਹੋਰ ਤਾਂ ਹੋਰ ਵੀਰ ਦੇ ਬਲਦਾਂ ਦੇ ਸਿੰਗਾਂ ਨੂੰ ਵੀ ਮੌਲੀ ਬੰਨ ਦਿੰਦੀਆਂ। ਸੁੱਖਣਾਂ ਸੁੱਖਦੀਆਂ, ਚੜ੍ਹਦੀ ਕਲਾ ਦੀਆਂ ਅਰਦਾਸਾਂ ਕਰਦੀਆਂ, ਬਦਲੇ ਵਿਚ ਅਸੀਸਾਂ ਤੇ "ਪਿਆਰ" ਪ੍ਰਾਪਤ ਕਰਦੀਆਂ। ਤੁਰਨ ਲੱਗਿਆਂ ਫਿਰ ਦੌੜ ਕੇ ਆਪਦੀਆਂ ਸਹੇਲੀਆਂ ਨੂੰ ਮਿਲਣ ਜਾਂਦੀਆਂ। ਕਈ ਸਹੇਲੀਆਂ ਤਾਂ ਉਨ੍ਹਾਂ ਨੂੰ ਪਿੰਡ ਦੀ ਜੂਹ ਤੱਕ ਤੋਰਨ ਆਉਂਦੀਆਂ। ਬੜੀ ਹਸਰਤ ਨਾਲ ਪਿਛਾਂਹ ਨੂੰ ਵੇਖਦੀਆਂ, ਹਉਕਾ ਜਿਹਾ ਭਰਦੀਆਂ ਅਤੇ ਮੂੰਹੋਂ ਬਿਰਕਦੀਆਂ, "ਮੁੜ ਪਿੰਡ ਆਵਾਂਗੇ, ਵਰ੍ਹੇ ਦਿਨਾਂ ਨੂੰ ਫੇਰ।"

ਉਨ੍ਹਾਂ ਦੀ ਜਾਣੇ ਬਲਾ ਸੁਦੀਆਂ ਕੀ ਹੁੰਦੀਆਂ ਨੇ ਤੇ ਵਦੀਆਂ ਕੀ ਹੁੰਦੀਆਂ ਨੇ। ਉਹ ਤਾਂ ਬੱਸ ਇਹ ਜਾਣਦੀਆਂ ਸਨ, "ਕੁੜੀਓ ਆ ਜਾਓ ਨੀ, ਸਾਉਣ ਸੈਨਤਾਂ ਮਾਰੇ।" ਉਹ ਤਾਂ ਇਹ ਜਾਣਦੀਆਂ ਸਨ ਕਿ ਸਾਉਣ ਸਾਂਝਾਂ ਦਾ ਮਹੀਨਾ ਹੈ। ਆਪਣਿਆਂ ਮੁੱਢਾਂ ਨਾਲ ਜੁੜਨ ਦਾ ਮਹੀਨੈ। ਕਈ ਵਾਰ ਟਾਈਮ ਹੋਵੇ ਤਾਂ ਸਾਰਾ ਸਾਉਣ ਹੀ ਰਹਿ ਜਾਂਦੀਆਂ ਤੇ ਕਈ ਵਾਰੀ ਜੇ ਟਾਈਮ ਨਾ ਹੋਵੇ ਤਾਂ ਵੀਰ ਨੂੰ ਪਹਿਲਾਂ ਹੀ ਰੱਖੜੀ ਬੰਨ੍ਹ ਵਿਦਿਆ ਹੋ ਜਾਂਦੀਆਂ। ਉਨ੍ਹਾਂ ਦੀਆਂ ਤਾਂ ਮਾਂਵਾਂ-ਦਾਦੀਆਂ-ਨਾਨੀਆਂ ਨੂੰ ਵੀ ਨਹੀਂ ਸੀ ਪਤਾ ਕਿ ਸੁੱਖਣਾਂ ਲੱਧਾ ਧਾਗਾ ਜੋ ਉਹ ਬੰਨ੍ਹਦੀਆਂ ਸਨ, ਉਸ ਨੂੰ "ਰਾਖੀ" ਜਾਂ "ਰਕਸ਼ਾ-ਬੰਧਨ" ਕਹਿੰਦੇ ਨੇ। ਅਖੇ ਜੀ ਰਾਖੀ ਬੰਨਣ ਦਾ ਮਤਲਬ ਹੈ ਕਿ ਵੀਰ ਭੈਣਾਂ ਦੀ ਰਾਖੀ ਕਰਨਗੇ। ਬੰਦਾ ਪੁੱਛੇ ਭਰਾਵਾਂ, ਮਾਂ-ਪਿਉ, ਚਾਚੇ-ਤਾਇਆਂ ਨੇ ਰਾਖੀ ਭਲਾ ਰੱਖੜੀ ਬੰਨਿਆਂ ਹੀ ਕਰਨੀ ਸੀ! ਤੁਰਨ ਲੱਗਿਆਂ ਆਪਣੇ ਮੁੱਢ ਨੂੰ "ਰੱਬ ਦੀਆਂ ਰੱਖਾਂ" ਦਾ ਧਾਗਾ ਬੰਨ੍ਹਣਾ ਤਾਂ ਆਪਣੀਆਂ ਭਾਵਨਾਵਾਂ ਨੂੰ ਕਿਸੇ ਸਥੂਲ ਵਸਤੂ ਰਾਹੀਂ ਦਰਸਾਉਣ ਬਰੋਬਰ ਸੀ। ਮਹੱਤਵਪੂਰਨ ਤਾਂ ਆਪਦੀ ਪੇਕੇ-ਭੋਇੰ ਲਈ ਕੀਤੀਆਂ ਜਾਂਦੀਆਂ ਅਰਦਾਸਾਂ ਹੀ ਸਨ।

ਰੱਬ ਖੈਰ ਕਰੇ! ਤੀਆਂ ਲੱਗਦੀਆਂ ਰਹਿਣ। ਖੀਰ-ਪੂੜੇ ਪੱਕਦੇ ਰਹਿਣ! ਧੀਆਂ ਹੱਸਦੀਆਂ ਰਹਿਣ! ਭੈਣਾਂ ਵੱਸਦੀਆਂ ਰਹਿਣ! ਪੇਕੀਂ ਆਉਂਦੀਆਂ ਰਹਿਣ! ਖੌਰੇ ਉਨ੍ਹਾਂ ਦੀਆਂ ਦੁਆਵਾਂ ਸਦਕਾ ਹੀ ਬਾਬਲ-ਭਾਈ, ਚਾਚੇ-ਤਾਏ, ਪਿੰਡ ਦੇ ਜਾਏ, ਆਪਣੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਦੇ ਰਖਵਾਲੇ ਬਣੇ ਰਹਿਣ!!

# ਯਾਦਾਂ ਪਿੰਡ ਦੀਆਂ

**ਕਾਵਿ-ਕਿਆਰੀ**

ਜਦ ਆਉਂਦੀ ਯਾਦ ਗਰਾਂਵਾਂ ਦੀ,
ਪਿੱਪਲਾਂ ਦੀਆਂ ਠੰਢੀਆਂ ਛਾਂਵਾਂ ਦੀ,
ਦੇਹਲੀ 'ਤੇ ਉਡੀਕਦੀਆਂ ਮਾਂਵਾਂ ਦੀ,
ਬਾਹਵਾਂ ਅੱਡੀ ਖੜ੍ਹੇ ਭਰਾਵਾਂ ਦੀ,
ਭੈਣਾਂ ਦੀ ਰੱਖੜੀ ਚਾਅਵਾਂ ਦੀ,
ਚੂੜੇ ਭਰੀਆਂ ਬਾਹਵਾਂ ਦੀ,
ਘੁਰਕੀ ਆੜ੍ਹਤੀ ਸ਼ਾਹਾਂ ਦੀ।
ਬਾਪੂ ਦੇ ਟੁੱਟਦੇ ਸਾਹਾਂ ਦੀ,
ਹਵਾਈ ਟਿਕਟ ਕਟਾਉਣ ਨੂੰ ਜੀ ਕਰਦੈ,
ਪਿੰਡ ਗੇੜਾ ਲਾਉਣ ਨੂੰ ਜੀ ਕਰਦੈ।

ਖੂੰਘ ਤੇ ਜੁੜੀਆਂ ਸਭਾਵਾਂ ਦੀ,
ਰੋਹੀ ਤੇ ਪੰਜ ਦਰਿਆਵਾਂ ਦੀ,
ਸੁਹਣੀ ਮਹੀਂਵਾਲ ਝਨਾਵਾਂ ਦੀ,
ਮਿਰਜ਼ਾ ਸਾਹਿਬਾਂ ਗਾਥਾਵਾਂ ਦੀ।
ਮਿੱਠੀ ਯਾਦ ਦਿਲਗੀਰਾਂ ਦੀ,
ਤ੍ਰਿੰਜਣ ਪੀਂਘਾਂ ਪੂੜੇ ਖੀਰਾਂ ਦੀ,
ਕਿੱਕਰਾਂ ਮਲੇ ਕਰੀਰਾਂ ਦੀ,
ਗਾਥਾ ਮਜਨੂੰ ਰਾਂਝੇ ਹੀਰਾਂ ਦੀ,
ਤਖਤਪੋਸ਼ 'ਤੇ ਗਾਉਣ ਨੂੰ ਜੀ ਕਰਦਾ।
ਦੁੱਖ ਦਰਦ ਵੰਡਾਉਣ ਨੂੰ ਜੀ ਕਰਦਾ।

ਬੋ ਕਾਟੇ ਉੱਡਦੀ ਗੁੱਡੀ ਦੀ,
ਪਿੜਾਂ ਵਿਚ ਪੈਂਦੀ ਲੁੱਡੀ ਦੀ।
ਛਿੰਝਾਂ ਤੀਆਂ ਸਾਵਿਆਂ ਦੀ,
ਚਿਮਟੇ ਘਿੰਘਰ ਭਾਵਿਆਂ ਦੀ।
ਖੁਮਾਰੀ ਹੱਥੀ ਦਾਰੂ ਕੱਢੀ ਦੀ,
ਯਾਦ ਅਖਾੜੇ ਘੋਲ ਕਬੱਡੀ ਦੀ,
ਫਿਰ ਕੌਡੀ ਪਾਉਣ ਨੂੰ ਜੀ ਕਰਦੈ।
ਗੋਡੇ ਰਗੜਾਉਣ ਨੂੰ ਜੀ ਕਰਦੈ।

ਦਹੀਂ ਲੱਸੀ ਕੁੜ ਮਧਾਣੀ ਦੀ,
ਇੱਲ ਕੋਕੋ ਖਸਮਾਂ ਖਾਣੀ ਦੀ।
ਗੁੱਛਾਂ ਚਰਖੇ ਤੰਦ ਪੂਣੀਆਂ ਦੀ,
ਛਿੱਕੂ ਜੋਟੇ ਗਿਣਤੀ ਦੂਣੀਆਂ ਦੀ।
ਹੁੰਡੂ ਹੁੰਡੂ ਲੋਹੜੀ ਹਾਣੀਆਂ ਦੀ।
ਸਖੀਆਂ ਸੰਗ ਮੌਜਾਂ ਮਾਣੀਆਂ ਦੀ।
ਮੱਖਣ ਪੇੜਾ ਮੱਕੀ ਰੋਟੀ ਦੀ,
ਹਰਵਰ੍ਹਿਆਈ ਬੂਰੀ ਝੋਟੀ ਦੀ।
ਪਲਾਕੀ ਮਾਰ ਝੋਟੇ 'ਤੇ ਚੜ੍ਹ ਜਾਵਾਂ,
ਅੱਡੀ ਲਾ ਟੋਭੇ ਵਿਚ ਵੜ ਜਾਵਾਂ।
ਛੱਪੜ 'ਚ ਨਹਾਉਣ ਨੂੰ ਜੀ ਕਰਦੈ,
ਜੋਕਾਂ ਲੜਾਉਣ ਨੂੰ ਜੀ ਕਰਦੈ।

ਚਿਤਮਣੀ ਬੇਰਾਂ ਡੁੱਲ੍ਹਿਆਂ ਦੀ,
ਭੱਠੀ 'ਤੇ ਭੁੱਜਦੇ ਫੁੱਲਿਆਂ ਦੀ।
ਆਭੂ ਮੁਰਮੁਰੇ ਸੱਤੂਆਂ ਹੋਲਾਂ ਦੀ
ਬੇਰ ਜਾਮਨ ਸ਼ਹਿਤੂਤੀ ਗੋਹਲਾਂ ਦੀ।
ਕਮਾਦ 'ਚ ਵਿਆਂਕਦੇ ਗਿੱਦੜਾਂ ਦੀ,
ਹਦਵਾਣੇ, ਖਰਬੂਜੇ, ਖਟਮਿੱਠੇ ਚਿੱਬੜਾਂ ਦੀ।
ਸਾਗ ਗੰਦਲ ਗੰਨੇ ਪੋਨੇ ਦੀ,
ਬਾਸਮਤੀ ਤੇ ਨਿੱਸਰੇ ਝੋਨੇ ਦੀ।
ਸੂਤਰ ਕੱਤਦੀ ਦੋਗਲੀ ਮੱਕੀ ਦੀ,
ਹੱਥੀਂ ਆਟਾ ਪੀਂਹਦੀ ਚੱਕੀ ਦੀ।
ਚੋਭੇ ਲੰਬੀ ਚੁੰਝੀ ਲਾਉਂਦੇ ਦੀ,
ਖੂਹ 'ਚੋਂ ਵਸਤਾਂ ਕੱਢ ਲਿਆਉਂਦੇ ਦੀ।
ਬਾਜ਼ੀਗਰ ਬਾਜ਼ੀ ਪਾਉਂਦੇ ਦੀ,
ਮਰਾਸੀ ਹੇਕਾਂ ਲਗਾਉਂਦੇ ਦੀ।
ਹਲਟੀ ਅਤੇ ਖਰਾਸਾਂ ਦੀ,
ਸੱਥ 'ਚ ਪੈਂਦੀਆਂ ਰਾਸਾਂ ਦੀ।
ਮਜਮੇ ਡੁਗਡੁਗੀ ਮਦਾਰੀ ਦੀ,
ਝੁਰਲੂ ਵਾਲੀ ਖਾਰੀ ਦੀ,
ਸੱਪਾਂ ਭਰੀ ਪਟਾਰੀ ਦੀ,
ਚਿੱਠੀ ਰਾਮ ਪਿਆਰੀ ਦੀ,
ਵਾਰ ਵਾਰ ਦੁਹਰਾਉਣ ਨੂੰ ਜੀ ਕਰਦੈ।
ਪਿੰਡ ਜਾ ਮੁੜ ਆਉਣ ਨੂੰ ਜੀ ਕਰਦੈ।

ਟੀਂਡੇ ਖਿੜੇ ਨਰਮੇ ਕਪਾਹਾਂ ਦੀ,
ਕਣਕ ਛੋਲੇ ਮਸਰਾਂ ਮਾਂਹਾਂ ਦੀ।

ਮਣਿਆ ਅਤੇ ਗੁਲੇਲਾਂ ਦੀ,
ਖਲਵਾੜੇ ਫਲ੍ਹਿਆਂ ਬੇਲਾਂ ਦੀ,
ਹੱਲ ਪੰਜਾਲੀ ਖੋਪੇ ਹਮੇਲਾਂ ਦੀ।
ਚੁੰਭੇ ਕੜਾਹ ਵੇਲਣੇ ਗੰਡ ਦੀ,
ਗੁੜ ਸ਼ੱਕਰ ਮਹਿਕਾਂ ਵੰਡਦੀ।
ਰੋਹੀ ਨਖਾਸੂ ਅਤੇ ਆੜਾਂ ਦੀ,
ਰੋਝਾਂ ਦੀਆਂ ਫਿਰਦੀਆਂ ਧਾੜਾਂ ਦੀ।
ਖੱਟੀਆਂ ਮਿੱਠੀਆਂ ਅੰਬੀਆਂ ਦੀ,
ਦਾਤੀਆਂ ਕਹੀਆਂ ਰੰਬੀਆਂ ਦੀ।
ਕੰਮੀਆਂ ਕਾਮੇ ਲਾਗੀਆਂ ਦੀ,
ਸੀਰੀ, ਚਰਾਂਦਾਂ ਵਾਗੀਆਂ ਦੀ।
ਟੈਂ-ਟੱਕ ਚੁਵੱਕਲੀ ਕੁੱਤੇ ਦੀ,
ਗਾੜ੍ਹੀ ਤੇ ਅਮਲੀ ਸੁੱਤੇ ਦੀ।
ਦੁਹਾਟੇ ਖੂਹ ਦੀਆਂ ਨਿਸ਼ਾਰਾਂ ਦੀ,
ਚੁਬੱਚੇ 'ਚ ਪੈਂਦੀਆਂ ਧਾਰਾਂ ਦੀ,
ਘੜੇ ਗਾਗਰਾਂ ਭਰਦੀਆਂ ਨਾਰਾਂ ਦੀ,
ਆਪਣੇ ਖੂਹ ਦੀ ਮੌਜ ਬਹਾਰਾਂ ਦੀ,
ਚਲ੍ਹੇ 'ਚ ਮਸਤਾਉਣ ਨੂੰ ਜੀ ਕਰਦੈ,
ਖੱਟੀ ਲੱਸੀ ਸਿਰ ਪਾਉਣ ਨੂੰ ਜੀ ਕਰਦੈ,
ਯਾਦਾਂ ਪਿੰਡ ਦੀਆਂ ਛੋਹਣ ਨੂੰ ਜੀ ਕਰਦੈ।

ਗਹਿਣੇ ਪਏ ਸਿਆੜਾਂ ਦੀ,
ਖੇਤਾਂ ਨੂੰ ਖਾਂਦੀਆਂ ਵਾੜਾਂ ਦੀ।
ਖੁਦਕੁਸ਼ੀ ਕਰਦੇ ਕਿਰਸਾਨਾਂ ਦੀ,
ਨਸ਼ਿਆਂ 'ਚ ਡੁੱਬੇ ਜੁਆਨਾਂ ਦੀ।

ਸਰਕੜੇ ਕਾਨੇ ਦੇ ਛੰਨਾਂ ਢਾਰਿਆਂ ਦੀ,
ਗਲੀਆਂ ਦੇ ਚਿੱਕੜ ਗਾਰਿਆਂ ਦੀ।
ਸਿਆਸਤ ਕਰਦੇ ਭਲਵਾਨਾਂ ਦੀ,
ਜਨਤਾ ਨੂੰ ਲੁੱਟਦੇ ਸ਼ੈਤਾਨਾਂ ਦੀ,
ਪੁਲਿਸ ਕੁੱਟ ਮਨ-ਮਾਨਾਂ ਦੀ,
ਬੇਕਦਰੀ ਕੀਮਤੀ ਜਾਨਾਂ ਦੀ।
ਏਜੰਟਾਂ ਪਿੱਛੇ ਫਿਰਦੇ ਜਵਾਨਾਂ ਦੀ,
ਧੋਖੇਬਾਜ਼ ਲਾੜੇ ਨੀਂਗਰ ਹੈਵਾਨਾਂ ਦੀ,
ਅਮੁੱਕ ਦਰਦ ਸੁਣਾਉਣ ਨੂੰ ਜੀ ਕਰਦੈ,
ਪਾਟਾ ਦਾਮਨ ਦਿਖਾਉਣ ਨੂੰ ਜੀ ਕਰਦੈ,
ਉਨ੍ਹਾਂ ਸਮਝਾਉਣ ਨੂੰ ਜੀ ਕਰਦੈ।

ਕੁੜੀਆਂ ਚਿੜੀਆਂ ਕੂੰਜਾਂ ਦੀਆਂ ਡਾਰਾਂ ਦੀ,
ਬਚਪਨ ਦੀਆਂ ਮੌਜ ਬਹਾਰਾਂ ਦੀ,
ਮੁਨਸ਼ੀ ਦੀਆਂ ਖਾਧੀਆਂ ਮਾਰਾਂ ਦੀ,
ਲਾਰੇ ਲਾਉਂਦੀਆਂ ਹੁਸਨ ਸਰਕਾਰਾਂ ਦੀ,
ਉਹਲੇ ਬੈਠ ਕੇ ਰੋਣ ਨੂੰ ਜੀ ਕਰਦੈ,
ਕੀਤੇ 'ਤੇ ਪਛਤਾਉਣ ਨੂੰ ਜੀ ਕਰਦੈ।
ਯਾਦਾਂ ਪਿੰਡ ਦੀਆਂ ਛੋਹਣ ਨੂੰ ਜੀ ਕਰਦੈ।
ਸੱਜਣਾਂ ਨੂੰ ਸੁਣਾਉਣ ਨੂੰ ਜੀ ਕਰਦੈ।

-ਚਰਨਜੀਤ ਸਿੰਘ ਪੰਨੂ
*pannucs@yahoo.com*


# ਸੋਹਰਾਬ ਸ਼ਾਹਿਦ ਸਲੇਸ ਦਾ ਅਣਗੌਲਿਆ ਸਿਨੇਮਾ

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330






*ਸੋਹਰਾਬ ਸ਼ਾਹਿਦ ਸਲੇਸ ਦੀ ਫਿਲਮ 'ਏ ਸਿੰਪਲ ਈਵੈਂਟ' ਦਾ ਦ੍ਰਿਸ਼ ਅਤੇ (ਸੱਜੇ) 'ਡਾਇਰੀ ਆਫ ਏ ਲਵਰ ਦਾ ਪੋਸਟਰ।*

ਪ੍ਰਸਿੱਧ ਮੀਡੀਆ ਅਦਾਰੇ ਬੀ.ਬੀ.ਸੀ. ਨੇ ਆਪਣੇ ਇੱਕ ਮਹਤੱਵਪੂਰਨ ਲੇਖ ਵਿਚ ਇਸ ਤੱਥ ਦੀਆਂ ਤਹਿਆਂ ਫਰੋਲਣ ਦੀ ਕੋਸ਼ਿਸ਼ ਕੀਤੀ ਹੈ ਕਿ ਆਖਿਰ ਇਰਾਨੀ ਸਿਨੇਮਾ ਆਪਣੇ ਸੀਮਤ ਸਾਧਨਾਂ ਅਤੇ ਸਿਆਸੀ ਦਬਾਉ ਦੇ ਬਾਵਜੂਦ ਇੰਨੀਆਂ ਚੰਗੀਆਂ ਤੇ ਅਸਰਦਾਰ ਫਿਲਮਾਂ ਕਿਵੇਂ ਬਣਾ ਲੈਂਦਾ ਹੈ? ਇਸ ਲੇਖ ਵਿਚ ਇਰਾਨੀ ਸਿਨੇਮਾ ਦੀਆਂ ਜੜ੍ਹਾਂ ਬਾਰੇ ਬੀ.ਬੀ.ਸੀ. ਦੀ ਟਿੱਪਣੀ ਹੈ ਕਿ ਇਰਾਨੀ ਸਿਨੇਮਾ ਦੀ ਪਹਿਲੀ ਸਾਊਂਡ ਫਿਲਮ 1932 ਵਿਚ ਭਾਰਤ ਵਿਚ ਵਸੇ ਇਰਾਨੀ ਮੂਲ ਦੇ ਨਿਰਦੇਸ਼ਕ ਅਰਦੇਸ਼ਰ ਇਰਾਨੀ ਨੇ ਬੰਬਈ ਦੀ ਇੰਪੀਰੀਅਲ ਫਿਲਮ ਕੰਪਨੀ ਦੇ ਸਟੂਡੀਓ ਵਿਚ ਬਣਾ ਕੇ ਤਿਆਰ ਕੀਤੀ। ਇਸ ਤੱਥ ਰਾਹੀਂ ਬੀ.ਬੀ.ਸੀ. ਨੇ ਇਹ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਇਰਾਨੀ ਸਾਹਿਤ, ਕਲਾਵਾਂ ਤੇ ਸਭਿਆਚਾਰ ਸਿਰਫ ਇਰਾਨ ਤੱਕ ਸੀਮਿਤ ਨਹੀਂ ਸਗੋਂ ਇਸ ਦਾ ਪਸਾਰ ਏਸ਼ਿਆਈ ਖਿੱਤਿਆਂ ਤੋਂ ਯੂਰਪੀ ਨਵ-ਜਾਗਰਨ ਤੱਕ ਸਪਸ਼ਟ ਰੂਪ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ।

ਇਰਾਨੀ ਸਿਨੇਮਾ ਦਾ ਦੂਜਾ ਬੇਹੱਦ ਅਹਿਮ ਅਤੇ ਵਿਰੋਧਾਭਾਸੀ ਤੱਥ ਇਹ ਹੈ ਕਿ ਇਰਾਨੀ ਸਿਨੇਮਾ ਦੀ ਚੇਤਨਾ, ਸੁਹਜ ਤੇ ਕਲਾ ਘੜਨ ਵਿਚ ਜਿਹੜਾ ਸਭ ਤੋਂ ਅਹਿਮ ਨਾਮ ਸਾਹਮਣੇ ਆਉਂਦਾ ਹੈ, ਉਹ ਉਥੋਂ ਦੀ ਕਵਿੱਤਰੀ ਫਾਰੂਗ ਫਾਰੁਖਜ਼ਾਦ ਦਾ ਹੈ। ਕੋਹੜੀਆਂ ਦੀ ਬਸਤੀ 'ਤੇ ਆਧਾਰਿਤ ਉਸ ਦੀ ਇਕਲੌਤੀ ਸਿੰਗਲ ਫਰੇਮ ਫਿਲਮ 'ਦਿ ਹਾਊਸ ਇਜ਼ ਬਲੈਕ' ਨੇ ਇਰਾਨੀ ਸਿਨੇਮਾ ਵਿਚ ਮਿਆਰ ਤੈਅ ਕਰ ਦਿੱਤਾ। ਇਹ ਮਿਆਰ ਸਮਾਜ ਦੇ ਸਭ ਤੋਂ ਵੱਧ ਮੁਸੀਬਤਾਂ ਅਤੇ ਵਿਤਕਰਿਆਂ ਦੇ ਸ਼ਿਕਾਰ ਵਰਗਾਂ ਨੂੰ ਸਿਨੇਮਾ ਦੀ ਚੇਤਨਾ ਅਤੇ ਪਰਿਭਾਸ਼ਾ ਦਾ ਹਿੱਸਾ ਬਣਾਉਣ ਦਾ ਸੀ। ਇਸ ਸੰਵੇਦਨਸ਼ੀਲ ਨਿਰਦੇਸ਼ਕ ਦੀ ਸੰਵੇਦਨਾ ਨੂੰ ਇਰਾਨ ਦੇ ਬਾਅਦ ਦੇ ਨਿਰਦੇਸ਼ਕਾਂ ਨੇ ਆਪਣੀਆਂ ਫਿਲਮਾਂ ਵਿਚ ਜ਼ਿੰਦਾ ਰੱਖਿਆ ਹੈ।

ਇਰਾਨੀ ਸਿਨੇਮਾ ਦੀ ਦੂਜੀ ਅਹਿਮ ਫਿਲਮ 'ਕਾਓ' (ਗਾਂ) ਹੈ। ਇਸ ਫਿਲਮ ਦੇ ਨਿਰਦੇਸ਼ਕ ਦਾਰਿਸ਼ ਮਹਿਰੂਜੀ ਹਨ। ਜਦੋਂ ਇਸ ਫਿਲਮ 'ਤੇ ਪਾਬੰਦੀ ਲਗਾਈ ਗਈ ਤਾਂ ਇਸ ਨੂੰ ਸਮਗਲ ਕਰਕੇ 1971 ਦੇ ਵੀਨਸ ਫਿਲਮ ਮੇਲੇ ਵਿਚ ਦਿਖਾਇਆ ਗਿਆ। ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਇਸ ਫਿਲਮ ਨੇ ਇਰਾਨੀ ਸਰਕਾਰਾਂ ਦੀਆਂ ਪਾਬੰਦੀਆਂ ਅਤੇ ਸੈਂਸਰਸ਼ਿਪ ਨੂੰ ਭੰਨਣ ਦਾ ਮਾਡਲ ਨਿਰਦੇਸ਼ਕਾਂ ਨੂੰ ਦਿੱਤਾ ਜਿਸ ਦੀ ਅਗਲੀ ਕੜੀ ਜਫਰ ਪਨਾਹੀ ਅਤੇ ਅਸਗਰ ਫਰਹਾਦੀ ਦੀਆਂ ਫਿਲਮਾਂ ਵਿਚ ਦੇਖੀ ਜਾ ਸਕਦੀ ਹੈ।

ਇਸਲਾਮੀ ਕ੍ਰਾਂਤੀ ਇਰਾਨੀ ਫਿਲਮਾਂ ਦੇ ਇਤਿਹਾਸ ਵਿਚ ਨਵਾਂ ਮੋੜ ਲੈ ਕੇ ਆਈ। 1984 ਵਿਚ ਆਮਿਰ ਨਾਦੇਰੀ ਦੀ ਫਿਲਮ 'ਰਨਰ' ਨੇ ਕੌਮਾਂਤਰੀ ਫਿਲਮ ਹਲਕਿਆਂ ਵਿਚ ਹਲਚਲ ਪੈਦਾ ਕਰ ਦਿੱਤੀ। ਇਰਾਨ-ਇਰਾਕ ਜੰਗ ਦੌਰਾਨ ਇੱਕ ਬੱਚੇ ਦੀ ਜ਼ਿੰਦਗੀ 'ਤੇ ਆਧਾਰਿਤ ਇਸ ਫਿਲਮ ਨੇ ਜੰਗ ਦੇ ਦੌਰ ਵਿਚ ਮਨੁੱਖ ਦੀ ਬੇਚੈਨੀ ਤੇ ਅਫਰਾ-ਤਫਰੀ ਨੂੰ ਨਵੀਂ ਜ਼ਬਾਨ ਦਿੱਤੀ। ਇਸ ਫਿਲਮ ਨੇ ਇਰਾਨੀ ਸਿਨੇਮਾ ਦੀ ਪੁਖਤਗੀ ਅਤੇ ਸੰਜੀਦਗੀ 'ਤੇ ਮੋਹਰ ਲਗਾ ਦਿੱਤੀ ਜਿਸ ਨੂੰ ਅੱਬਾਸ ਕਾਇਰੋਸਤਮੀ ਤੇ ਮੋਹਸਿਨ ਮਖਮਲਬਾਫ ਵਰਗੇ ਫਿਲਮਸਾਜ਼ਾਂ ਨੇ ਆਪਣੀਆਂ ਫਿਲਮਾਂ ਵਿਚ ਜ਼ਿੰਦਾ ਰੱਖਿਆ। ਮਖਮਲਬਾਫ ਦੀ ਧੀ ਸਮੀਰਾ ਮਖਮਲਬਾਫ ਨੇ ਜਦੋਂ 1998 ਵਿਚ ਕਾਨਸ ਫਿਲਮ ਮੇਲੇ ਵਿਚ ਆਪਣੀ ਪਹਿਲੀ ਫਿਲਮ 'ਐਪਲ' ਪੇਸ਼ ਕੀਤੀ ਤਾਂ ਇਹ ਇੱਕ ਤਰ੍ਹਾਂ ਨਾਲ ਇਰਾਨ ਦੀਆਂ ਜ਼ਹੀਨ ਔਰਤਾਂ ਦੀ ਸਮਰੱਥਾ ਨੂੰ ਸਜਦਾ ਕਰਨ ਵਾਲਾ ਕਦਮ ਸੀ।

ਇਨ੍ਹਾਂ ਸਾਰੇ ਨਿਰਦੇਸ਼ਕਾਂ ਵਿਚੋਂ ਸੋਹਰਾਬ ਸ਼ਾਹਿਦ ਸਲੇਸ ਦਾ ਸਿਨੇਮਾ ਸ਼ਾਇਦ ਸਭ ਤੋਂ ਵੱਧ ਅਣਗੌਲਿਆ ਸਿਨੇਮਾ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ ਪਰ ਸਭ ਤੋਂ ਵੱਡਾ ਸ਼ਾਇਦ ਉਸ ਦੀ ਇਰਾਨੀ ਸਰਕਾਰ ਨਾਲ ਲਗਾਤਾਰ ਚੱਲ ਰਹੀ ਵਿਚਾਰਧਾਰਕ ਜੰਗ ਸੀ ਜਿਸ ਕਾਰਨ ਉਸ ਨੂੰ ਇਰਾਨ ਤੋਂ ਜਲਾਵਤਨ ਕਰ ਦਿੱਤਾ ਗਿਆ ਤੇ ਉਸ ਨੇ ਜਰਮਨੀ ਵਿਚ ਪਨਾਹ ਲੈ ਲਈ। ਜਰਮਨੀ ਵਿਚ ਰਹਿੰਦਿਆਂ ਉਸ ਨੇ ਬਹੁਤ ਸਾਰੀਆਂ ਫਿਲਮਾਂ ਦਾ ਨਿਰਮਾਣ ਕੀਤਾ। ਇੱਥੇ ਇਹ ਜਾਣਨਾ ਵੀ ਦਿਲਚਸਪ ਹੋਵੇਗਾ ਕਿ ਉਹ ਕਈ ਸਾਲ ਇਰਾਨੀ ਸਰਕਾਰ ਦੇ ਸਭਿਆਚਾਰਕ ਵਿਭਾਗ ਵਿਚ ਬਤੌਰ ਨਿਰਦੇਸ਼ਕ ਕੰਮ ਕਰਦਾ ਰਿਹਾ ਤੇ ਉਸ ਨੇ ਉਥੋਂ ਦੇ ਸਭਿਆਚਾਰ, ਖਾਸ ਤੌਰ 'ਤੇ ਰਵਾਇਤੀ ਨਾਚਾਂ ਦੀਆਂ ਕਿਸਮਾਂ 'ਤੇ ਬਹੁਤ ਸਾਰੀਆਂ ਫਿਲਮਾਂ ਬਣਾਈਆਂ। ਇਸ ਦੇ ਬਾਵਜੂਦ ਜੇ ਉਸ ਦੀਆਂ ਫਿਲਮਾਂ ਕਾਰਨ ਉਸ ਨੂੰ ਮੁਲਕ ਵਿਚ ਕੱਢ ਦਿੱਤਾ ਗਿਆ ਤਾਂ ਇਸ ਦੇ ਕਾਰਨ ਉਸ ਦੀਆਂ ਫਿਲਮਾਂ ਵਿਚ ਦਿਖਾਈ ਸਮਾਜਕ ਅਤੇ ਸਿਆਸੀ ਸਚਾਈ ਵਿਚ ਮੌਜੂਦ ਹਨ। ਉਸ ਦੀ ਫਿਲਮ 'ਸਟਿੱਲ ਲਾਈਫ' ਜਿੰਨੀ ਸੁਹਜ ਅਤੇ ਕਲਾਤਮਿਕਤਾ ਨਾਲ ਲਬਰੇਜ਼ ਹੈ, ਉਨੀ ਹੀ ਇਰਾਨੀ ਸਰਕਾਰਾਂ ਦੁਆਰਾ ਦਿਹਾਤੀ ਖੇਤਰਾਂ ਦੇ ਵਿਕਾਸ ਨੂੰ ਦਹਾਕਿਆਂ ਬੱਧੀ ਅਣਗੌਲਿਆ ਕਰਨ ਅਤੇ ਪੇਂਡੂਆਂ ਦੀਆਂ ਥੁੜ੍ਹਾਂ ਨਾਲ ਭਰੀ ਜ਼ਿੰਦਗੀ ਦਾ ਸਟੀਕ ਵਰਨਣ ਕਰਦੀ ਹੈ। ਇਸ ਫਿਲਮ ਨੂੰ ਜਿੱਥੇ ਸਿਨਮਾਟੋਗਰਾਫ ਦੇ ਖੇਤਰ ਵਿਚ ਮੀਲ-ਪੱਥਰ ਮੰਨਿਆ ਜਾਂਦਾ ਹੈ, ਉਥੇ ਇਸ ਦਾ ਹਰ ਫਰੇਮ ਪੇਂਟਿੰਗ ਵਾਂਗ ਹੈ। ਇਹ ਫਿਲਮ ਦੇਖਦਿਆਂ ਸੋਹਰਾਬ ਦੀ ਵਿਆਨਾ ਦੇ ਫਿਲਮ ਸਕੂਲ ਤੋਂ ਸਿੱਖੀ ਫਿਲਮਸਾਜ਼ੀ ਤੇ ਉਸ ਦੀ ਦਾਰਸ਼ਨਿਕ ਸਮਝ ਦਾ ਵਾਰ-ਵਾਰ ਝਲਕਾਰਾ ਪੈਂਦਾ ਹੈ।

ਸੋਹਰਾਬ ਸ਼ਾਹਿਦ ਸਲੇਸ ਦੀ ਦੂਜੀ ਮਹਤੱਵਪੂਰਨ ਫਿਲਮ 'ਏ ਸਿੰਪਲ ਈਵੈਂਟ' ਸੀ ਜਿਸ ਵਿਚ ਉਸ ਨੇ ਦਸ ਸਾਲਾਂ ਬੱਚੇ ਦੇ ਰੋਜ਼ਮੱਰਾ ਸੰਘਰਸ਼ ਦਾ ਚਿਤਰਨ ਕੀਤਾ ਸੀ। ਉਸ ਦੀ ਤੀਜੀ ਅਹਿਮ ਫਿਲਮ 'ਡਾਇਰੀ ਆਫ ਏ ਲਵਰ' ਹੈ ਜਿਹੜੀ ਕਸਾਈ ਦੇ ਜੀਵਨ ਦੇ ਇਰਦ-ਗਿਰਦ ਘੁੰਮਦੀ ਹੈ। ਇਸ ਫਿਲਮ ਦੀ ਰਿਲੀਜ਼ ਤੋਂ ਬਾਅਦ ਦਿੱਤੇ ਇੰਟਰਵਿਊ ਵਿਚ ਸੋਹਰਾਬ ਸ਼ਾਹਿਦ ਸਲੇਸ ਆਖਦਾ ਹੈ, "ਚੰਗੀ ਫਿਲਮ ਦਾ ਕੰਮ ਜ਼ਿੰਦਗੀ ਦੀ ਜ਼ਲਾਲਤ ਅਤੇ ਸ਼ਰਮਿੰਦਗੀ ਨੂੰ ਪਰਦੇ 'ਤੇ ਸਾਕਾਰ ਕਰਨਾ ਹੈ।"











*ਖੱਬਿਓਂ: ਕਵਿੱਤਰੀ ਅਤੇ ਫਿਲਮਸਾਜ਼ ਫਾਰੌਗ ਫੁਰਖਜ਼ਾਦ, ਦਾਰਿਸ਼ ਮਹਿਰੂਜੀ, ਆਮਿਰ ਨਾਦੇਰੀ ਅਤੇ ਸੋਹਰਾਬ ਸ਼ਾਹਿਦ ਸਲੇਸ।*

# ਪੰਕਜ ਦੀ ਪਹਿਲ

ਫਿਲਮਾਂ ਵਿਚ ਆਪਣੀ ਹਕੀਕੀ ਅਦਾਕਾਰੀ ਲਈ ਜਾਣੇ ਜਾਂਦੇ ਅਤੇ ਦਰਸ਼ਕਾਂ ਨੂੰ ਖੂਬ ਹਸਾਉਣ ਵਾਲੇ ਅਦਾਕਾਰ ਪੰਕਜ ਤ੍ਰਿਪਾਠੀ ਨੇ ਖੁਲਾਸਾ ਕੀਤਾ ਕਿ ਉਹ ਫਿਲਮ ਚੁਣਨ ਵੇਲੇ ਆਪਣੇ ਦਿਮਾਗ ਵਿਚ ਕੀ ਰੱਖਦੇ ਹਨ। ਪੰਕਜ ਨੇ ਕਿਹਾ, "ਕਈ ਵਾਰ ਮੈਂ ਆਪਣੀ ਪਸੰਦ ਦੀਆਂ ਕਹਾਣੀਆਂ ਜਾਂ ਆਪਣੀ ਪਸੰਦ ਦੇ ਕਿਰਦਾਰ ਚੁਣਦਾ ਹਾਂ। ਮੈਂ ਸੱਚਮੁਚ ਫਿਲਮਾਂ ਰਾਹੀਂ ਲੋਕਾਂ ਤੱਕ ਕੋਈ ਸੁਨੇਹਾ ਲੈ ਕੇ ਜਾਣਾ ਚਾਹੁੰਦਾ ਹਾਂ। ਪ੍ਰੋਜੈਕਟ ਦੀ ਚੋਣ ਕਰਨ ਤੋਂ ਪਹਿਲਾਂ ਮੈਂ ਦੇਖਦਾਂ ਹਾਂ ਕਿ ਉਸ ਵਿਚ ਕਿਸੇ ਨਾਲ ਕੋਈ ਪੱਖਪਾਤ ਨਹੀਂ ਹੋ ਰਿਹਾ; ਜਿਵੇਂ ਮਰਦ-ਔਰਤ ਦੇ ਲਿਹਾਜ਼ ਨਾਲ ਕਿਸੇ ਨਾਲ ਕੋਈ ਵਿਤਕਰਾ ਨਾ ਹੁੰਦਾ ਹੋਵੇ। ਇਹ ਵੀ ਦੇਖਦਾ ਹਾਂ ਕਿ ਫਿਲਮਸਾਜ਼ ਫਿਲਮ ਰਾਹੀਂ ਕੀ ਕਹਿਣਾ ਚਾਹੁੰਦਾ ਹੈ। ਮੈਂ ਫਿਲਮਾਂ ਰਾਹੀਂ ਸੁਨੇਹਾ ਦੇਣਾ ਚਾਹੁੰਦਾ ਹਾਂ। ਹਰ ਕਹਾਣੀ ਦਾ ਮਕਸਦ ਕੋਈ ਨਾ ਕੋਈ ਸੁਨੇਹਾ ਦੇਣ ਦਾ ਮਕਸਦ ਹੁੰਦਾ ਹੈ। ਇਹ ਗੱਲ ਮੈਂ ਹਮੇਸ਼ਾ ਆਪਣੇ ਜ਼ਿਹਨ ਵਿਚ ਰੱਖਦਾ ਹਾਂ।" ਪੰਕਜ ਤ੍ਰਿਪਾਠੀ ਜਿਸ ਦਾ ਜਨਮ 5 ਸਤੰਬਰ 1976 ਦਾ ਹੈ, ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ 2004 ਵਿਚ ਫਿਲਮ 'ਰਨ'



ਨਾਲ ਕੀਤਾ ਸੀ। ਇਸ ਫਿਲਮ ਵਿਚ ਉਸ ਦਾ ਰੋਲ ਬਹੁਤ ਛੋਟਾ ਜਿਹਾ ਸੀ। ਉਸ ਤੋਂ ਬਾਅਦ ਹੁਣ ਤੱਕ ਉਹ 60 ਤੋਂ ਵੱਧ ਫਿਲਮਾਂ ਅਤੇ 60 ਦੇ ਕਰੀਬ ਟੈਲੀਵਿਜ਼ਨ ਲੜੀਵਾਰਾਂ ਵਿਚ ਕੰਮ ਕਰ ਚੁੱਕਾ ਹੈ। ਪੰਕਜ ਨੂੰ ਅਸਲੀ 'ਬ੍ਰੇਕ' ਫਿਲਮ 'ਗੈਂਗਜ਼ ਆਫ ਵਾਸੇਪੁਰ' ਰਾਹੀਂ 2012 ਵਿਚ ਮਿਲੀ। ਇਸ ਤੋਂ ਬਾਅਦ ਉਹ 'ਫੁਕਰੇ', 'ਮਸਾਨ', 'ਨਿਲ ਬਟਾ ਸੰਨਾਟਾ', 'ਬਰੇਲੀ ਕੀ ਬਰਫੀ', 'ਨਿਊਟਨ', 'ਫੁਕਰੇ ਰਿਟਨਜ਼', 'ਸਤ੍ਰੀ' ਰਾਹੀਂ ਭਰਵੀਂ ਹਾਜ਼ਰੀ ਲੁਆ ਚੁੱਕਾ ਹੈ।

# ਅਦਾਕਾਰਾ ਆਇਸ਼ਾ ਦਾ ਨੂਰ

ਆਇਸ਼ਾ ਖਾਨ ਵਜੋਂ ਮਸ਼ਹੂਰ ਆਇਸ਼ਾ ਦਾ ਪੂਰਾ ਨਾਂ ਹੁਣ ਆਇਸ਼ਾ ਉਕਬਾਹ ਮਲਿਕ ਹੈ। 27 ਸਤੰਬਰ 1982 ਨੂੰ ਜਨਮੀ ਆਇਸ਼ਾ ਖਾਨ ਨੇ ਅਪਰੈਲ 2018 ਵਿਚ ਮੇਜਰ ਉਕਬਾਹ ਹਦੀਦ ਮਲਿਕ ਨਾਲ ਆਪਣੀ ਸ਼ਾਦੀ ਤੋਂ ਐਨ ਪਹਿਲਾਂ ਮਾਰਚ 2018 ਨੂੰ ਮੀਡੀਆ ਸਨਅਤ ਤੋਂ ਰਿਟਾਇਰਮੈਂਟ ਲੈਣ ਦਾ ਐਲਾਨ ਕਰ ਦਿੱਤਾ ਸੀ। ਉਸ ਦਾ ਕਹਿਣਾ ਸੀ ਕਿ ਹੁਣ ਉਸ ਦੀ ਜ਼ਿੰਦਗੀ ਦਾ ਅਗਲਾ ਪੜਾਅ ਸ਼ੁਰੂ ਹੋ ਰਿਹਾ ਹੈ ਅਤੇ ਉਹ ਮੀਡੀਆ ਵਾਲੀ ਦੁਨੀਆ ਤੋਂ ਦੂਰ ਹੋ ਰਹੀ ਹੈ। ਆਇਸ਼ਾ ਖਾਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ 1998 ਵਿਚ ਟੈਲੀਵਿਜ਼ਨ ਲੜੀਵਾਰ 'ਗਾਜ਼ੀ ਸ਼ਹੀਦ' ਨਾਲ ਕੀਤੀ ਸੀ। ਇਸ ਤੋਂ ਬਾਅਦ ਉਸ ਨੇ 'ਖੁਦਾ ਮੇਰਾ ਭੀ ਹੈ', 'ਨੂਰ-ਏ-ਜ਼ਿੰਦਗੀ', 'ਮਨ ਮਾਇਲ', 'ਮਹਿੰਦੀ', 'ਮਾਨੇ ਨਾ ਯੇ ਦਿਲ', 'ਮੁਕੱਦਸ', 'ਖਾਮੋਸ਼ੀਆਂ', 'ਚਾਰ ਚਾਂਦ', 'ਮੇਰੀ ਅਧੂਰੀ ਮੁਹੱਬਤ', 'ਮਹਿਮਾਨ', 'ਮੁਲਾਕਾਤ', 'ਮਾਸੀ ਔਰ ਮਲਿਕਾ', 'ਇੱਜ਼ਤ', 'ਛੋਟੀ ਸੀ ਕਹਾਨੀ', 'ਚੈਨ ਆਏ ਨਾ', 'ਲਮਹਾ ਲਮਹਾ ਜ਼ਿੰਦਗੀ', 'ਮੇਰੇ ਚਾਰਾਗਰ', 'ਕੁਛ ਪਿਆਰ ਕਾ ਪਾਗਲਪਨ', 'ਕਾਫਿਰ, 'ਮਸੀਹਾ', 'ਬੜੀ ਆਪਾ', 'ਮੁਝੇ ਖੁਦਾ ਪੇ ਯਕੀਨ ਹੈ', 'ਸ਼ੱਕ', 'ਸੌਤੇਲੀ', 'ਦਿਲ ਇਸ਼ਕ', 'ਵੋਹ ਇਕ ਪਲ' ਵਰਗੇ ਲੜੀਵਾਰਾਂ ਵਿਚ ਕੰਮ ਕੀਤਾ ਅਤੇ ਆਪਣੀ ਵੱਖਰੀ ਪਛਾਣ ਬਣਾਈ। ਉਸ ਦਾ ਆਖਰੀ ਲੜੀਵਾਰ 'ਮੇਰੀ ਨੰਨ੍ਹੀ ਪਰੀ' ਸੀ ਜੋ 2018 ਵਿਚ ਨਸ਼ਰ ਹੋਇਆ ਸੀ। ਆਇਸ਼ਾ ਖਾਨ ਨੇ ਤਿੰਨ ਫਿਲਮਾਂ ਵਿਚ ਵੀ ਕੰਮ ਕੀਤਾ। ਇਨ੍ਹਾਂ ਦੇ ਨਾਂ ਹਨ: 'ਵਾਰ' (2013), 'ਅਭੀ ਤੋ ਮੈਂ ਜਵਾਨ ਹੂੰ' (2013) ਅਤੇ 'ਜਵਾਨੀ ਫਿਰ ਨਹੀਂ ਆਨੀ' (2018)।



Tel.: 317-426-5410

Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA

IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com